10.00 11.03.2023 Rajneet/Birendra

# PUNJAB VIDHAN SABHA

*Saturday, the 11th March, 2023*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ :** ਵਾਹਿਗੁਰੂ, ਪ੍ਰਸ਼ਨ ਕਾਲ।

**ਨਿਸ਼ਾਨ ਵਾਲਾ ਪ੍ਰਸ਼ਨ ਨੰ. 500**

**ਮਾਨਯੋਗ ਸਪੀਕਰ :** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਪਿੰਡ ਸਨੇਰ ਦੇ ਸਰਕਾਰੀ ਕਾਲਜ ਵਿੱਚ ਨਵੇਂ ਕੋਰਸ ਸ਼ੁਰੂ ਕਰਨੇ**

***672. ਸ਼੍ਰੀ ਨਰੇਸ਼ ਕਟਾਰੀਆ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਨੇੜੇ ਪਿੰਡ ਸਨੇਰ ਵਿਖੇ ਇੱਕ ਸਰਕਾਰੀ ਕਾਲਜ ਹੈ ਜੋ ਕਿ 1971 ਤੋਂ ਚੱਲ ਰਿਹਾ ਹੈ ਅਤੇ 32 ਏਕੜ ਵਿੱਚ ਫੈਲੇ ਹੋਏ ਇਸ ਕਾਲਜ ਵਿੱਚ ਸਿਰਫ ਬੀ.ਏ. ਦੀ ਪੜ੍ਹਾਈ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇੱਥੇ ਹੋਰ ਨਵੇਂ ਕੋਰਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਨਵੇਂ ਕੋਰਸ ਕਦੋਂ ਤੱਕ ਸ਼ੁਰੂ ਕਰ ਦਿੱਤੇ ਜਾਣਗੇ?

**ਸਰਦਾਰ ਹਰਜੋਤ ਸਿੰਘ ਬੈਂਸ :** ਹਾਂ ਜੀ। ਇਹ ਠੀਕ ਹੈ ਕਿ ਜੀਰਾ ਨੇੜੇ ਪਿੰਡ ਸਨੇਰ ਵਿਖੇ ਇੱਕ ਸਰਕਾਰੀ ਕਾਲਜ ਹੈ ਜੋ ਕਿ 1971 ਤੋਂ ਚੱਲ ਰਿਹਾ ਹੈ। ਇਹ ਵੀ ਠੀਕ ਹੈ ਕਿ 32 ਏਕੜ ਵਿੱਚ ਫੈਲੇ ਹੋਏ ਇਸ ਕਾਲਜ ਵਿੱਚ ਸਿਰਫ ਬੀ.ਏ. ਦੀ ਪੜ੍ਹਾਈ ਹੁੰਦੀ ਹੈ।

ਜਿਵੇਂ ਐਮ.ਐਲ.ਏ. ਸਾਹਿਬ ਨੇ ਪੁੱਛਿਆ ਹੈ ਕਿ ਕੋਰਸ ਕਦੋਂ ਤੋਂ ਸ਼ੁਰੂ ਕੀਤੇ ਜਾਣਗੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਨਵੀਂ ਭਰਤੀ ਮਾਨਯੋਗ ਹਾਈਕੋਰਟ ਦੇ ਵਿੱਚ ਵਿਚਾਰ ਅਧੀਨ ਹੈ। ਅਗਲੀ ਤਾਰੀਖ 14 ਮਾਰਚ ਨੂੰ ਹੈ। ਇਸ ਤੋਂ ਇਲਾਵਾ 650 ਨਵੇਂ ਪ੍ਰੋਫੈਸਰਾਂ ਦੀ ਭਰਤੀ ਨੂੰ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ। ਜਿਵੇਂ ਹੀ ਪ੍ਰੋਫੈਸਰ ਆਉਂਦੇ ਹਨ ਤਾਂ ਅਸੀਂ ਨਾਲ ਹੀ ਨਵੇਂ ਕੋਰਸ ਸ਼ੁਰੂ ਕਰ ਦਿਆਂਗੇ ਪਰ ਜਦੋਂ ਤੱਕ ਸਾਡੇ ਕੋਲ ਪ੍ਰੋਫੈਸਰ ਨਹੀਂ ਹੋਣਗੇ, ਉਦੋਂ ਤੱਕ ਨਵੇਂ ਕੋਰਸ ਦੇਣ ਦਾ ਕੋਈ ਫਾਇਦਾ ਨਹੀਂ ਹੈ। As soon as we get the Professors, ਅਸੀਂ ਇੱਥੇ ਮਾਸਟਰਜ਼ ਡਿਗਰੀ ਵੀ ਸ਼ੁਰੂ ਕਰ ਦਿਆਂਗੇ।

**ਸ਼੍ਰੀ ਨਰੇਸ਼ ਕਟਾਰੀਆ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਲੈਕਚਰਾਰਾਂ ਦੀ ਭਰਤੀ ਬਾਰੇ ਤਾਂ ਕੋਈ ਵੀ ਗੱਲ ਕੀਤੀ ਨਹੀਂ ਹੈ। ਮੈਂ ਤਾਂ ਇਹ ਪੁੱਛਿਆ ਹੈ ਕਿ ਇਸ ਕਾਲਜ ਵਿੱਚ ਸਿਰਫ ਬੀ.ਏ. ਦੀ ਪੜ੍ਹਾਈ ਹੁੰਦੀ ਹੈ, ਕੀ ਉੱਥੇ ਕੋਈ ਨਵੇਂ ਕੋਰਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਹੈ? ਕੋਈ ਟਾਈਮ ਬਾਊਂਡ ਕਰ ਦਿਓ ਜੀ?

ਦੂਜੀ ਗੱਲ, ਇਹ ਕਾਲਜ ਸਾਲ 1971 ਤੋਂ ਚੱਲ ਰਿਹਾ ਹੈ। ਫਿਰੋਜ਼ਪੁਰ ਜ਼ਿਲ੍ਹੇ ਦੇ ਵਿੱਚ ਇਹ ਇੱਕੋ ਇੱਕ ਕਾਲਜ ਹੈ, ਜਿਹੜਾ ਕਿ ਸਰਕਾਰੀ ਕਾਲਜ ਹੈ। ਇਹ 32 ਏਕੜ ਵਿੱਚ ਫੈਲਿਆ ਹੋਇਆ ਹੈ ਤੇ ਜਿਸ ਵਿੱਚੋਂ 12 ਏਕੜ ਕਵਰਡ ਹੈ ਤੇ ਬਾਕੀ 20 ਏਕੜ ਖਾਲੀ ਪਿਆ ਹੈ। ਅੱਜਕੱਲ੍ਹ ਤੁਹਾਨੂੰ ਵੀ ਪਤਾ ਹੈ ਕਿ ਜੇਕਰ ਸਾਡੇ ਬੱਚਿਆਂ ਨੂੰ ਖੇਡਾਂ ਵਾਲੇ ਪਾਸੇ ਲਗਾਇਆ ਜਾਵੇ ਤਾਂ ਉਹ ਨਸ਼ਿਆਂ ਤੋਂ ਬਚ ਸਕਦਾ ਹੈ। ਇਸ ਲਈ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੀ 20 ਏਕੜ ਖਾਲੀ ਜਗ੍ਹਾ ਪਈ ਹੈ, ਉਸ ਵਿੱਚ ਗਰਾਊਂਡਾਂ ਬਣਾਈਆਂ ਜਾਣ। ਇੱਥੇ ਕਮਰਿਆਂ ਦੀ ਲੋੜ ਨਹੀਂ ਹੈ, ਕਮਰੇ ਕਾਫੀ ਬਣੇ ਹੋਏ ਹਨ ਜੋ ਕਿ ਵਾਧੂ ਹਨ। ਇੱਥੇ ਨਵੇਂ ਕੋਰਸ ਸ਼ੁਰੂ ਕੀਤੇ ਜਾਣ। ਮੇਰੀ ਇਹੀ ਬੇਨਤੀ ਹੈ ਕਿ ਇਸ ਕੰਮ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਨਯੋਗ ਸਪੀਕਰ :** ਬੇਨਤੀ ਤਾਂ ਕਰਨੀ ਨਹੀਂ, ਤੁਸੀਂ ਸਵਾਲ ਪੁੱਛੋ, ਸਵਾਲ ਕੀ ਕਰਨਾ ਹੈ। ਮੰਤਰੀ ਜੀ ਤਾਂ ਕਦੋਂ ਦੇ ਖੜ੍ਹੇ ਹਨ। ਮੰਤਰੀ ਜੀ, ਕਲੈਰੀਫਾਈ ਕਰ ਦਿਓ ਜੀ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ. ਸਾਹਿਬ ਨਾਲ ਮੇਰਾ ਬਹੁਤ ਪਿਆਰ ਹੈ। ਅਸੀਂ ਇਨ੍ਹਾਂ ਦੇ ਕਈ ਸਕੂਲਾਂ ਦੇ ਵਿੱਚ ਦੋਨੋਂ ਇਕੱਠੇ ਗਏ ਹਾਂ। ਮੈਂ ਇੱਥੇ ਦੱਸਣਾ ਚਾਹਾਂਗਾ ਕਿ ਇਨ੍ਹਾਂ ਦੇ ਹਲਕੇ ਦਾ ਪਹਿਲਾ ਸਕੂਲ ਹੋਵੇਗਾ ਜਿੱਥੇ ਅਸੀਂ ਲਿਫਟ ਵੀ ਦੇ ਰਹੇ ਹਾਂ। (ਥੰਪਿੰਗ) ਸਰ, ਜਿਵੇਂ ਐਮ.ਐਲ.ਏ. ਸਾਹਿਬ ਨੇ ਪੁੱਛਿਆ ਹੈ ਕਿ ਨਵੇਂ ਕੋਰਸ ਕਦੋਂ ਸ਼ੁਰੂ ਹੋਣਗੇ? ਨਵੇਂ ਕੋਰਸ ਤਾਂ ਅਸੀਂ ਦੇ ਦੇਈਏ ਪਰ ਜੇਕਰ ਉੱਥੇ ਪ੍ਰੋਫੈਸਰ ਹੀ ਨਹੀਂ ਹੋਣਗੇ ਤਾਂ ਬੱਚਿਆਂ ਨੂੰ ਪੜ੍ਹਾਏਗਾ ਕੌਣ? ਇਸ ਲਈ ਇਹ ਇੱਕ ਇਸ਼ੂ ਬਣੇਗਾ। ਇਸ ਲਈ ਮੈਂ ਦੱਸਣਾ

ਚਾਹਾਂਗਾ ਕਿ 1158 ਨਵੇਂ ਪ੍ਰੋਫੈਸਰਾਂ ਦੀ ਭਰਤੀ ਹਾਈ ਕੋਰਟ ਦੇ ਵਿੱਚ ਹੈ ਅਤੇ it is under consideration. ਸਾਡੀ ਸਰਕਾਰ ਨੇ ਐਲ.ਪੀ.ਏ. ਪਾਈ ਹੈ, ਜਿਸ ਦੀ 14 ਮਾਰਚ ਨੂੰ ਸੁਣਵਾਈ ਹੈ। ਇਸ ਤੋਂ ਇਲਾਵਾ other recruitment ਦਾ ਜਿਸ ਨੂੰ ਕੈਬਨਿਟ ਨੇ ਅਪਰੂਵ ਕਰ ਦਿੱਤਾ ਹੈ, ਉਸ ਦਾ ਵੀ ਪ੍ਰਾਸੈੱਸ ਚੱਲ ਰਿਹਾ ਹੈ। ਜਦੋਂ ਹੀ ਪ੍ਰੋਫੈਸਰ ਆ ਗਏ ਤਾਂ ਅਸੀਂ ਜਿੰਨੇ ਵੀ ਕਾਲਜ ਹਨ, ਉਨ੍ਹਾਂ ਵਿੱਚ ਨਵੇਂ ਕੋਰਸ ਵੀ ਸ਼ੁਰੂ ਕਰਾਂਗੇ। ਪਰ right now we have acute shortage of Professors ਕਿਉਂਕਿ 20 ਸਾਲਾਂ ਤੋਂ ਨਵੇਂ ਪ੍ਰੋਫੈਸਰਾਂ ਦੀ ਭਰਤੀ ਨਹੀਂ ਹੋਈ ਜਿਸ ਕਰਕੇ ਪੰਜਾਬ ਦੇ ਸਰਕਾਰੀ ਕਾਲਜਾਂ ਦਾ ਹਾਲ ਬਹੁਤ ਹੀ ਮਾੜਾ ਹੈ। ਦੂਜੀ ਗੱਲ, ਜਿੱਥੇ ਵੀ ample space ਹੈ ਜਿਵੇਂ ਐਮ.ਐਲ.ਏ. ਸਾਹਿਬ ਨੇ ਕਿਹਾ ਹੈ, ਇਹ ਸਾਨੂੰ ਉਸ 32 ਏਕੜ ਦੀ ਜਗ੍ਹਾ ਲਈ ਪ੍ਰਪੋਜ਼ਲ ਬਣਾ ਕੇ ਦੇ ਦੇਣ, ਚਾਹੇ ਉਹ ਸਪੋਰਟਸ ਡਿਪਾਰਟਮੈਂਟ ਨਾਲ ਹੈ, ਚਾਹੇ ਹਾਇਰ ਐਜੂਕੇਸ਼ਨ ਜਾਂ ਟੈਕਨੀਕਲ ਐਜੂਕੇਸ਼ਨ ਨਾਲ ਸਬੰਧਿਤ ਹੈ, ਆਪਾਂ infrastructure ਨੂੰ ਹੋਰ ਕਿਸੇ ਯੂਜ਼ ਵਿੱਚ ਵੀ ਪੱਕਾ ਲੈ ਕੇ ਆਵਾਂਗੇ। Sir, I assure him.

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਖਹਿਰਾ ਸਾਹਿਬ।

ਕੁ.ਕ/ਬ.ਸ. 10.05 11.03.2023

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਉਸ ਦਿਨ ਸਿੰਘਾਪੁਰ ਭੇਜੇ ਗਏ ਪ੍ਰਿੰਸੀਪਲਾਂ ਦੀ ਮੁਤੱਲਕ ਹਰਜੋਤ ਬੈਂਸ ਨੇ ਵਿਧਾਨ ਸਭਾ ਵਿੱਚ ਝੂਠ ਬੋਲਿਆ ਹੈ। ਤੁਸੀਂ ਕਹਿ ਰਹੇ ਹੋ ਕਿ ਪੋਰਟਲ ਅਕਤੂਬਰ ਵਿੱਚ ਖੁੱਲ੍ਹਿਆ ਸੀ ਪਰ ਇਹ ਪੋਰਟਲ 21.12.2022 ਨੂੰ ਖੁੱਲ੍ਹਿਆ ਸੀ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਮੰਤਰੀ ਜੀ ਤੁਸੀਂ ਬੋਲੋ।

**ਮੰਤਰੀ:** ਸਰ, ਮੇਰੀ ਬੇਨਤੀ ਸੁਣ ਲਵੋ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸੀ ਅਤੇ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮੰਤਰੀ:** ਹੱਦ ਹੋ ਗਈ ਹੈ। ਸੁਣ ਤਾਂ ਲਵੋ।

**ਮਾਨਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈੱਸ ਕਰੋ।

**ਮੰਤਰੀ:** ਸਰ, ਸਾਨੂੰ ਅੱਜ 11 ਵਜੇ ਬੋਲਣ ਦਾ ਮੌਕਾ ਦੇ ਦੇਣਾ। ਅਸੀਂ ਇੱਕ ਦੂਜੇ ਦੇ ਸਵਾਲਾਂ ਦੇ ਜਵਾਬ ਦੇ ਦੇਵਾਂਗੇ। Sir, this is question hour.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਮੇਰੀ ਗੱਲ ਵੀ ਸੁਣਨੀ ਪਵੇਗੀ। You have spoken a lie.

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਆਪਾਂ ਕੁਐਸਚਨ ਆਵਰ ਕਰ ਲਈਏ। ਉਸ ਤੋਂ ਬਾਅਦ ਤੁਹਾਡੇ ਕੋਲ ਬੋਲਣ ਲਈ ਬਹੁਤ ਸਮਾਂ ਹੈ। ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਸਪਲੀਮੈਂਟਰੀ ਕਰੋ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੈਸਟ ਫੈਕਲਟੀ ਟੀਚਰਾਂ ਨੂੰ ਦਸੰਬਰ ਮਹੀਨੇ ਤੋਂ ਤਨਖਾਹ ਨਹੀਂ ਮਿਲੀ ਹੈ। ਉਨ੍ਹਾਂ ਨੂੰ ਇਹ ਤਨਖਾਹ ਕਦੋਂ ਤੱਕ ਮਿਲ ਜਾਵੇਗੀ?

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਇਹ ਸਵਾਲ ਵੱਖਰਾ ਬਣਦਾ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸਰ, ਨਹੀਂ ਵੱਖਰਾ ਸਵਾਲ ਨਹੀਂ ਹੈ ਜੀ।

**ਸਰਦਾਰ ਬਲਕਾਰ ਸਿੰਘ:** ਸਪੀਕਰ ਸਾਹਿਬ, ਧੰਨਵਾਦ ਆਪ ਜੀ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਐਜੂਕੇਸ਼ਨ ਦੀ ਗੱਲ ਚੱਲ ਰਹੀ ਹੈ। ਸ਼੍ਰੀ ਨਰੇਸ਼ ਕਟਾਰੀਆ ਜੀ ਨੇ ਗੱਲ ਕੀਤੀ ਹੈ। ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ। ਮੈਂ ਮਾਨਯੋਗ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇੱਕ ਮਹੀਨੇ ਤੋਂ ਸ਼੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਕਮੇਟੀ ਡੇਰਾ ਸੱਚਖੰਡ ਬੱਲਾਂ ਸਬੰਧੀ ਪ੍ਰੋਸੈਸ ਚੱਲ ਰਿਹਾ ਸੀ। ਪਿਛਲੀ ਗੌਰਮਿੰਟ ਸਮੇਂ 25 ਕਰੋੜ ਰੁਪਏ ਰਿਲੀਜ਼ ਕਰਨ ਲਈ ਇੱਕ ਚੈੱਕ ਦੀ ਗੱਲ ਹੋਈ ਸੀ। ਭਾਵੇਂ ਉਸ ਚੈੱਕ ਦੀ ਗੱਲ ਚੱਲੀ ਸੀ ਪਰ ਉਹ ਚੈੱਕ ਕਿਤੇ ਵੀ ਸਟੈਂਡ ਨਹੀਂ ਕੀਤਾ ਸੀ। ਜਦੋਂ ਅਸੀਂ ਮਹਾਰਾਜ ਦੇ ਹੁਕਮ ਦੇ ਨਾਲ ਸੀ.ਐਮ. ਸਾਹਿਬ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਕੱਲ੍ਹ ਹੀ ਕੈਬਨਿਟ ਵਿੱਚ 25 ਕਰੋੜ ਰੁਪਿਆ ਪਾਸ ਕੀਤਾ ਔਰ ਉਸ ਲਈ ਇੱਕ ਮਹੀਨੇ ਦਾ ਸਮਾਂ ਨਿਯੁਕਤ ਕਰ ਦਿੱਤਾ ਕਿ ਇੱਕ ਮਹੀਨੇ ਦੇ ਵਿੱਚ 25 ਕਰੋੜ ਰੁਪਿਆ ਹਰ ਲੋੜ ਦੇ ਮੁਤਾਬਕ ਡਿਸਟ੍ਰਿਬਿਊਟ ਕੀਤਾ ਜਾਵੇਗਾ। ਇਸ ਲਈ ਮੈਂ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ।

(**ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਆਵਾਜ਼ਾਂ:** ਇਹ ਵੱਖਰਾ ਸਵਾਲ ਹੈ ਜੀ।)

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛਣਾ ਸੀ ਜੀ, ਤੁਸੀਂ ਧੰਨਵਾਦ ਤਾਂ ਕਰ ਦਿੱਤਾ ਹੈ। ਕੀ ਇਸ ਸਬੰਧੀ ਕੋਈ ਸਵਾਲ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ-ਬੈਠੇ):** ਸਰ, ਸਾਨੂੰ ਵੀ ਟਾਈਮ ਦੇ ਦਿਆ ਕਰੋ।

**ਮਾਨਯੋਗ ਸਪੀਕਰ:** ਹੈਨਰੀ ਸਾਹਿਬ, ਮੈਂ ਤੁਹਾਡਾ ਸਾਰਾ ਟਾਈਮ ਦਾ ਰਿਕਾਰਡ ਕਢਾਵਾਂਗਾ। ਮੈਕਸੀਮਮ ਟਾਈਮ ਤੁਹਾਨੂੰ ਹੀ ਮਿਲਦਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ-ਬੈਠੇ):** ਸਰ, ਪਲੀਜ਼ ਕਢਵਾ ਦੇਵੋ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਮੈਂ ਕਢਵਾ ਕੇ ਦੇਵਾਂਗਾ।

-------

## ਫਾਇਰਮੈਨਾਂ ਦੀ ਨਵੀਂ ਭਰਤੀ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਫਾਇਰਮੈਨਾਂ ਨੂੰ ਤਰਜੀਹ ਦੇਣਾ

***654. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਾਇਰਮੈਨਾਂ ਦੀ ਨਵੀਂ ਭਰਤੀ ਪ੍ਰਕ੍ਰਿਆ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ 1200 ਫਾਇਰਮੈਨਾਂ ਨੂੰ ਤਰਜੀਹ ਦਿੱਤੀ ਜਾਵੇਗੀ; ਜੇ ਹਾਂ ਤਾਂ ਉਸ ਦਾ ਕੀ ਅਧਾਰ ਹੋਵੇਗਾ।

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਨਹੀਂ ਜੀ। ਇਸ ਸਮੇਂ 1200 ਫਾਇਰਮੈਨ ਨਹੀਂ ਬਲਕਿ 966 ਆਊਟਸੋਰਸ ਅਤੇ ਕੰਟਰੈਕਟ ਤੇ ਫਾਇਰਮੈਨ ਹਨ। 1317 ਫਾਇਰਮੈਨ/ਡਰਾਇਵਰ ਉਪਰੇਟਰਾਂ ਦੀ ਰੈਗੂਲਰ ਤੌਰ ਤੇ ਭਰਤੀ ਅਧੀਨ ਸੇਵਾਵਾਂ ਚੋਣ ਬੋਰਡ, ਐਸ.ਏ.ਐਸ. ਨਗਰ (ਮੁਹਾਲੀ) ਵੱਲੋਂ ਫਾਇਰ ਸਟੈਡਿੰਗ ਆਰਡਰ ਵਿੱਚ ਦਰਜ ਯੋਗਤਾਵਾਂ ਅਨੁਸਾਰ ਕੀਤੀ ਜਾ ਰਹੀ ਹੈ। ਇਸ ਵਿੱਚ ਉਮੀਦਵਾਰਾਂ ਵੱਲੋਂ ਫਾਰਮ ਭਰਨ ਦੀ ਆਖਰੀ ਮਿਤੀ 28.02.2023 ਸੀ। ਫਾਇਰ ਸਟੈਡਿੰਗ ਆਰਡਰ ਵਿੱਚ ਦਰਜ ਉਪਬੰਧਾਂ ਅਨੁਸਾਰ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੰਮ ਕਰ ਰਹੇ ਫਾਇਰਮੈਨਾਂ ਨੂੰ ਤਰਜੀਹ ਦੇਣ ਸਬੰਧੀ ਕੋਈ ਪ੍ਰੋਵੀਜ਼ਨ ਨਹੀਂ ਹੈ।ਇਸ ਕਰਕੇ ਅਸੀਂ ਇਨ੍ਹਾਂ ਨੂੰ ਕੋਈ ਤਰਜੀਹ ਨਹੀਂ ਦੇ ਸਕਾਂਗੇ। ਵੈਸੇ ਇਹ ਗੱਲ ਹੈ ਕਿ ਸਾਡੇ ਕੋਲ ਇੰਨੀਆਂ ਪੋਸਟਾਂ ਹਨ ਕਿ ਇਹ ਵੀ ਆਪਣੇ ਕੰਮ ਵਿੱਚ ਕੰਟੀਨਿਊ ਕਰਨਗੇ। ਇਨ੍ਹਾਂ ਨੂੰ ਨੌਕਰੀ ਤੋਂ ਕੱਢਿਆ ਨਹੀਂ ਜਾ ਰਿਹਾ ਹੈ। ਇਹ ਵੀ ਆਪਣੀ ਨੌਕਰੀ ਤੇ ਰਹਿਣਗੇ ਔਰ ਨਵੇਂ ਬੰਦਿਆਂ ਦੀ ਵੀ ਰੈਗੂਲਰ ਤੌਰ ਤੇ ਭਰਤੀ ਕੀਤੀ ਜਾਵੇਗੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ 1310 ਫਾਇਰਮੈਨ ਅਤੇ ਡਰਾਈਵਰਾਂ ਨੂੰ ਪੱਕੀ ਨੌਕਰੀ ਦੇਣ ਲਈ ਨਵੀਂ ਭਰਤੀ ਦਾ ਇਸ਼ਤਿਹਾਰ ਕੱਢਿਆ ਹੈ। ਇਸ ਨਾਲ ਇਹ ਹੋਇਆ ਹੈ ਕਿ ਜਿਹੜੇ 1200 ਦੇ ਲਗਭਗ ਪੁਰਾਣੇ ਲੋਕ 10 ਤੋਂ

12 ਸਾਲ ਤੋਂ ਕੰਮ ਕਰ ਰਹੇ ਹਨ, ਕੀ ਉਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਹੈ? ਹੁਣ ਜੋ ਇਸ਼ਤਿਹਾਰ ਕੱਢਿਆ ਗਿਆ ਹੈ, ਉਸ ਲਈ ਉਹ ਦੁਬਾਰਾ ਤੋਂ ਪਾਰਟੀਸਿਪੇਟ ਨਹੀਂ ਕਰ ਸਕਦੇ ਕਿਉਂਕਿ ਕਈ over age ਹੋ ਗਏ ਹਨ। ਕਈਆਂ ਦੀ ਉਮਰ ਵੱਧ ਗਈ ਹੈ ਅਤੇ ਅੱਜ ਕੱਲ੍ਹ ਦੇ ਨੌਜਵਾਨ ਮੁੰਡਿਆਂ ਨਾਲ ਕੰਪੀਟ ਕਰਨਾ ਵੀ ਉਨ੍ਹਾਂ ਲਈ ਬੜਾ ਔਖਾ ਹੈ। ਆਪਾਂ ਇਹ ਗੱਲ ਵੀ ਕਹੀ ਸੀ ਕਿ ਜਿਹੜੇ ਤਮਾਮ ਕੰਟਰੈਕਟ ਤੇ ਬੰਦੇ ਰੱਖੇ ਹੋਏ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ। ਹੁਣ ਅਸੀਂ ਨਵੇਂ ਬੰਦੇ ਭਰਤੀ ਕਰਨ ਲੱਗੇ ਹਾਂ। ਜਿਹੜੇ ਵਿਚਾਰੇ ਪੁਰਾਣੇ ਬੰਦੇ ਹਨ, ਮੈਂ ਉਨ੍ਹਾਂ ਸਬੰਧੀ ਪੁੱਛਣਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਕੋਈ ਨਾ ਕੋਈ ਐਸੀ ਤਜਵੀਜ਼ ਬਣਾਈਏ ਕਿ ਜਿਨ੍ਹਾਂ ਵਿਅਕਤੀਆਂ ਨੇ 10-12 ਸਾਲ ਕੰਮ ਕੀਤਾ ਹੈ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ। ਕੀ ਉਨ੍ਹਾਂ ਨੂੰ ਪੱਕੇ ਕਰਨ ਦੀ ਕੋਈ ਤਜਵੀਜ਼ ਹੈ ਜਾਂ ਨਹੀਂ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ 15-20 ਸਾਲ ਤੋਂ ਇਹ ਕੱਚੀ-ਪੱਕੀ ਭਰਤੀ ਕਰੀ ਗਏ ਹਨ। ਇਨ੍ਹਾਂ ਨੂੰ ਕਿਸੇ ਨੇ ਰੋਕਿਆ ਸੀ, ਇਹ ਪੱਕੀ ਭਰਤੀ ਕਰ ਲੈਂਦੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰਕਾਰ ਚਲਾਉਣ ਦਾ ਕੋਈ ਸਿਸਟਮ ਰੱਖਦੇ। ਤੁਹਾਡੇ ਵਿਗਾੜੇ ਹੋਏ ਸਿਸਟਮਾਂ ਨੂੰ ਠੀਕ ਕਰਦੇ ਹੋਏ ਹੀ ਅਸੀਂ ਰੈਗੂਲੇਰਾਈਜ਼ ਕਰ ਰਹੇ ਹਾਂ। ਇਸ ਸਬੰਧੀ ਫਾਇਰ ਸਟੈਡਿੰਗ ਆਰਡਰ ਹੈ। ਇਹ ਇੱਕ ਐਮਰਜੈਂਸੀ ਸਰਵਿਸ ਹੈ। ਸਰ, ਇਹ ਕੋਈ ਖੇਡ ਨਹੀਂ ਹੈ। ਇਹ ਕੋਈ ਇਸ ਤਰ੍ਹਾਂ ਨਹੀਂ ਹੈ ਕਿ ਨਾਲੀ ਬੰਦ ਹੋ ਗਈ ਔਰ ਪਾਣੀ ਨਹੀਂ ਆਇਆ। ਇੱਥੇ ਲੱਗੀ ਹੋਈ ਅੱਗ ਨੂੰ ਮਿੰਟਾਂ-ਸਕਿੰਟਾਂ ਵਿੱਚ ਜਾ ਕੇ ਬੁਝਾਉਣਾ ਪੈਂਦਾ ਹੈ। ਸੋ, ਇਸ ਕਰਕੇ ਅਸੀਂ ਪੁਰਾਣੇ ਬੰਦਿਆਂ ਨੂੰ ਅਲਵਿਦਾ ਨਹੀਂ ਕਹਿ ਰਹੇ। ਉਨ੍ਹਾਂ ਦੀ ਛੁੱਟੀ ਨਹੀਂ ਕਰ ਰਹੇ ਹਾਂ। ਉਹ ਸਾਰੇ ਕੰਮ ਕਰਨਗੇ ਪਰ ਇਸ ਦੇ ਨਾਲ ਨਾਲ ਜਿਹੜਾ ਅੱਜ ਤੋਂ ਸਿਸਟਮ ਚੱਲੇਗਾ, ਉਹ ਪਰਾਪਰ ਕਾਨੂੰਨ ਦੇ ਹਿਸਾਬ ਨਾਲ ਚੱਲੇਗਾ। (ਥੰਪਿੰਗ)

ਪ.ਸ਼./ਰ.ਕ/10.10/11.03.2023

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਕਮ-ਅਜ਼-ਕਮ ਨਿੱਜਰ ਸਾਹਿਬ ਤੋਂ ਇਹ ਉਮੀਦ ਨਹੀਂ ਕਰਦਾ ਸੀ ਕਿ ਉਹ ਪੁਰਾਣੀਆਂ ਗੱਲਾਂ ਕਰਨਗੇ। I think he is well educated man ਅਤੇ ਇਹ ਠਰ੍ਹੰਮੇ ਦੇ ਨਾਲ ਹਰ ਚੀਜ਼ ਦਾ ਉੱਤਰ ਦਿੰਦੇ ਹਨ ਪਰ ਅੱਜ ਇਹ ਵੀ ਉਤੇਜਨਾ ਵਿੱਚ ਨਜ਼ਰ ਆਏ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇੱਕ ਪਾਸੇ ਜਿਹੜੇ 10-12 ਸਾਲ ਤੋਂ ਭਰਤੀ ਕੀਤੇ ਗਏ ਹਨ, ਅਸੀਂ ਉਨ੍ਹਾਂ ਨੂੰ ਕਹਾਂਗੇ ਕਿ ਜੇਕਰ ਅਸੀਂ ਨਵੇਂ ਭਰਤੀ ਕਰਾਂਗੇ ਤਾਂ ਉਨ੍ਹਾਂ ਨੂੰ ਜ਼ਿਆਦਾ ਤਜਰਬਾ ਹੋਵੇਗਾ, ਉਨ੍ਹਾਂ ਨੂੰ ਜ਼ਿਆਦਾ ਟਰੇਨਿੰਗ ਦਿੱਤੀ ਜਾਵੇਗੀ ਅਤੇ ਦੂਜੇ ਪਾਸੇ ਇਹ ਕਹਾਂਗੇ ਕਿ ਅਸੀਂ ਤੁਹਾਨੂੰ ਵੀ ਰੱਖ ਲਵਾਂਗੇ ਤਾਂ ਫਿਰ ਇਸ ਤਰ੍ਹਾਂ

ਗੱਲ ਨਹੀਂ ਬਣਨੀ। ਜਾਂ ਤਾਂ ਤੁਸੀਂ ਇਨ੍ਹਾਂ ਨੂੰ ਕਹੋ ਕਿ ਤੁਸੀਂ ਨਿਕੰਮੇ ਹੋ, ਬੇਕਾਰ ਹੋ ਅਤੇ ਫਾਇਰਮੈਨ ਦਾ ਕੰਮ ਨਹੀਂ ਕਰ ਸਕਦੇ, ਇਸ ਲਈ ਤੁਹਾਨੂੰ ਕੱਢਿਆ ਜਾ ਰਿਹਾ ਹੈ। ਦੋ ਗੱਲਾਂ ਨਾ ਕਰੋ। ਇਹ ਕੋਈ ਮਜ਼ਾਕ ਦਾ ਸੌਦਾ ਨਹੀਂ ਹੈ। ਇਹ ਇੱਕ ਸੀਰੀਅਸ ਗੱਲ ਹੈ। If it is serious, if you believe that, ਜੇਕਰ ਉਹ ਵਾਕਿਆ ਹੀ ਕੰਮ ਕਰਦੇ ਹਨ ਤਾਂ ਉਨ੍ਹਾਂ ਵਿਚਾਰਿਆਂ ਦਾ ਹੱਕ ਕਿਉਂ ਖੋਹਿਆ ਜਾ ਰਿਹਾ ਹੈ। ਉਹ 10-12 ਸਾਲ ਤੋਂ ਸੇਵਾ ਕਰ ਰਹੇ ਹਨ, ਉਨ੍ਹਾਂ ਨੇ ਕੀ ਗਲਤੀ ਕੀਤੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਫਾਇਰਮੈਨਾਂ ਨੂੰ ਅਸੀਂ ਕੁਝ ਨਹੀਂ ਕਹਿ ਰਹੇ, ਉਹ ਜਿੱਥੇ ਕੰਮ ਕਰ ਰਹੇ ਹਨ, ਉੱਥੇ ਕੰਮ ਕਰ ਰਹੇ ਹਨ। ਜੇਕਰ ਸਰਕਾਰ ਦੀ ਕਿਸੇ ਵੇਲੇ ਕੋਈ ਅਜਿਹੀ ਪਾਲਿਸੀ ਬਣਦੀ ਹੈ ਤਾਂ ਉਸ ਵਿੱਚ ਇਹ ਵੀ ਕਵਰ ਹੋ ਜਾਣਗੇ। In the meantime, ਜਿਹੜਾ ਅੱਜ ਤੋਂ ਅਗਾਂਹ ਸਿਸਟਮ ਚਲਾ ਰਹੇ ਹਾਂ, ਉਹ ਠੀਕ ਤਰ੍ਹਾਂ ਚਲਾਇਆ ਜਾਵੇਗਾ। ਅਸੀਂ ਇੱਕ ਬਹੁਤ ਸੋਹਣਾ ਟਰੇਨਿੰਗ ਇੰਸਟੀਚਿਊਟ ਬਣਾ ਰਹੇ ਹਾਂ, ਜਿੱਥੇ ਸਭ ਨੂੰ ਟਰੇਨਿੰਗ ਦਿੱਤੀ ਜਾਵੇਗੀ। ਅਸੀਂ ਇਸ ਤੇ ਬਹੁਤ ਕੰਮ ਕਰ ਰਹੇ ਹਾਂ। ਸਾਡੇ ਕੋਲ ਅੰਮ੍ਰਿਤਸਰ, ਜਲੰਧਰ ਜ਼ਿਲ੍ਹਿਆਂ ਵਾਸਤੇ 50 ਕਰੋੜ ਰੁਪਏ ਦੀ ਰਕਮ ਹੈ, ਜਿਸ ਦੇ ਨਾਲ ਦੋਹਾਂ ਸ਼ਹਿਰਾਂ ਨੂੰ ਚੰਗੀ ਤਰ੍ਹਾਂ ਡਿਵੈਲਪ ਕੀਤਾ ਜਾਵੇਗਾ, Disaster Management ਵਾਸਤੇ ਵੀ ਡਿਵੈਲਪ ਕਰਨਾ ਹੈ। ਸੋ, ਇਹ ਇੱਕ ਸਿਸਟਮ ਹੈ, ਜਿਸ ਵਿੱਚ ਅਸੀਂ ਕੰਮ ਕਰਨਾ ਚਾਹੁੰਦੇ ਹਾਂ। ਸਾਨੂੰ ਪਲੀਜ਼ ਸਿਸਟਮ ਨੂੰ ਫੋਲੋ ਕਰਨ ਦਿੱਤਾ ਜਾਵੇ ਤਾਂ ਜੋ ਜਿਹੜੀਆਂ ਦਿੱਕਤਾਂ ਸਾਨੂੰ ਹੁਣ ਆ ਰਹੀ ਹੈ, ਉਹ ਅੱਗੇ ਤੋਂ ਸਾਨੂੰ ਨਾ ਆਵੇ।

**ਮਾਨਯੋਗ ਸਪੀਕਰ**: ਹਾਂ ਜੀ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ**: ਰਾਜਾ ਜੀ ਬੈਠੋ, ਤੁਹਾਡੀਆਂ ਦੋ ਸਪਲੀਮੈਂਟਰੀਆਂ ਆ ਗਈਆਂ ਹਨ। ਇਹ ਤਾਂ ਫਿਰ ਡਿਬੇਟ ਸ਼ੁਰੂ ਹੋ ਜਾਵੇਗੀ। ਰਾਜਾ ਜੀ ਬੈਠੋ। ਸ਼੍ਰੀ ਵਿਕਰਮਜੀਤ ਸਿੰਘ ਜੀ ਦੀ ਸਪਲੀਮੈਂਟਰੀ ਲੈ ਰਹੇ ਹਾਂ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ**: ਧੰਨਵਾਦ ਸਪੀਕਰ ਸਾਹਿਬ। ਮੰਤਰੀ ਸਾਹਿਬ, 02 ਮਈ 2022 ਵਿੱਚ ਮੇਰੇ ਹਲਕੇ ਫਿਲੌਰ ਵਿੱਚ ਕੁਝ ਫਾਇਰ ਬ੍ਰਿਗੇਡਾਂ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਨ ਔਰ 02 ਮਈ 2022 ਤੋਂ ਲੈ ਅੱਜ ਤੱਕ ਫਾਇਰ ਬ੍ਰਿਗੇਡਾਂ ਉਸੇ ਤਰ੍ਹਾਂ ਹੀ ਖੜ੍ਹੀਆਂ ਹਨ। ਉਸ ਤੋਂ ਬਾਅਦ ਤਿੰਨ-ਚਾਰ ਵਾਰ

ਇਲਾਕੇ ਵਿੱਚ ਅੱਗ ਲੱਗ ਚੁੱਕੀ ਹੈ ਪਰ ਅੱਜ ਤੱਕ ਉਨ੍ਹਾਂ ਫਾਇਰ ਬ੍ਰਿਗੇਡਾਂ ਨੂੰ ਚਲਾਉਣ ਵਾਸਤੇ ਸਾਡੇ ਕੋਲ ਕੋਈ ਸਟਾਫ ਨਹੀਂ ਹੈ। ਮੈਂ ਇਸ ਸਬੰਧੀ ਮੁੱਖ ਮੰਤਰੀ ਸਾਹਿਬ ਨੂੰ ਵੀ ਲਿਖ ਕੇ ਭੇਜਿਆ ਸੀ। ਮੰਤਰੀ ਸਾਹਿਬ ਨੂੰ ਵੀ ਚਿੱਠੀ ਲਿਖ ਕੇ ਭੇਜੀ ਸੀ, ਜਿਸ ਵਿੱਚ ਸਾਡੇ ਨਗਰ ਕੌਂਸਲ ਫਿਲੌਰ ਅਤੇ ਗੁਰਾਇਆ ਨੇ ਇਹ ਜ਼ਿੰਮਾ ਚੁੱਕਿਆ ਸੀ ਕਿ ਜਿੰਨਾ ਵੀ ਖਰਚਾ ਇਨ੍ਹਾਂ ਮੁਲਾਜ਼ਮਾਂ ਨੂੰ ਭਰਤੀ ਕਰਕੇ ਰੱਖਣ ਵਾਸਤੇ ਆਵੇਗਾ, ਇਹ ਖਰਚਾ/ਭਾਰ ਦੋਵੇਂ ਮਿਊਂਸੀਪੈਲਿਟੀਆਂ ਚੁੱਕਣਗੀਆਂ ਪਰ ਅਫਸੋਸ ਦੀ ਗੱਲ ਹੈ ਕਿ ਉਹ ਫਾਇਰ ਬ੍ਰਿਗੇਡਾਂ ਅੱਜ ਚਿੱਟਾ ਹਾਥੀ ਬਣ ਕੇ ਰਹਿ ਗਈਆਂ ਹਨ। ਮੰਤਰੀ ਸਾਹਿਬ, ਤੁਸੀਂ ਸਾਨੂੰ ਦੱਸੋ ਕਿ ਤੁਸੀਂ ਕਿੰਨੀ ਜਲਦੀ ਇਨ੍ਹਾਂ ਮਸ਼ੀਨਾਂ ਨੂੰ ਚਲਾਉਣ ਵਾਸਤੇ ਮੁਲਾਜ਼ਮ ਭੇਜੋਗੇ।

**ਮੰਤਰੀ:** ਅਸੀਂ ਤੁਹਾਨੂੰ ਤਿੰਨ ਗੱਡੀਆਂ ਦਿੱਤੀਆਂ ਹਨ। ਸਰ, ਇਸ ਵਿੱਚ ਇਸ ਤਰ੍ਹਾਂ ਚੱਕਰ ਹੁੰਦਾ ਹੈ ਕਿ ਪਹਿਲੇ ਮੁਰਗੀ ਆਈ ਕਿ ਅੰਡਾ? ਜੇ ਅਸੀਂ ਪਹਿਲਾਂ ਬੰਦੇ ਭਰਤੀ ਕਰ ਲੈਂਦੇ ਹਾਂ ਅਤੇ ਗੱਡੀਆਂ ਬਾਅਦ ਵਿੱਚ ਆਉਂਦੀਆਂ ਹਨ ਤਾਂ ਕਹਿਣਾ ਸੀ ਕਿ ਤੁਸੀਂ ਬੰਦੇ ਭਰਤੀ ਕਰ ਲਏ ਪਰ ਗੱਡੀਆਂ ਕਿੱਥੇ ਹਨ? ਸੋ, ਹੁਣ ਸਾਡੇ ਕੋਲ ਗੱਡੀਆਂ ਹਨ, ਅਸੀਂ ਸਾਰਾ ਕੰਮ ਕਰ ਰਹੇ ਹਾਂ। ਅਸੀਂ ਕਾਫੀ ਦੇਰ ਤੋਂ ਸੁਬਾਰਡੀਨੇਟ ਸਰਵਿਸ ਸਿਲੈੱਕਸ਼ਨ ਬੋਰਡ ਮਗਰ ਪਏ ਹੋਏ ਹਾਂ ਕਿ ਤੁਸੀਂ ਇਨ੍ਹਾਂ ਦੀ ਭਰਤੀ ਕਰੋ। ਉਨ੍ਹਾਂ ਦੀ ਵੀ ਆਪਣੀ ਮਜਬੂਰੀਆਂ ਹਨ, ਕਿਉਂਕਿ ਉਨ੍ਹਾਂ ਨੇ ਕਾਫੀ ਭਰਤੀ ਕਰਨੀਆਂ ਹਨ। ਸਾਡੀ ਮਾਨ ਸਾਹਿਬ ਦੀ ਸਰਕਾਰ ਨੇ ਭਰਤੀਆਂ ਬਹੁਤ ਕੀਤੀਆਂ ਹਨ। ਸੋ, ਸਿਸਟਮ ਇਸ ਤਰ੍ਹਾਂ ਬਣ ਗਿਆ ਹੈ ਕਿ ਉਨ੍ਹਾਂ ਨੂੰ ਕੰਮ ਕਰਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਅਸੀਂ ਇਹ ਭਰਤੀ ਕਰ ਦੇਣੀ ਹੈ। ਇਹ ਜਿਹੜੀਆਂ ਫਾਇਰਮੈਨਾਂ ਦੀਆਂ ਸਰਵਿਸਿਜ਼ ਹਨ, ਇਹ non provincial ਹਨ। ਉਨ੍ਹਾਂ ਨੂੰ ਪੈਸੇ ਤਾਂ ਇਨ੍ਹਾਂ ਵੱਲੋਂ ਹੀ ਦਿੱਤੇ ਜਾਣੇ ਹਨ, ਚੰਡੀਗੜ੍ਹ ਤੋਂ ਪੈਮੇਂਟ ਨਹੀਂ ਹੋਵੇਗੀ। ਇਹ 1200 ਨਹੀਂ, ਇਹ 966 ਹਨ। 1317 ਫਾਇਰਮੈਨਜ਼ ਅਤੇ ਓਪਰੇਟਰਾਂ ਭਰਤੀ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਪੇਮੈਂਟ ਇਨ੍ਹਾਂ ਵੱਲੋਂ ਹੀ ਕੀਤੀ ਜਾਵੇਗੀ। ਜਿੱਥੇ ਜਿੱਥੇ ਵੀ ਜਿੰਨੀ ਡਿਮਾਂਡ ਹੋਵੇਗੀ, ਉੱਥੇ ਉਨ੍ਹਾਂ ਦੀ ਭਰਤੀ ਕਰਕੇ ਭੇਜ ਦਿੱਤਾ ਜਾਵੇਗਾ। ਅਸੀਂ ਭਰਤੀ ਬਹੁਤ ਜਲਦੀ ਕਰਾਂਗੇ। ਸਾਡਾ ਵਸ ਚਲੇ ਤਾਂ ਅਸੀਂ ਅੱਜ ਹੀ ਦੇ ਦੇਈਏ ਪਰ ਸਾਨੂੰ ਸਿਸਟਮ ਦੇ ਨਾਲ ਚੱਲਣਾ ਪੈਣਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਤਾਂ ਦੇਣਾ ਨਹੀਂ, ਪੇਮੈਂਟ 07 ਮਹੀਨਿਆਂ ਦੀ ਕਿਨ੍ਹਾਂ ਨੇ ਦੇਣੀ ਹੈ? ਅਜੇ ਹਲਕੇ ਗਿੱਦੜਬਾਹਾ ਦੇ ਫਾਇਰਮੈਨਾਂ ਨੂੰ ਪੇਮੈਂਟਾਂ ਦੇਣ ਵਾਲੀਆਂ ਹਨ। ਇਹ ਪੇਮੈਂਟਾਂ ਕਿਸੇ ਨੇ ਨਹੀਂ ਦੇਣੀ, ਇਹ ਤੁਹਾਨੂੰ ਹੀ ਦੇਣੀ ਪੈਣੀ ਹੈ।

**ਮੰਤਰੀ (ਬਿਨਾਂ ਮਾਇਕ ਤੋਂ ਬੋਲਦੇ ਹੋਏ):** ਸਰ, ਪੇਮੈਂਟ ਬਹੁਤ ਜ਼ਿਆਦਾ due ਸੀ। ਸਰ, ਜਿੱਥੇ ਸਾਡੇ ਨੋਟਿਸ ਵਿੱਚ ਗੱਲ ਆ ਰਹੀ ਹੈ, ਅਸੀਂ ਕਰ ਰਹੇ ਹਾਂ।

**ਜਸਪਾਲ/10.15/ਰਜਨੀਸ਼/11.3.2023**

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡੇਰਾ ਬਾਬਾ ਨਾਨਕ-ਕਰਤਾਰਪੁਰ ਵਿਖੇ ਕਾਰੀਡੋਰ ਬਣਿਆ ਹੈ, ਉਥੇ ਕੰਪਲੈਕਸ ਵਿੱਚ ਫਾਇਰ ਬ੍ਰਿਗੇਡ ਆਇਆ ਸੀ। ਸੋ, ਮੇਰਾ ਖਿਆਲ ਹੈ ਕਿ ਮੈਂ ਵੀ ਬਹੁਤ ਜ਼ੋਰ ਲਗਾਇਆ ਸੀ ਕਿ ਫਾਇਰ ਬ੍ਰਿਗੇਡ ਵੀ ਖਰੀਦ ਲਈਏ ਪਰ ਸਰਕਾਰ ਵੱਲੋਂ ਇਹੀ ਆਉਂਦਾ ਰਿਹਾ ਕਿ ਮੁਲਾਜ਼ਮ ਕੌਣ ਰੱਖੇਗਾ ਕਿਉਂਕਿ ਡੇਰਾ ਬਾਬਾ ਨਾਨਕ ਦੀ ਜਿਹੜੀ ਮਿਊਂਸੀਪੈਲਿਟੀ ਹੈ, ਉਸ ਦੀ ਆਮਦਨ ਕੋਈ ਨਹੀਂ ਹੈ। ਉਥੇ ਜਿਹੜਾ ਕਾਰੀਡੋਰ ਬਣਿਆ ਹੋਇਆ ਹੈ ਉਥੇ ਫਾਇਰ ਬ੍ਰਿਗੇਡ ਦੀ ਬਹੁਤ ਜ਼ਰੂਰਤ ਹੈ। ਕਿਰਪਾ ਕਰਕੇ ਕੋਈ ਇਹੋ ਜਿਹਾ ਵੇਅ ਆਊਟ ਕੱਢ ਕੇ ਉਥੇ ਜਿਹੜਾ ਕੰਪਲੈਕਸ ਬਣਿਆ ਹੈ, ਉਸ ਲਈ ਇਸ ਦਾ ਇੰਤਜ਼ਾਮ ਕੀਤਾ ਜਾਵੇ।

**ਮੰਤਰੀ :** ਸਰ, ਡੇਰਾ ਬਾਬਾ ਨਾਨਕ ਇੱਕ ਗੱਡੀ ਹੈ, ਫਾਇਰਮੈਨ ਵੀ ਹਨ ਉਹ ਸਾਰੇ ਆਊਟ ਸੋਰਸਿਜ ਬੇਸਿਜ਼ ਉਤੇ ਹਨ, ਉਨ੍ਹਾਂ ਦੀ ਬਹੁਤ ਦੇਰ ਤੋਂ ਪੇਮੈਂਟ ਨਹੀਂ ਸੀ ਹੋ ਰਹੀ, ਸਾਲ ਡੇਢ ਸਾਲ ਤੋਂ ਪੇਮੈਂਟ ਨਹੀਂ ਸੀ ਹੋ ਰਹੀ। ਮੈਂ ਸਾਰੀ ਪੇਮੈਂਟ ਬਣਾ ਕੇ ਉਨ੍ਹਾਂ ਨੂੰ ਭੇਜੀ ਸੀ..

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਮੰਤਰੀ ਜੀ, ਡੇਰਾ ਬਾਬਾ ਨਾਨਕ ਨਹੀਂ ਜਿਹੜਾ ਉਥੇ ਕਾਰੀਡੋਰ ਵਿਖੇ ਕੰਪਲੈਕਸ ਬਣਿਆ ਹੈ, ਉਸ ਵਾਸਤੇ ਕਹਿ ਰਿਹਾ ਹਾਂ।

**ਮੰਤਰੀ:** ਅੱਛਾ, ਕਾਰੀਡੋਰ ਵਿੱਚ ਦੇਖ ਲਵਾਂਗੇ। ਇਹ ਮੇਰੇ ਨੋਟਿਸ ਵਿਚ ਆ ਗਈ ਹੈ, ਮੈਂ ਕਰ ਲਵਾਂਗਾ।

**ਮਾਨਯੋਗ ਸਪੀਕਰ:** ਅਗਲਾ ਪ੍ਰਸ਼ਨ। ਸਰਦਾਰ ਦਵਿੰਦਰ ਸਿੰਘ ਲਾਡੀ ਢੋਸ।

-------

## ਸਿਵਲ ਹਸਪਤਾਲ ਧਰਮਕੋਟ ਨੂੰ ਅਪਗ੍ਰੇਡ ਕਰਨਾ

*529. **ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਧਰਮਕੋਟ ਦੇ ਸਿਵਲ ਹਸਪਤਾਲ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਨੂੰ ਅੱਪਗ੍ਰੇਡ ਕਰ ਦਿੱਤਾ ਜਾਵੇਗਾ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਨਹੀਂ ਜੀ, ਪੰਜਾਬ ਸਰਕਾਰ ਦੀ ਪਾਲਿਸੀ ਮੀਮੋ ਨੰ: 11/51/2021-3ਸਿ7(2ਸਿ7)1669, ਮਿਤੀ 24.8.2021 ਅਨੁਸਾਰ ਪੇਂਡੂ ਖੇਤਰ ਦੀ ਹਰ 30,000 ਦੀ ਅਬਾਦੀ ਪਿਛੇ ਅਤੇ ਸ਼ਹਿਰੀ ਖੇਤਰ ਦੀ ਹਰ 50000 ਦੀ ਅਬਾਦੀ ਪਿਛੇ ਇਕ ਪ੍ਰਾਇਮਰੀ ਹੈਲਥ ਸੈਂਟਰ ਹੋਵੇਗਾ। ਮਿੰਨੀ ਪੀ.ਐਚ.ਸੀ. ਧਰਮਕੋਟ ਵਿਧਾਨ ਸਭਾ ਹਲਕਾ ਧਰਮਕੋਟ ਵਿਚ ਪੈਂਦਾ ਹੈ। ਇਸ ਦੀ ਅਬਾਦੀ 22000 ਹੈ ਅਤੇ ਇਥੇ 5 ਬਿਸਤਰਿਆਂ ਵਾਲੀ ਮਿੰਨੀ ਪੀ.ਐਚ.ਸੀ.ਸਥਾਪਿਤ ਹੈ। ਵਿਭਾਗੀ ਨਾਰਮਜ਼/ਪਾਲਿਸੀ ਅਨੁਸਾਰ ਪੀ.ਐਚ.ਸੀ.ਧਰਮਕੋਟ ਦੀ ਅਬਾਦੀ ਘੱਟ ਹੋਣ ਕਾਰਨ ਇਸ ਨੂੰ ਅਪਗਰੇਡ ਕਰਨ ਦੀ ਕੋਤੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰ, ਮਾਨਯੋਗ ਮੈਂਬਰ ਸਾਹਿਬ ਨੂੰ ਮੇਰਾ ਜਵਾਬ ਜਾ ਚੁੱਕਾ ਹੈ, ਇਸ ਲਈ ਆਪਾਂ ਸਿੱਧਾ ਹੀ ਸਪਲੀਮੈਂਟਰੀ ਲੈ ਲਈਏ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਸਰ, ਮੰਤਰੀ ਸਾਹਿਬ ਦਾ ਜਵਾਬ ਆਇਆ ਹੈ ਕਿ ਜਿਹੜਾ ਧਰਮਕੋਟ ਵਿਚ ਪੀ.ਐਚ.ਸੀ. ਹੈ ਇਸ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਪਰ ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਲਰੇਡੀ ਅੱਪਗ੍ਰੇਡ ਹੋ ਚੁੱਕਿਆ ਹੈ ਕਿਉਕਿ ਇਸ ਦੇ ਵਿਚ ਪੋਸਟਾਂ ਵੀ ਸੈਂਕਸ਼ਨ ਹੋਈਆਂ ਸੀ, ਸਿਰਫ ਫੰਡਜ਼ ਕਰਕੇ ਇਹ ਰੁਕ ਗਿਆ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਸਾਡੇ ਧਰਮਕੋਟ ਦੀ 22000 ਦੀ ਅਬਾਦੀ ਹੈ, ਇਸ ਵਿਚ 40 ਦੇ ਕਰੀਬ ਪੋਸਟਾਂ ਸੈਂਕਸ਼ਨ ਹੋ ਗਈਆਂ ਸੀ ਪਰ ਉਸ ਤੋਂ ਬਾਅਦ ਇਸ ਵਿੱਚ ਸਟਾਫ ਆ ਕੇ ਦੁਬਾਰਾ ਵਾਪਸ ਗਿਆ ਹੈ। ਇਨ੍ਹਾਂ ਦਾ ਨੋਟੀਫਿਕੇਸ਼ਨ ਨੰਬਰ ਵੀ ਮੇਰੇ ਕੋਲ ਹੈ, ਜਿਹੜੀਆਂ ਪੋਸਟਾਂ ਸੈਂਕਸ਼ਨ ਹੋਈਆਂ ਸੀ, ਉਨ੍ਹਾਂ ਦਾ ਵੀ ਸਾਰਾ ਰਿਕਾਰਡ ਮੇਰੇ ਕੋਲ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਪਣੀ ਦੁਬਾਰਾ ਆਪਾਂ ਉਹ ਪੋਸਟਾਂ ਸੈਂਕਸ਼ਨ ਕਰਕੇ ਵਾਪਸ ਲੈ ਕੇ ਆਈਏ ਜਿਹੜੇ ਡਾਕਟਰ ਤੇ ਹੋਰ ਸਟਾਫ ਐਪੁਆਇੰਟ ਹੋਏ ਸਨ।

**ਮੰਤਰੀ:** ਸਰ, ਮੈਂ ਮਾਨਯੋਗ ਐਮ.ਐਲ.ਏ.ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੁਝ ਪਾਪੂਲੇਸ਼ਨ ਨਾਰਮਜ਼ ਹਨ, ਇਨ੍ਹਾਂ ਦੀ ਅਬਾਦੀ 22000 ਹੈ, ਤੀਹ ਹਜ਼ਾਰ ਤੱਕ ਉਥੇ ਮਿੰਨੀ ਪੀ.ਐਚ.ਸੀ. ਬਣ ਸਕਦੀ ਹੈ, ਜੋ ਉਥੇ ਆਲਰੇਡੀ ਹੈ, ਇਸ ਤੋਂ 15 ਕਿਲੋਮੀਟਰ ਦੀ ਦੂਰੀ ਉਤੇ ਮੇਰਾ ਖਿਆਲ ਹੈ ਕਿ ਮੋਗਾ ਵੀ ਏਨੀ ਕੁ ਦੂਰ ਪੈਂਦਾ ਹੈ, ਉਥੇ ਮੈਡੀਕਲ ਕਾਲਜ ਬਣਨ ਜਾ ਰਿਹਾ ਹੈ, ਇਸ ਦੇ ਆਸੇ ਪਾਸੇ ਇੱਕ ਨੈਟਵਰਕ ਹੈ ਜਿਵੇਂ ਪੰਡੋਰੀ ਵਿਚ ਹੈ, ਮੁਹੰਮਦ ਵਿਚ ਹੈ, ਸ਼ੇਰਪੁਰ ਵਿਚ ਹੈ, ਸਾਰੇ ਪਾਸੇ ਹੈ। ਸਰ, ਮੇਰਾ ਖਿਆਲ ਹੈ ਕਿ ਇਹ ਹੋਰ ਵੀ ਜਗ੍ਹਾ ਉਤੇ ਵੀ ਹੈ, ਸ਼ਾਮ ਚੁਰਾਸੀ ਵਿਚ ਹੈ, ਹੋਰ ਵੀ ਤਿੰਨ ਚਾਰ ਜਗ੍ਹਾ ਉਤੇ ਹਨ, ਇਹ ਕਹਿੰਦੇ ਹਨ ਕਿ ਪਹਿਲਾਂ ਉਥੇ ਸਾਡੇ ਪੋਸਟਾਂ ਸਨ, ਸਰ, ਇਸ ਤਰ੍ਹਾਂ ਹੋਇਆ ਹੈ, ਹਰਿਆਣਾ ਵਿਚ ਵੀ ਹੋਇਆ। ਉਹ ਕੀ ਕਰਦੇ ਹੁੰਦੇ ਸੀ, ਪਿੱਛੇ ਰਾਸ਼ਨ ਕਾਰਡ ਦੇ ਵਿੱਚ ਵੀ ਹੋਇਆ ਹੈ, ਲੋਕ ਕਹਿੰਦੇ ਕਿ ਰਾਸ਼ਨ ਕਿਉਂ ਕੱਟ ਦਿੱਤਾ। ਜਦੋਂ ਸਰਕਾਰ ਨੇ ਜਾਣਾ ਹੁੰਦਾ ਹੈ ਤਾਂ ਫਿਰ ਉਹ ਡਿਕਲੇਅਰ ਕਰ ਦਿੰਦੇ ਹਨ ਕਿ ਦਸ ਲੱਖ ਰਾਸ਼ਨ ਕਾਰਡ ਹੋਰ ਬਣਾ ਦਿਉ। ਉਥੇ ਗਏ ਤੇ ਮਿੰਨੀ ਪੀ.ਐਚ.ਸੀ. ਨੂੰ ਡਿਕਲੇਅਰ ਕਰ ਦਿੱਤਾ, ਅਪਗਰੇਡ ਕਰ ਦਿੱਤਾ, ਇੱਥੇ 40 ਪੋਸਟਾਂ ਹੋ ਗਈਆਂ, ਇਧਰੋਂ ਉਧਰੋਂ ਇਥੇ ਡਾਕਟਰ ਲਗਾ ਦਿੱਤੇ ਆਪਣੀ ਇਲੈਕਸ਼ਨ ਜਿੱਤਣ ਦੇ ਵਾਸਤੇ, ਇਹ ਵੀ ਉਨ੍ਹਾਂ ਦੇ ਵਿਚੋਂ ਹੈ, ਇਹ 10-12 ਜਗ੍ਹਾ ਦੇ ਉਤੇ ਹੋਇਆ ਹੈ। ਪਹਿਲੀ ਗੱਲ ਹੈ ਕਿ ਜਿੰਨੀਆਂ ਵੀ ਹੁਣ ਮਿੰਨੀ ਪੀ.ਐਚ.ਸੀਜ਼ ਹਨ, ਮੈਨੂੰ ਪੰਜਾਬ ਵਿਚ ਇਕ ਵੀ ਮਿੰਨੀ ਪੀ.ਐਚ.ਸੀ. ਦੱਸ ਦਿਉ ਕਿ ਜਿਥੇ ਜਿੰਨਾ ਸਟਾਫ ਹੈ, ਉਹ ਪੂਰਾ ਹੋਵੇ, ਜਿਥੇ ਪਿਛਲੇ ਦੋ ਚਾਰ ਸਾਲ ਵਿਚ ਰੰਗ ਰੋਗਨ ਹੋਇਆ ਹੋਵੇ, ਜਿਥੇ ਦਵਾਈ ਮਿਲਦੀ ਹੋਵੇ, ਜਿਥੇ ਟੈਸਟ ਹੋਵੇ? ਪਹਿਲਾਂ ਇਨ੍ਹਾਂ ਨੂੰ ਠੀਕ ਕਰਨਾ ਹੈ। ਇਸ ਦੇ ਨਾਲ ਨਾਲ ਮੈਂ ਇਕ ਕੰਮ ਹੋਰ ਕਰਨ ਜਾ ਰਿਹਾ ਹਾਂ, ਪੰਜਾਬ ਦੇ ਵਿੱਚ ਮੁੱਖ ਮੰਤਰੀ ਸਾਹਿਬ ਦੀ ਇੱਕ ਬਹੁਤ ਵਧੀਆ ਸਕੀਮ ਆਈ ਹੈ ਉਹ ਹਾਈਵੇਅ ਪੈਟਰਲ ਵਹੀਕਲਜ਼ ਸਾਡੇ ਕੋਲ ਆ ਰਹੀਆਂ ਹਨ ਉਸ ਵਿਚ ਸਾਡੇ ਕੋਲ ਟਰੇਂਡ ਡਿਸੀਪਲਿਨਡ ਸਟਾਫ ਹੋਵੇਗਾ। ਅਸੀਂ ਇਸ ਨਾਲ ਬੈਕਅੱਪ ਐਂਬੂਲੈਂਸ ਸਰਵਿਸਿਜ਼ ਦਿਆਂਗੇ ਔਰ ਜਿਹੜੇ ਸਾਡੇ ਡਿਸਟ੍ਰਕਿਟ ਹਸਪਤਾਲ ਹਨ, ਸਬ ਡਵੀਜ਼ਨਲ ਹਸਪਤਾਲ ਹਨ ਉਥੇ ਅਲਟਰਾ ਸਾਊਂਡ ਵੀ ਹੋਵੇਗਾ, ਉਥੇ ਐਕਸਰਾ ਵੀ ਹੋਵੇਗਾ, ਉਥੇ ਸੀ.ਟੀ.ਸਕੈਨ ਤੇ ਐਮ.ਆਰ.ਈ. ਵੀ ਹੋਣਗੀਆਂ। ਅਸੀਂ ਇਹੋ ਜਿਹੀਆਂ ਬੈਕਅੱਪ ਸਰਵਿਸਿਜ ਦਿਆਂਗੇ। ਹਰ ਜਗ੍ਹਾ ਉਤੇ ਹਰ ਪਿੰਡ ਵਿੱਚ ਉਸ ਨੂੰ ਅੱਪਗਰੇਡ ਕਰਕੇ ਉਹ ਸਰਵਿਸਿਜ਼ ਨਹੀਂ ਦੇ ਪਾਵਾਂਗੇ ਜੋ ਅਸੀਂ ਇੱਕ ਪ੍ਰਾਇਮਰੀ ਕੇਅਰ, ਸੈਕੰਡਰੀ ਕੇਅਰ, ਟਰਸ਼ਰੀ ਕੇਅਰ, ਉਨ੍ਹਾਂ ਨੂੰ ਲਿੰਕ ਕਰਕੇ ਦੇ ਪਾਵਾਂਗੇ। ਉਹ ਇੱਕ ਗਰੇਡਿਡ manner ਵਿੱਚ। ਮੈਂ ਸਾਰੇ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪ੍ਰਸ਼ਨ ਕਾਲ ਤੋਂ ਬਾਅਦ ਚਾਹੇ ਮੈਨੂੰ ਟਾਈਮ ਦੇ ਦਿਉ, ਸਾਰੇ ਮੈਂਬਰ ਉਸ ਵਿਚ ਪਾਰਟੀਸੀਪੇਟ ਕਰਨ। ਆਪਣੀਆਂ ਜਿੰਨੀਆਂ ਤੁਹਾਡੇ ਕੋਲ ਸਿਹਤ ਸੰਸਥਾਵਾਂ ਹਨ, ਉਨ੍ਹਾਂ ਦੀ ਇਕ ਲਿਸਟ ਬਣਾ ਲਵੋ, ਉਨ੍ਹਾਂ ਵਿੱਚ ਇੱਕ ਗੈਪ ਅਨੈਲੇਸਿਜ ਦੇਖੋ ਕਿ ਉਥੇ ਬਿਲਡਿੰਗ ਵਿਚ ਕੀ ਕਮੀ ਹੈ, ਸਟਾਫ ਕਿੰਨਾ ਘੱਟ

ਹੈ, ਦਵਾਈਆਂ ਦੀ ਮੈਨੂੰ ਛੇ ਮਹੀਨੇ ਦੀ ਲਿਸਟ ਦੇ ਦਿਉ, ਟੈਸਟਾਂ ਦੀ ਮੈਨੂੰ ਲਿਸਟ ਦੇ ਦਿਉ। ਇੱਕ ਮੈਨੂੰ 11-12 ਦੀ ਲਿਸਟ ਬਣਾ ਕੇ ਦੇ ਦਿਉ, ਮੈਂ ਟਿੱਕ ਟਿੱਕ ਕਰਕੇ ਦੋ ਸਾਲਾਂ ਦੇ ਵਿੱਚ ਸਾਰੇ ਸੈੱਟ ਕਰ ਦਿਆਂਗਾ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਹਲਕਾ ਧਰਮਕੋਟ ਦੇ ਬਾਰੇ ਥੋੜ੍ਹਾ ਦੱਸਣਾ ਚਾਹੁੰਦਾ ਹਾਂ ਕਿ ਕਿਉਂਕਿ ਪਿਛਲੇ ਵਾਰ ਜਿੰਨੀਆਂ ਵੀ ਸਰਕਾਰਾਂ ਰਹੀਆਂ ਹਨ, ਜਿੰਨੇ ਵੀ ਕੋਈ ਮੰਤਰੀ, ਸੰਤਰੀ ਰਹੇ, ਹਲਕਾ ਧਰਮਕੋਟ ਦੇ ਹਸਪਤਾਲ ਨੂੰ ਕਦੇ ਵੀ ਕੋਈ ਐਮ.ਬੀ.ਬੀ.ਐਸ.ਡਾਕਟਰ ਨਸੀਬ ਨਹੀਂ ਹੋਇਆ ਪਰ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਮੰਤਰੀ ਸਾਹਿਬ ਕਿ ਇਨ੍ਹਾਂ ਨੇ ਜਦੋਂ ਵੀ ਆਪਣੀ ਸਰਕਾਰ ਬਣੀ ਹੈ ਉਦੋਂ ਆਪਣੇ ਪਹਿਲੇ ਮੰਤਰੀ ਸੀ ਤਾਂ ਉਨ੍ਹਾਂ ਨੇ ਨਾਲ ਦੀ ਨਾਲ ਉਥੇ ਐਮ.ਬੀ.ਬੀ.ਐਸ. ਡਾਕਟਰ ਐਪੁਆਇੰਟ ਕੀਤਾ, ਹੁਣ ਵੀ ਉਥੇ ਐਮ.ਬੀ.ਬੀ.ਐਸ.ਡਾਕਟਰ ਹੈ।

ਬ.ਕ./ਐਮ./11.3.23/10.20

**Mr. Speaker :** Thank you.

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਮੇਰੇ ਹਲਕੇ ਵਿੱਚ ਇਕ ਵੀ ਸਬ ਡਵੀਜ਼ਨਲ ਹਸਪਤਾਲ ਨਹੀਂ ਹੈ। ਜਿਹੜਾ ਹੁਣ ਕਿਹਾ ਹੈ ਕਿ ਉਥੇ ਮੈਡੀਕਲ ਕਾਲਜ ਬਣਨ ਵਾਲਾ ਹੈ, ਉਸ ਦੀ ਹਾਲੇ ਤਜਵੀਜ਼ ਹੈ, ਹਾਲੇ ਬਣਿਆ ਨਹੀਂ ਹੈ। ਉਹ ਇਕ ਸਾਲ ਤੱਕ ਸ਼ੁਰੂ ਹੋਵੇਗਾ।

**ਮਾਨਯੋਗ ਸਪੀਕਰ** : ਲਾਡੀ ਜੀ, ਸਵਾਲ ਪੁੱਛ ਲਓ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸਵਾਲ ਇਹ ਹੈ ਕਿ ਮੇਰੇ ਧਰਮਕੋਟ ਹਲਕੇ ਦਾ ਹਸਪਤਾਲ, ਜਿਹੜਾ ਆਲਰੇਡੀ ਅਪਗ੍ਰੇਡ ਹੋ ਚੁੱਕਿਆ ਹੈ, ਉਸ ਨੂੰ ਕੈਂਸਲ ਕਿਉਂ ਕਰ ਰਹੇ ਹਨ। ਉਸ ਨੂੰ ਦੁਬਾਰਾ ਬਣਾਉਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਉਸ ਦਾ ਜਵਾਬ ਤੁਹਾਨੂੰ ਆ ਗਿਆ ਹੈ। ਬੈਠੋ।

## ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੰਡਸਟ੍ਰੀਅਲ ਪਾਰਕ ਬਣਾਉਣਾ

***482. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਇੰਡਸਟ੍ਰੀਅਲ ਪਾਰਕ ਪ੍ਰੋਜੈਕਟ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ (ਸਰਦਾਰ ਗੁਰਮੀਤ ਸਿੰਘ ਮੀਤ ਹੇਅਰ) :** ਪੀ.ਐਸ.ਆਈ.ਈ.ਸੀ ਵਲੋਂ ਪੰਜਾਬ ਦੇ ਵੱਖ ਵੱਖ ਖੇਤਰਾਂ ਵਿੱਚ ਲੈਂਡ ਬੈਂਕ ਵਿਕਸਤ ਕਰਕੇ ਉਦਯੋਗਿਕ ਵਿਕਾਸ ਕਰਨ ਦੀ ਯੋਜਨਾ ਹੈ ਪਰ ਹਾਲ ਦੀ ਘੜੀ ਪੀ.ਐਸ.ਆਈ.ਈ.ਸੀ ਦੇ ਵਿਚਾਰ ਅਧੀਨ ਕੋਈ ਇਸ ਇਲਾਕੇ ਸਬੰਧਿਤ ਤਜਵੀਜ਼ ਨਹੀਂ ਹੈ ਜੀ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਥੇ 800 ਏਕੜ ਜ਼ਮੀਨ ਬਿਲਕੁਲ ਖਾਲੀ ਪਈ ਹੈ। ਪਿਛਲੀਆਂ ਸਰਕਾਰਾਂ ਸਮੇਂ ਵੀ ਗੋਇੰਦਵਾਲ ਸਾਹਿਬ ਇੰਡਸਟ੍ਰੀਅਲ ਏਰੀਆ ਬੇਰੁੱਖੀ ਦਾ ਸ਼ਿਕਾਰ ਹੋਇਆ ਹੈ। ਕੀ ਇਨ੍ਹਾਂ ਦੇ ਧਿਆਨ ਵਿੱਚ ਹੈ ਕਿ ਉਥੇ 800 ਏਕੜ ਜ਼ਮੀਨ ਇੰਡਸਟਰੀ ਵਾਸਤੇ ਐਕੁਆਇਰ ਕੀਤੀ ਗਈ ਸੀ ਅਤੇ ਹੁਣ ਖਾਲੀ ਪਈ ਹੈ? ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵੀ ਤੁਹਾਡੇ ਧਿਆਨ ਵਿੱਚ ਹੈ ਕਿ ਜਿਹੜੇ ਲੋਕਾਂ ਨੇ ਉਥੇ ਇੰਡਸਟਰੀ ਵਾਸਤੇ ਪਲਾਟ ਖਰੀਦੇ ਸਨ, ਅੱਜ ਉਥੇ ਇੰਡਸਟਰੀ ਸ਼ੁਰੂ ਨਹੀਂ ਕੀਤੀ ਗਈ। ਕੀ ਉਨ੍ਹਾਂ ਨੂੰ ਦੁਬਾਰਾ ਬੁਲਾ ਕੇ ਅਤੇ ਮੀਟਿੰਗ ਕਰਕੇ ਇੰਡਸਟਰੀ ਸ਼ੁਰੂ ਕਰਨ ਲਈ ਕਿਹਾ ਗਿਆ ਹੈ? ਕੀ ਇਨਵੈਸਟ ਪੰਜਾਬ ਅਧੀਨ ਗੋਇੰਦਵਾਲ ਸਾਹਿਬ ਵਿੱਚ ਕਿਸੇ ਇੰਡਸਟ੍ਰੀਲਿਸਟ ਨੂੰ ਕਿਹਾ ਗਿਆ ਹੈ ਕਿ ਉਥੇ ਇੰਡਸਟਰੀ ਲਗਾਈ ਜਾਵੇ? ਕੀ ਮੰਤਰੀ ਸਾਹਿਬ ਦੇ ਧਿਆਨ ਵਿੱਚ ਹੈ ਕਿ ਉਥੇ 2-3 ਇੰਡਸਟ੍ਰੀਜ਼ ਬਣੀਆਂ ਵੀ ਹੋਈਆਂ ਹਨ, ਉਹ ਪੰਜਾਬ ਦੇ ਬਾਹਰਲੇ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਕੀ ਇਸ ਵਾਸਤੇ ਕਾਰਵਾਈ ਕੀਤੀ ਜਾਵੇਗੀ ਕਿ ਜੇਕਰ ਪੰਜਾਬ ਦੀ ਇੰਡਸਟਰੀ ਹੈ ਤਾਂ ਵੱਧ ਤੋਂ ਵੱਧ ਰੁਜ਼ਗਾਰ ਪੰਜਾਬ ਦੇ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ? ਕੀ ਮੰਤਰੀ ਸਾਹਿਬ ਦੇ ਧਿਆਨ ਵਿੱਚ ਹੈ ਕਿ ਗੋਇੰਦਵਾਲ ਸਾਹਿਬ ਇੰਡਸਟ੍ਰੀਅਲ ਏਰੀਆ ਕੋਲੋਂ ਟ੍ਰੇਨ ਵੀ ਲੰਘਦੀ ਹੈ, ਹਾਈਵੇਅ ਵੀ ਨਾਲ ਲਗਦਾ ਹੈ, ਕਿਤੇ ਵੀ ਆਉਣ-ਜਾਣ ਵਾਸਤੇ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਨਹੀਂ ਹੈ ਫੇਰ ਕਿਉਂ ਉਹ ਬੇਰੁੱਖੀ ਦਾ ਸ਼ਿਕਾਰ ਹੋਇਆ ਹੈ? ਕੀ ਮੰਤਰੀ ਸਾਹਿਬ ਨੂੰ ਪਤਾ ਹੈ ਕਿ ਤਰਨਤਾਰਨ ਜ਼ਿਲ੍ਹੇ ਵਿੱਚ ਇਕੋ ਇਕ ਹਲਕਾ ਖਡੂਰ ਸਾਹਿਬ ਵਿੱਚ ਇੰਡਸਟ੍ਰੀਅਲ ਏਰੀਆ ਹੈ? ਅੱਜ ਬਾਰਡਰ ਏਰੀਆ ਵਾਸਤੇ ਕਿਹਾ ਜਾਂਦਾ ਹੈ ਕਿ

ਨੌਜਵਾਨ ਨਸ਼ੇ ਵਿੱਚ ਲੱਗੇ ਹੋਏ ਹਨ, ਜੇਕਰ ਉਨ੍ਹਾਂ ਨੂੰ ਰੁਜ਼ਗਾਰ ਮਿਲ ਜਾਵੇ ਤਾਂ ਸਾਡੀ ਨੌਜਵਾਨੀ ਦਾ ਭਲਾ ਹੋਵੇਗਾ।

**Mr. Speaker :** Thank you.

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਮੈਂ ਅਖੀਰ ਵਿੱਚ ਇਹੀ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਪਿਛਲੀਆਂ ਸਰਕਾਰਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਤਾਂ ਇਹ ਸਰਕਾਰ ਇਸ ਵੱਲ ਧਿਆਨ ਦੇਵੇ ਅਤੇ ਸੱਚ ਇਹ ਹੈ ਕਿ ਤਰਨਤਾਰਨ ਏਰੀਆ ਜਿਹੜਾ ਬਾਰਡਰ ਏਰੀਆ ਗਿਣਿਆ ਜਾਂਦਾ ਹੈ, ਉਹ ਨਾਮੀ ਜ਼ਿਲ੍ਹਿਆਂ ਵਿੱਚ ਗਿਣਿਆ ਜਾਵੇਗਾ। ਧੰਨਵਾਦ।

**ਮਾਨਯੋਗ ਸਪੀਕਰ** : ਧੰਨਵਾਦ ਜੀ। ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੁਐਸਚਨ ਆਵਰ ਹੈ। ਇਹ ਭਾਸ਼ਣ ਦਾ ਸਮਾਂ ਨਹੀਂ ਹੈ। ਠੀਕ ਹੈ ਕਿ ਤੁਹਾਡੀਆਂ ਸਾਰਿਆਂ ਦੀਆਂ ਗੱਲਾਂ ਵੈਲਿਊਏਬਲ ਹਨ ਪਰੰਤੂ ਦੂਜੇ ਕੁਐਸਚਨ ਰਹਿ ਜਾਣਗੇ। ਅਗਲਾ ਕੁਐਸਚਨ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 369**

**ਮਾਨਯੋਗ ਸਪੀਕਰ** : ਇਸ ਪ੍ਰਸ਼ਨ defer ਕੀਤਾ ਜਾਂਦਾ ਹੈ ਕਿਉਂਕਿ ਮੰਤਰੀ ਜੀ ਆਏ ਨਹੀਂ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਪੀਕਰ ਸਾਹਿਬ, ਸਰਕਾਰ ਮੁਲਾਜ਼ਮ ਜਿਹੜੇ ਕਿ ਸਾਲਾਂ ਤੋਂ ਆਪਣੇ ਡਿਊਜ਼ ਉਡੀਕਦੇ ਹਨ, ਇਹ ਸਵਾਲ ਬਹੁਤ ਇੰਪਾਰਟੈਂਟ ਸੀ। ਸਪੀਕਰ ਸਾਹਿਬ, ਤੁਸੀਂ ਕੱਲ੍ਹ ਹੀ ਆਰਡਰ ਕੀਤੇ ਸਨ। ਅੱਜ ਵੀ ਤਿੰਨ-ਚਾਰ ਮੰਤਰੀ ਐਬਸੈਂਟ ਹਨ।

**ਮਾਨਯੋਗ ਸਪੀਕਰ** : ਮੈਂ ਪਤਾ ਕਰਦਾ ਹਾਂ। ਬੈਠੋ ਜੀ। ਨੈਕਸਟ ਸਵਾਲ।

---

**ਜ਼ਿਲ੍ਹਾ ਬਰਨਾਲਾ ਵਿਖੇ ਡਾ. ਅੰਬੇਦਕਰ ਭਵਨ ਬਣਾਉਣਾ**

*438. **ਸਰਦਾਰ ਲਾਭ ਸਿੰਘ ਉਗੋਕੇ** : ਕੀ ਸਮਾਜਿਕ ਨਿਆਂ ਅਧਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਬਰਨਾਲਾ ਵਿੱਚ ਡਾ. ਅੰਬੇਦਕਰ ਭਵਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣ ਜਾਵੇਗਾ?

**ਡਾਕਟਰ ਬਲਜੀਤ ਕੌਰ** : ਹਾਂ ਜੀ। ਜ਼ਿਲ੍ਹਾ ਬਰਨਾਲਾ ਵਿਖੇ ਡਾ. ਬੀ.ਆਰ ਅੰਬੇਦਕਰ ਭਵਨ ਦੀ ਉਸਾਰੀ ਕਰਨ ਲਈ ਜਗ੍ਹਾ ਦਾ ਪ੍ਰਬੰਧ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਤੀ 11.4.2019 ਨੂੰ ਲਿਖਿਆ ਗਿਆ ਸੀ। ਉਸ ਤੋਂ ਬਾਅਦ ਸਮੇਂ ਸਮੇਂ ਤੇ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਨੂੰ ਵੀ ਪੱਤਰ ਲਿਖੇ ਗਏ ਹਨ। ਜਗ੍ਹਾ ਦਾ ਪ੍ਰਬੰਧ ਹੋਣ ਉਪਰੰਤ ਡਾ. ਬੀ.ਆਰ ਅੰਬੇਦਕਰ ਭਵਨ ਦੀ ਉਸਾਰੀ ਲਈ ਐਸਟੀਮੇਟ ਤਿਆਰ ਕਰਵਾ ਕੇ ਬਜਟ ਉਪਬੰਧ ਕਰਵਾਉਣ ਲਈ ਮਾਮਲਾ ਵਿਤ ਵਿਭਾਗ ਨਾਲ ਟੇਕ ਅੱਪ ਕੀਤਾ ਜਾਵੇਗਾ। ਵਿੱਤ ਵਿਭਾਗ ਤੋਂ ਫੰਡਜ਼ ਪ੍ਰਾਪਤ ਹੋਣ ਤੇ ਹੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ।

KK/ MS 11.3.2023 10.25

**ਸਰਦਾਰ ਲਾਭ ਸਿੰਘ ਉਗੋਕੇ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਰਨਾਲਾ ਨੂੰ ਜ਼ਿਲ੍ਹਾ ਬਣੇ ਹੋਏ ਲਗਭੱਗ 16 ਸਾਲ ਹੋ ਗਏ ਹਨ। ਹਰ ਇੱਕ ਹੈੱਡਕੁਆਰਟਰ ਤੇ ਅੰਬੇਦਕਰ ਭਵਨ ਬਣਿਆ ਹੋਇਆ ਹੈ। ਸਾਲ 2019 ਤੋਂ ਲੈ ਕੇ ਹੁਣ ਤੱਕ ਲਗਾਤਾਰ ਪੱਤਰ ਹੀ ਲਿਖੇ ਜਾ ਰਹੇ ਹਨ। ਇਹ ਗੱਲ ਨਹੀਂ ਹੈ ਕਿ ਸਾਡੇ ਡਿਸਟ੍ਰਿਕਟ ਕੋਲ ਜਗ੍ਹਾ ਨਹੀਂ ਹੈ। ਸੋ, ਇਹ ਬੜਾ ਜ਼ਰੂਰੀ ਹੈ ਕਿ ਸਾਡੇ ਹੈੱਡ ਕੁਆਰਟਰ ਤੇ ਅੰਬੇਦਕਰ ਭਵਨ ਸਥਾਪਿਤ ਕੀਤਾ ਜਾਵੇ। ਕਿਰਪਾ ਕਰਕੇ ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂ ਸਮਾਂਬੱਧ ਕੀਤਾ ਜਾਵੇ। ਇਸ ਸਬੰਧੀ ਸਟਰਿਕਟਲੀ ਆਰਡਰ ਕਰਕੇ ਇਸ ਦੀ ਉਸਾਰੀ ਜਲਦ ਤੋਂ ਜਲਦ ਸ਼ੁਰੂ ਕਰਵਾਈ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਮੰਤਰੀ ਜੀ, ਕੀ ਇਸ ਨੂੰ ਸਮਾਂਬੱਧ ਕਰੋਗੇ?

**ਮੰਤਰੀ:** ਆਨਰੇਬਲ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਾਂਗੀ ਕਿ ਜੇਕਰ ਉਹ ਜਗ੍ਹਾ ਦਾ ਪ੍ਰਬੰਧ ਕਰ ਦਿੰਦੇ ਹਨ ਤਾਂ ਅਸੀਂ ਇਸ ਨੂੰ ਇਮੀਜੀਏਟਲੀ ਸਟਾਰਟ ਕਰ ਲਵਾਂਗੇ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਗੁਰਮੀਤ ਸਿੰਘ ਮੀਤ ਹੇਅਰ ਜੀ ਕੁਝ ਕਹਿਣਾ ਚਾਹੁੰਦੇ ਹੋ?

**ਪ੍ਰਸ਼ਾਸਕੀ ਸੁਧਾਰ ਮੰਤਰੀ (ਸਰਦਾਰ ਗੁਰਮੀਤ ਸਿੰਘ ਮੀਤ ਹੇਅਰ):** ਸਰ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ, ਕਿਉਂਕਿ ਜਿਹੜਾ ਮੈਂਬਰ ਸਾਹਿਬ ਨੇ ਸਵਾਲ ਪੁੱਛਿਆ ਸੀ, ਇਹ ਦੋਵੇਂ ਇੱਕੋ ਜ਼ਿਲ੍ਹੇ ਨਾਲ ਸਬੰਧਿਤ ਹਨ। ਇੱਥੇ ਪੰਡਰੀ ਸਾਹਿਬ ਵੀ ਬੈਠੇ ਹਨ। ਸਰ, ਜਗ੍ਹਾ ਦਾ ਅਸੀਂ, ਕਿਉਂਕਿ ਡਿਸਟ੍ਰਿਕਟ ਹੈਡਕੁਆਰਟਰ ਤੇ ਕਹਿੰਦੇ ਹਨ, ਉਥੇ ਮੇਰਾ ਹਲਕਾ ਪੈਂਦਾ ਹੈ। ਅਸੀਂ ਜਗ੍ਹਾ ਦਾ ਪ੍ਰਬੰਧ ਸ਼ਹਿਰ ਦੇ ਵਿੱਚ ਕਰ ਦਿਆਂਗੇ। ਮੰਤਰੀ ਸਾਹਿਬ ਵਿਸ਼ਵਾਸ ਦਿਵਾ ਦੇਣ ਕਿ ਸਾਨੂੰ ਫੰਡਜ਼ ਮੁਹੱਈਆ ਕਰਵਾ ਦੇਣਗੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਹੁਣ ਤਾਂ ਵਿਸ਼ਵਾਸ ਦਿਵਾਉਣਾ ਪਊ।

**ਸਮਾਜਿਕ ਸੁਰੱਖਿਆ ਮੰਤਰੀ** : ਆਨਰੇਬਲ ਸਪੀਕਰ ਸਾਹਿਬ, ਮੈਂ ਬਿਲਕੁਲ ਇਹ ਵਿਸ਼ਵਾਸ ਦਿਵਾਉਂਦੀ ਹਾਂ ਕਿ ਜਗ੍ਹਾ ਦਾ ਪ੍ਰਬੰਧ ਹੋਣ ਤੋਂ ਇਮੀਜੀਏਟਲੀ ਬਾਅਦ ਅਸੀਂ ਇਸ ਦਾ ਕਾਰਜ ਸ਼ੁਰੂ ਕਰ ਦੇਵਾਂਗੇ।

**ਮਾਨਯੋਗ ਸਪੀਕਰ:** ਥੈਂਕਿਊ ਜੀ। (ਥੰਪਿੰਗ) ਡਾਕਟਰ ਸੁਖਵਿੰਦਰ ਕੁਮਾਰ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਜਦੋਂ ਅਸੀਂ ਵਿਸ਼ਵਾਸ ਸਬੰਧੀ ਪੁੱਛਦੇ ਹਾਂ ਤਾਂ ਸਾਨੂੰ ਤੁਸੀਂ ਬਿਠਾ ਦਿੰਦੇ ਹੋ ਪਰ ਇਹ ਤਾਂ ਇੱਕ ਮੰਤਰੀ ਦੂਜੇ ਮੰਤਰੀ ਤੋਂ ਵਿਸ਼ਵਾਸ ਦਿਵਾਉਣ ਲਈ ਪੁੱਛੀ ਜਾਂਦੇ ਹਨ (ਹਾਸਾ) ਕਿਰਪਾ ਕਰਕੇ ਸਾਨੂੰ ਵੀ ਵਿਸ਼ਵਾਸ ਲੈਣ ਦਾ ਮੌਕਾ ਦੇ ਦਿਆ ਕਰੋ ਜੀ। (ਹਾਸਾ)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਮੇਰਾ ਸਵਾਲ ਮੰਤਰੀ ਜੀ ਨੂੰ ਇਹ ਹੈ ਕਿ ਆਮ ਤੌਰ ਤੇ ਡਾਕਟਰ ਅੰਬੇਦਕਰ ਜੀ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਸਟੈਚੂ ਲੱਗ ਜਾਂਦੇ ਹਨ ਪਰ ਕਈ ਵਾਰੀ ਸਟੈਚੂ ਬਾਰੇ ਦੇਖਣਾ ਪੈਂਦਾ ਹੈ, ਜੇ ਹੱਥ ਵਿੱਚ ਕਿਤਾਬ ਫੜੀ ਹੈ ਤਾਂ ਸੋਚ ਲੈਂਦੇ ਹਾਂ ਕਿ ਇਹ ਡਾਕਟਰ ਅੰਬੇਦਕਰ ਦਾ ਸਟੈਚੂ ਹੈ। ਜੇ ਪੱਗ ਬੰਨੀ ਹੋਵੇ ਤਾਂ ਸੋਚ ਲੈਂਦੇ ਹਾਂ ਕਿ ਇਹ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦਾ ਹੈ। ਸਾਨੂੰ ਆਪਣੇ ਆਪ ਨੂੰ ਹੀ ਮੰਨਣਾ ਪੈਂਦਾ ਹੈ ਪਰ ਬਹੁਤ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਕਿਤੇ ਨਾ ਕਿਤੇ ਉਸ ਅਜ਼ੀਮ ਸ਼ਖ਼ਸ਼ੀਅਤ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ, ਕਿਤੇ ਇੰਨਾ ਕੁ ਬਣਾ ਦਿੰਦੇ ਹਨ ਅਤੇ ਇੰਨਾ ਵੱਡਾ ਬਣਾ ਦਿੰਦੇ ਹਨ (ਇਸ਼ਾਰੇ ਨਾਲ ਦੱਸਦੇ ਹੋਏ) ਇਸ ਬਾਰੇ ਕੋਈ ਨਾਰਮਜ਼ ਨਹੀਂ ਹਨ। ਮੈਂ ਮੰਤਰੀ ਸਾਹਿਬ ਨੂੰ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਸਰਕਾਰ ਇਸ ਤਰ੍ਹਾਂ ਦੀ ਨੀਤੀ ਲਿਆ ਰਹੀ ਹੈ ਕਿ ਜਿੰਨਾ ਚਿਰ ਇਨ੍ਹਾਂ ਤੋਂ ਪਾਸ ਨਹੀਂ ਹੁੰਦਾ ਜਾਂ ਇਨ੍ਹਾਂ ਦੇ ਸਬੰਧਿਤ ਮੁਲਾਜ਼ਮਾਂ ਨੂੰ ਦਿਖਾਇਆ ਨਹੀਂ ਜਾਂਦਾ ਤਾਂ ਉਨੀ ਦੇਰ ਤੱਕ ਉਹ ਸਟੈਚੂ ਨਾ ਲੱਗੇ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ, ਸਵਾਲ ਤੁਹਾਡਾ ਇਹ ਇੰਪਾਰਟੈਂਟ ਹੈ ਪਰ ਇਹ ਵੱਖਰਾ ਸਵਾਲ ਬਣਦਾ ਹੈ ਜੀ।

------

## ਰਤੀਆ-ਸਰਦੂਲਗੜ੍ਹ ਸੜਕ ਐਮ.ਡੀ.ਆਰ. 18 ਨਵੀਂ ਬਣਾਉਣਾ

***601. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਤੀਆ-ਸਰਦੂਲਗੜ੍ਹ ਸੜਕ ਐਮ.ਡੀ.ਆਰ. 18 ਦੀ ਹਾਲਤ ਬਹੁਤ ਖਰਾਬ

ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਉਕਤ ਸੜਕ ਨੂੰ ਨਵੀਂ ਬਣਾਉਣ ਜਾਂ ਇਸ ਦੀ ਰੀਕਾਰਪੈਟਿੰਗ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ:** ਹਾਂ ਜੀ, ਰਤੀਆ-ਸਰਦੂਲਗੜ੍ਹ ਸੜਕ ਦੀ ਰਿਪੇਅਰ ਸਰਕਾਰ ਦੇ ਵਿਚਾਰ ਅਧੀਨ ਹੈ। ਬਜਟ ਉਪਬੰਧ ਅਤੇ ਉਪਲਬੱਧਤਾ ਹੋਣ ਉਪਰੰਤ ਇਸ ਕੰਮ ਨੂੰ ਕਰਵਾਇਆ ਜਾਵੇਗਾ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਤੋੜ ਕੇ ਦੇ ਦਿੱਤਾ ਹੈ ਅਤੇ ਲਾਰਾ ਵੀ ਮਿੱਠਾ ਲਾਇਆ ਹੈ । ਇਹ ਜਿਹੜੀ ਸੜਕ ਹੈ ਜੀ, ਇਸ ਰਾਹੀਂ ਮਾਨਸਾ, ਬਠਿੰਡਾ, ਫਰੀਦਕੋਟ, ਇਹ ਸਾਰੇ ਏਰੀਏ ਦੀ ਪਬਲਿਕ ਦਿੱਲੀ ਨੂੰ ਜਾਂਦੀ ਹੈ। ਇਹ ਬਹੁਤ ਹੀ ਇੰਪਾਰਟੈਂਟ ਸੜਕ ਹੈ। ਹੁਣ ਇਹ ਸੜਕ ਦਿਖ ਹੀ ਨਹੀਂ ਰਹੀਂ ਕਿ ਹੈਗੀ ਹੈ ਜਾਂ ਨਹੀਂ। ਜਿਹੜੇ ਲੋਕ ਇੱਥੋਂ ਜਾਂਦੇ ਹਨ, ਉਨ੍ਹਾਂ ਦੀ ਬਹੁਤ ਖੱਜਲ ਖੁਆਰੀ ਹੁੰਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਮਾਂਬੱਧ ਕੀਤਾ ਜਾਵੇ। ਕੀ ਤੁਸੀਂ ਇਸੇ ਸਾਲ ਵਿੱਚ ਹੀ ਇਸ ਦੀ ਰਿਪੇਅਰ ਕਰਵਾ ਦਿਉਗੇ, ਇਹ ਸਾਡੀ ਬਹੁਤ ਹੀ ਮਹੱਤਵਪੂਰਨ ਸੜਕ ਹੈ ਜਿਹੜੀ ਕਿ ਸਾਨੂੰ ਹਰਿਆਣੇ ਦੇ ਨਾਲ, ਹਿਸਾਰ ਤੇ ਫਤਿਹਾਬਾਦ ਨੂੰ ਜੋੜਦੀ ਹੈ ਜੀ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਸੜਕ ਤਾਂ ਜ਼ਰੂਰ ਟੁੱਟੀ ਹੈ ਪਰ ਮੈਂ ਜਵਾਬ ਤੋੜ ਕੇ ਨਹੀਂ ਦਿੱਤਾ। (ਹਾਸਾ) ਸੋ, ਮੈਂ ਜਵਾਬ ਜਿਹੜਾ ਦਿੱਤਾ ਹੈ, ਉਹ ਬਿਲਕੁਲ ਸਪੱਸ਼ਟ ਦਿੱਤਾ ਹੈ । ਇਸ ਦੀ ਲਾਸਟ ਰਿਪੇਅਰ ਮਿਤੀ 6.11.2015 ਨੂੰ ਹੋਈ ਸੀ। ਰਿਪੇਅਰ ਡਿਊ ਹੈ, ਇਹ ਗੱਲ ਬਿਲਕੁਲ ਠੀਕ ਹੈ। ਇਸ ਦੀ ਹਾਲਤ ਵੀ ਮਾੜੀ ਹੈ। ਇਹ ਗੱਲ ਵੀ ਮੈਂ ਤੁਹਾਡੀ ਮੰਨਣ ਵਾਸਤੇ ਤਿਆਰ ਹਾਂ। ਪਰ ਹੁਣ ਇਸ ਵਾਸਤੇ 15 ਕਰੋੜ 32 ਲੱਖ ਰੁਪਿਆ ਖਰਚ ਹੋਣਾ ਹੈ। ਇਸ ਨੂੰ ਅਸੀਂ ਆਪਣੇ ਸਟੇਟ ਫੰਡ 5054 ਦੇ ਵਿੱਚ ਪਾ ਲਿਆ ਹੈ। ਕੱਲ੍ਹ ਹੀ ਬਜਟ ਦੀਆਂ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਮੈਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਨੇ ਪੀ.ਡਬਲਿਊ.ਡੀ. ਨੂੰ ਬਹੁਤ ਵੱਡੇ ਪੱਧਰ ਤੇ ਫੰਡਜ਼ ਮੁਹੱਈਆ ਕਰਵਾਏ ਹਨ ਔਰ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਗਲੇ ਫਾਈਨਾਂਸ਼ੀਅਲ ਈਅਰ ਵਿੱਚ ਇਹ ਸੜਕ ਕੰਪਲੀਟ ਕਰ ਦਿੱਤੀ ਜਾਵੇਗੀ। ਇਸ ਟੁੱਟੀ ਹੋਈ ਸੜਕ ਨੂੰ ਠੀਕ ਕੀਤਾ ਜਾਵੇਗਾ। ਤੁਸੀਂ ਮੇਰਾ ਇਹ ਜਵਾਬ ਤੋੜ ਕੇ ਨਾ ਸਮਝਿਓ।

---------

ਹਰਪ੍ਰੀਤ ਸਿੰਘ/ਸ਼ੁਭਮ ਜੈਨ/10.30/11.03.2023

**ਨਿਸ਼ਾਨ ਵਾਲਾ ਪ੍ਰਸ਼ਨ ਨੰ: 511**

(ਸਬੰਧਿਤ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 386**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਗਈ ਹੈ।

-----

**ਖੰਨੇ ਨੂੰ ਜ਼ਿਲ੍ਹਾ ਬਣਾਉਣਾ**

*365 **ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਖੰਨਾ ਨੂੰ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਮ ਸ਼ੰਕਰ:** ਨਹੀਂ ਜੀ।

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸਪੀਕਰ ਸਾਹਿਬ, ਕੀ ਮੈਂ ਮੰਤਰੀ ਜੀ ਨੂੰ ਪੁੱਛ ਸਕਦਾ ਹਾਂ ਕਿ ਖੰਨੇ ਨੂੰ ਜ਼ਿਲ੍ਹਾ ਕਿਉਂ ਨਹੀਂ ਬਣਾਇਆ ਜਾ ਸਕਦਾ ?

**ਮੰਤਰੀ:** ਪੰਜਾਬ ਸਰਕਾਰ ਵੱਲੋਂ ਸਥਾਪਿਤ ਪੁਨਰਗਠਨ ਕਮੇਟੀ ਦੀ ਰਿਪੋਰਟ ਦੇ ਅਨੁਲੱਗ 5 ਦੇ ਮੁਤਾਬਿਕ ਸਬ ਤਹਿਸੀਲਾਂ, ਤਹਿਸੀਲਾਂ ਅਤੇ ਜ਼ਿਲ੍ਹਿਆਂ ਦੇ ਪੁਨਰਗਠਨ ਨਾਲ ਸਬੰਧਿਤ ਮਾਪਦੰਡ ਦਿੱਤੇ ਗਏ ਹਨ। ਇਸ ਅਨੁਸਾਰ ਜ਼ਿਲ੍ਹਾ ਬਣਾਉਣ ਸਮੇਂ ਉਸ ਦਾ ਖੇਤਰਫਲ, ਘੱਟ ਤੋਂ ਘੱਟ 6 ਲੱਖ ਲੋਕਾਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਰਥਤਾ ਕੰਮ ਦੀ ਮਾਤਰਾ, ਆਵਾਜਾਈ ਦਾ ਰੁਝਾਨ, ਸਮਾਜਿਕ, ਉਦਯੋਗਿਕ, ਆਰਥਿਕ, ਵਪਾਰਿਕ ਸੇਵਾਵਾਂ, ਬੈਂਕ, ਸਕੂਲ, ਕੁਦਰਤੀ ਫੀਚਰ, ਇੰਨਫਰਾਸਟਰੱਕਚਰ ਦੀ ਉਪਲੱਬਧਤਾ, ਹੈੱਡਕੁਆਰਟਰ ਦੇ ਵੱਖ-ਵੱਖ ਹਿੱਸਿਆਂ ਦਾ ਫਾਸਲਾ 50 ਤੋਂ 70 ਕਿਲੋਮੀਟਰ ਹੋਣਾ ਚਾਹੀਦਾ ਹੈ। ਇਤਿਹਾਸਕ ਅਤੇ ਧਾਰਮਿਕ ਮਹੱਤਤਾ ਅਤੇ ਲੋਕਾਂ ਦੀਆਂ ਇੱਛਾਵਾਂ ਆਦਿ ਦਾ ਹੋਣਾ ਵੀ ਜ਼ਰੂਰੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਇਕ ਜ਼ਿਲ੍ਹਾ ਮਲੇਰਕੋਟਲਾ ਹੀ ਹੋਂਦ ਵਿਚ ਆਇਆ ਸੀ ਅਤੇ ਸਰਕਾਰ ਪੱਧਰ ਤੇ ਕੋਈ ਹੋਰ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਮਾਨਯੋਗ ਸਪੀਕਰ:** ਸੌਂਦ ਸਾਹਿਬ, ਮੈਨੂੰ ਲਗਦਾ ਹੈ ਕਿ ਜਵਾਬ ਆ ਗਿਆ ਹੈ ਕਿ ਕਿਉਂ ਜ਼ਿਲ੍ਹਾ ਨਹੀਂ ਬਣਾਇਆ ਜਾ ਰਿਹਾ।

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਸੁਆਲ ਵੀ ਪੁੱਛਣਾ ਚਾਹੁੰਦਾ ਹਾਂ ਅਤੇ ਇਕ ਗੱਲ ਦੱਸਣਾ ਵੀ ਚਾਹੁੰਦਾ ਹਾਂ ਕਿ ਖੰਨਾ ਏਸ਼ੀਆ ਕੰਟੀਨੈਂਟ ਦੀ ਸਭ ਤੋਂ ਵੱਡੀ ਗਰੇਨ ਮਾਰਕਿਟ ਹੈ ਅਤੇ ਸਭ ਤੋਂ ਪ੍ਰਾਮੀਨੈਂਟ ਸਿਟੀ ਹੈ, ਜੋ ਜੀ.ਟੀ. ਰੋਡ ਤੇ ਹੈ ਅਤੇ ਖੰਨੇ ਨੂੰ ਤਿੰਨ ਅਜਿਹੇ ਵਿਧਾਨ ਸਭਾ ਹਲਕੇ ਲਗਦੇ ਹਨ, ਜੋ ਖੰਨੇ ਨਾਲ ਡਾਇਰੈਕਟਲੀ ਕਨੈਕਟਿਡ ਹਨ। ਕੀ ਖੰਨੇ ਨੂੰ ਜ਼ਿਲ੍ਹਾ ਬਣਾਉਣ ਲਈ ਆਉਣ ਵਾਲੇ ਸਮੇਂ ਵਿਚ ਸਰਕਾਰ ਕੋਈ ਤਜਵੀਜ਼ ਬਣਾ ਸਕਦੀ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** (ਬੈਠੇ ਬੈਠੇ): ਇਆਲੀ ਸਾਹਿਬ, ਮੇਰੇ ਜਗਰਾਓਂ ਦਾ ਵੀ ਖਿਆਲ ਰੱਖ ਲਿਓ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਲੁਧਿਆਣੇ ਵਿਚ ਤਕਰੀਬਨ 14 ਵਿਧਾਨ ਸਭਾ ਹਲਕੇ ਪੈਂਦੇ ਹਨ। 6 ਸ਼ਹਿਰੀ ਹਲਕੇ ਹਨ ਅਤੇ 8 ਪੇਂਡੂ ਹਲਕੇ ਹਨ। ਇਕ ਹਜ਼ਾਰ ਦੇ ਕਰੀਬ ਪਿੰਡ ਹਨ। ਲੁਧਿਆਣੇ ਦੇ ਵਿਚ ਜਗਰਾਓਂ ਅਤੇ ਖੰਨਾ ਦੋਵੇਂ ਹੀ ਜ਼ਿਲ੍ਹੇ ਬਣਾਉਣੇ ਬਹੁਤ ਜ਼ਰੂਰੀ ਹਨ। ਉੱਥੇ ਲੋਕਾਂ ਨੂੰ ਟਰੈਫਿਕ ਦੀ ਬਹੁਤ ਵੱਡੀ ਸਮੱਸਿਆ ਹੈ। ਲੋਕਾਂ ਨੂੰ ਦੂਰੋਂ ਦੂਰੋਂ ਆਉਣਾ ਜਾਣਾ ਪੈਂਦਾ ਹੈ। ਤਹਿਸੀਲ ਸਮਰਾਲਾ, ਤਹਿਸੀਲ ਖੰਨਾ ਅਤੇ ਤਹਿਸੀਲ ਪਾਇਲ ਖੰਨੇ ਨਾਲ ਜੋੜੇ ਜਾ ਸਕਦੇ ਹਨ, ਇਨ੍ਹਾਂ ਦੀ ਅਬਾਦੀ ਵੀ ਨਿਯਮਾਂ ਮੁਤਾਬਿਕ ਪੂਰੀ ਬਣਦੀ ਹੈ। ਜ਼ਿਲ੍ਹਾ ਬਣਾਉਣ ਦੀਆਂ ਸਾਰੀਆਂ ਕੰਡੀਸ਼ਨਾਂ ਖੰਨਾ ਅਤੇ ਜਗਰਾਓਂ ਪੂਰੀਆਂ ਕਰਦੇ ਹਨ। ਸੋ, ਕੀ ਇਸ ਬਾਰੇ ਸਰਕਾਰ ਆਉਣ ਵਾਲੇ ਸਮੇਂ ਵਿਚ ਵਿਚਾਰ ਕਰਕੇ ਖੰਨਾ ਅਤੇ ਜਗਰਾਓਂ ਨੂੰ ਜ਼ਿਲ੍ਹਾ ਬਣਾਉਣ ਦਾ ਵਿਚਾਰ ਕਰ ਸਕਦੀ ਹੈ? ਇਸ ਨਾਲ ਲੁਧਿਆਣੇ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਧੰਨਵਾਦ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਤਜਵੀਜ਼ ਅੱਜ ਤੱਕ ਨਹੀਂ ਆਈ ਅਤੇ ਇਹ ਸਵਾਲ ਵੀ ਪਹਿਲੀ ਵਾਰ ਆਇਆ ਹੈ। ਇਹ ਪਿਛਲੀ ਵਿਧਾਨ ਸਭਾ ਵਿਚ ਵੀ ਮੈਂਬਰ ਰਹੇ ਹਨ। ਪਿਛਲੇ ਸਮੇਂ ਵਿਚ ਖੰਨੇ ਤੋਂ ਕੋਟਲੀ ਸਾਹਿਬ ਮੰਤਰੀ ਵੀ ਰਹੇ ਹਨ। ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜ਼ਿਲ੍ਹਾ ਬਣਾਉਣ ਲਈ ਜੇਕਰ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਤਾਂ ਡੈਫੀਨੇਟਲੀ ਉਨ੍ਹਾਂ ਤੇ ਵਿਚਾਰ ਕਰਾਂਗੇ ਅਤੇ ਸਰਕਾਰ ਨੂੰ ਬਕਾਇਦਾ ਤਜਵੀਜ਼ ਬਣਾ ਕੇ ਦਿਆਂਗੇ ਅਤੇ ਜੇਕਰ ਸਰਕਾਰ ਮਨਜ਼ੂਰ ਕਰੇਗੀ ਤਾਂ ਜ਼ਿਲ੍ਹਾ ਜ਼ਰੂਰ ਬਣਾਵਾਂਗੇ। (ਥੰਪਿੰਗ)

(ਇਸ ਸਮੇਂ ਆਮ ਆਦਮੀ ਪਾਰਟੀ ਦੀ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੀਬੀ ਜੀ, ਇਕ ਹੀ ਸਪਲੀਮੈਂਟਰੀ ਹੁੰਦੀ ਹੈ, ਹੁਣ ਆਪਾਂ ਅਗਲਾ ਸਵਾਲ ਲਈਏ।

aman-shubham/10.35/11.3.23

**ਸਾਲ 2000 ਤੋਂ ਲੈ ਕੇ 2022 ਤੱਕ ਅਪਰੂਵ ਕੀਤੀਆਂ ਕਲੋਨੀਆਂ ਅਤੇ ਮੈਗਾ ਪ੍ਰੋਜੈਕਟਾਂ ਦੇ ਵੇਰਵੇ**

*371 **ਸਰਦਾਰ ਕੁਲਵੰਤ ਸਿੰਘ:** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ 2000 ਤੋਂ ਲੈ ਕੇ 2022 ਤੱਕ ਕਿੰਨੀਆਂ ਕਲੋਨੀਆਂ ਅਤੇ ਸਾਲ 2003 ਤੋਂ ਲੈ ਕੇ ਹੁਣ ਤੱਕ ਕਿੰਨੇ ਮੈਗਾ ਪ੍ਰੋਜੈਕਟ, ਸੁਪਰ ਮੈਗਾ ਪ੍ਰੋਜੈਕਟ, ਇੰਡਸਟ੍ਰੀਅਲ ਅਤੇ ਹਾਊਸਿੰਗ ਪ੍ਰਾਜੈਕਟ ਅਪਰੂਵ ਕੀਤੇ। ਇਨ੍ਹਾਂ ਕਲੋਨੀਆਂ/ਪ੍ਰੋਜੈਕਟਾਂ ਵਿੱਚ ਕਿੰਨੀ ਜਗ੍ਹਾ ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) ਲਈ ਰਾਖਵੀਂ ਰੱਖੀ ਗਈ, ਕੀ (EWS) ਲਈ ਰੱਖੀ ਰਾਖਵੀਂ ਜਗ੍ਹਾ ਦਾ ਕਬਜ਼ਾ ਸਰਕਾਰ ਵੱਲੋਂ ਲੈ ਲਿਆ ਗਿਆ ਹੈ, ਜੇਕਰ ਲੈ ਲਿਆ ਗਿਆ ਹੈ ਤਾਂ ਉਹ ਜ਼ਮੀਨ ਕਿੰਨੇ ਏਕੜ ਹੈ, ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ;

ਅ) ਸਾਲ 2000 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਪੁੱਡਾ/ਗਮਾਡਾ ਅਤੇ ਹੋਰ ਅਥਾਰਿਟੀਆਂ ਵੱਲੋਂ ਕਿੰਨੀ ਜਗ੍ਹਾ ਐਕੁਆਇਰ ਕਰ ਕੇ ਡਿਵੈਲਪ ਕੀਤੀ ਗਈ ਅਤੇ ਉਸ ਵਿੱਚੋਂ ਕਿੰਨਾ ਰਕਬਾ ਆਰਥਿਕ ਤੌਰ ਤੇ ਕਮਜ਼ੋਰ ਵਰਗ(EWS) ਲਈ ਰਾਖਵਾਂ ਰੱਖਿਆ ਅਤੇ ਅਲਾਟ ਕੀਤਾ ਗਿਆ;

ੲ) ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਹੁਣ ਤੱਕ ਕਿੰਨੇ ਬਿਲਡਰਜ਼ ਨੇ ਕਿੰਨੇ ਫਲੈਟਸ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਦਿੱਤੇ ਹਨ ਅਤੇ ਕਿੰਨਿਆਂ ਨੇ ਫਲੈਟਸ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਛੱਡਣ ਦੀ ਬਜਾਏ ਰਕਮ ਜਮਾਂ ਕਰਵਾਈ ਹੈ ਅਤੇ ਜਮ੍ਹਾਂ ਕਰਵਾਈ ਰਕਮ ਕਿੰਨੀ ਹੈ, ਸਬੰਧਿਤ ਰਕਮ ਕਿਸ ਹੈੱਡ ਵਿੱਚ ਜਮ੍ਹਾਂ ਕਰਵਾਈ ਗਈ ਹੈ ਅਤੇ ਉਸ ਰਕਮ ਨੂੰ ਕਦੋਂ ਅਤੇ ਕਿਸ ਮਕਸਦ ਲਈ ਖਰਚਣ ਦੀ ਤਜਵੀਜ਼ ਹੈ?

**ਸ਼੍ਰੀ ਅਮਨ ਅਰੋੜਾ:** ਮਿਹਰਬਾਨੀ ਸਪੀਕਰ ਸਾਹਿਬ, ਇਹ ਮੈਂਬਰ ਸਾਹਿਬ ਦਾ ਬਹੁਤ ਹੀ important ਸਵਾਲ ਹੈ ਅਤੇ ਇਹ ਸਿੱਧੇ ਤੌਰ ਤੇ ਇਕਨਾਮੀਕਲੀ ਵੀਕਰ ਸੈਕਸ਼ਨ ਦੇ ਨਾਲ ਜੁੜਿਆ ਹੋਇਆ ਹੈ।

ੳ) ਸ਼੍ਰੀਮਾਨ ਜੀ, ਸਾਲ 2000 ਤੋਂ ਲੈ ਕੇ 2022 ਤੱਕ ਪੰਜਾਬ ਰਾਜ ਵਿੱਚ ਹਾਊਸਿੰਗ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਕੁੱਲ 615 ਕਲੋਨੀਆਂ ਨੂੰ ਲਾਇਸੈਂਸ ਜਾਰੀ ਕੀਤੇ ਗਏ ਹਨ ਅਤੇ ਸਾਲ 2003 ਤੋਂ ਲੈ ਕੇ ਹੁਣ ਤੱਕ ਕੁੱਲ 58 ਮੈਗਾ ਪ੍ਰੋਜੈਕਟਸ ਅਪਰੂਵ ਕੀਤੇ ਗਏ ਹਨ, ਜਿਸ ਵਿੱਚ 36 ਮੈਗਾ ਹਾਊਸਿੰਗ ਪ੍ਰੋਜੈਕਟਸ, 19 ਇੰਡਸਟ੍ਰੀਅਲ ਮੈਗਾ ਪ੍ਰੋਜੈਕਟ ਅਤੇ 03 ਸੁਪਰ ਮੈਗਾ ਹਾਊਸਿੰਗ/ਇੰਡਸਟ੍ਰੀਅਲ ਪ੍ਰੋਜੈਕਟ ਹਨ।

ਇਨ੍ਹਾਂ ਕਲੋਨੀਆਂ ਅਤੇ ਪ੍ਰੋਜੈਕਟਾਂ ਵਿੱਚ ਆਰਥਿਕ ਕਮਜ਼ੋਰ ਵਰਗ ਲਈ ਕੁੱਲ 472.68 ਏਕੜ ਜਗ੍ਹਾ ਰਾਖਵੀਂ ਰੱਖੀ ਗਈ ਹੈ ਜਿਸ ਵਿੱਚੋਂ 300.45 ਏਕੜ ਜਗ੍ਹਾ ਦਾ ਕਬਜ਼ਾ ਸਰਕਾਰ ਵੱਲੋਂ ਲੈ ਲਿਆ ਗਿਆ ਹੈ। ਬਾਕੀ

ਬਚਦੇ ਰਕਬੇ ਦਾ ਕਬਜ਼ਾ ਲੈਣ ਸਬੰਧੀ ਨੋਟਿਸ ਜਾਰੀ ਕਰਦੇ ਹੋਏ ਕਾਰਵਾਈ ਕੀਤੀ ਜਾ ਰਹੀ ਹੈ। ਜਿਸ ਦਾ ਕਬਜ਼ਾ ਸਰਕਾਰ ਵੱਲੋਂ ਤੁਰੰਤ ਲੈ ਲਿਆ ਜਾਵੇਗਾ। ਇਸ ਸਬੰਧੀ ਵਿਸਥਾਰ ਸੂਚਨਾ ਅਨੁਲੱਗ-A ਤੇ ਹੈ।

ਅ) ਸਾਲ 2000 ਤੋਂ ਲੈ ਕੇ ਹੁਣ ਤੱਕ ਪੰਜਾਬ ਰਾਜ ਵਿੱਚ ਵੱਖ-ਵੱਖ Authorities ਵੱਲੋਂ 10967.41 ਏਕੜ ਜਗ੍ਹਾ ਰਿਹਾਇਸ਼ੀ, ਇੰਡਸਟਰੀਅਲ ਅਤੇ ਮਿਕਸਡ ਯੂਜ਼ ਪ੍ਰੋਜੈਕਟਾਂ ਲਈ ਐਕੁਵਾਇਰ ਕੀਤੀ ਗਈ ਹੈ, ਜਿਸ ਵਿੱਚੋਂ ਲਗਭਗ 6992 ਏਕੜ ਜਗ੍ਹਾ ਡਿਵੈਲਪ ਕੀਤੀ ਜਾ ਚੁੱਕੀ ਹੈ। ਸੰਨ 2009-10 ਤੋਂ ਪਹਿਲਾਂ ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਰੈਗੂਲੇਸ਼ਨ ਐਕਟ, 1995 ਦੀਆਂ ਧਾਰਾਵਾਂ ਅਨੁਸਾਰ ਕੇਵਲ 100 ਏਕੜ ਜਾਂ ਵੱਧ ਰਕਬੇ ਦੀਆਂ ਕਲੋਨੀਆਂ ਵਿੱਚ ਹੀ ਰਿਹਾਇਸ਼ੀ ਰਕਬੇ (Net Planned Area) ਦਾ 10% ਰਕਬਾ (EWS) ਪਲਾਟਾਂ ਲਈ ਅਤੇ 100 ਤੋਂ ਵੱਧ ਅਪਾਰਟਮੈਂਟਾਂ ਵਾਲੀ ਕਲੋਨੀ ਵਿੱਚ 10% ਅਪਾਰਟਮੈਂਟ (EWS) ਲਈ ਰਾਖਵੇਂ ਰੱਖਣ ਦਾ ਉਪਬੰਧ ਸੀ। ਇਸ ਉਪਰੰਤ ਸਰਕਾਰ ਵੱਲੋਂ ਹਰ ਸਾਈਜ਼ ਦੀ ਰਿਹਾਇਸ਼ੀ ਕਲੋਨੀ ਵਿੱਚ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਨਿਯਮਾਂ ਅਨੁਸਾਰ ਰਕਬਾ ਰਾਖਵਾਂ ਰੱਖਣ ਦਾ ਉਪਬੰਦ ਕੀਤਾ ਗਿਆ ਸੀ। ਇਸ ਮੁਤਾਬਿਕ ਇੰਡਸਟਰੀਅਲ ਪਾਰਕ ਪ੍ਰੋਜੈਕਟਾਂ ਅਤੇ ਮਿਕਸ ਲੈਂਡ ਯੂਜ਼ ਪ੍ਰੋਜੈਕਟਾਂ ਵਿੱਚ ਵੀ ਰਿਹਾਇਸ਼ੀ ਕੰਪੋਨੈਂਟ ਤੇ ਬਣਦਾ ਰਕਬਾ (EWS) ਲਈ ਰਾਖਵਾਂ ਰੱਖਿਆ ਜਾਂਦਾ ਹੈ ਅਤੇ ਹੁਣ ਰਿਹਾਇਸ਼ੀ ਕਲੋਨੀਆਂ ਵਿੱਚ Net Planned Area ਦੀ ਥਾਂ ਤੇ Gross project ਰਕਬੇ ਦਾ 5% ਰਕਬਾ (EWS) ਲਈ ਰਾਖਵਾਂ ਰੱਖਿਆਆ ਜਾਂਦਾ ਹੈ, ਜਿਸ ਅਨੁਸਾਰ ਸਾਲ 2010 ਤੋਂ ਬਾਅਦ ਵੱਖ-ਵੱਖ ਅਥਾਰਿਟੀਆਂ ਵੱਲੋਂ ਡਿਵੈਲਪ ਕੀਤੇ ਗਏ ਰਿਹਾਇਸ਼ੀ, ਇੰਡਸਟਰੀਲ ਅਤੇ ਮਿਕਸ ਯੂਜ਼ ਪ੍ਰੋਜੈਕਟਾਂ ਵਿੱਚ ਰਿਹਾਇਸ਼ੀ ਰਕਬੇ ਵਿੱਚੋਂ 143.88 ਏਕੜ ਰਕਬਾ ਆਰਥਿਕ ਤੌਰ ਤੇ ਕਮਜ਼ੋਰ ਵਰਗ ਲਈ ਰਾਖਵਾਂ ਰੱਖਿਆ ਗਿਆ ਹੈ ਅਤੇ ਪੀ.ਡੀ.ਏ. ਪਟਿਆਲਾ ਵੱਲੋਂ 826 ਮਕਾਨ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਅਲਾਟ ਕੀਤੇ ਜਾ ਚੁੱਕੇ ਹਨ। ਇਸ ਸਬੰਧੀ ਵਿਸਥਾਰ ਸੂਚਨਾ ਅਨੁਲੱਗ-B ਤੇ ਹੈ।

ੲ) ਬਿਲਡਰਜ਼ ਵੱਲੋਂ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਕੋਈ ਫਲੈਟ ਅਲਾਟ ਨਹੀਂ ਕੀਤੇ ਗਏ ਹਨ। 09 ਬਿਲਡਰਜ਼ ਵੱਲੋਂ 520 ਫਲੈਟ ਆਰਥਿਕ ਤੌਰ ਤੇ ਕਮਜ਼ੋਰ ਵਰਗ ਲਈ ਰਿਜ਼ਰਵ ਰੱਖੇ ਗਏ ਹਨ, ਜਿਸ ਵਿੱਚ ਗਮਾਡਾ, ਐਸ.ਏ.ਐਸ ਨਗਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ 8 ਬਿਲਡਰਾਂ ਵੱਲੋਂ 249 ਫਲੈਟ ਅਤੇ ਜੇ.ਡੀ.ਏ, ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਇੱਕ ਬਿਲਡਰ ਵੱਲੋਂ 271 ਰਿਜ਼ਰਵ ਰੱਖੇ ਗਏ ਹਨ।

ਸਰਕਾਰ ਵੱਲੋਂ ਅਪਾਰਟਮੈਂਟ ਦੀ ਕਲੋਨੀ ਦੇ ਕੇਸਾਂ ਵਿੱਚ (EWS) ਅਪਾਰਟਮੈਂਟਾਂ ਦੇ ਇਵਜ਼ ਵੱਲੋਂ 25 ਵਰਗ ਮੀਟਰ ਫਲੈਟ ਦੇ ਹਿਸਾਬ ਨਾਲ ਕੁੱਲ 1500/- ਰੁਪਏ ਪ੍ਰਤੀ ਵਰਗ ਫੁੱਟ EWS fund ਜਮ੍ਹਾਂ ਕਰਵਾਉਣ ਦਾ ਵੀ ਉਪਬੰਧ ਹੈ, ਜਿਸ ਦੇ ਸਨਮੁੱਖ 23 ਬਿਲਡਰਾਂ ਵੱਲੋਂ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਫਲੈਟਾਂ ਦੇ ਇਵਜ਼

ਵੱਲੋਂ ਕੁੱਲ 32,84,77,978/- ਰੁਪਏ ਦੀ ਰਾਸ਼ੀ ਜਮਾਂ ਕਰਵਾਈ ਗਈ ਹੈ। ਇਹ ਰਾਸ਼ੀ EWS Head ਵਿੱਚ ਜਮ੍ਹਾਂ ਕੀਤੀ ਗਈ ਹੈ। ਇਹ ਰਕਮ EWS ਮਕਾਨਾਂ ਦੀ ਉਸਾਰੀ ਲਈ ਖਰਚਣ ਦੀ ਤਜਵੀਜ਼ ਹੈ। ਇਸ ਸਬੰਧੀ ਵਿਸਥਾਰ ਸੂਚਨਾ ਅਨੁਲੱਗ -C ਤੇ ਹੈ।

**ਸਰਕਾਰ ਕੁਲਵੰਤ ਸਿੰਘ:** ਧੰਨਵਾਦ, ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਆਪਣੀ ਗੱਲ ਸ਼ੁਰੂ ਕਰਾਂ , ਮੈਂ ਮੰਤਰੀ ਸਾਹਿਬ ਅਤੇ ਉਨ੍ਹਾਂ ਦੇ ਸਟਾਫ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਹ ਇਨਫਰਮੇਸ਼ਨ ਹਾਊਸ ਨੂੰ ਦਿੱਤੀ। ਇਹ ਇਨਫਰਮੇਸ਼ਨ 22 ਸਾਲ ਪੁਰਾਣੀ ਅਤੇ ਬੜੀ ਲੰਮੀ ਚੌੜੀ ਸੀ। 22 ਸਾਲਾਂ ਦੇ ਵਿੱਚ ਇਸ ਤੇ ਕਿਸੇ ਨੇ ਧਿਆਨ ਨਹੀਂ ਦਿੱਤਾ ਸੀ। ਮੈਂ EWS ਦੀ ਗੱਲ ਕਰਨੀ ਹੈ। ਇਥੇ ਸਾਰੇ ਪੜ੍ਹੇ-ਲਿਖੇ ਬੈਠੇ ਹਨ, EWS ਬਾਰੇ ਸਾਰੇ ਜਾਣਦੇ ਹਨ ਕਿ economically weaker section. PAPRA Act ਦੇ ਵਿੱਚ EWS ਵਾਸਤੇ ਪ੍ਰਬੰਧ ਕੀਤਾ ਗਿਆ ਹੈ ਕਿ 5% ਜਗ੍ਹਾ ਉਨ੍ਹਾਂ ਵਾਸਤੇ ਰਾਖਵੀਂ ਰੱਖਣੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਹੈ, ਇਸ ਦੇ ਵਿੱਚ ਨਾ ਕੋਈ ਜਾਤ ਦੀ, ਧਰਮ ਦੀ ਅਤੇ ਨਾ ਹੀ ਕਿਸੇ ਕੁਨਬੇ ਦੀ ਗੱਲ ਹੈ। ਜਿਹੜਾ ਆਰਥਿਕ ਤੌਰ ਤੇ ਕਮਜ਼ੋਰ ਵਰਗ ਹੈ, EWS Act ਉਸ ਦੀ ਗੱਲ ਕਰਦਾ ਹੈ। EWS ਦੇ ਮੁਤਾਬਿਕ ਪੰਜਾਬ ਵਿੱਚ ਤਾਂ ਬੜੀਆਂ ਸੌਖੀਆਂ ਸ਼ਰਤਾਂ ਹਨ ਕਿ 3 ਲੱਖ ਤੋਂ ਘੱਟ ਸਾਲ ਦੀ ਇਨਕਮ ਹੋਣੀ ਚਾਹੀਦੀ ਹੈ ਅਤੇ 10 ਸਾਲ ਤੋਂ ਉਥੇ ਰਹਿੰਦਾ ਹੋਣਾ ਚਾਹੀਦਾ ਹੈ, ਇਹ 2-3 ਸ਼ਰਤਾਂ ਰੱਖੀਆਂ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਇਹ ਸ਼ਰਤਾਂ ਕੁਝ ਵੀ ਨਹੀਂ ਹਨ। 20 ਸਾਲ ਤੋਂ 5% ਜ਼ਮੀਨ ਰੱਖੀ ਹੋਈ ਹੈ, ਇਸ ਦਾ ਕਬਜ਼ਾ ਤੱਕ ਵੀ ਨਹੀਂ ਲਿਆ ਗਿਆ ਹੈ ਅਤੇ ਨਾ ਹੀ ਰਜਿਸਟਰੀ ਕਰਵਾਈ ਗਈ ਹੈ। ਮੈਂ ਇੱਕ ਛੋਟੀ ਜਿਹੀ ਗੱਲ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਬਜ਼ੇ ਦੀ ਗੱਲ ਸ਼ਾਇਦ ਮੇਰੇ ਤੋਂ ਗਲਤੀ ਨਾਲ ਲਿਖੀ ਗਈ ਹੈ, ਇਹ ਸਰਕਾਰ ਨੂੰ ਉਨ੍ਹਾਂ ਦੀ ਰਜਿਸਟਰੀ ਕਰਵਾਉਣੀ ਹੁੰਦੀ ਹੈ। ਇਹ ਰਜਿਸਟਰੀ ਕਿੰਨੇ ਦੀ ਕਰਵਾਈ ਹੈ? 472 ਏਕੜ ਜ਼ਮੀਨ ਪ੍ਰਾਈਵੇਟ ਬਿਲਡਰਾਂ ਦੀ ਸਰਕਾਰ ਦੇ ਕੋਲ ਪਈ ਹੈ ਅਤੇ 11 ਹਜ਼ਾਰ ਏਕੜ ਸਰਕਾਰ ਨੇ ਐਕੁਆਇਰ ਕੀਤੀ ਹੈ, ਉਸ ਦੇ ਮੁਤਾਬਿਕ ਮੇਰਾ ਖਿਆਲ ਹੈ ਕਿ 550 ਏਕੜ ਜ਼ਮੀਨ ਬਣਦੀ ਸੀ

ਤ.ਸ. / ਅ.ਗ. / 10.40 / 11.03.2023

ਮੈਨੂੰ ਸਮਝ ਨਹੀਂ ਲੱਗੀ ਕਿ ਸਰਕਾਰ ਨੇ 172 ਏਕੜ ਜ਼ਮੀਨ ਈ.ਡਬਲਿਯੂ.ਐਸ. ਲਈ ਰੱਖੀ ਹੈ। ਮੇਰੀ ਬੇਨਤੀ ਹੈ ਕਿ ਇੱਕ ਵਾਰੀ ਇਸ ਨੂੰ ਕੰਸਿਡਰ ਕਰਕੇ ਦੱਸ ਦਿਉ ਕਿ ਇਹ ਕਿਉਂ ਰੱਖੀ ਗਈ ਹੈ? ਗਰਾਸ ਏਰੀਆ 5% ਹੈ ਅਤੇ ਨੈੱਟ ਏਰੀਆ 10% ਹੈ।

**ਮਾਨਯੋਗ ਸਪੀਕਰ :** ਮੰਤਰੀ ਜੀ, ਦੱਸੋ ਕਿ ਕਿਉਂ ਰੱਖੀ ਗਈ ਹੈ?

**ਮੰਤਰੀ** : ਸਰ, ਮੈਂਬਰ ਸਾਹਿਬ ਦਾ ਕਨਸਰਨ ਬੜਾ ਵਾਜਿਬ ਹੈ। ਅਨਫਾਰਚੁਨੇਟਲੀ ਪਿਛਲੇ ਸਾਲਾਂ ਵਿੱਚ ਇਹ ਹੋਇਆ ਹੈ ਕਿ ਸਰਕਾਰ ਦਾ ਧਿਆਨ ਪਲਾਨਡ ਜਾਂ ਅਪਰੂਵਡ ਕਲੋਨੀਆਂ ਵੱਲ ਨਹੀਂ ਰਿਹਾ ਅਤੇ 14000 ਅਨ-ਅਪਰੂਵਡ ਕਲੋਨੀਆਂ ਕੱਟ ਗਈਆਂ। ਸਰ, ਜਿਸ ਦਿਨ ਦੀ ਭਗਵੰਤ ਮਾਨ ਜੀ ਦੀ ਸਰਕਾਰ ਬਣੀ ਹੈ, ਅਸੀਂ ਇਸ ਤੇ ਬੜੇ diligently ਕੰਮ ਕਰ ਰਹੇ ਹਾਂ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਬਿਲਡਰਜ਼ ਵੱਲੋਂ ਇਹੋ ਜਿਹੀਆਂ ਥਾਵਾਂ ਦੇ ਦਿੱਤੀਆਂ ਗਈਆਂ ਸਨ ਜਿਹੜੀਆਂ ਕਿ ਖੱਲ ਖੂੰਜੇ ਵਾਲੀਆਂ ਸਨ, ਜਿਹੜੀਆਂ ਕਿ ਕਿਸੇ ਕੰਮ ਨਹੀਂ ਆ ਸਕਦੀਆਂ ਸਨ। ਅਸੀਂ ਇਸ ਸਭ ਨੂੰ ਇਕੱਠਾ ਕਰਕੇ ਪਰਾਪਰ ਪਲਾਨਿੰਗ ਨਾਲ ਕਰਾਂਗੇ। ਮੈਂ ਤੁਹਾਡੇ ਜ਼ਰੀਏ ਪੂਰੇ ਪੰਜਾਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਬੜੀ ਜਲਦੀ ਹੀ, maybe maximum within 20-25 days ਅਸੀਂ (EWS) Economically Weaker Section ਦੇ ਲੋਕਾਂ ਲਈ 25 ਤੋਂ 30 ਹਜ਼ਾਰ ਮਕਾਨ ਦੇਣ ਜਾ ਰਹੇ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡਾ ਮਾਡਲ ਤਿਆਰ ਹੋ ਚੁੱਕਾ ਹੈ। ਟੈਂਡਰ ਪ੍ਰਾਸੈਸ ਬਣ ਰਹੀ ਹੈ। ਸੀ.ਐਮ. ਸਾਹਿਬ ਨੂੰ ਇਹ ਮਾਡਲ ਦਿਖਾ ਕੇ ਇੱਕ ਮਹੀਨੇ ਦੇ ਅੰਦਰ-ਅੰਦਰ ਪਹਿਲੇ ਫੇਜ਼ ਵਿੱਚ ਲਗਭਗ 15000 ਮਕਾਨ ਦੇਵਾਂਗੇ ਅਤੇ ਦੂਜੇ ਫੇਜ਼ ਵਿੱਚ 10-12 ਹਜ਼ਾਰ ਮਕਾਨ ਦੇ ਦੇਵਾਂਗੇ। ਅਸੀਂ ਸਮਾਂ ਬੱਧ ਤਰੀਕੇ ਨਾਲ ਇਹ 25-30 ਹਜ਼ਾਰ ਮਕਾਨ ਪੰਜਾਬ ਦੇ ਲੋਕਾਂ ਨੂੰ ਦੇ ਦੇਵਾਂਗੇ। ਮੈਂਬਰ ਸਾਹਿਬ ਬੇਫਿਕਰ ਰਹਿਣ।

**ਸਰਦਾਰ ਕੁਲਵੰਤ ਸਿੰਘ :** ਸਰ ਸਿਰਫ ਦੋ ਮਿੰਟ ਦੀ ਗੱਲ ਹੈ ਜੀ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ। ਲੰਬੀ ਸਪੀਚ ਨਾ ਕਰਿਉ।

**ਸਰਦਾਰ ਕੁਲਵੰਤ ਸਿੰਘ** : ਸਰ, ਮੈਂ ਸਵਾਲ ਹੀ ਪੁੱਛਣ ਲੱਗਾ ਹਾਂ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 472 ਏਕੜ ਜ਼ਮੀਨ ਦੀ ਰਜਿਸਟਰੀ ਕਦੋਂ ਤੱਕ ਕਰਵਾ ਦਿਉਗੇ? ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਹਾਲੇ ਤੱਕ ਇਸ ਜ਼ਮੀਨ ਦੀ 15-20 ਏਕੜ ਤੋਂ ਜ਼ਿਆਦਾ ਰਜਿਸਟਰੀ ਨਹੀਂ ਹੋਈ ਹੋਵੇਗੀ। 472 ਏਕੜ ਜ਼ਮੀਨ ਦੀ ਰਜਿਸਟਰੀ ਕਦੋਂ ਤੱਕ ਕਰਵਾ ਲਈ ਜਾਵੇਗੀ ?

ਮੇਰੀ ਦੂਜੀ ਬੇਨਤੀ ਹੈ ਕਿ ਜਿਹੜੀ 11000 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ, ਇਸ ਵਿੱਚ ਸਭ ਤੋਂ ਵੱਧ ਜ਼ਮੀਨ ਮੁਹਾਲੀ ਤੋਂ ਕੀਤੀ ਗਈ ਹੈ। ਕਿਰਪਾ ਕਰਕੇ ਮੈਨੂੰ ਦੱਸਣ ਦੀ ਖੇਚਲ ਕੀਤੀ ਜਾਵੇ ਕਿ ਮੁਹਾਲੀ ਵਿੱਚ ਕਿੰਨੇ EWS ਬਣਾ ਕੇ ਦਿੱਤੇ ਜਾ ਰਹੇ ਹਨ? ਮੁਹਾਲੀ ਦੇ ਪਿੰਡਾਂ ਦਾ ਲੈਂਡ ਲੌਕ ਹੋ ਚੁੱਕਾ ਹੈ, ਪਿੰਡਾਂ

ਵਿੱਚ ਜਗ੍ਹਾ ਨਹੀਂ ਰਹੀ ਹੈ, ਉਨ੍ਹਾਂ ਦੀ ਸਾਰੀ ਜਗ੍ਹਾ ਐਕੁਆਇਰ ਹੋ ਚੁੱਕੀ ਹੈ। ਉਹ ਬਹੁਤ ਜ਼ਿਆਦਾ ਦੁਖੀ ਹਨ। ਮੇਰੀ ਬੇਨਤੀ ਹੈ ਕਿ ਮੈਨੂੰ ਦੱਸ ਦਿੱਤਾ ਜਾਵੇ ਕਿ ਮੁਹਾਲੀ ਵਾਸਤੇ ਕੀ ਸਕੀਮ ਹੈ?

**ਮੰਤਰੀ** : ਸਰ, ਗੱਲ ਇਹ ਹੈ ਕਿ ਜਦੋਂ ਪਲਾਨਡ ਡਿਵੈਲਪਮੈਂਟ ਲਈ ਮੁਹਾਲੀ ਨੇ ਵੱਧ ਜਗ੍ਹਾ ਦਿੱਤੀ ਹੈ ਤਾਂ ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ EWS Houses ਵੀ ਇਨ੍ਹਾਂ ਦੇ ਹਲਕੇ ਨੂੰ ਹੀ ਵੱਧ ਮਿਲਣਗੇ। (ਥੰਪਿੰਗ)

ਸੈਕੰਡਲੀ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਕਦੋਂ ਤੱਕ 472 ਏਕੜ ਦੀ ਰਜਿਸਟਰੀ ਕਰਵਾਈ ਜਾਵੇਗੀ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਅਲੱਗ ਅਲੱਗ ਫੇਜ਼ਿਜ਼ ਵਿੱਚ ਹੋਣਾ ਹੈ। ਕਈ ਕੇਸਾਂ ਵਿੱਚ ਕੋਈ ਲੀਗਲ ਇਸ਼ੂ ਹੈ, ਕਿਤੇ ਕੋਈ ਟੈਕਨੀਕਲ ਇਸ਼ੂ ਹੈ, ਕਈ ਥਾਂ ਤੇ ਰਜਿਸਟਰੀ ਕਰਵਾਉਣ ਦਾ ਕੰਮ ਚੱਲ ਰਿਹਾ ਹੈ ਅਤੇ ਕਈ ਥਾਵਾਂ ਤੇ ਪੋਜ਼ੈਸ਼ਨ ਲੈਣ ਦਾ ਕੰਮ ਚੱਲ ਰਿਹਾ ਹੈ। ਕਿਸੇ ਥਾਂ ਤੇ ਉਪਰੋਂ ਤਾਰਾਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਰਿਮੂਵ ਕਰਨ ਦਾ ਕੰਮ ਚੱਲ ਰਿਹਾ ਹੈ। ਸੋ, ਇਹ ਕੰਮ ਅਲੱਗ ਅਲੱਗ ਫੇਜ਼ਿਜ਼ ਵਿੱਚ ਹੈ। What I mean to say is ਕਿ ਪਹਿਲੇ ਫੇਜ਼ ਵਿੱਚ ਅਸੀਂ 15000 ਮਕਾਨਾਂ ਲਈ ਟੈਂਡਰ ਹੁਣੇ ਫਲੋਟ ਕਰ ਦਿਆਂਗੇ ਅਤੇ ਜਿਹੜਾ ਬਾਕੀ ਦਾ ਏਰੀਆ ਰਹਿੰਦਾ ਹੈ, ਉਸ ਲਈ ਮੈਕਸੀਮਮ 6 ਤੋਂ 8 ਮਹੀਨੇ ਵਿੱਚ ਪੂਰੀ ਕਲੈਰਿਟੀ ਹੋ ਜਾਵੇਗੀ ਕਿ ਕਿੰਨਾ ਪੋਜ਼ੈਸ਼ਨ ਹੋ ਗਿਆ ਹੈ ਅਤੇ ਕਿੰਨੇ ਹੋਰ ਮਕਾਨ ਬਣਨੇ ਹਨ।

## ਹਰੀਆਣਾ ਸੀ.ਐਚ.ਸੀ. ਨੂੰ ਅਪਗ੍ਰੇਡ ਕਰਨਾ

***377. ਡਾਕਟਰ ਰਵਜੋਤ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਰੀਆਣਾ (ਹਲਕਾ ਸ਼ਾਮ ਚੌਰਾਸੀ) ਸੀ.ਐਚ.ਸੀ. ਨੂੰ 25 ਬੈੱਡ ਤੱਕ ਅਗਪ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ, ਨਹੀਂ ਜੀ। ਸਾਲ 2008-09 ਵਿੱਚ ਸਬ ਸੈਂਟਰ, ਹਰੀਆਣਾ ਨੂੰ ਅਪਗ੍ਰੇਡ ਕਰਕੇ ਸੀ.ਐਚ.ਸੀ. ਬਣਾ ਦਿੱਤਾ ਗਿਆ ਸੀ। ਇਸ ਲਈ ਹੁਣ ਇਸ ਸੰਸਥਾ ਦੀ ਦੁਬਾਰਾ ਅਪਗ੍ਰੇਡੇਸ਼ਨ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ ਰਵਜੋਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਸੀ.ਐਚ.ਸੀ. ਕਮਿਊਨਿਟੀ ਹੈਲਥ ਸੈਂਟਰ ਹੁੰਦਾ ਹੈ, ਇਸ ਵਿੱਚ 30 ਬੈਡਿਡ

ਫੈਸੀਲਿਟੀਜ਼ ਹੁੰਦੀਆਂ ਹਨ, ਚਾਰ ਸਪੈਸ਼ਲਿਸਟ ਹੁੰਦੇ ਹਨ ਅਤੇ 24 ਘੰਟੇ ਐਮਰਜੈਂਸੀ ਸਰਵਿਸਿਜ਼ ਹੁੰਦੀਆਂ ਹਨ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ਜੀ।

**ਡਾਕਟਰ ਰਵਜੋਤ ਸਿੰਘ** : ਤਕਰੀਬਨ 10 ਸਾਲ ਤੋਂ ਸੀ.ਐਚ.ਸੀ. ਹਰੀਆਣਾ ਚੱਲ ਰਿਹਾ ਹੈ ਅਤੇ ਇਹ ਡੇਅ ਕੇਅਰ ਸੈਂਟਰ ਦੇ ਤੌਰ ਚੱਲ ਰਿਹਾ ਹੈ। ਸਿਰਫ ਸਵੇਰੇ ਦੀ ਓ.ਪੀ.ਡੀ. ਹੁੰਦੀ ਹੈ ਜੋ ਕਿ 9 ਵਜੇ ਤੋਂ 2 ਵਜੇ ਤੱਕ ਹੁੰਦੀ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ਜੀ।

**ਡਾਕਟਰ ਰਵਜੋਤ ਸਿੰਘ** : ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇੱਥੇ ਸਟਾਫ ਪੂਰਾ ਕਰ ਦਿੱਤਾ ਜਾਵੇਗਾ ਅਤੇ 24 ਘੰਟੇ ਸਰਵਿਸਿਜ਼ ਦੇ ਦਿੱਤੀਆਂ ਜਾਣਗੀਆਂ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡੇ ਕੋਲ 161 ਕਮਿਊਨਿਟੀ ਹੈਲਥ ਸੈਂਟਰ ਹਨ। ਇਹ ਸਵਾਲ ਸਾਰਿਆਂ ਵਾਸਤੇ ਹੀ ਵੈਲਿਡ ਹੈ ਅਤੇ ਇਸ ਦਾ ਜਵਾਬ ਸੁਣਨ ਦਾ ਫਾਇਦਾ ਸਾਰਿਆਂ ਨੂੰ ਹੋਵੇਗਾ।

ਇਨ੍ਹਾਂ ਨੇ ਕਿਹਾ ਕਿ ਇਹ ਸੀ.ਐਚ.ਸੀ. ਬਤੌਰ ਓ.ਪੀ.ਡੀ. ਚੱਲ ਰਹੀ ਹੈ ਅਤੇ ਇਸ ਵਿੱਚ 30 ਬੈੱਡ ਹੋਣੇ ਚਾਹੀਦੇ ਹਨ। ਮੈਂ ਰਿਪੀਟ ਕਰ ਰਿਹਾ ਹਾਂ ਕਿ ਮੇਰਾ ਪਹਿਲਾ ਕੰਮ ਹੈ ਕਿ ਜਿਹੜਾ ਸਿਸਟਮ ਐਗਜ਼ਿਸਟ ਕਰਦਾ ਹੈ, ਜਿਵੇਂ ਇਨ੍ਹਾਂ ਦੇ ਸਟਾਫ ਘੱਟ ਹੈ, 6 ਬੰਦੇ ਘੱਟ ਹਨ, ਉਥੇ ਆਲਰੇਡੀ 30 ਬੈੱਡ ਹਨ, ਇਸ ਸਮੇਂ ਜਿਹੜੇ ਐਗਜ਼ਿਸਟਿੰਗ ਹਸਪਤਾਲ ਹਨ, ਉਨ੍ਹਾਂ ਨੂੰ ਅਪਗ੍ਰੇਡ ਕਰਨ ਦੀ ਥਾਂ ਉਨ੍ਹਾਂ ਨੂੰ ਚਲਾਉਣ ਦੀ ਲੋੜ ਹੈ। ਮੈਂ ਮੈਂਬਰ ਸਾਹਿਬ ਨੂੰ ਵਾਰ ਵਾਰ ਯਕੀਨ ਦਿਵਾ ਰਿਹਾ ਹਾਂ ਕਿ ਮੈਂ ਪਹਿਲਾਂ ਇਨ੍ਹਾਂ ਹਸਪਤਾਲਾਂ ਨੂੰ ਚਲਾਵਾਂਗਾ। ਮੈਂ ਇੱਕ ਵਾਰੀ ਫਿਰ ਸਾਰੇ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਗੈਪ ਹੈ, ਉਸ ਨੂੰ ਦੇਖੋ ਕਿ ਕਿਹੜੀ ਚੀਜ਼ ਦੀ ਕਮੀ ਹੈ, ਮੈਂ ਸਾਰੀਆਂ ਕਮੀਆਂ ਪੂਰੀਆਂ ਕਰਾਂਗਾ। ਮੈਂ ਸੈਸ਼ਨ ਤੋਂ ਬਾਅਦ ਸਾਰੇ ਹਸਪਤਾਲਾਂ ਦਾ ਦੌਰਾ ਵੀ ਕਰਾਂਗਾ।

ਸ.ਸ.–ਅ.ਗ./10:45/11.3.2023

**ਡਾਕਟਰ ਰਵਜੋਤ ਸਿੰਘ:** ਇਸ ਨੂੰ ਟਾਈਮ-ਬਾਊਂਡ ਕਰ ਦਿਉ ਕਿ ਕਦੋਂ ਤੱਕ ਅਸੀਂ 24 ਘੰਟੇ ਐਮਰਜੈਂਸੀ ਸਰਵਿਸ ਚਲਾ ਦੇਵਾਂਗੇ?

**ਮਾਨਯੋਗ ਸਪੀਕਰ:** ਕੀ ਮੰਤਰੀ ਜੀ ਟਾਈਮ-ਬਾਊਂਡ ਕਰੋਗੇ?

**ਮੰਤਰੀ:** ਸਰ, ਇੱਕ ਤਾਂ ਸਾਨੂੰ ਲੋਕਾਂ ਨੇ ਟਾਈਮ-ਬਾਊਂਡ ਕਰ ਦਿੱਤਾ ਹੈ ਜੀ। ਲੋਕਾਂ ਨੇ ਸਾਨੂੰ ਪੰਜ ਸਾਲ ਦਿੱਤੇ ਸੀ, ਰਾਜਾ ਜੀ ਨੇ ਇੱਕ ਸਾਲ ਘੱਟ ਦਿੱਤਾ ਹੈ, ਕੋਡ ਲੱਗਣ ਤੋਂ ਪਹਿਲਾਂ ਕਰਨਾ ਸੀ, ਇੱਕ ਸਾਲ ਘਟਾ ਦਿੱਤਾ ਹੈ ਲੇਕਿਨ ਮੈਂ ਐਮਰਜੈਂਸੀ ਸਰਵਿਸਿਜ਼ ਛੇ ਮਹੀਨੇ ਵਿੱਚ ਸਾਰੇ ਪੰਜਾਬ ਵਿੱਚ ਚਲਦੀਆਂ ਕਰ ਦੇਵਾਂਗਾ। (ਥੰਪਿੰਗ) ਇਹ ਮੈਨੂੰ ਮਾਨ ਸਾਹਿਬ ਨੇ ਵੀ ਕਿਹਾ ਹੈ।

-------

## ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ ਕੱਚੇ ਸੂਇਆਂ ਨੂੰ ਪੱਕਾ ਕਰਨਾ

***405 ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ ਕੱਚੇ ਸੂਇਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਜੀ ਹਾਂ, ਜ਼ਿਲ੍ਹਾ ਲੁਧਿਆਣਾ ਅਧੀਨ ਪੈਂਦੇ ਕਾਲਸ ਰਜਬਾਹਾ, ਸਰਾਭਾ ਮਾਈਨਰ, ਰੱਤੋਵਾਲ ਮਾਈਨਰ, ਨੂਰਪੁਰ ਮਾਈਨਰ, ਬੱਸੀਆ ਸਬ-ਮਾਈਨਰ, ਕੰਗਣਵਾਲ ਰਜਬਾਹਾ ਦੀ ਬੁਰਜੀ 0-15250, ਅਕਾਲਗੜ੍ਹ ਰਜਬਾਹਾ ਅਤੇ ਜੱਸੋਵਾਲ ਰਜਬਾਹਾ ਨੂੰ ਪੱਕਾ ਕਰਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਜੋ ਕਿ ਮਿਤੀ 31.03.2023 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 2-ਆਰ ਰਜਬਾਹਾ ਸਿਸਟਮ, 3-ਆਰ ਰਜਬਾਹਾ ਸਿਸਟਮ ਅਤੇ 4-ਆਰ ਰਜਬਾਹਾ, ਮਹੌਲੀ ਮਾਈਨਰ, ਬੱਲੋਵਾਲ ਮਾਈਨਰ ਨੂੰ ਪੱਕਾ ਕਰਾਉਣ ਦੇ ਪ੍ਰਾਜੈਕਟ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਰਜਵਾਹਿਆਂ ਅਤੇ ਮਾਈਨਰਾਂ ਨੂੰ ਪੱਕਾ ਕਰਨ ਲਈ ਜਲਦੀ ਹੀ ਕੰਮ ਸ਼ੁਰੂ ਕਰਨ ਦੀ ਤਜਵੀਜ਼ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਮੰਤਰੀ ਜੀ ਵੱਲੋਂ ਦੱਸਿਆ ਗਿਆ ਹੈ ਕਿ ਦੋ-ਤਿੰਨ-ਚਾਰ ਆਰ ਰਜਬਾਹਾ ਅਤੇ ਮਹੌਲੀ, ਬੱਲੋਵਾਲ ਮਾਈਨਰ ਨੂੰ ਪੱਕਾ ਕਰਨ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਲੇਕਿਨ ਇਸ ਲਈ ਕੋਈ ਫੰਡ ਨਹੀਂ ਆਇਆ। ਇਸ ਲਈ ਫੰਡਜ਼ ਕਿੱਥੋਂ ਆਉਣਗੇ? ਕੀ ਕੋਈ ਬਜਟ ਵਿੱਚ ਪ੍ਰਬੰਧ ਕੀਤਾ ਗਿਆ ਹੈ? ਮੰਤਰੀ ਜੀ, ਇਸ ਬਾਰੇ ਦੱਸਿਆ ਜਾਵੇ ਕਿ ਫੰਡਜ਼ ਕਿੱਥੋਂ ਆਉਣੇ ਹਨ ਅਤੇ ਇਹ ਕੰਮ ਕਦੋਂ ਤੱਕ ਕੰਪਲੀਟ ਕਰ ਦਿੱਤੇ ਜਾਣਗੇ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੋਈ ਬਜਟ ਵਿੱਚ ਪ੍ਰਬੰਧ ਕੀਤਾ ਗਿਆ ਹੈ? ਜੇ ਕੀਤਾ ਗਿਆ ਹੈ ਤਾਂ ਇਹ ਕੰਮ ਕਦੋਂ ਤੱਕ ਹੋ ਜਾਣਗੇ?

**ਮੰਤਰੀ:** ਸਰ, ਪਹਿਲਾਂ ਵੀ ਆਲਰੇਡੀ ਪੰਜਾਬ ਵਿੱਚ 366 ਕੰਮ ਚੱਲ ਰਹੇ ਹਨ ਜਿਨ੍ਹਾਂ ਦੀ ਲਾਗਤ ਤਕਰੀਬਨ 870 ਕਰੋੜ ਰੁਪਏ ਹੈ, ਇਹ ਕੰਮ ਫਿਲਹਾਲ ਚਲ ਰਹੇ ਹਨ। ਐਤਕੀਂ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਤਰਜੀਹ ਹੈ ਅਤੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਾਡਾ ਗਰਾਊਂਡ ਵਾਟਰ ਦਾ ਲੈਵਲ ਬਹੁਤ ਨੀਚੇ ਜਾ ਚੁੱਕਾ ਹੈ। ਅਸੀਂ ਇਸ ਤੇ ਬਹੁਤ ਫੋਕਸ ਕਰ ਰਹੇ ਹਾਂ ਕਿ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਲਿਜਾਇਆ ਜਾਵੇ। ਇਸ ਲਈ ਐਤਕੀਂ ਵੀ ਮੈਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਸ ਵਾਰੀ 2630 ਕਰੋੜ ਰੁਪਏ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ (ਥੰਪਿੰਗ)। ਬਾਕੀ ਅਸੀਂ 7 ਪ੍ਰਾਜੈਕਟ ਬਣਾ ਕੇ ਸੈਂਟਰ ਸਰਕਾਰ ਨੂੰ ਭੇਜੇ ਹਨ ਕਿਉਂਕਿ ਉਸ ਵਿੱਚੋਂ ਬਹੁਤੇ ਪ੍ਰਾਜੈਕਟ ਸ਼ੇਅਰ ਬੇਸਿਜ਼ ਤੇ ਹੁੰਦੇ ਹਨ। ਉਨ੍ਹਾਂ ਦੀ ਵੀ ਮਨਜ਼ੂਰੀ ਆ ਜਾਵੇਗੀ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸੇ ਫਾਈਨਾਂਸ਼ੀਅਲ ਈਅਰ ਵਿੱਚ ਇਨ੍ਹਾਂ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਇਹ ਸਾਲ ਵਿੱਚ ਮੁਕੰਮਲ ਹੋ ਜਾਵੇਗਾ? ਇਸ ਨੂੰ ਟਾਈਮ-ਬਾਊਂਡ ਕੀਤਾ ਜਾਵੇ। ਕੀ ਤੁਸੀਂ ਇਸ ਨੂੰ ਅੱਜ ਤੋਂ ਸਾਲ ਦੇ ਵਿੱਚ ਵਿੱਚ ਕਰਵਾ ਦਿਉਗੇ? ਇਹ ਐਸ਼ਿਓਰੈਂਸ ਦੇ ਦਿਉ।

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਮੈਨੂੰ ਆ ਕੇ ਮਿਲ ਲੈਣ। ਇਸ ਤੋਂ ਬਿਨਾਂ ਵੀ ਕੋਈ ਕੰਮ ਹੋਇਆ, ਜੋ ਵੀ ਤਜਵੀਜ਼ ਉੱਥੋਂ ਬਣ ਕੇ ਆਵੇਗੀ, ਅਸੀਂ ਆਉਣ ਵਾਲੇ ਸਾਲ ਵਿੱਚ ਮੁਕੰਮਲ ਕਰ ਦੇਵਾਂਗੇ।

**ਸ਼੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਅਬੋਹਰ ਸਿਸਟਮ ਤਹਿਤ ਮਾਈਨਰਜ਼ ਅਤੇ ਸਬ-ਮਾਈਨਰਜ਼ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਾਫੀ ਬ੍ਰਿਕ ਲਾਈਨਿੰਗ ਹੋ ਚੁੱਕੀ ਹੈ ਅਤੇ ਕੰਮ ਚੱਲ ਰਿਹਾ ਹੈ ਪਰ ਸਭ ਤੋਂ ਵੱਡੀ ਦਿੱਕਤ ਇਹ ਆ ਰਹੀ ਹੈ ਕਿ ਮੋਘੇ ਡਿਜ਼ਾਈਨ ਦੇ ਹਿਸਾਬ ਨਾਲ ਨਹੀਂ ਲੱਗ ਰਹੇ।

**ਮਾਨਯੋਗ ਸਪੀਕਰ:** ਠੀਕ ਹੈ ਜੀ। ਤੁਹਾਡਾ ਸਵਾਲ ਇੰਪਾਰਟੈਂਟ ਹੈ ਪਰ ਵੱਖਰਾ ਬਣਦਾ ਹੈ। ਦੂਸਰੇ ਸਵਾਲ ਰਹਿ ਜਾਣਗੇ, ਪਲੀਜ਼ ਬੈਠੋ।

**ਸ਼੍ਰੀ ਸੰਦੀਪ ਜਾਖੜ:** ਸਰ, ਮੈਂ ਇੱਕ ਸੈਕਿੰਟ ਵਿੱਚ ਗੱਲ ਖਤਮ ਕਰ ਦੇਵਾਂਗਾ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਹੋ ਗਈ ਹੈ ਜੀ, ਬੈਠੋ ਪਲੀਜ਼।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 355**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 686**

**ਮਾਨਯੋਗ ਸਪੀਕਰ:** ਸਵਾਲ ਮੁਲਤਵੀ ਕੀਤਾ ਗਿਆ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਇਹ ਜਵਾਬ ਕਦੋਂ ਮਿਲੇਗਾ?

**ਸਥਾਨਕ ਸਰਕਾਰ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ):** ਆਪਣੇ ਮੰਤਰੀ ਸ਼੍ਰੀ ਲਾਲਜੀਤ ਸਿੰਘ ਭੁੱਲਰ ਜੀ ਦਾ foot plaster ਹੋਇਆ ਹੈ। ਉਨ੍ਹਾਂ ਦੇ ਪਰਸੋਂ ਰਾਤ ਸੱਟ ਵੱਜੀ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** 550 ਬੱਸ ਬਿਨਾਂ ਡਰਾਈਵਰ ਅਤੇ ਕੰਡਕਟਰ ਤੋਂ ਖੜ੍ਹੀ ਹੈ।

**ਸਥਾਨਕ ਸਰਕਾਰ ਮੰਤਰੀ:** ਨਹੀਂ, ਕੋਈ ਗੱਲ ਨਹੀਂ। ਚਲਾ ਦਿੰਦੇ ਹਾਂ, ਸਾਰੀ ਚਲਾ ਦਿੰਦੇ ਹਾਂ। ਫਿਕਰ ਨਾ ਕਰੋ, ਤੁਹਾਡੇ ਸਹਿਯੋਗ ਨਾਲ ਕਰਾਂਗੇ (ਹਾਸਾ)। ਉਨ੍ਹਾਂ ਦੇ ਪੈਰ ਵਿੱਚ ਮੋਚ ਆ ਗਈ ਹੈ, ਉਨ੍ਹਾਂ ਦਾ ਪੈਰ twist ਕਰ ਗਿਆ ਹੈ।

**ਮ.ਰ. ਹਸਟ./10.50/11.03.2023**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਹਾਡੇ ਕੋਲ ਰਿਪਲਾਈ ਆ ਜਾਵੇਗਾ।( ਸ਼੍ਰੀ ਅਵਤਾਰ ਸਿੰਘ ਜੂਨੀਅਰ ਵੱਲ ਇਸ਼ਾਰਾ ਕਰਦੇ ਹੋਏ।) ਤੁਹਾਡੇ ਸਵਾਲ ਦਾ ਜਵਾਬ ਤੁਹਾਨੂੰ ਮਿਲ ਜਾਵੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰਾ ਪ੍ਰਸ਼ਨ 22 ਮਾਰਚ ਨੂੰ ਲਗਾ ਦਿਓ ਜੀ।

**ਮਾਨਯੋਗ ਸਪੀਕਰ:** ਮੈਂ ਚੈੱਕ ਕਰ ਲਵਾਂਗਾ। ਤੁਹਾਨੂੰ ਰਿਪਲਾਈ ਮਿਲ ਜਾਵੇਗਾ। ਮੈਂ ਚੈੱਕ ਕਰ ਲਵਾਂਗਾ। ਪਲੀਜ਼, ਹੁਣ ਬੈਠੋ।Member Sahib, he is not here. ਆਪਾਂ ਹੁਣ ਅੱਗੇ ਕਰੀਏ, ਦਸ ਮਿੰਟ ਰਹਿ ਗਏ ਹਨ ਅਤੇ ਤਿੰਨ-ਚਾਰ ਸਵਾਲ ਰਹਿ ਗਏ ਹਨ, ਉਹ ਵੀ ਕਰ ਲਈਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਸਿਆਣੇ ਹੋ, ਤੀਜੀ ਵਾਰ ਤੁਸੀਂ ਐਮ.ਐਲ.ਏ. ਬਣੇ ਹੋ। ਸੋ, please sit down. ਬੈਠੋ, ਬੈਠੋ। ਤੁਸੀਂ ਬੈਠੋ। ਤੁਹਾਨੂੰ ਕਾਪੀ ਆ ਜਾਵੇਗੀ। (ਵਿਘਨ) । ਹਾਂ ਜੀ, ਮੰਤਰੀ ਜੀ।

------

## ਰਾਮਪੁਰਾ ਫੂਲ ਵਿਖੇ ਵਾਟਰ ਵਰਕਸ ਦੀ ਉਸਾਰੀ ਕਰਨਾ

***431. ਸ਼੍ਰੀ ਬਲਕਾਰ ਸਿੰਘ ਸਿੱਧੂ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਮਪੁਰਾ ਫੂਲ ਵਿਖੇ ਗਰਾਊਂਡ ਵਾਟਰ ਪੀ ਰਹੇ ਲੋਕਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਲਈ ਵਾਟਰ ਵਰਕਸ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਹਾਂ ਜੀ, ਰਾਮਪੁਰਾ ਫੂਲ ਦੇ ਨਿਵਾਸੀਆਂ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ ਅਮਰੁਤ 2.0 ਸਕੀਮ ਦੇ ਤਹਿਤ ਵਾਟਰ ਵਰਕਸ ਦੀ ਉਸਾਰੀ ਦੀ ਤਜਵੀਜ਼ ਪ੍ਰਵਾਨ ਹੋ ਚੁੱਕੀ ਹੈ। ਇਹ ਕੰਮ ਅਗਲੇ ਦੋ ਸਾਲਾਂ ਵਿੱਚ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

ਸਰ, ਜਿਹੜਾ ਰਾਮਪੁਰਾ ਫੂਲ ਦਾ ਸਿਸਟਮ ਹੈ। ਇਹ ਅਸੀਂ ਅਮਰੁਤ 2.0 ਦੇ ਅਧੀਨ Tranche-1 ਵਿੱਚ ਆ ਗਿਆ ਸੀ, ਇਹ Tranche-1 ਵਿੱਚ ਅਸੀਂ 87 ਸ਼ਹਿਰ ਲਏ ਸਨ, ਜਿਸ ਵਿੱਚ ਰਾਮਪੁਰਾ ਫੂਲ ਵੀ ਆਉਂਦਾ ਹੈ ਔਰ Tranche-2 ਵਿੱਚ 50 ਤੋਂ ਉੱਪਰ ਹੋਰ ਸ਼ਹਿਰ ਵੀ ਆ ਜਾਣੇ ਹਨ। ਸੋ, ਇਸ ਨਾਲ ਸਾਰੇ ਸ਼ਹਿਰ ਨੂੰ ਨਹਿਰ ਦੇ ਪਾਣੀ ਦੀ 100 ਪ੍ਰਤੀਸ਼ਤ ਕਵਰੇਜ਼ ਮਿਲੇਗੀ। ਇਹ 33.4 ਕਰੋੜ ਦਾ ਪ੍ਰਾਜੈਕਟ ਹੈ, ਜਿਸ ਵਿੱਚ ਪਾਣੀ ਸਾਫ ਕਰਨ ਲਈ 6 ਕਿਲੋਮੀਟਰ ਲੰਬਾਈ ਦੀ ਪਾਈਪ ਪਵੇਗੀ ਔਰ 10.5 ਕਿਲੋਮੀਟਰ ਦੀ ਪਾਈਪ ਪੈ ਕੇ ਪਾਣੀ ਸਾਫ ਹੋ ਜਾਵੇਗਾ।

**ਮਾਨਯੋਗ ਸਪੀਕਰ:** ਮੰਤਰੀ ਜੀ, ਜਵਾਬ ਤਾਂ ਰਿਟਨ ਵਿੱਚ ਆ ਗਿਆ ਹੈ, ਆਪਾਂ ਹੁਣ ਮੈਂਬਰ ਸਾਹਿਬ ਤੋਂ ਸਪਲੀਮੈਂਟਰੀ ਲੈ ਲੈਂਦੇ ਹਾਂ। ਹਾਂ ਜੀ, ਬਲਕਾਰ ਸਿੰਘ ਜੀ।

**ਸ਼੍ਰੀ ਬਲਕਾਰ ਸਿੰਘ ਸਿੱਧੂ:** ਸਰ, ਇਹ ਪੰਜਾਬ ਦਾ ਪਹਿਲਾ ਸ਼ਹਿਰ ਹੈ, ਜਿੱਥੇ ਹੁਣ ਤੱਕ ਵਾਟਰ ਵਰਕਸ ਨਹੀਂ ਬਣਿਆ। ਜਿਹੜੇ ਚੰਗੇ ਲੋਕ ਹਨ, ਉਹ ਤਾਂ ਆਪਣੇ ਘਰਾਂ ਵਿੱਚ ਮੋਟਰਾਂ ਲਗਾ ਲੈਂਦੇ ਹਨ, ਪਰੰਤੂ ਗਰੀਬ ਲੋਕ ਮੋਟਰਾਂ ਨਹੀਂ ਲਗਾ ਸਕਦੇ ਹਨ। ਗਲੀਆਂ ਵਿੱਚ ਜਦੋਂ ਬੋਰ ਕਰ ਲੈਂਦੇ ਹਨ ਤਾਂ ਪਾਣੀ ਗਲੀਆਂ ਵਿੱਚ ਪਿਆ ਰਹਿੰਦਾ ਹੈ, ਜਿਸ ਨਾਲ ਕਾਲਾ ਪੀਲੀਆ ਆਦਿ ਹੋਰ ਬਿਮਾਰੀਆਂ ਫੈਲ ਜਾਂਦੀਆਂ ਹਨ। ਕੀ ਮੰਤਰੀ ਜੀ ਦੱਸਣਗੇ ਕਿ ਕੀ ਉਥੇ ਜ਼ਮੀਨ ਦਾ ਪ੍ਰਬੰਧ ਕਰ ਲਿਆ ਗਿਆ ਹੈ?

**ਮਾਨਯੋਗ ਸਪੀਕਰ:** ਹਾਂ ਜੀ, ਮੰਤਰੀ ਜੀ, ਕੀ ਜ਼ਮੀਨ ਦਾ ਪ੍ਰਬੰਧ ਕਰ ਲਿਆ ਗਿਆ ਹੈ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਇਹ ਪ੍ਰਾਜੈਕਟ ਹੈ, ਇਹ ਸਿਲੈਕਟ ਵੀ ਹੋ ਗਿਆ ਹੈ ਅਤੇ ਇਸ ਦੀ ਡੀ.ਪੀ.ਆਰ. ਬਣ ਰਹੀ ਹੈ। ਔਰ ਇਸ ਤੋਂ ਬਾਅਦ ਟੈਂਡਰ ਲੱਗੇਗਾ। I am sorry, ਮੈਨੂੰ ਇਸ ਗੱਲ ਦੀ ਨਾਲੇਜ immediately ਨਹੀਂ ਹੈ। ਪਰ ਹੋ ਗਿਆ ਹੋਣਾ ਚਾਹੀਦਾ ਹੈ, ਨਹੀਂ ਹੋਏਗਾ ਤਾਂ ਅਸੀਂ ਐਮ.ਐਲ.ਏ. ਸਾਹਿਬ ਨੂੰ ਨਾਲ ਲੈ ਕੇ ਕਰ ਲਵਾਂਗੇ, ਇਹ ਬੜਾ ਜ਼ਰੂਰੀ ਕੰਮ ਹੈ।

--------

## ਪਿੰਡਾਂ ਦੇ ਪੀ.ਐਚ.ਸੀ./ਮਿੰਨੀ ਪੀ.ਐਚ.ਸੀ. ਸੈਂਟਰਾਂ ਦੀਆਂ ਇਮਾਰਤਾਂ ਦੀ ਮੁਰੰਮਤ ਕਰਵਾਉਣਾ

***350. ਸ਼੍ਰੀ ਗੁਰਲਾਲ ਘਨੌਰ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਪਿੰਡਾਂ ਵਿਚ ਬਣੇ ਪੀ.ਐਚ.ਸੀ./ਮਿੰਨੀ ਪੀ.ਐਚ.ਸੀ. ਸੈਂਟਰਾਂ ਦੀਆਂ ਇਮਾਰਤਾਂ ਮੌਜੂਦਾ ਸਮੇਂ ਵਿਚ ਕਾਫੀ ਖਰਾਬ ਹਾਲਤ ਵਿਚ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੈਂਟਰਾਂ ਦੀਆਂ ਇਮਾਰਤਾਂ ਦੀ ਮੁਰੰਮਤ ਕਦੋਂ ਤੱਕ ਕਰਵਾ ਕੇ ਇਨ੍ਹਾਂ ਵਿਚ ਆਮ ਜਨਤਾ ਲਈ ਸਾਰੀਆਂ ਸਹੂਲਤਾਂ ਪੂਰਨ ਤੌਰ ਤੇ ਉਪਲੱਬਧ ਕਰਵਾਈਆਂ ਜਾਣਗੀਆਂ?

**ਡਾ. ਬਲਬੀਰ ਸਿੰਘ:** ਸ਼੍ਰੀਮਾਨ ਜੀ, ਰਾਜ ਦੇ ਪੇਂਡੂ ਖੇਤਰਾਂ ਵਿਚ ਕੁੱਲ 421 ਪੀ.ਐਚ.ਸੀਜ਼/ਮਿੰਨੀ ਪੀ.ਐਚ.ਸੀਜ਼ ਚੱਲ ਰਹੀਆਂ ਹਨ। ਇਨ੍ਹਾਂ ਵਿਚੋਂ 318 ਇਮਾਰਤਾਂ ਨੂੰ ਆਮ ਆਦਮੀ ਕਲੀਨਿਕ ਦੀ ਤਰਜ਼ ਤੇ ਅੱਪਗ੍ਰੇਡ ਕਰਕੇ ਮਿਤੀ 27.01.2023 ਨੂੰ ਆਮ ਜਨਤਾ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। 51 ਪੀ.ਐਚ.ਸੀਜ਼/ਮਿੰਨੀ

ਪੀ.ਐਚ.ਸੀਜ਼ ਤੇ ਕੰਮ ਚੱਲ ਰਿਹਾ ਹੈ, ਜੋ ਕਿ ਮਿਤੀ 31.03.2023 ਤੱਕ ਮੁਕੰਮਲ ਕਰ ਲਿਆ ਜਾਵੇਗਾ। ਬਾਕੀ ਰਹਿੰਦੀਆਂ 52 ਪੀ.ਐਚ.ਸੀਜ਼/ਮਿੰਨੀ ਪੀ.ਐਚ.ਸੀਜ਼ ਅਸੁਰੱਖਿਅਤ ਜਾਂ ਠੀਕ ਹਾਲਤ ਵਿਚ ਨਹੀਂ ਹਨ, ਜਿਨ੍ਹਾਂ ਤੇ ਨਵੀਂ ਬਿਲਡਿੰਗ ਬਣਾਉਣ ਦੀ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ।

ਸਪੀਕਰ ਸਾਹਿਬ, ਜਵਾਬ ਰਿਟਨ ਵਿੱਚ ਮੈਂਬਰ ਸਾਹਿਬ ਕੋਲ ਚਲਾ ਗਿਆ ਹੈ।

**ਮਾਨਯੋਗ ਸਪੀਕਰ:** ਗੁਰਲਾਲ ਜੀ, ਸਪਲੀਮੈਂਟਰੀ ਪੁੱਛੋ ਜੀ।

**ਸ਼੍ਰੀ ਗੁਰਲਾਲ ਘਨੌਰ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮੇਰੇ ਹਲਕੇ ਹਰਪਾਲਪੁਰ ਵਿਖੇ ਪੀ.ਐਚ.ਸੀ. ਸੈਂਟਰ ਹੈ, ਜਿਸ ਵਿੱਚ ਤਕਰੀਬਨ 25-30 ਪਿੰਡ ਵੀ ਪੈਂਦੇ ਹਨ ਔਰ 24-25 ਹੈਲਥ ਸੈਂਟਰ ਵੀ ਪੈਂਦੇ ਹਨ। ਉਸ ਵਿੱਚ ਇੱਕ ਜੱਚਾ-ਬੱਚਾ ਬਿਲਡਿੰਗ ਸੀ, ਜਿਸ ਨੂੰ ਪਿਛਲੇ ਦੋ-ਤਿੰਨ ਸਾਲਾਂ ਤੋਂ ਡੈੱਡ ਡਿਕਲੇਅਰ ਕੀਤਾ ਹੋਇਆ ਹੈ। ਜੇਕਰ ਮੰਤਰੀ ਸਾਹਿਬ ਉਸ ਬਿਲਡਿੰਗ ਨੂੰ ਬਣਾਉਣ/ਰਿਪੇਅਰ ਕਰਨ ਦਾ ਪ੍ਰਬੰਧ ਕਰ ਦੇਣ ਤਾਂ ਬੜਾ ਫਾਇਦਾ ਹੋਵੇਗਾ। ਸਾਨੂੰ 25 ਕਿਲੋਮੀਟਰ ਰਾਜਪੁਰਾ, 25 ਕਿਲੋਮੀਟਰ ਪਟਿਆਲਾ ਅਤੇ 30 ਕਿਲੋਮੀਟਰ ਅੰਬਾਲਾ ਪੈਂਦਾ ਹੈ, ਜੇਕਰ ਕੋਈ ਡਿਲਿਵਰੀ ਕੇਸ ਜਾਂ ਕਿਸੇ ਇਲਾਜ ਵਿੱਚ ਦਿੱਕਤ ਆਉਂਦੀ ਹੈ ਤਾਂ ਸਾਨੂੰ ਇਨ੍ਹਾਂ ਸ਼ਹਿਰਾਂ ਵਿਖੇ ਜਾਣ ਲਈ ਘੰਟਾ ਲੱਗ ਜਾਂਦਾ ਹੈ। ਸੋ, ਮੈਂ ਮੰਤਰੀ ਸਾਹਿਬ ਤੋਂ ਜਿਹੜਾ ਹਰਪਾਲਪੁਰ ਵਿਖੇ ਪੀ.ਐਚ.ਸੀ. ਸੈਂਟਰ ਹੈ, ਉਸ ਦੀ ਰਿਪੇਅਰ ਦੀ ਮੰਗ ਕਰਦਾ ਹੈ। ਕੀ ਮੰਤਰੀ ਸਾਹਿਬ ਉਸ ਦੀ ਜਲਦੀ ਰਿਪੇਅਰ ਕਰਵਾ ਦੇਣਗੇ?

**ਮੰਤਰੀ:** ਸਰ, ਮਾਈਕ ਆਨ ਕਰ ਦਿਓ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਐਕਸਰਸਾਈਜ਼ ਆਮ ਆਦਮੀ ਪਾਰਟੀ ਦੀ ਗੌਰਮਿੰਟ ਨੇ ਕੀਤੀ ਹੈ, ਪਿਛਲੇ 30 ਸਾਲ ਤੋਂ ਪੀ.ਐਚ.ਸੀ. ਅਤੇ ਮਿੰਨੀ ਪੀ.ਐਚ.ਸੀ. ਸੰਸਥਾਵਾਂ neglected ਸਨ, ਜਦੋਂ ਅਸੀਂ technically audit ਕਰਵਾਇਆ ਤਾਂ ਇਨ੍ਹਾਂ 421 ਸੰਸਥਾਵਾਂ ਦੀ ਹਾਲਤ ਬਹੁਤ ਖਰਾਬ ਸੀ ਪਰੰਤੂ ਹੁਣ 318 ਇਮਾਰਤਾਂ ਦੀ ਰਿਪੇਅਰ ਵੀ ਹੋ ਚੁੱਕੀ ਹੈ, ਅਸੀਂ ਆਮ ਆਦਮੀ ਕਲੀਨਿਕ ਵੀ ਬਣਾਏ ਹਨ। ਨਵੀ ਬਿਲਡਿੰਗ ਅਪਗਰੇਡ ਕਰਕੇ ਉਥੇ ਡਾਕਟਰ, ਟੈਸਟਿੰਗ ਅਤੇ ਦਵਾਈਆਂ ਮਿਲਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਸਰ, 51 ਅਜਿਹੀਆਂ ਇਮਾਰਤਾਂ ਸਨ ਜਿਵੇਂ ਐਮ.ਸੀ.ਐਚ ਸੈਂਟਰ ਦਾ ਕਿਹਾ ਹੈ। ਜੋ ਡਿੱਗਣ ਵਾਲੀਆਂ ਸਨ, ਉਸ ਵਿੱਚ ਮੇਜਰ ਰਿਪੇਅਰ ਚਾਹੀਦੀ ਸੀ, ਇਹ ਅਨਸੇਫ ਬਿਲਡਿੰਗਜ਼ ਸਨ, ਉਨ੍ਹਾਂ ਦੀ ਰਿਪੇਅਰ ਚਲਦੀ ਪਈ ਹੈ। ਇਨ੍ਹਾਂ ਨੂੰ ਇਸੇ ਸਾਲ ਵਿੱਚ ਮੁਕੰਮਲ ਕਰ ਦਿਆਂਗੇ। ਸੋ, ਜਿੰਨੀਆਂ ਸਾਰੀਆਂ ਪੀ.ਐਚ.ਸੀ. ਅਤੇ ਮਿੰਨੀ ਪੀ.ਐਚ.ਸੀ. ਹਨ, ਉਨ੍ਹਾਂ ਸਾਰੀਆਂ ਨੂੰ ਅਪਗਰੇਡ ਕਰ ਦਿੱਤਾ ਜਾਵੇਗਾ। ਮੈਂ ਫਿਰ ਰਿਪੀਟ ਕਰਦਾ ਹਾਂ ਕਿ ਇਸ ਵਾਰ ਚੀਮਾ

ਸਾਹਿਬ ਨੇ ਰਿਪੇਅਰ ਵਾਸਤੇ dedicated budget ਦਿੱਤਾ ਹੈ। ਅਸੀਂ ਸਾਰੀਆਂ ਦੀ ਰਿਪੇਅਰ ਕਰਵਾ ਦੇਵਾਂਗੇ।

**ਸ਼੍ਰੀ ਗੁਰਲਾਲ ਘਨੌਰ:** ਕੀ ਹਰਪਾਲਪੁਰ ਪੀ.ਐਚ.ਸੀ. ਦੀ ਬਿਲਡਿੰਗ ਰਿਪੇਅਰ ਕਰ ਦਿਓਗੇ ਜੀ।

**ਮੰਤਰੀ:** ਹਾਂ ਜੀ, ਹਾਂ ਜੀ।

------

## ਰਾਜ ਵਿਚ ਕੰਮ ਕਰਦੇ ਹੋਮਗਾਰਡ ਮੁਲਾਜ਼ਮਾਂ ਦੇ ਵੇਰਵੇ

***518. 1.ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ;**

**2. ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਇਸ ਵਕਤ ਰਾਜ ਵਿਚ ਕੁੱਲ ਕਿੰਨੇ ਹੋਮਗਾਰਡ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਦੀ ਕੈਟਾਗਿਰੀ ਵਾਈਜ਼ ਗਿਣਤੀ ਕਿੰਨੀ ਹੈ;

ਅ) 58 ਸਾਲ ਦੀ ਉਮਰ ਪੂਰੀ ਹੋਣ ਤੇ ਰਿਟਾਇਰ ਹੋਣ ਵਾਲੇ ਹੋਮਗਾਰਡ ਦੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਸਬੰਧੀ ਮਾਪਦੰਡ (criteria) ਕੀ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸ਼੍ਰੀਮਾਨ ਜੀ,

**ੳ)** ਪੰਜਾਬ ਹੋਮ-ਗਾਰਡ ਵਿਚ ਦੋ ਤਰ੍ਹਾਂ ਦਾ ਅਮਲਾ ਹੈ-ਰੈਗੂਲਰ ਅਤੇ ਵਾਲੰਟੀਅਰ। ਮਿਤੀ 28.02.2023 ਤੱਕ ਪੰਜਾਬ ਰਾਜ ਵਿਚ ਹੋਮ-ਗਾਰਡ ਦੇ ਕੁੱਲ 544 ਰੈਗੂਲਰ ਅਧਿਕਾਰੀ ਅਤੇ ਕਰਮਚਾਰੀ ਤੈਨਾਤ ਹਨ, ਜਿਨ੍ਹਾਂ ਵਿਚੋਂ 21 ਗਜ਼ਟਿਡ ਅਧਿਕਾਰੀ, 126 ਨਾਨ ਗਜ਼ਟਿਡ ਅਧਿਕਾਰੀ, 154 ਅਦਰ ਰੈਂਕ ਦੇ ਕਰਮਚਾਰੀ, 135 ਕਲੈਰੀਕਲ ਅਤੇ 108 ਗਰੁੱਪ "ਡੀ" ਦੇ ਕਰਮਚਾਰੀ ਤੈਨਾਤ ਹਨ।

ਮਿਤੀ 28.02.2023 ਤੱਕ ਪੰਜਾਬ ਰਾਜ ਵਿਚ ਕੁੱਲ 10,624 ਹੋਮ ਗਾਰਡ ਵਾਲੰਟੀਅਰਜ਼ ਵੱਖ-ਵੱਖ ਕਾਲ ਆਊਟ ਡਿਊਟੀਆਂ ਤੇ ਤੈਨਾਤ ਹਨ।

ਅ) ਪੰਜਾਬ ਹੋਮ ਗਾਰਡਜ਼ ਦੇ ਰੈਗੂਲਰ ਅਮਲੇ ਨੂੰ ਰਾਜ ਸਰਕਾਰ ਦੇ ਹੋਰ ਕਰਮਚਾਰੀਆਂ ਦੀ ਤਰਜ਼ ਤੇ ਪੈਨਸ਼ਨ ਦੇਣ ਦਾ ਉਪਬੰਧ ਹੈ। ਪੰਜਾਬ ਹੋਮ ਗਾਰਡ ਵਾਲੰਟੀਅਰਜ਼ ਰਾਜ ਸਰਕਾਰ ਦੇ ਰੈਗੂਲਰ ਕਰਮਚਾਰੀ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਪੈਨਸ਼ਨ ਮਿਲਣਯੋਗ ਨਹੀਂ ਹੈ।

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਜੀ ਦੇ ਸਵਾਲ ਦਾ ਜਵਾਬ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਮੰਤਰੀ ਜੀ ਦੇਣਗੇ।

**ਮੰਤਰੀ:** ਸਰ, ਮੈਂਬਰ ਸਾਹਿਬ ਨੂੰ ਇਸ ਦਾ ਰਿਟਨ ਰਿਪਲਾਈ ਜਾ ਚੁੱਕਿਆ ਹੈ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਜੀ ਨੂੰ ਬੇਨਤੀ ਕਰਾਂਗਾ ਕਿ ਸਪਲੀਮੈਂਟਰੀ ਕਰ ਲੈਣ ਜੀ।

GK/HS 10.55 11-3--2023

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੋਮ ਗਾਰਡਸ ਦੀ ਬਹੁਤ ਇੰਪਾਰਟੈਂਟ ਆਰਗੇਨਾਈਜ਼ੇਸ਼ਨ ਹੈ। ਇਨ੍ਹਾਂ ਕੋਲ 11 ਹਜਾਰ ਇੰਪਲਾਈਜ਼ ਕਈ ਸਾਲਾਂ ਤੋਂ ਕੰਮ ਕਰ ਰਹੇ ਹਨ। ਸਭ ਤੋਂ ਵੱਡੀ ਗੱਲ ਜਦੋਂ ਅੱਤਵਾਦ ਦਾ ਸਮਾਂ ਸੀ ਜਿਵੇਂ ਪੁਲਿਸ ਪਰਫਾਰਮ ਕਰਦੀ ਹੈ, ਹੋਮ ਗਾਰਡਸ ਨੇ ਵੀ ਓਨੀ ਹੀ ਸੰਜੀਦਗੀ ਨਾਲ ਕੰਮ ਕੀਤਾ ਹੈ। ਇਸ ਵਿੱਚ ਦੋ ਕਿਸਮ ਦੀ ਹੋਮ ਗਾਰਡਜ਼ ਦੀ ਐਸਟੇਬਲਿਸ਼ਮੈਂਟ ਹੋਈ ਹੈ। ਇੱਕ ਰੈਗੂਲਰ ਹੋਮ ਗਾਰਡਸ ਹਨ ਅਤੇ ਦੂਜੇ ਵਾਲੰਟੀਅਰਜ਼ ਹਨ। ਇਨ੍ਹਾਂ ਕੋਲ 406 ਰੈਗੂਲਰ ਅਫਸਰਜ ਹਨ ਅਤੇ ਦੂਜੇ 11000 ਇੰਪਲਾਈਜ਼ ਹਨ। ਬੇਸੀਕਲੀ ਮੇਰੇ ਕਹਿਣ ਦਾ ਪਰਪਜ਼ ਇਹ ਹੈ ਕਿ ਗੌਰਮਿੰਟ ਜਦੋਂ ਕੰਟਰੈਕਚੁਅਲ ਲੇਬਰ, ਜਿਨ੍ਹਾਂ ਨੇ 10 ਸਾਲਾਂ ਤੋਂ ਕੰਮ ਕੀਤਾ ਹੈ ਉਨ੍ਹਾਂ ਨੂੰ ਪੱਕਾ ਕਰ ਰਹੀ ਹੈ ਤਾਂ ਇਹ ਵੀ 11 ਹਜਾਰ ਇੰਪਲਾਈਜ਼ ਹਨ। ਇਹ ਵੀ ਤੁਹਾਡੇ ਆਪਣੇ ਹਨ। ਇਨ੍ਹਾਂ ਨੇ ਵੀ ਔਖੀ ਘੜੀ ਵਿੱਚ ਕੰਮ ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਇਹ ਸਾਰੀ ਆਰਗੇਨਾਈਜ਼ੇਸ਼ਨ ਨੂੰ ਵੀ ਰੈਗੂਲਰ ਕੀਤਾ ਜਾਵੇ। ਜਿਸ ਤਰ੍ਹਾਂ ਬਾਕੀਆਂ ਨੂੰ ਬਾਅਦ ਵਿੱਚ ਪੈਨਸ਼ਨ ਮਿਲਦੀ ਹੈ ਇਨ੍ਹਾਂ ਨੂੰ ਵੀ ਮਿਲਣੀ ਚਾਹੀਦੀ ਹੈ। ਇਹ ਜੋ ਲੰਮਾ ਵਿਤਕਰਾ ਹੋ ਰਿਹਾ ਹੈ ਇਸ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਮੈਂ ਮੰਤਰੀ ਸਾਹਿਬ ਤੋਂ ਇਸ ਦੀ ਐਸ਼ੋਰੈਂਸ ਚਾਹੁੰਦਾ ਹਾਂ ਕਿ is it possible?

**ਮੰਤਰੀ:** ਸਪੀਕਰ ਸਾਹਿਬ, ਮੈਂ ਲੀਡਰ ਆਫ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਭਰਤੀ ਸਾਲ 1947 ਦੇ ਹੋਮ ਗਾਰਡ ਐਕਟ ਰਾਹੀਂ ਕੀਤੀ ਜਾਂਦੀ ਹੈ। ਇਹ ਭਰਤੀ ਵਲੰਟੀਅਰ ਕਿਸਮ ਦੀ ਭਰਤੀ ਹੈ। ਅੱਤਵਾਦ ਵੇਲੇ ਇਹ ਭਰਤੀ ਕੀਤੀ ਗਈ ਸੀ। ਉਸ ਤੋਂ ਬਾਅਦ ਸਾਲ 1994 ਵਿੱਚ ਇਸ ਨੂੰ ਡਾਇੰਗ ਕਾਡਰ

ਬਣਾ ਦਿੱਤਾ ਗਿਆ ਕਿ ਇਸ ਵਿੱਚ ਫਰਦਰ ਭਰਤੀ ਨਹੀਂ ਹੋਵੇਗੀ। ਜਿਵੇਂ ਲੀਡਰ ਆਫ ਆਪੋਜ਼ੀਸ਼ਨ ਨੇ ਜ਼ਿਕਰ ਕੀਤਾ ਕਿ ਇਨ੍ਹਾਂ ਨੂੰ ਵੀ ਪੱਕੇ ਕਰੋ ਜਾਂ ਇਨ੍ਹਾਂ ਲਈ ਕੋਈ ਪੈਨਸ਼ਨ ਦੀ ਸਕੀਮ ਵੀ ਸ਼ੁਰੂ ਕਰੋ। ਸਪੀਕਰ ਸਾਹਿਬ, ਜਿਹੜੀ ਕਮੇਟੀ ਬਣੀ ਹੈ ਮੈਂ ਵੀ ਉਸ ਦਾ ਮੈਂਬਰ ਹਾਂ। ਸਰਦਾਰ ਹਰਜੋਤ ਸਿੰਘ ਬੈਂਸ ਜੀ ਅਤੇ ਵਿੱਤ ਮੰਤਰੀ ਸਾਹਿਬ ਵੀ ਉਸ ਕਮੇਟੀ ਦੇ ਮੈਂਬਰ ਹਨ। ਸਾਡੇ ਵੱਲੋਂ ਸਾਰੇ ਡਿਪਾਰਟਮੈਂਟਾਂ ਤੋਂ ਲਿਸਟ ਮੰਗੀ ਗਈ ਸੀ ਕਿ ਕਿਹੜੇ ਕਿਹੜੇ ਮੁਲਾਜ਼ਮਾਂ ਨੂੰ ਕਾਨੂੰਨਨ ਪੱਕੇ ਕਰਨਾ ਹੈ। ਕਿਉਂਕਿ ਕੋਰਟ ਵਿੱਚ ਜਾ ਕੇ ਸਟੇਅ ਹੋ ਜਾਂਦਾ ਹੈ। ਇਸ ਨਾਲ ਕਾਫੀ ਮੁਸ਼ਕਿਲਾਂ ਆਉਂਦੀਆਂ ਹਨ। ਅਸੀਂ ਕਾਨੂੰਨਨ ਕਿਹੜੇ ਕਿਹੜੇ ਮੁਲਾਜ਼ਮਾਂ ਨੂੰ ਪੱਕੇ ਕਰ ਸਕਦੇ ਹਾਂ ਉਸ ਦੇ ਲਈ ਹੋਮ ਗਾਰਡ ਦੀ ਲਿਸਟ ਵੀ ਮੰਗਵਾਈ ਗਈ। ਜਿਹੜੀ ਓਮਾ ਦੇਵੀ ਦੀ ਜਜਮੈਂਟ ਹੈ ਉਸ ਅਨੁਸਾਰ ਜਿਹੜੀ ਭਰਤੀ ਸੈਂਕਸ਼ਨਡ ਪੋਸਟਾਂ ਦੇ ਅਗੇਂਸਟ ਕੀਤੀ ਜਾਂਦੀ ਹੈ ਅਤੇ ਮੈਰਿਟ ਬੇਸਿਜ਼ ਤੇ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਪੱਕਾ ਕੀਤਾ ਜਾ ਸਕਦਾ ਹੈ। ਉਦੋਂ ਪਰਸੋਨਲ ਡਿਪਾਰਟਮੈਂਟ ਵੱਲੋਂ ਵੀ ਕਿਹਾ ਗਿਆ ਕਿ ਇਨ੍ਹਾਂ ਨੂੰ ਪੱਕੇ ਨਹੀਂ ਕੀਤਾ ਜਾ ਸਕਦਾ । ਸਾਲ 2015 ਦੀ ਸੁਪਰੀਮ ਕੋਰਟ ਦੀ ਇੱਕ ਜਜਮੈਂਟ ਹੈ ਉਸ ਤੇ ਵੀ ਕੋਰਟ ਨੇ ਫੈਸਲਾ ਕੀਤਾ ਹੋਇਆ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੈਨਸ਼ਨ ਲੱਗ ਸਕਦੀ ਹੈ ਅਤੇ ਨਾ ਹੀ ਪੱਕਾ ਕੀਤਾ ਜਾ ਸਕਦਾ ਹੈ। ਕੋਰਟ ਨੇ ਫੈਸਲਾ ਕੀਤਾ ਸੀ ਕਿ ਘੱਟੋਂ ਘੱਟ ਜੋ ਕਾਂਸਟੇਬਲ ਦੀ ਬੇਸਿਕ ਸੈਲਰੀ ਹੈ ਇਨ੍ਹਾਂ ਨੂੰ ਓਨੀ ਸੈਲਰੀ ਦਿੱਤੀ ਜਾਵੇ। ਪਹਿਲਾਂ ਇਨ੍ਹਾਂ ਨੂੰ 450/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਸੈਲਰੀ ਦਿੱਤੀ ਜਾਂਦੀ ਸੀ ਅਤੇ ਉਸ ਤੋਂ ਬਾਅਦ ਤਕਰੀਬਨ 945/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਸੈਲਰੀ ਮਿਲ ਰਹੀ ਹੈ।

**ਸ਼੍ਰੀ ਗੁਰਲਾਲ ਘਨੌਰ:** ਸਰ, ਮੈਂ ਇਸ ਵਿੱਚ ਕੁਝ ਐਡ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਇਹ ਸਵਾਲ ਬਾਜਵਾ ਜੀ ਦਾ ਸੀ। ਜਿਸ ਦਾ ਸਵਾਲ ਹੁੰਦਾ ਹੈ ਉਨ੍ਹਾਂ ਨੇ ਹੀ ਪਹਿਲੀਆਂ ਦੋ ਸਪਲੀਮੈਂਟਰੀਆਂ ਲੈਣੀਆਂ ਹੁੰਦੀਆਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੰਤਰੀ ਸਾਹਿਬ ਨੇ ਜੋ ਰਿਪਲਾਈ ਦਿੱਤਾ ਹੈ ਇਸ ਦੀ ਅਸੀਂ ਵੀ ਲੀਗਲੀ ਸਟੱਡੀ ਕਰਵਾ ਲੈਂਦੇ ਹਾਂ ਕਿਉਂਕਿ ਜੇਕਰ ਕੰਟਰੈਕਚੁਅਲ ਲੇਬਰ ਨੂੰ ਪੱਕਾ ਕਰ ਸਕਦੇ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਇਸ ਵਿੱਚ ਬਹੁਤ ਸਾਰੇ ਅਜਿਹੇ ਮੁਲਾਜ਼ਮ ਹਨ ਜਿਹੜੇ ਉਹ ਕਰਾਈਟੇਰੀਆ ਪੂਰਾ ਕਰਦੇ ਹੋਣਗੇ। ਜੇਕਰ ਇਸ ਤੇ ਸੁਪਰੀਮ ਕੋਰਟ ਦੀ ਕੋਈ ਰੂਲਿੰਗ ਹੈ ਤਾਂ ਉਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਤੇ ਇਨ੍ਹਾਂ ਨਾਲ ਬਾਅਦ ਵਿੱਚ ਵਿਚਾਰ ਵੀ ਕਰ ਲਵਾਂਗੇ। ਮੈਂ ਇਸ ਵਿੱਚ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜਿੱਥੇ ਤੁਸੀਂ ਬਾਕੀ ਇੰਪਲਾਈਜ਼ ਨੂੰ ਡੀ.ਏ. ਦਿੱਤਾ ਹੈ ਤਾਂ ਇਸ ਵਾਰ ਹੋਮ ਗਾਰਡਜ਼ ਦੇ ਇੰਪਲਾਈਜ਼ ਨੂੰ ਵੀ ਡੀ.ਏ. ਦਿੱਤਾ ਜਾਵੇ। ਇਨ੍ਹਾਂ ਦੇ ਲਈ ਕੁਝ ਡਿਕਲੇਅਰ ਨਹੀਂ ਕੀਤਾ। ਇਹ ਕੰਮ ਜ਼ਰੂਰ ਕਰਵਾ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਇਨ੍ਹਾਂ ਨੂੰ ਡੀ.ਏ. ਦੇਣ ਦੀ ਕੋਈ ਤਜਵੀਜ਼ ਰੱਖਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਇਹ ਮੇਰੇ ਡਿਪਾਰਟਮੈਂਟ ਦਾ ਨਹੀਂ ਹੈ। ਮੈਨੂੰ ਜਿੰਨਾ ਕੁ ਕਮੇਟੀ ਕਰਕੇ ਪਤਾ ਸੀ ਕਿ ਸਾਲ 2015 ਦੀ ਸੁਪਰੀਮ ਕੋਰਟ ਦੀ ਰੂਲਿੰਗ ਆਈ ਹੋਈ ਹੈ। ਉਸ ਦੀ ਕਾਪੀ ਵੀ ਮੈਂ ਲੀਡਰ ਆਫ ਆਪੋਜ਼ੀਸ਼ਨ ਨੂੰ ਭੇਜ ਦੇਵਾਂਗਾ। ਬਾਕੀ ਡੀ.ਏ. ਬਾਰੇ ਜਾਂ ਭੱਤਾ ਵਧਾਉਣ ਬਾਰੇ ਜੋ ਤਜਵੀਜ਼ ਹੋਮ ਡਿਪਾਰਟਮੈਂਟ ਵੱਲੋਂ, ਫਾਇਨਾਂਸ ਡਿਪਾਰਟਮੈਂਟ ਵੱਲੋਂ ਆਉਂਦੀ ਹੈ ਉਸ ਤੇ ਵਿਚਾਰ ਕਰ ਲਿਆ ਜਾਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਗੁਰਲਾਲ ਘਨੌਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਧੰਨਵਾਦ ਜੀ। ਗੁਰਲਾਲ ਜੀ ਤੁਸੀਂ ਬੈਠੋ।

------

## ਮੂੰਗੀ ਦੀ ਫਸਲ ਦੀ ਪੈਦਾਵਰ ਨੂੰ ਐਮ.ਐਸ.ਪੀ. ਉੱਪਰ ਖਰੀਦਣਾ

***562. 1.ਸਰਦਾਰ ਸੁਖਪਾਲ ਸਿੰਘ ਖਹਿਰਾ:**

2. **ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਮੁਕੰਮਲ ਮੂੰਗੀ ਦੀ ਫਸਲ ਦੀ ਪੈਦਾਵਾਰ ਨੂੰ ਐਮ.ਐਸ.ਪੀ. ਉੱਪਰ ਖਰੀਦਣ ਲਈ ਕਿਸਾਨਾਂ ਨਾਲ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ ਜੇਕਰ ਹਾਂ ਤਾਂ ਸੂਬੇ ਵਿੱਚ ਮੂੰਗੀ ਦੀ ਕੁੱਲ ਕਿੰਨੀ ਪੈਦਾਵਾਰ ਹੋਈ ਅਤੇ ਕਿੰਨੀ ਫਸਲ ਸਰਕਾਰ ਵੱਲੋਂ ਐਮ.ਐਸ.ਪੀ. ਉੱਪਰ ਖਰੀਦੀ ਗਈ।

(ਅ) ਸਰਕਾਰ ਵੱਲੋਂ ਕਿਸਾਨਾਂ ਨੂੰ ਕੁੱਲ ਕਿੰਨੀ ਰਕਮ ਦੀ ਅਦਾਇਗੀ ਕੀਤੀ ਗਈ, ਜੇਕਰ ਨਹੀਂ ਤਾਂਸ ਰਕਾਰ ਵੱਲੋਂ ਕੁੱਲ ਕਿੰਨਾ ਮੁਆਵਜ਼ਾ ਕਿਸਾਨਾਂ ਨੂੰ ਅਦਾ ਕੀਤਾ ਗਿਆ।

(ੲ) ਸਾਲ 2022 ਦੌਰਾਨ ਰਾਜ ਦੀਆਂ ਏਜੰਸੀਆਂ ਦੁਆਰਾ ਖਰੀਦੀ ਗਈ ਕੁੱਲ ਉਪਜ ਕਿੰਨੀ ਹੈ; ਜੇਕਰ ਉਤਪਾਦ ਨੂੰ ਨਿੱਜੀ ਵਪਾਰੀਆਂ ਨੂੰ ਐਮ.ਐਸ.ਪੀ. ਦੇ ਤਹਿਤ ਵੇਚਿਆ ਗਿਆ ਹੋਵੇ ਤਾਂ ਕੀ ਉਪਰੋਕਤ ਸਮੇਂ ਲਈ ਕਿਸਾਨਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** (ੳ) ਹਾਂ ਜੀ। ਸੂਬੇ ਦੀ ਮੁਕੰਮਲ ਮੂੰਗੀ ਦੀ ਫਸਲ ਦੀ ਪੈਦਾਵਾਰ ਨੂੰ ਐਮ.ਐਸ.ਪੀ. ਉੱਪਰ ਖਰੀਦਣ ਲਈ ਕਿਸਾਨਾਂ ਨਾਲ ਸਰਕਾਰ ਵੱਲੋਂ ਵਾਅਦਾ ਕੀਤਾ ਗਿਆ ਸੀ। ਸਾਲ 2022-23 ਦੌਰਾਨ ਮੁਕੰਮਲ ਮੂੰਗੀ ਦੀ ਫਸਲ ਦੀ ਕੁੱਲ 65000 ਮੀਟ੍ਰਿਕ ਟਨ ਪੈਦਾਵਾਰ ਹੋਈ ਹੈ। ਸਰਕਾਰ ਵੱਲੋਂ ਸਾਲ 2022-23 ਦੌਰਾਨ ਕੁੱਲ 5575.70 ਮੀਟ੍ਰਿਕ ਟਨ ਮੂੰਗੀ ਦੀ ਫਸਲ ਐਮ.ਐਸ.ਪੀ. ਉੱਪਰ ਖਰੀਦੀ ਗਈ ਹੈ।

(ਅ) ਮਾਰਕਫੈੱਡ ਵੱਲੋਂ ਕਿਸਾਨਾਂ ਨੂੰ 5575.70 ਮੀਟ੍ਰਿਕ ਟਨ ਮੂੰਗੀ ਦੀ ਫਸਲ ਦੀ ਖਰੀਦ ਉੱਪਰ 7275/- ਰੁਪਏ ਪ੍ਰਤੀ ਕੁਇੰਟਲ ਦੇ ਘੱਟੋਂ ਘੱਟ ਸਮਰਥਨ ਮੁੱਲ ਦੇ ਅਨੁਸਾਰ 40.56 ਕਰੋੜ ਰੁਪਏ ਕਿਸਾਨਾਂ ਨੂੰ ਅਦਾ ਕੀਤਾ ਗਏ। ਸਰਕਾਰ ਵੱਲੋਂ ਕਿਸਾਨਾਂ ਨੂੰ ਸਾਲ 2022-23 ਦੌਰਾਨ ਐਮ.ਐਸ.ਪੀ. ਤੋਂ ਘੱਟ ਰੇਟ ਤੇ ਵਿਕੀ ਮੂੰਗੀ ਦੀ ਫਸਲ ਲਈ ਕੁੱਲ 38.24 ਕਰੋੜ ਰੁਪਏ ਦੀ ਮੁਆਵਜ਼ੇ ਵਜੋਂ ਅਦਾਇਗੀ ਕੀਤੀ ਗਈ ਸੀ।

(ੲ) ਮਾਰਕਫੈੱਡ ਨੇ ਪੰਜਾਬ ਰਾਜ ਵਿੱਚ 7275/- ਰੁਪਏ ਪ੍ਰਤੀ ਕੁਇੰਟਲ ਦੇ ਘੱਟੋਂ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੇ ਕੁੱਲ 5575.50 ਮੀਟ੍ਰਿਕ ਟਨ ਮੂੰਗੀ ਦੀ ਖਰੀਦ ਕੀਤੀ ਗਈ ਹੈ ਜਿਸ ਤੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਦੇਣਾ ਨਹੀਂ ਬਣਦਾ। ਜਿਹੜਾ ਉਤਪਾਦ ਨਿੱਜੀ ਵਪਾਰੀਆਂ ਨੂੰ ਐਮ.ਐਸ.ਪੀ. ਤੇ ਵੇਚਿਆ ਗਿਆ ਉਸ ਲਈ ਕਿਸਾਨਾਂ ਨੂੰ ਕੋਈ ਮੁਆਵਜ਼ਾ ਅਦਾ ਨਹੀਂ ਕੀਤਾ ਗਿਆ ਅਤੇ ਜਿਹੜਾ ਉਤਪਾਦ ਨਿੱਜੀ ਵਪਾਰੀਆਂ ਨੂੰ ਐਮ.ਐਸ.ਪੀ. ਦੇ ਤਹਿਤ ਘੱਟ ਰੇਟ ਤੇ ਵੇਚਿਆ ਗਿਆ, ਉਸ ਲਈ ਕਿਸਾਨਾਂ ਨੂੰ 38.24 ਕਰੋੜ ਰੁਪਏ ਦੀ ਮੁਆਵਜ਼ੇ ਵਜੋਂ ਅਦਾਇਗੀ ਕੀਤੀ ਗਈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਜਵਾਬ ਤਾਂ ਆਇਆ ਹੋਇਆ ਹੈ। ਸਪੀਕਰ ਸਾਹਿਬ, ਇਸ ਸੀਜ਼ਨ ਵਿੱਚ ਮੂੰਗ ਦੀ ਫਸਲ ਦਾ 65 ਹਜ਼ਾਰ ਮੀਟ੍ਰਿਕ ਟਨ ਯਾਨਿ ਕਿ ਸਾਢੇ ਛੇ ਲੱਖ ਕੁਇੰਟਲ ਮੂੰਗੀ ਦੀ ਫਸਲ ਜਗਰਾਓਂ , ਮਾਨਸਾ ਆਦਿ ਮੰਡੀਆਂ ਵਿੱਚ ਆਈ ਹੈ। ਸਰਕਾਰ ਵੱਲੋਂ ਸਿਰਫ 5575 ਮੀਟ੍ਰਿਕ ਟਨ ਖਰੀਦੀ ਗਈ ਹੈ ਯਾਨਿ ਕਿ ਲਗਭਗ 55 ਹਜ਼ਾਰ ਕੁਇੰਟਲ ਸਰਕਾਰ ਵੱਲੋਂ ਖਰੀਦੀ ਗਈ ਹੈ। ਸਪੀਕਰ ਸਾਹਿਬ, 7275 ਰੁਪਏ ਕੁਇੰਟਲ 10% ਐਮ.ਐਸ.ਪੀ. ਤੇ ਖਰੀਦੀ ਗਈ ਹੈ। ਇਸ ਵਿੱਚ 90% ਡਿਸਟਰੈਸ ਸੇਲ ਹੈ। ਜਦੋਂ 7275 ਨੂੰ ਸਾਢੇ ਛੇ ਲੱਖ ਕੁਇੰਟਲ ਨਾਲ ਮਲਟੀਪਲਾਇ ਕਰੋਗੇ ਤਾਂ 430 ਕਰੋੜ ਰੁਪਿਆ ਚਾਹੀਦਾ ਸੀ।

11.00 11.03.2023 Rajneet/Birendra Singh

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

**ਮਾਨਯੋਗ ਸਪੀਕਰ :** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਜ਼ੀਰੋ ਆਵਰ।

------

## MATTER RAISED DURING ZERO HOUR AND REPLY MADE BY THE MINISTER THEREON

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੰਡੀਅਨ ਨੇਵੀ ਦੇ ਲੈਫਟੀਨੈਂਟ ਸ਼ਹੀਦ ਸਰਦਾਰ ਸਰਬਜੀਤ ਸਿੰਘ ਸਿੱਧੂ ਜਿਹੜੇ 1987 ਦੇ ਆਪ੍ਰੇਸ਼ਨ ਪਵਨ ਵਿੱਚ ਸ਼੍ਰੀਲੰਕਾ ਵਿੱਚ ਸ਼ਹੀਦ ਹੋਏ ਸਨ, ਉਨ੍ਹਾਂ ਦੇ ਪਰਿਵਾਰ ਨੇ ਸ਼ਹੀਦ ਦੇ ਪੋਤਰੇ ਲਈ ਸਰਕਾਰ ਤੋਂ ਨੌਕਰੀ ਦੀ ਮੰਗ ਕੀਤੀ ਸੀ। ਉਨ੍ਹਾਂ ਨੂੰ ਬੜਾ ਖੱਜਲ-ਖੁਆਰ ਹੋਣਾ ਪਿਆ। ਉਹ ਹਾਈ ਕੋਰਟ ਵੀ ਗਏ। ਮਾਨਯੋਗ ਹੋਈ ਕੋਰਟ ਨੇ 28.03.2022 ਨੂੰ ਡਾਇਰੈਕਸ਼ਨ ਦਿੱਤੀ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪੋਤਰੇ ਨੂੰ ਨੌਕਰੀ ਦਿੱਤੀ ਜਾਵੇ। ਇਹ ਹਾਈ ਪਾਵਰਡ ਕਮੇਟੀ ਹੈ ਜਿਸ ਦੇ ਚੇਅਰਮੈਨ ਚੀਫ ਸੈਕਟਰੀ ਹਨ। ਸੋ, ਉਨ੍ਹਾਂ ਦਾ ਪਰਿਵਾਰ ਬਹੁਤ ਖੱਜਲ-ਖੁਆਰ ਹੋਇਆ ਹੈ, ਇਸ ਲਈ ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ। ਇਸ ਤੋਂ ਬਿਨਾਂ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਦੇ ਵਿੱਚ ਤਰਸ ਦੇ ਆਧਾਰ ਤੇ ਮਿਲਣ ਵਾਲੀਆਂ ਨੌਕਰੀਆਂ ਲੰਮੇ ਸਮੇਂ ਤੋਂ ਪੈਂਡਿੰਗ ਹਨ, ਸੋ, ਮੇਰੀ ਬੇਨਤੀ ਹੈ ਕਿ ਉਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਨੂੰ ਵੀ ਜਲਦੀ ਤੋਂ ਜਲਦੀ ਨੌਕਰੀਆਂ ਦਿੱਤੀਆਂ ਜਾਣ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਸਰ, ਇੱਕ ਬੜਾ ਹੀ ਸੀਰੀਅਸ ਇਸ਼ੂ ਹੈ, ਕੱਲ੍ਹ ਸਾਡੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਐਮ.ਐਲ.ਏ. ਨੂੰ ਇੰਸਟਾਗ੍ਰਾਮ ਤੇ ਮਾਰਨ ਦੀ ਧਮਕੀ ਮਿਲੀ ਹੈ। ਮੈਂ ਗੌਰਮਿੰਟ ਨੂੰ ਗੁਜ਼ਾਰਿਸ਼ ਕਰਾਂਗਾ ਕਿ ਜਿਹੜਾ ਸਿਕਿਉਰਿਟੀ ਦਾ ਕੰਮ ਹੈ, ਇਹ ਇਕੱਲਾ ਸਾਡੇ ਵਾਸਤੇ ਹੀ ਨਹੀਂ ਕਹਿ ਰਿਹਾ ਹਾਂ, ਮੈਂ ਸਾਰੇ ਐਮ.ਐਲ.ਏਜ਼ ਵਾਸਤੇ ਕਹਿ ਰਿਹਾ ਹਾਂ। ਇਸ ਮਸਲੇ ਨੂੰ ਸੰਜੀਦਗੀ ਦੇ ਨਾਲ ਲਿਆ ਜਾਵੇ। ਸੋਸ਼ਲ ਮੀਡੀਆ ਤੇ ਉਹ ਆਦਮੀ ਵੀ ਲੋਕੇਟ ਹੋ ਗਿਆ ਹੈ ਤੇ ਉਹ ਬੰਦਾ ਵੀ ਪੰਜਾਬ ਦਾ ਹੈ। ਜੇਕਰ

ਉਹ ਇੱਕ ਐਮ.ਐਲ.ਏ. ਨੂੰ ਕਹਿ ਸਕਦੇ ਹਨ ਕਿ ਅਸੀਂ ਤੇਰੇ ਮੱਥੇ ਦੇ ਵਿੱਚ ਗੋਲੀ ਮਾਰਾਂਗੇ ਤਾਂ ਤੁਸੀਂ ਆਪ ਹੀ ਹਿਸਾਬ ਲਗਾ ਲਓ ਕਿ ਇੱਥੇ ਹਾਲਾਤ ਕੀ ਬਣ ਰਹੇ ਹਨ।

ਦੂਸਰੀ, ਜਿਹੜੀ ਮੈਂ ਗੱਲ ਕਰਨੀ ਹੈ ਕਿ ਕੱਲ੍ਹ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਜਿਹੜੀਆਂ ਸਾਡੀਆਂ ਬੇਸਿਕਲੀ 6 ਯੂਨੀਵਰਸਿਟੀਆਂ ਵਾਸਤੇ 990 ਕਰੋੜ ਰੁਪਏ ਦੀ ਗ੍ਰਾਂਟ ਦਾ ਐਲਾਨ ਕੀਤਾ ਹੈ, ਅਸੀਂ ਇਸ ਦਾ welcome ਕਰਦੇ ਹਾਂ ਪਰ ਕੱਲ੍ਹ ਹੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਦਾ ਸੋਸ਼ਲ ਮੀਡੀਆ ਤੇ ਇਮੀਜੇਟਲੀ ਵਿਊ ਆਇਆ, ਉਨ੍ਹਾਂ ਦੀ ਸਪੀਚ ਵੀ ਆਈ ਜਿਹੜੀ ਕਿ ਪੇਪਰਜ਼ ਨੇ ਵੀ quote ਕੀਤੀ ਹੈ। ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਜਿਹੜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੈ, ਉਹ ਬੇਸਿਕਲੀ ਇੱਕ ਹੈਰੀਟੇਜ ਯੂਨੀਵਰਸਿਟੀ ਹੈ। ਇਸ ਦਾ ਬੇਸਿਕ ਮਕਸਦ ਜਦੋਂ ਬਣਾਇਆ ਗਿਆ ਸੀ ਉਹ ਪੰਜਾਬੀ ਲੈਂਗੂਏਜ਼ ਤੇ ਪੰਜਾਬੀ ਕਲਚਰ ਨੂੰ ਸੇਫਗਾਰਡ ਕਰਨਾ ਅਤੇ ਪ੍ਰਮੋਟ ਕਰਨਾ ਸੀ। ਜਦੋਂ ਪਿਛਲੇ ਸਾਲ ਤੁਹਾਡੀ ਸਰਕਾਰ ਬਣੀ ਤਾਂ ਚੰਦ ਹਫਤਿਆਂ ਬਾਅਦ ਚੀਫ ਮਨਿਸਟਰ ਪੰਜਾਬ, ਸ਼੍ਰੀ ਭਗਵੰਤ ਸਿੰਘ ਮਾਨ ਜੀ ਉੱਥੇ ਗਏ। ਉਨ੍ਹਾਂ ਨੇ ਉੱਥੇ ਆਪਣੇ ਪਿਤਾ ਦਾ ਜ਼ਿਕਰ ਕੀਤਾ ਕਿ ਮੈਂ ਇੱਕ ਮਾਸਟਰ ਦਾ ਲੜਕਾ ਹਾਂ ਤੇ ਮੇਰਾ ਵੀ ਯੂਨੀਵਰਸਿਟੀ ਨਾਲ ਤੁਅੱਲਕ ਹੈ। ਮੈਂ ਜਿਹੜੇ ਕਾਲਜ ਵਿੱਚ ਪੜ੍ਹਦਾ ਸੀ, ਉਹ ਇਸੇ ਯੂਨੀਵਰਸਿਟੀ ਨਾਲ ਐਫੀਲੀਏਟਡ ਸੀ। ਸਪੀਕਰ ਸਾਹਿਬ, ਇਸ ਯੂਨੀਵਰਸਿਟੀ ਵਿੱਚ ਤਕਰੀਬਨ ਦੋ ਲੱਖ ਪੰਦਰਾਂ ਹਜ਼ਾਰ ਬੱਚਾ ਪੜ੍ਹਦਾ ਹੈ। ਇਸ ਨਾਲ ਤਕਰੀਬਨ 290 ਕਾਲਜ ਅਲਾਈਡ ਹਨ। ਇਹ ਯੂਨੀਵਰਸਿਟੀ ਪਿਛਲੇ ਸਮੇਂ ਦੌਰਾਨ ਇੱਕ ਵੱਡੇ ਵਿੱਤੀ ਸੰਕਟ ਵਿੱਚ ਸੀ। ਗੌਰਮਿੰਟ ਨੇ ਉੱਥੇ ਐਲਾਨ ਕੀਤਾ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਵੀ ਉੱਥੇ ਗੱਲ ਕਹੀ ਸੀ ਕਿ under no circumstances because of lack of money ਅਸੀਂ ਕਿਸੇ ਵੀ ਐਜੂਕੇਸ਼ਨਲ ਅਦਾਰੇ ਨੂੰ ਬੰਦ ਨਹੀਂ ਹੋਣ ਦੇਵਾਂਗੇ। ਸੋ, 200 ਕਰੋੜ ਰੁਪਿਆ ਪੰਜਾਬੀ ਯੂਨੀਵਰਸਿਟੀ ਵਾਸਤੇ ਐਲਾਨਿਆ ਗਿਆ। ਜਿਸ ਵਿੱਚ 150 ਕਰੋੜ ਰੁਪਿਆ ਸੈਲਰੀਜ਼ ਵਾਸਤੇ ਸੀ ਤੇ 50 ਕਰੋੜ ਰੁਪਏ ਸੈਲਰੀ ਦੀ ਗ੍ਰਾਂਟ ਸੀ। ਇਸ ਵਾਰ ਉਨ੍ਹਾਂ ਦਾ ਜਿਹੜਾ ਬਿਆਨ ਆਇਆ ਹੈ, ਉਸ ਨੇ ਸਾਰਿਆਂ ਨੂੰ ਫਿਕਰ ਵਿੱਚ ਪਾਇਆ ਹੋਇਆ ਹੈ ਕਿ ਤੁਸੀਂ ਗ੍ਰਾਂਟ 200 ਕਰੋੜ ਰੁਪਏ ਦੀ ਬਜਾਏ 164 ਕਰੋੜ ਰੁਪਏ ਕਰ ਦਿੱਤੀ ਹੈ। ਜਿਹੜੀ 7ਵਾਂ ਪੇਅ ਕਮਿਸ਼ਨ ਹੈ, ਉਸ ਵਿੱਚ ਟੀਚਰਜ਼ ਦੀਆਂ ਤਨਖਾਹਾਂ ਵਧੀਆਂ ਹਨ ਤੇ 6ਵੇਂ ਪੇਅ ਕਮਿਸ਼ਨ ਵਿੱਚ ਨਾਨ ਟੀਚਿੰਗ ਸਟਾਫ ਦੀਆਂ ਤਨਖਾਹਾਂ ਵਧਣ ਨਾਲ ਪਿਛਲੇ ਸਾਲਾਂ ਵਿੱਚ 120 ਕਰੋੜ ਰੁਪਿਆ ਉਸ ਵਿੱਚ ਐਡ ਹੋ ਗਿਆ ਹੈ। ਉਹ ਕਹਿੰਦੇ ਕਿ ਸਾਡੇ ਬੈਸਟ ਐਫਰਟਜ਼ ਦੇ ਬਾਵਜੂਦ ਵੀ ਯੂਨੀਵਰਸਿਟੀ ਚੱਲ ਨਹੀਂ ਸਕਦੀ। ਬੇਸਿਕਲੀ ਇਸ ਯੂਨੀਵਰਸਿਟੀ ਵਿੱਚ ਜਿਹੜੇ ਬੱਚੇ ਹਨ, ਉਹ ਮਾਲਵੇ ਏਰੀਏ ਤੋਂ ਆਉਂਦੇ ਹਨ। ਗਰੀਬ ਅਤੇ ਦਲਿਤ ਘਰਾਂ ਵਿੱਚੋਂ ਬੱਚੇ ਆਉਂਦੇ ਹਨ, ਔਰਤਾਂ ਪੜ੍ਹਦੀਆਂ ਹਨ। ਸੋ, ਮੇਰੀ ਗੁਜ਼ਾਰਿਸ਼ ਹੈ ਕਿ

ਉਨ੍ਹਾਂ ਨੇ ਮੰਗ ਕੀਤੀ ਹੈ ਕਿ ਜੇਕਰ ਯੂਨੀਵਰਸਿਟੀ ਚਲਾਉਣੀ ਹੈ ਤਾਂ 164 ਕਰੋੜ ਰੁਪਏ ਤੋਂ ਵਧਾ ਕੇ 360 ਕਰੋੜ ਰੁਪਏ ਦਾ ਵਾਧਾ ਕੀਤਾ ਜਾਵੇ। ਇੱਥੇ ਚੀਮਾ ਸਾਹਿਬ ਜੀ ਵੀ ਬੈਠ ਗਏ ਹਨ। ਮੈਂ ਪੂਰਨ ਆਸ ਕਰਾਂਗਾ ਕਿ ਇਸ ਨੂੰ ਗੰਭੀਰਤਾ ਦੇ ਨਾਲ ਵਿਚਾਰਿਆ ਜਾਵੇ। ਸਰ, ਇੱਕ ਮੇਰਾ ਫਾਈਨਲ ਸੁਜੈਸ਼ਨ ਹੈ ਤੇ ਮੇਰਾ sincere ਸੁਜੈਸ਼ਨ ਹੈ, ਇਸ ਵਿੱਚ ਕੋਈ ਨਾਨ ਸੀਰੀਅਸ ਗੱਲ ਨਹੀਂ ਹੈ ਕਿ ਤੁਸੀਂ ਤਕਰੀਬਨ 750 ਕਰੋੜ ਰੁਪਿਆ ਐਡਜ਼ ਵਾਸਤੇ ਰੱਖਿਆ ਹੈ।

ਕ੍ਰ.ਕ/ਬ.ਸ. 11.05 11.03.2023

ਗੌਰਮਿੰਟ ਦੇ ਕੰਮ ਸਹੀ ਹਨ ਜਾਂ ਗਲਤ ਹਨ, ਹੁੰਦੇ ਹਨ ਜਾਂ ਨਹੀਂ ਹੁੰਦੇ, ਉਹ ਆਪਾਂ ਛੱਡ ਦੇਈਏ। 750 ਕਰੋੜ ਰੁਪਿਆ ਐਡਜ਼ ਦੇ ਵਿੱਚ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਚੀਮਾ ਸਾਹਿਬ ਜੇ ਸਹੀ ਮਾਇਨੇ ਵਿੱਚ ਅਸੀਂ ਐਜੂਕੇਸ਼ਨ ਦੀ ਬਿਹਤਰੀ ਚਾਹੁੰਦੇ ਹਾਂ ਤਾਂ ਉਹ 750 ਕਰੋੜ ਰੁਪਿਆ ** ** ਵਿੱਚ ਸੁੱਟਦੇ ਹਾਂ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਉਸ ਨੂੰ ਜੇ ਇਸ ਵਿੱਚ ਐਡ ਕਰ ਦਿੱਤਾ ਜਾਵੇ ਤਾਂ 1750 ਕਰੋੜ ਰੁਪਿਆ ਸਾਰੀਆਂ ਛੇ ਦੀਆਂ ਛੇ ਯੂਨੀਵਰਸਿਟੀਆਂ, ਜਿਨ੍ਹਾਂ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, GADVASU ਯੂਨੀਵਰਸਿਟੀ, ਸ਼੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਆਫ ਲਾਅ, ਤਰਨਤਾਰਨ, ਇਹ ਸਾਰੀਆਂ ਯੂਨੀਵਰਸਿਟੀਆਂ ਬਿਹਤਰ ਤਰੀਕੇ ਨਾਲ ਚੱਲ ਸਕਦੀਆਂ ਹਨ ਕਿਉਂਕਿ ਚੰਦ ਪੈਸੇ ਸੈਂਟਰ ਵਿੱਚੋਂ ਵੀ ਆਉਣਗੇ। ਸੋ, ਮੇਰਾ ਇਹ ਸੁਜੈਸ਼ਨ ਹੈ ਕਿ ਚੀਮਾ ਸਾਹਿਬ ਦੋ ਮਿੰਟ ਧਿਆਨ ਮੇਰੇ ਵੱਲ ਵੀ ਕਰ ਲੈਣਾ। ਇਹ ਬਹੁਤ ਇੰਪਰਾਟੈਂਟ ਹੈ। ਕਾਈਂਡਲੀ ਇਸ ਵੱਲ ਧਿਆਨ ਦੇਵੋ ਤਾਂ ਕਿ ਆਪਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਨੂੰ ਪ੍ਰਫੁੱਲਿਤ ਕਰੀਏ।

**Mr. Speaker:** Thank you, Bajwa ji. Thank you. ** ** ਸ਼ਬਦ ਕੱਟ ਦਿੱਤਾ ਜਾਵੇ। ਬਾਜਵਾ ਜੀ ਤੁਹਾਡੀ ਗੱਲ ਆ ਗਈ ਹੈ। ਅਸ਼ਵਨੀ ਕੁਮਾਰ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਧੰਨਵਾਦ ਸਪੀਕਰ ਸਾਹਿਬ ਮੈਂ ਆਪ ਜੀ ਦੇ ਮਾਧਿਅਮ ਨਾਲ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਠਾਨਕੋਟ ਦੇ ਅੰਦਰ ਏ.ਵੀ. ਕਾਲਜ ਬਹੁਤ ਪੁਰਾਣਾ ਕਾਲਜ ਹੈ। ਜਦੋਂ ਕੋਈ ਵੀ ਸਿਕਸ਼ਾ ਦਾ ਹੋਰ ਅਦਾਰਾ ਨਹੀਂ ਹੁੰਦਾ ਸੀ ਤਾਂ ਉਦੋਂ ਦੋ ਕਾਲਜ, ਐਸ.ਡੀ ਕਾਲਜ ਔਰ ਏ.ਵੀ. ਕਾਲਜ ਹੁੰਦੇ ਸੀ। ਇਹ ਏਡਿਡ ਕਾਲਜ ਹੈ ਲੇਕਿਨ ਪਿਛਲੇ ਸਮੇਂ ਤੋਂ ਉਹ ਕਾਲਜ ਵਿੱਤੀ ਮਾਰ ਦੇ ਨਾਲ ਜੂਝ ਰਿਹਾ ਹੈ। ਇਸ ਵਿਸ਼ੇ ਸਬੰਧੀ ਮੈਂ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਵੀ ਲਿਆਂਦਾ ਸੀ ਕਿ ਲਗਭਗ 3 ਹਜ਼ਾਰ ਬੱਚੇ ਅਤੇ ਬੱਚੀਆਂ ਇਸ ਕਾਲਜ ਵਿੱਚ ਪੜ੍ਹਦੇ ਹਨ। ਮੈਨੇਜਮੈਂਟ ਨੇ ਹੱਥ ਖੜ੍ਹਾ ਕਰ ਦਿੱਤਾ

ਸੀ। ਇਸ ਸਮੇਂ ਸਰਕਾਰ ਵੱਲੋਂ ਐਸ.ਡੀ.ਐਮ. ਐਡਮਨਿਸਟ੍ਰੇਟਰ ਲੱਗੇ ਹੋਏ ਹਨ। ਐਸਾ ਕਾਲਜ ਜਿਹੜਾ ਕਿ ਪੰਜਾਹ ਸਾਲ ਤੋਂ ਚਲਦਾ ਆ ਰਿਹਾ ਹੈ ਔਰ ਅੱਜ ਵੀ ਉੱਥੇ 3 ਹਜ਼ਾਰ ਬੱਚਾ ਪੜ੍ਹਦਾ ਹੈ, ਉਸ ਵੱਲ ਧਿਆਨ ਦੇਣ ਦੀ ਲੋੜ ਹੈ। ਇੱਥੇ ਵਿੱਤ ਮੰਤਰੀ ਜੀ ਵੀ ਬੈਠੇ ਹਨ। ਉੱਚ ਸਿੱਖਿਆ ਮੰਤਰੀ ਜੀ ਨਾਲ ਵੀ ਮੈਂ ਇਸ ਵਿਸ਼ੇ ਸਬੰਧੀ ਗੱਲ ਕੀਤੀ ਸੀ। ਚੀਫ ਸੈਕਟਰੀ ਸਾਹਿਬ ਨੂੰ ਵੀ ਇਸ ਵਿਸ਼ੇ ਸਬੰਧੀ ਪਤਾ ਹੈ ਕਿਉਂਕਿ ਉਹ ਉਸੇ ਇਲਾਕੇ ਦੇ ਹਨ। ਮੇਰਾ ਇਹ ਕਹਿਣਾ ਹੈ ਕਿ ਉਸ ਕਾਲਜ ਨੂੰ ਮਰਨ ਨਾ ਦਿੱਤਾ ਜਾਵੇ। ਉਹ ਕਾਲਜ ਸਿਸਕੀਆਂ ਲੈ ਰਿਹਾ ਹੈ ਔਰ ਬੱਚਿਆਂ ਦਾ ਭਵਿੱਖ ਉਸ ਨਾਲ ਜੁੜਿਆ ਹੋਇਆ ਹੈ। ਇਸ ਦੇ ਉੱਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਔਰ ਅਗਰ ਉਸ ਨੂੰ ਕੋਈ ਪੈਕੇਜ ਦੇ ਕੇ ਖੜ੍ਹਾ ਕਰਨਾ ਪਵੇ ਤਾਂ ਅਜਿਹਾ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸਰਕਾਰ ਇਸ ਕਾਲਜ ਨੂੰ ਆਪਣੇ ਅਧੀਨ ਲੈਣਾ ਚਾਹੁੰਦੀ ਹੈ ਤਾਂ ਲੈ ਲਵੇ। ਉਨ੍ਹਾਂ ਦੀ ਫਾਈਲ ਆਈ ਹੋਈ ਹੈ। ਧੰਨਵਾਦ ਜੀ।

**ਸ਼੍ਰੀ ਬਰਿੰਦਰ ਕੁਮਾਰ ਗੋਇਲ ਵਕੀਲ (ਲਹਿਰਾ):** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਸਰ, ਮੇਰੇ ਹਲਕੇ ਲਹਿਰੇ ਦੇ ਵਿੱਚ ਕਸਬਾ ਖਨੌਰੀ ਪੈਂਦਾ ਹੈ। ਭਾਖੜਾ ਨਹਿਰ ਖਨੌਰੀ ਕਸਬੇ ਦੇ ਵਿੱਚ ਦੀ ਲੰਘਦੀ ਹੈ। ਭਾਖੜਾ ਨਹਿਰ ਦੇ ਦੋਨੋਂ ਪਾਸੇ ਕੱਚੀ ਖਨੌਰੀ, ਕਰੋਦਾ, ਚੱਠਾ ਗੋਬਿੰਦਪੁਰਾ, ਬੁਲਾਰੀ, ਭੁੱਲਣ, ਠਸਕਾ, ਬਨਾਰਸੀ, ਅਨਦਾਣਾ, ਇਹ ਸਾਰੇ ਪਿੰਡ ਭਾਖੜਾ ਦੇ ਉੱਤੇ ਵਸੇ ਹੋਏ ਹਨ। ਇੱਥੇ ਜਿਹੜੀ ਸੜਕ ਜਾਂਦੀ ਹੈ ਉਹ ਬਿਲਕੁਲ ਭਾਖੜਾ ਦੀ ਪਟੜੀ ਤੇ ਜਾਂਦੀ ਹੈ। ਪਟੜੀ ਤੇ ਸੜਕ ਬਣੀ ਹੋਈ ਹੈ। ਉਸ ਸੜਕ ਦੀ ਹਾਲਤ ਬਹੁਤ ਮਾੜੀ ਹੈ। ਦੂਜੀ ਗੱਲ ਇਹ ਹੈ ਕਿ ਭਾਖੜਾ ਅਤੇ ਇਸ ਦੇ ਨਾਲ ਜਾਂਦੀ ਸੜਕ ਦਾ ਲੈਵਲ ਬਹੁਤ ਜਗ੍ਹਾ ਤੇ ਇੱਕੋ ਹੀ ਹੈ। ਸੜਕ ਦੇ ਦੂਜੇ ਪਾਸੇ ਪੂਰਾ ਜੰਗਲ ਪੈਂਦਾ ਹੈ। ਉੱਥੇ ਬਹੁਤ mishappenings ਹੋ ਜਾਂਦੀਆਂ ਹਨ। ਸੜਕ ਕਰਕੇ ਵੀ ਦੁਰਘਟਨਾ ਹੁੰਦੀ ਹੈ ਕਿਉਂਕਿ ਸੜਕ ਦੇ ਖੱਡੇ ਬਹੁਤ ਵੱਡੇ ਹਨ। ਜਦੋਂ ਲੋਕ ਸੜਕ ਤੋਂ ਬਚਦੇ ਹਨ ਤਾਂ ਉਹ ਭਾਖੜਾ ਵਿੱਚ ਡਿੱਗ ਜਾਂਦੇ ਹਨ। ਉੱਥੇ ਕੋਈ ਵੀ ਰੇਲਿੰਗ ਨਹੀਂ ਬਣੀ ਹੋਈ ਹੈ। ਭਾਖੜਾ ਦੇ ਉੱਤੇ ਕੋਈ ਕੰਧ ਨਹੀਂ ਬਣੀ ਹੋਈ ਜਿਹੜੀ ਕਿ ਉਸ ਤੋਂ ਬਚਾਅ ਕਰ ਸਕੇ। ਸੜਕ ਦੇ ਦੂਜੇ ਪਾਸੇ ਜੰਗਲ ਦੇ ਵਿੱਚੋਂ ਕਈ ਵਾਰੀ ਅਵਾਰਾ ਪਸ਼ੂ ਵੀ ਆ ਜਾਂਦੇ ਹਨ। ਅਵਾਰਾ ਕੁੱਤੇ ਆ ਜਾਂਦੇ ਹਨ। ਜੇਕਰ ਅੱਖ ਦੇ ਵਿੱਚ ਮੱਛਰ ਵੀ ਪੈਂਦਾ ਹੈ ਤਾਂ ਵੀ ਮੋਟਰਸਾਈਕਲ ਸਵਾਰ ਸਿੱਧੇ ਭਾਖੜਾ ਵਿੱਚ ਡਿਗਦੇ ਹਨ। ਇਹ ਸੜਕ 12 ਕਿਲੋਮੀਟਰ ਲੰਬੀ ਹੈ। ਮੈਂ ਅਗਸਤ, 2022 ਵਿੱਚ ਬੇਨਤੀ ਕੀਤੀ ਸੀ ਅਤੇ ਇਸ 12 ਕਿਲੋਮੀਟਰ ਸੜਕ ਦੇ ਨਾਲ-ਨਾਲ ਭਾਖੜਾ ਉੱਪਰ ਰੇਲਿੰਗ ਲਗਾਉਣ ਸਬੰਧੀ ਲਿਖਿਆ ਸੀ। ਇਸ ਦੇ ਨਾਲ ਹੀ ਇਸ ਸਾਰੀ ਸੜਕ ਦੇ ਉੱਪਰ ਲਾਈਟ ਲਗਾਈ ਜਾਵੇ ਕਿਉਂਕਿ ਸ਼ਾਮ ਨੂੰ ਜਦੋਂ ਕਿਸੇ ਨੇ ਵੀ ਇਨ੍ਹਾਂ ਪਿੰਡਾਂ ਵਿੱਚ ਜਾਣਾ ਹੁੰਦਾ ਹੈ ਤਾਂ ਉਹ ਡਰਦੇ ਭਾਖੜਾ ਨਹਿਰ ਦੇ ਕੰਢੇ ਤੋਂ ਨਹੀਂ ਲੰਘਦੇ। ਲੋਕ 8 ਕਿਲੋਮੀਟਰ ਘੁੰਮ ਕੇ ਜਾਂਦੇ ਹਨ। ਸੋ, ਮੈਂ ਬੇਨਤੀ ਕੀਤੀ ਸੀ ਕਿ ਇਹ ਦੋਨੋਂ

ਚੀਜ਼ਾਂ ਕੀਤੀਆਂ ਜਾਣ। ਇਸ ਦੇ ਨਾਲ ਹੀ ਜਿਹੜੀ ਖਨੌਰੀ ਤੋਂ ਮੂਨਕ ਤੱਕ ਵਾਇਆ ਮੰਡਵੀ ਹੋ ਕੇ ਸੜਕ ਜਾਂਦੀ ਹੈ, ਉਸ ਸੜਕ ਦੀ ਹਾਲਤ ਵੀ ਬਹੁਤ ਮਾੜੀ ਹੈ। ਸਰ, ਮੈਨੂੰ ਅੱਜ ਹੀ ਪਤਾ ਲੱਗਾ ਹੈ ਕਿ ਸਰਕਾਰ ਨੇ ਸਾਡੀ ਉਹ ਬੇਨਤੀ ਤਾਂ ਮੰਨ ਲਈ ਹੈ ਕਿ ਭਾਖੜਾ ਦੇ ਨਾਲ-ਨਾਲ ਰੇਲਿੰਗ ਲਗਾਈ ਜਾਵੇਗੀ। ਇਸ ਦੇ ਲਈ ਮੈਂ ਸਾਡੇ ਵਿੱਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ। ਇਸ ਵਿੱਚ ਇੱਕ ਕਮੀ ਰਹਿ ਗਈ ਹੈ ਕਿ ਇਸ ਸੜਕ ਉੱਪਰ ਲਾਈਟਾਂ ਨਹੀਂ ਲਗਾਈਆਂ ਹਨ। ਇਸ ਸੜਕ ਦੇ ਉੱਪਰ ਲਾਈਟਾਂ ਵੀ ਲਗਾਈਆਂ ਜਾਣ। ਮੇਰੀ ਇਹ ਵੀ ਮੰਗ ਹੈ ਕਿ ਖਨੌਰੀ ਤੋਂ ਮੂਨਕ ਤੱਕ ਵਾਇਆ ਮੰਡਵੀ ਹੋ ਕੇ ਜਾਂਦੀ ਸੜਕ ਵੀ ਪਹਿਲ ਦੇ ਆਧਾਰ ਤੇ ਜਲਦੀ ਤੋਂ ਜਲਦੀ ਬਣਾਈ ਜਾਵੇ। ਧੰਨਵਾਦ ਜੀ।

**ਸ਼੍ਰੀ ਗੁਰਲਾਲ ਘਨੌਰ (ਘਨੌਰ):** ਸਪੀਕਰ ਸਾਹਿਬ ਬਹੁਤ-ਬਹੁਤ ਧੰਨਵਾਦ ਜੀ। ਪਹਿਲਾਂ ਪੰਜਾਬ ਹੋਮਗਾਰਡਜ਼ ਦੇ ਜਵਾਨਾਂ ਦਾ ਇੱਕ ਸਵਾਲ ਆਇਆ ਸੀ। ਮੈਂ ਉਸ ਸਵਾਲ ਵਿੱਚ ਹੀ ਐਡ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਪੰਜਾਬ ਹੋਮਗਾਰਜ਼ ਦੇ ਜਵਾਨ ਖਾੜਕੂਵਾਦ ਦੇ ਸਮੇਂ ਪੰਜਾਬ ਦੇ ਨਾਲ ਖੜ੍ਹੇ ਸਨ, ਅੱਜ ਵੀ ਉਹ ਬੜੇ ਪਰਿਵਾਰਾਂ ਦੇ ਨਾਲ ਗੰਨਮੈਨ ਦੇ ਤੌਰ ਤੇ ਚਲਦੇ ਹਨ। ਇੰਸਪੈਕਟਰਾਂ ਦੇ ਨਾਲ ਗੰਨਮੈਨ ਚਲਦੇ ਹਨ ਪਰ ਹੁਣ ਤੱਕ ਪੰਜਾਬ ਹੋਮਗਾਰਡ ਦੇ ਜਿਹੜੇ ਜਵਾਨ ਹਨ, ਉਨ੍ਹਾਂ ਦਾ ਬੱਸਾਂ ਦਾ ਕਿਰਾਇਆ ਮੁਆਫ ਨਹੀਂ ਕੀਤਾ ਗਿਆ।ਜਿਸ ਤਰ੍ਹਾਂ ਸਾਰੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦਾ ਬੱਸ ਸਫਰ ਫ੍ਰੀ ਕੀਤਾ ਹੈ, ਇਨ੍ਹਾਂ ਲਈ ਵੀ ਜ਼ਰੂਰ ਵਿਚਾਰਿਆ ਜਾਵੇ।

ਪ.ਸ਼./ਰ.ਕ/11.10/11.03.2023

**ਮਾਨਯੋਗ ਸਪੀਕਰ:** ਥੈਂਕ ਯੂ। ਹਾਂ ਜੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਉਨ੍ਹਾਂ ਲੋਕਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੇ ਕਾਫੀ ਮਗਰਲੇ ਸਮਿਆਂ ਤੋਂ ਧਰਨਿਆਂ ਤੇ ਬੈਠੇ ਹਨ। ਉਹ ਅੱਜ ਵੀ ਧਰਨਿਆਂ ਤੇ ਬੈਠੇ ਹਨ ਅਤੇ ਮੁੱਖ ਮੰਤਰੀ ਸਾਹਿਬ ਦੇ ਦਰਵਾਜ਼ੇ ਤੇ ਵੀ ਉਹ ਧਰਨਾ ਲਾ ਕੇ ਆਏ ਸਨ। 43 ਵਿਮੁਕਤ ਜਾਤੀਆਂ ਦੇ ਉਹ ਲੋਕ, ਜਿਨ੍ਹਾਂ ਵਿੱਚ ਬਾਜ਼ੀਗਰ, ਬੌਰੀਏ, ਸਾਂਸੀ ਆ ਜਾਂਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਜੱਦੋ-ਜਹਿਦ ਅਤੇ ਲੜਾਈ ਲੜੀ ਕਿ ਇਨ੍ਹਾਂ ਨੂੰ Scheduled Tribe ਦਾ ਹੱਕ ਦਿੱਤਾ ਜਾਵੇ। ਉਹ ਤਾਂ ਹੱਕ ਇਨ੍ਹਾਂ ਨੂੰ ਨਹੀਂ ਮਿਲਿਆ ਪਰ ਇਨ੍ਹਾਂ ਦੀ ਲੜਾਈ ਅਤੇ ਜੱਦੋ-ਜਹਿਦ ਤੋਂ ਬਾਅਦ ਸਰਕਾਰ ਵੱਲੋਂ ਪੱਤਰ ਮਿਤੀ 18.12.2020 (ਜਿਹੜਾ ਮੇਰੇ ਕੋਲ ਮੌਜੂਦ ਹੈ), ਜਾਰੀ ਕੀਤਾ ਗਿਆ, ਜਿਸ ਵਿੱਚ ਸਰਕਾਰ ਨੇ ਕਿਹਾ ਕਿ ਅੱਜ ਤੋਂ ਬਾਅਦ ਜਿੰਨੀਆਂ ਭਰਤੀਆਂ ਹੋਣਗੀਆਂ, ਉਸ ਦੇ ਵਿੱਚ ਇਨ੍ਹਾਂ ਨੂੰ 2 ਪਰਸੈਂਟ ਰਾਖਵਾਂਕਰਨ

ਦਿੱਤਾ ਜਾਵੇਗਾ। ਸਰਕਾਰ ਨੇ ਹਾਈ ਕੋਰਟ ਵਿੱਚ ਵੀ ਦਿੱਤਾ। ਉਸ ਤੋਂ ਬਾਅਦ ਇਨ੍ਹਾਂ ਗਰੀਬ ਪਛੜੇ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਵਿਭਾਗ ਵਿੱਚ ਰਾਖਵਾਂਕਰਨ ਮਿਲਦਾ ਰਿਹਾ ਪਰ ਹੁਣ ਕੀ ਹੋਇਆ? ਸਰ, ਉਸ ਨੋਟੀਫਿਕੇਸ਼ਨ ਮਿਤੀ 18.12.2020 ਰਾਹੀਂ ਈ.ਟੀ.ਟੀ(6635) ਅਤੇ ਬੀ.ਏਡ(4161) ਟੀਚਰਾਂ ਦੀ ਭਰਤੀ ਚਲ ਰਹੀ ਸੀ ਅਤੇ ਮਿਤੀ 07.09.2022 ਨੂੰ ਸਾਰਾ ਪ੍ਰੋਸੀਜਰ ਫੋਲੋ ਕਰਕੇ ਭਰਤੀ ਪ੍ਰਾਸੈੱਸ ਪੂਰੀ ਕਰ ਲਈ। ਹੁਣ ਸਰਕਾਰ ਵੱਲੋਂ ਇੱਕ ਪੱਤਰ ਮਿਤੀ 15.09.2022 ਜਾਰੀ ਕੀਤਾ ਗਿਆ ਹੈ, ਜਿਸ ਰਾਹੀਂ (ਮੈਡਮ ਨੂੰ ਪਤਾ ਹੈ ਕਿ ਉਹ ਧਰਨੇ ਵੀ ਲਗਾ ਰਹੇ ਹਨ), ਜਿਸ ਰਾਹੀਂ ਉਨ੍ਹਾਂ ਨੂੰ ਦਿੱਤਾ ਜਾਂਦਾ 2 ਪਰਸੈਂਟ ਰਾਖਵਾਂਕਰਨ ਕੱਟ ਦਿੱਤਾ ਗਿਆ। ਹਾਲਾਂਕਿ ਇਹ ਭਰਤੀ ਤਾਂ ਉਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਪੂਰੀ ਹੋ ਚੁੱਕੀ ਸੀ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਇਹ ਬੇਨਤੀ ਹੈ ਅਤੇ ਮੈਂ ਸਦਨ ਦਾ ਧਿਆਨ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਗਰੀਬ, ਮਿੱਧੇ, ਦੱਬੇ ਕੁਚਲੇ ਲੋਕ ਹਨ, ਇਨ੍ਹਾਂ ਦਾ ਬਣਦਾ ਰਾਖਵਾਂਕਰਨ (ਸਾਡੇ ਐਮ.ਐਲ.ਏ. ਸਾਹਿਬ ਵੀ ਇਸ ਬਰਾਦਰੀ ਨਾਲ ਸਬੰਧ ਰੱਖਦੇ ਹਨ), ਬਹਾਲ ਕੀਤਾ ਜਾਵੇ। ਉਨ੍ਹਾਂ ਨੂੰ ਬਿਲਕੁਲ ਕੱਢਿਆ ਨਾ ਜਾਵੇ।

**ਮਾਨਯੋਗ ਸਪੀਕਰ:** ਥੈਂਕ ਯੂ। ਹਾਂ ਜੀ, ਸ਼੍ਰੀ ਜੰਗੀ ਲਾਲ ਮਹਾਜਨ ਜੀ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)**: ਧੰਨਵਾਦ ਸਪੀਕਰ ਸਾਹਿਬ। ਸਾਲ 2009 ਦੌਰਾਨ ਪੰਜਾਬ ਵਿੱਚ ਵਿੱਚ ਤਿੰਨ ਯੂਨੀਵਰਸਿਟੀਆਂ ਇੱਕ ਤਰਨ ਤਾਰਨ(ਪਿੰਡ ਬਾਹੂ), ਇੱਕ ਬਠਿੰਡਾ (ਪਿੰਡ ਕਾਲਚਰਨੀ ਅਤੇ ਮੁਕੇਰੀਆਂ(ਪਿੰਡ ਕਰਟੋਲੀ) ਬਣੀਆਂ ਸਨ। ਲੇਕਿਨ ਜਿਹੜੇ ਸਾਡੇ ਉੱਥੇ ਵਾਈਸ ਚਾਂਸਲਰ ਇੰਦਰਜੀਤ ਸਿੰਘ ਹਨ, ਉਹ ਤਰਨਤਾਰਨ ਅਤੇ ਬਠਿੰਡਾ ਦੀ ਯੂਨੀਵਰਸਿਟੀਆਂ ਨੂੰ ਤਰਜੀਹ ਦਿੰਦੇ ਹਨ ਲੇਕਿਨ ਮੇਰੇ ਹਲਕੇ ਮੁਕੇਰੀਆਂ ਦੀ ਗਡਵਾਸੂ ਯੂਨੀਵਰਸਿਟੀ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ, ਜਿਹੜੀ ਕਿ ਬਲਾਕ ਤਲਵਾੜੇ ਵਿੱਚ ਪੈਂਦੀ ਹੈ। ਉਸ ਦੇ ਵਿੱਚ 37 ਕਿੱਲੇ ਜ਼ਮੀਨ ਹੈ ਅਤੇ ਉਸ ਵਿੱਚੋਂ 22 ਕਿੱਲੇ ਜ਼ਮੀਨ ਦਾ ਕਿਰਾਇਆ ਲਗਾਤਾਰ ਯੂਨੀਵਰਸਿਟੀ ਦੇ ਰਹੀ ਹੈ ਅਤੇ ਬਾਕੀ ਰਹਿੰਦੀ 15 ਕਿੱਲੇ ਜ਼ਮੀਨ ਪੰਚਾਇਤ ਵੱਲੋਂ ਫ੍ਰੀ ਦਿੱਤੀ ਹੋਈ ਹੈ ਪਰ ਉਸ ਪਾਸੇ ਧਿਆਨ ਨਹੀਂ ਦਿੱਤਾ ਜਾ ਰਿਹਾ। ਉੱਥੇ ਸਿਰਫ ਦੋ ਡਾਕਟਰ ਹਨ ਅਤੇ ਹੋਰ ਕਿਸੇ ਤਰ੍ਹਾਂ ਦਾ ਹੋਰ ਕੋਈ ਸਟਾਫ ਨਹੀਂ ਹੈ, ਉਹ ਸਾਰਾ ਏਰੀਆ ਕੰਢੀ ਦਾ ਹੈ। ਉੱਥੇ ਕਿਸੇ ਵੀ ਪਸ਼ੂ ਦਾ ਕੋਈ ਇਲਾਜ ਨਹੀਂ ਹੋ ਰਿਹਾ। ਮੈਂ ਸਰਕਾਰ ਅੱਗੇ ਬੇਨਤੀ ਕਰਦਾ ਹਾਂ ਕਿ ਉਸ ਪਾਸੇ ਪੂਰਾ ਧਿਆਨ ਦਿੱਤਾ ਜਾਵੇ। ਇੱਕ ਸਵਾਲ ਮੇਰਾ ਹੋਰ ਹੈ।

**ਮਾਨਯੋਗ ਸਪੀਕਰ:** ਥੈਂਕ ਯੂ। ਬੈਠੋ ਜੀ। ਹਾਂ ਜੀ, ਸਰਦਾਰ ਜਗਦੀਪ ਸਿੰਘ ਕਾਕਾ ਬਰਾੜ ਜੀ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਮੁਕਤਸਰ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਮੈਂ ਇੱਕ ਦੋ ਮਿੰਟ ਦਾ ਸਮਾਂ ਲੈਣਾ ਚਾਹੁੰਦਾ ਹਾਂ ਅਤੇ ਆਪਣੇ ਹਲਕੇ ਮੁਕਤਸਰ ਦੀ ਗੱਲ ਕਰਨਾ ਚਾਹੁੰਦਾ ਹਾਂ। ਸਾਡੇ ਸ਼ਹਿਰ ਵਿੱਚ ਇੱਕ ਰਿਜਨਲ ਸੈਂਟਰ, ਜਿਹੜਾ ਕਿ ਜ਼ਿਲ੍ਹੇ ਦਾ ਬਣਿਆ ਹੋਇਆ ਹੈ, ਉਸ ਵਿੱਚ ਪੰਜ ਏਕੜ ਜ਼ਮੀਨ ਹੈ। ਪਿਛਲੇ ਸਮੇਂ ਦੌਰਾਨ ਵੀ ਉਸ ਲਈ ਗਰਾਂਟਾਂ ਅਨਾਊਂਸ ਹੋਈਆਂ ਸਨ, ਪਰ ਜਾਰੀ ਨਹੀਂ ਹੋ ਸਕੀਆਂ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਰੀਜਨਲ ਸੈਂਟਰ ਵਿੱਚ ਮਾਲਵੇ ਦੇ ਬਹੁਤ ਸਾਰੇ ਬੱਚੇ ਆਉਂਦੇ ਹਨ, ਉਸ ਦੀ ਹਾਲਤ ਏਨੀ ਖਸਤਾ ਹੈ ਕਿ ਜੇ ਤੁਸੀਂ ਜਾ ਕੇ ਵੇਖੋ ਤਾਂ ਕੋਈ ਪ੍ਰਾਇਮਰੀ ਸਕੂਲ ਵੀ ਉਸ ਲੈਵਲ ਦਾ ਨਹੀਂ ਹੈ। ਦੂਜਾ ਜਿਹੜਾ ਮਸਲਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ..

**ਜਸਪਾਲ/11.15/ਰਜਨੀਸ਼/11.3.2023**

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਮਸਲੇ ਬਹੁਤ ਹਨ। ਇਥੇ ਇੱਕ ਕੋਈ ਬਹੁਤ ਜ਼ਿਆਦਾ ਮਹੱਤਤਾ ਵਾਲਾ ਇਸ਼ੂ ਹੁੰਦਾ ਹੈ, ਉਹ ਕਰਨਾ ਹੁੰਦਾ ਹੈ। ਸੋ, ਪਲੀਜ਼, ਹੁਣ ਤੁਸੀਂ ਬੈਠੋ। ਸੇਖੋਂ ਸਾਹਿਬ, ਸਰਦਾਰ ਗੁਰਦਿੱਤ ਸਿੰਘ ਸੇਖੋਂ। ਹੋ ਗਿਆ, ਬੈਠੋ ਬੈਠੋ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ:** ਸਰ, ਇੱਕ ਮਿੰਟ ਦੇ ਦਿਉ।

**ਮਾਨਯੋਗ ਸਪੀਕਰ:** ਇਥੇ ਜਿੰਨੇ ਵੀ ਮਾਨਯੋਗ ਵਿਧਾਇਕ ਸਾਹਿਬਾਨ ਆਏ ਹਨ, ਹਰੇਕ ਕੋਲ ਜ਼ਰੂਰੀ ਮੈਟਰ ਹੈ, ਤੁਸੀਂ ਇੱਕ ਗੱਲ ਕਰਿਆ ਕਰੋ ਔਰ ਕਿਰਪਾ ਕਰਕੇ ਉਸ ਤੇ ਪੁਆਇੰਟਿਡ ਰੱਖਿਆ ਕਰੋ। ਆਪਾਂ ਇਥੇ ਭਾਸ਼ਣ ਦੇਣ ਲੱਗ ਪੈਂਦੇ ਹਨ, ਉਸ ਦਾ ਕੋਈ ਫਾਇਦਾ ਨਹੀਂ । ਚਲੋ, ਬਰਾੜ ਸਾਹਿਬ ਤੁਸੀਂ ਆਪਣੀ ਗੱਲ ਪੂਰੀ ਕਰ ਲਵੋ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ :** ਸਰ, ਦੂਸਰੀ ਬੇਨਤੀ ਇਹ ਹੈ ਕਿ ਮੈਂ ਤੁਹਾਡੇ ਮਾਧਿਅਮ ਰਾਹੀਂ ਜਿਹੜਾ ਰੋਡ ਬਣਾਉਣ ਵਾਲਾ ਡਿਪਾਰਟਮੈਂਟ ਪੀ.ਡਬਲਯੂ.ਡੀ. ਜਾਂ ਦੂਜਾ ਡਿਪਾਰਟਮੈਂਟ ਹੈ, ਉਨ੍ਹਾਂ ਬਾਰੇ ਦੱਸਣਾ/ਕਹਿਣਾ ਚਾਹੁੰਦਾ ਹਾਂ ਕਿ ਉਹ ਇਹ ਐਨਸ਼ੋਅਰ ਕਰਨ ਕਿ ਜਿਹੜੀਆਂ ਪੁਰਾਣੀਆਂ ਰੋਡਜ਼ ਉਤੇ ਨਵੀਆਂ ਰੋਡਜ਼ ਬਣਦੀਆਂ ਹਨ ਉਨ੍ਹਾਂ ਦੀ ਮੈਟੀਰੀਅਲ ਪੁੱਟ ਕੇ ਵਰਤਿਆ ਜਾਵੇ , ਜੇ ਉਹ ਨਹੀਂ ਵਰਤਿਆ ਜਾਂਦਾ ਤਾਂ

ਉਹ ਹਰੇਕ ਸਾਲ ਉਚੀਆਂ ਹੋ ਜਾਂਦੀਆਂ ਹਨ ਤੇ ਦੂਜੇ ਜਿਹੜੇ ਘਰਾਂ ਵਾਲੇ, ਗਲੀਆਂ ਨਾਲੀਆਂ ਵਾਲਿਆਂ ਨੂੰ ਦਿੱਕਤਾਂ ਆਉਦੀਆਂ ਹਨ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਸੇਖੋਂ ਸਾਹਿਬ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):** ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਫਰੀਦਕੋਟ ਦੇ ਵਿੱਚ 1980 ਤੋਂ ਬੀ.ਐਸ.ਸੀ. ਬਰਿੰਦਰਾ ਕਾਲਜ ਵਿਚ ਚਲ ਰਹੀ ਸੀ ਉਹ ਪਿਛਲੇ ਸਮੇਂ ਦੌਰਾਨ ਬੰਦ ਕਰ ਦਿੱਤੀ ਗਈ ਹੈ, ਉਸ ਦਾ ਲਾਸਟ ਸਾਲ ਚੱਲ ਰਿਹਾ ਹੈ। ਸੋ, ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਨੂੰ ਦੁਬਾਰਾ ਤੋਂ ਚਾਲੂ ਕਰਵਾਇਆ ਜਾਵੇ ਤਾਂ ਉਥੇ ਜਿਹੜੇ ਗਰੀਬ ਘਰਾਂ ਦੇ ਬੱਚੇ 10000 ਰੁਪਏ ਦੀ ਫੀਸ ਨਾਲ ਉਹ ਗਰੀਬ ਬੱਚੇ ਬੀ.ਐਸ.ਸੀ.ਕਰ ਸਕਣ।

**ਮਾਨਯੋਗ ਸਪੀਕਰ:** ਧੰਨਵਾਦ। ਸਰਦਾਰ ਹਰਮੀਤ ਸਿੰਘ ਪਠਾਣ ਮਾਜਰਾ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ (ਸਨੌਰ):** ਧੰਨਵਾਦ ਸਪੀਕਰ ਸਾਹਿਬ। ਮੇਰਾ ਮੰਤਰੀ ਸਾਹਿਬ ਨੂੰ ਸਵਾਲ ਸੀ ਕਿ ਸਾਡੇ ਜਿਹੜੇ ਸੂਇਆਂ ਦੇ ਪਾਣੀ ਛੋਲੇ ਮਸਰਾਂ ਦੇ ਟਾਈਮ ਦੇ, 1970 ਦੇ ਸਮੇਂ ਤੋਂ ਪਹਿਲਾਂ ਦੇ ਹਨ, ਇੱਕ ਤਾਂ ਪਾਣੀ ਵਧਾਏ ਜਾਣ ਤੇ ਜਿਹੜੇ ਕੁਝ ਪੁਲ ਪੱਕੇ ਹੋਏ ਸੀ ਉਹ ਆਪਦੀ ਮਿਆਦ ਤੋਂ ਪਹਿਲਾਂ ਹੀ ਸਾਰੇ ਤਿੜਕ ਗਏ ਹਨ, ਉਨ੍ਹਾਂ ਦੀ ਇਨਕੁਆਰੀ ਕਰਵਾ ਕੇ ਜਿਹੜੇ ਅਫਸਰਾਂ ਨੇ ਉਨ੍ਹਾਂ ਨੂੰ ਗਲਤ ਬਣਾਇਆ ਹੈ ਉਨ੍ਹਾਂ ਉਤੇ ਜ਼ਰੂਰ ਬਣਦੀ ਕਾਰਵਾਈ ਕੀਤੀ ਜਾਵੇ ਤੇ ਸਾਡੇ ਪਾਣੀ ਵਧਾ ਕੇ ਪੱਕੇ ਕਰਵਾਏ ਜਾਣ।

**ਮਾਨਯੋਗ ਸਪੀਕਰ:** ਧੰਨਵਾਦ । ਹਾਂ ਜੀ, ਖਹਿਰਾ ਸਾਹਿਬ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਮੁਹਾਲੀ ਵਿਚ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਬੜੇ ਅਰਸੇ ਤੋਂ ਮੋਰਚਾ ਲੱਗਾ ਹੋਇਆ ਹੈ ਔਰ ਮੈਂ ਇਕੱਲਾ ਬੰਦੀ ਸਿੰਘ ਨਹੀਂ, ਚਾਹੇ ਕੋਈ ਹਿੰਦੂ ਹੈ, ਚਾਹੇ ਕੋਈ ਮੁਸਲਮਾਨ ਹੈ, ਚਾਹੇ ਕੋਈ ਈਸਾਈ ਹੈ, ਜਿਨ੍ਹਾਂ ਨੇ ਆਪਣੀਆਂ ਆਪਣੀਆਂ ਕੈਦਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਜੀ। ਜਦੋਂ ਉਨ੍ਹਾਂ ਦੇ ਨੁਮਾਇੰਦੇ ਆ ਕੇ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਨੂੰ ਚੰਦ ਦਿਨ ਪਹਿਲਾਂ ਮਿਲੇ ਤਾਂ ਇਨ੍ਹਾਂ ਨੇ ਕਿਹਾ ਕਿ ਕਿਉਂਕਿ ਬੰਦੀ ਸਿੰਘ ਪੰਜਾਬ ਨਾਲ ਕੁਨੈਕਟਿਡ ਹਨ, ਲੇਕਿਨ ਪੰਜਾਬ ਦੀਆਂ ਜੇਲ੍ਹਾਂ ਵਿੱਚ ਨਹੀਂ ਹਨ ਤੇ ਉਨ੍ਹਾਂ ਕਿਹਾ ਸੀ ਕਿ ਮੈਂ ਦਿੱਲੀ ਦੀ ਸਰਕਾਰ ਨਾਲ ਅਤੇ ਕਰਨਾਟਕਾ ਦੀ ਸਰਕਾਰ ਨਾਲ ਗੱਲ ਚੁੱਕਾਂਗਾ। ਇਸ ਵਿੱਚ ਦੋ ਇੰਪਾਰਟੈਂਟ ਬੰਦੀ ਸਿੰਘ ਜਿਹੜੇ ਆਪਣੇ ਅਧਿਕਾਰ ਖੇਤਰ ਵਿਚ ਆਉਂਦੇ ਹਨ, ਇੱਕ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ

ਜਿਸ ਦੀ ਛੇ ਵਾਰ ਜਿਹੜਾ sentence review board ਦਿੱਲੀ ਸਰਕਾਰ ਦਾ ਹੈ, ਉਸ ਦੀ ਐਪਲੀਕੇਸ਼ਨ ਰਿਜੈਕਟ ਕਰ ਚੁੱਕਾ ਹੈ, ਉਹ ਤਾਂ ਆਪਣੇ ਬਿਲਕੁਲ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਕੇਜਰੀਵਾਲ ਸਾਹਿਬ ਤੇ ਸਰਦਾਰ ਭਗਵੰਤ ਸਿੰਘ ਮਾਨ ਰੋਜ਼ ਇਕੱਠੇ ਹੁੰਦੇ ਹਨ । ਸਪੀਕਰ ਸਾਹਿਬ, ਉਸ ਦੀ ਸੱਤਵੀਂ ਐਪਲੀਕੇਸ਼ਨ ਕਾਫੀ ਮਹੀਨਿਆਂ ਤੋਂ ਪੈਂਡਿੰਗ ਹੈ । ਦੂਸਰਾ ਹੈ, ਭਾਈ ਗੁਰਮੀਤ ਸਿੰਘ ਇੰਜੀਨੀਅਰ, ਉਹ ਦੋ ਕੇਸਾਂ ਵਿਚ ਇਨਵਾਲਵਡ ਸੀ, ਇੱਕ ਕਰਨਾਟਕਾ ਦੇ ਕੇਸ ਵਿਚ ਰਹਿੰਦਾ ਹੈ ਤੇ ਜਿਹੜਾ ਉਸ ਦਾ ਦਿੱਲੀ ਵਾਲਾ ਕੇਸ ਸੀ ਉਸ ਵਿਚ ਉਸ ਨੂੰ ਆਲਰੇਡੀ ਉਸ ਵਕਤ ਦੀ ਸ਼ੀਲਾ ਦੀਕਸ਼ਤ ਸਰਕਾਰ ਨੇ 2011 ਵਿਚ ਸਜ਼ਾ ਪੂਰੀ ਹੋ ਗਈ ਸੀ, ਰਿਮਿਸ਼ਨ ਦੇ ਚੁੱਕੇ ਹਨ । ਉਸ ਦਾ ਜਿਹੜਾ ਹੁਣ ਵਾਲਾ ਕੇਸ ਹੈ ਉਸ ਵਿੱਚ ਰਿਪੋਰਟ ਆਪਣਾ ਡੀ.ਸੀ. ਪਟਿਆਲਾ ਦਾ ਹੈ ਸਪੀਕਰ ਸਾਹਿਬ, ਦੇਖੋ ਉਹ ਰਿਪੋਰਟ ਉਸ ਦੇ ਉਲਟ ਦੇ ਰਹੇ ਹਨ, ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਆਪਾਂ, ਆਪਣੀ ਸਰਕਾਰ ਦੇ ਡੀ.ਸੀ. ਨੇ ਕੋਰਟ ਵਿੱਚ ਬਿਆਨ ਦਿੱਤਾ ਹੈ । ਉਸ ਦਾ ਕੇਸ ਹਾਈ ਕੋਰਟ ਸੁਣ ਰਿਹਾ ਹੈ । ਮਿਤੀ 31 ਅਕਤੂਬਰ, 2022 ਨੂੰ ਪਟਿਆਲਾ ਡੀ.ਸੀ. ਨੇ ਉਸ ਦੇ ਖਿਲਾਫ ਕਿਹਾ । ਉਸ ਦੀ early release ਬਾਰੇ ਉਥੇ ਜਾ ਕੇ ਕਹਿ ਦਿੱਤਾ ਕਿ ਇਸ ਦੇ ਆਉਣ ਨਾਲ ਮਾਹੌਲ ਖਰਾਬ ਹੋ ਜਾਵੇਗਾ। ਹਾਈ ਕੋਰਟ ਨੇ ਉਸ ਨੂੰ ਫਿਰ ਫਿਟਕਾਰੀ ਲਗਾਈ ਕਿ ਤੇਰੇ ਇਕੱਲੇ ਕਹਿਣ ਉਤੇ ਮਾਹੌਲ ਨਹੀਂ ਖਰਾਬ ਹੋ ਜਾਵੇਗਾ give us some evidenace ਕਿ ਇਸ ਦੇ ਨਾਲ ਮਾਹੌਲ ਖਰਾਬ ਕਿਵੇਂ ਹੋਵੇਗਾ? ਸਪੀਕਰ ਸਾਹਿਬ, ਜਿਹੜਾ ਬੰਦਾ 25 ਸਾਲ ਦਾ ਕੈਦ ਵਿਚ ਹੈ ਔਰ ਇੱਕ ਕੇਸ ਵਿੱਚ ਉਸ ਨੂੰ ਰਿਮਿਸ਼ਨ ਮਿਲ ਚੁੱਕੀ ਹੈ, ਉਸ ਦੇ ਆਉਣ ਨਾਲ ਕਿੰਨਾ ਕੁ ਮਾਹੌਲ ਪੰਜਾਬ ਵਿਚ ਖਰਾਬ ਹੋ ਜਾਵੇਗਾ? ਸੋ, ਸਪੀਕਰ ਸਾਹਿਬ, ਮੇਰੀ ਤੁਹਾਨੂੰ ਫਰਿਆਦ ਹੈ ਕਿ ਚੀਫ ਮਨਿਸਟਰ ਸਾਹਿਬ ਜ਼ਰੀਏ, ਵੈਸੇ ਤਾਂ ਅਸੂਲਨ ਇਸ ਦੇ ਬਾਰੇ ਹਾਊਸ ਵਿਚ ਮਤਾ ਬਣਦਾ ਹੈ, ਸਾਰੀਆਂ ਪਾਰਟੀਆਂ ਨੂੰ ਬੰਦੀ ਸਿੰਘਾਂ ਦੀ, ਹਿੰਦੂ ਕੈਦੀਆਂ ਦੀ, ਕ੍ਰਿਸਚੀਅਨਜ਼ ਦੀ, ਮੁਸਲਮਾਨਾਂ ਦੀ ਜਿਹੜੇ ਸਜ਼ਾਵਾਂ ਪਾਸ ਕਰ ਚੁੱਕੇ ਹਨ we must pass a resolution and send it to the Government of India. It is gross injustice to these people. ਧੰਨਵਾਦ ।

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ) :** ਧੰਨਵਾਦ ਸਪੀਕਰ ਸਾਹਿਬ। ਮੈਂ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦਾ ਬੜਾ ਗੰਭੀਰ ਮੁੱਦਾ ਹੈ, ਸਾਡਾ ਪੰਜਾਬ ਗੁਰੂਆਂ ਦੇ ਨਾਂ ਉਤੇ ਵੱਸਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਈਂ ਮੀਆਂ ਮੀਰ ਜੀ ਨੇ ਵੀ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰੱਖਿਆ ਸੀ। ਸਾਡਾ ਕ੍ਰਿਸੀਅਚਨ ਅਤੇ ਮੁਸਲਮਾਨ ਭਾਈਚਾਰੇ ਦਾ ਨਹੁੰ ਮਾਸ ਰਿਸ਼ਤਾ ਹੈ।

ਬ.ਕ./ਐਮ./11.3.23/11.20

ਬੜੇ ਅਫਸੋਸ ਦੀ ਗੱਲ ਹੈ ਕਿ ਮੇਰੇ ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿੱਚ ਇਨ੍ਹਾਂ ਦੀਆਂ ਕਬਰਾਂ ਦਾ ਬੜਾ ਵੱਡਾ ਇਸ਼ੂ ਹੈ। ਮੈਂ ਤੁਹਾਨੂੰ ਫੋਟੋਆਂ ਦਿਖਾਉਣਾ ਚਾਹੁੰਦਾ ਹਾਂ। 10-10 ਮਰਲੇ ਵਿੱਚ ਇਨ੍ਹਾਂ ਦੀਆਂ ਕਬਰਾਂ ਬਣੀਆਂ ਹੋਈਆਂ ਹਨ ਅਤੇ ਜਦੋਂ ਵੀ ਇਨ੍ਹਾਂ ਦੇ ਪਰਿਵਾਰ ਵਿਚੋਂ ਕੋਈ ਜੀਅ ਚਲਾ ਜਾਂਦਾ ਹੈ, ਅਕਸਰ ਕਈ ਵਾਰ ਹੋਇਆ ਹੈ ਕਿ ਜਦੋਂ ਵੀ ਮਿੱਟੀ ਪੁੱਟਦੇ ਹਨ ਤਾਂ ਥੱਲਿਓਂ ਕੋਈ ਨਾ ਕੋਈ ਕੰਕਾਲ ਜਾਂ ਸਰੀਰ ਨਿਕਲ ਆਉਂਦਾ ਹੈ। ਪੰਜਾਬ ਵਿੱਚ ਸਰਦਾਰ ਭਗਵੰਤ ਮਾਨ ਜੀ ਨੇ ਵੱਡੇ ਵੱਡੇ ਮੁੱਦਿਆਂ ਦੇ ਹੱਲ ਕੀਤੇ ਹਨ। ਸੋ, ਸਾਡੇ ਇਸ ਭਾਈਚਾਰੇ ਨੂੰ ਵੀ ਸਾਡੇ ਮੁੱਖ ਮੰਤਰੀ ਜੀ ਤੋਂ ਬਹੁਤ ਆਸ ਹੈ। ਇਹ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਓਂ, ਐਸ.ਸੀ)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰਾ ਏਰੀਆ ਸਤਲੁਜ ਦੇ ਆਸ-ਪਾਸ ਹੈ। ਉਥੇ SK range ਦੀ 3600 ਏਕੜ ਜਗ੍ਹਾ ਹੈ, ਜਿਹੜੀ ਏਅਰਫੋਰਸ ਦੇ ਅੰਡਰ ਹੈ। ਉਥੇ ਉਹ ਬੰਬਾਰੀ ਵਗੈਰਾ ਕਰਦੇ ਹਨ ਪਰੰਤੂ ਅੱਜਕਲ੍ਹ ਉਥੇ ਜੰਗਲੀ ਸੂਰ ਬਹੁਤ ਜ਼ਿਆਦਾ ਹੋ ਗਏ ਹਨ ਜਿਨ੍ਹਾਂ ਕਾਰਨ ਆਸ-ਪਾਸ ਦਾ ਇਲਾਕਾ, ਮੇਰਾ ਅਤੇ ਦਾਖਾ ਪਿੰਡ, ਪੂਰਾ ਪ੍ਰਭਾਵਿਤ ਹੁੰਦਾ ਹੈ। ਉਹ ਸਾਡੀਆਂ ਸਾਰੀਆਂ ਫਸਲਾਂ ਤਬਾਹ ਕਰ ਜਾਂਦੇ ਹਨ। ਜਾਨ-ਮਾਲ ਦਾ ਨੁਕਸਾਨ ਕਰਦੇ ਹਨ। ਸੋ, ਮੇਰੀ ਕਿਰਪਾ ਕਰਕੇ ਹਾਊਸ ਨੂੰ ਬੇਨਤੀ ਹੈ ਕਿ ਇਸ ਤੇ ਜਲਦੀ ਤੋਂ ਜਲਦੀ ਐਕਸ਼ਨ ਲਿਆ ਜਾਵੇ। ਇਸ ਨਾਲ ਕਾਫੀ ਸਾਰੇ ਪਿੰਡ ਪ੍ਰਭਾਵਿਤ ਹੁੰਦੇ ਹਨ ਅਤੇ ਉਥੋਂ ਦੇ ਲੋਕਾਂ ਨੂੰ ਖਤਰਾ ਬਣਿਆ ਹੋਇਆ ਹੈ। ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ)** : ਸਪੀਕਰ ਸਾਹਿਬ, ਮੇਰੇ ਹਲਕੇ ਦਾ ਪਿੰਡ ਹੈ ਸੈਦੋਕੇ ਹੈ, ਜਿੱਥੇ ਲੜਕੀਆਂ ਦਾ ਸਕੂਲ ਹੈ, ਇਸ ਦੀ ਬੜੀ ਖੂਬਸੂਰਤ ਇਮਾਰਤ ਹੈ। ਇਸ ਦੇ ਨਾਲ ਹੀ ਇਕ ਲੜਕਿਆਂ ਦਾ ਸਕੂਲ ਸ਼ਾਹਵਾਲੀ ਵਿੱਚ ਹੈ। ਸਪੀਕਰ ਸਾਹਿਬ, ਲੜਕੀਆਂ ਦਾ ਸਕੂਲ ਬੰਦ ਹੋਣ ਕਰਕੇ ਲੜਕਿਆਂ ਦੇ ਸਕੂਲ ਵਿੱਚ ਲੜਕੀਆਂ ਨੂੰ ਜਾਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸ਼ਾਹਵਾਲੀ ਸਕੂਲ ਦਾ 3-4 ਕਿਲੋਮੀਟਰ ਦਾ ਵਕਫਾ ਪੈਂਦਾ ਹੈ। ਇਸ ਲਈ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਚਾਹੁੰਦੇ ਹਨ ਕਿ ਜਿਹੜਾ ਲੜਕੀਆਂ ਦਾ ਪਹਿਲਾਂ ਵਾਲੀ ਜਗ੍ਹਾ ਸਕੂਲ ਚਲਦਾ ਸੀ, ਇਸ ਦੀ ਇਮਾਰਤ ਵੀ ਬਹੁਤ ਵਧੀਆ ਹੈ, ਉਸੀ ਸਕੂਲ ਨੂੰ ਮੁੜ ਚਾਲੂ ਕੀਤਾ ਜਾਵੇ ਕਿ ਜੋ ਲੜਕੀਆਂ ਨੂੰ ਦੂਰ ਜਾਣਾ ਪੈਂਦਾ ਹੈ ਅਤੇ ਕਈ ਲੜਕੀਆਂ ਕੋਲ ਸਾਈਕਲ ਵੀ ਨਹੀਂ ਹਨ।

**Mr. Speaker** : Thank you.

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਇਹ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਹਨ। ਮੈਂ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਸ ਬਾਰੇ ਜ਼ਰੂਰ ਕੁਝ ਕਹਿਣ।

**Mr. Speaker** : Thank you.

**ਸ਼੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)** : ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਇਕ ਅਹਿਮ ਮੁੱਦਾ ਐਨ.ਓ.ਸੀ ਰੱਖਣਾ ਚਾਹੁੰਦਾ ਹਾਂ। ਮੈਂ ਮੁੱਖ ਮੰਤਰੀ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪਿੰਡਾਂ ਦੀ ਐਗਰੀਕਲਚਰਲ ਲੈਂਡ ਤੋਂ ਐਨ.ਓ.ਸੀ ਹਟਾਈ ਹੈ। ਅਜਿਹਾ ਹੀ ਮੁੱਦਾ ਸ਼ਹਿਰਾਂ ਵਿੱਚ ਵੀ ਪ੍ਰਚਲਿਤ ਹੈ ਜਿਸ ਨੂੰ ਤਿੰਨ ਮਹਿਕਮੇ ਡੀਲ ਕਰ ਰਹੇ ਹਨ, ਚਾਹੇ ਉਹ ਮਾਨਯੋਗ ਮੰਤਰੀ ਸ਼੍ਰੀ ਅਮਨ ਅਰੋੜਾ ਜੀ, ਸ਼੍ਰੀ ਬ੍ਰਮ ਸ਼ੰਕਰ ਜਿੰਪਾ ਜੀ, ਸਰਦਾਰ ਇੰਦਰਬੀਰ ਸਿੰਘ ਨਿੱਜਰ ਸਾਹਿਬ ਹਨ, ਤਿੰਨੋਂ ਮੰਤਰੀਆਂ ਦੇ ਮਹਿਕਮੇ ਇਸ ਬਾਰੇ ਸੀਰੀਅਸਲੀ ਲੱਗੇ ਹੋਏ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਐਨ.ਓ.ਸੀ ਦੇ ਮੁੱਦੇ ਵਿੱਚ ਪਾਵਰ ਦਾ, ਬਿਜਲੀ ਦਾ ਮਹਿਕਮਾ ਮਾਨਯੋਗ ਮੰਤਰੀ ਸਰਦਾਰ ਹਰਭਜਨ ਸਿੰਘ ਈ.ਟੀ.ਓ ਸਾਹਿਬ ਦਾ ਵੀ ਹੈ। ਸ਼ਹਿਰ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਵੀ ਅਨਆਥੋਰਾਈਜ਼ਡ ਕਲੋਨੀਆਂ ਕੱਟੀਆਂ ਗਈਆਂ ਹਨ। ਮੇਰੇ ਹਲਕੇ ਵਿੱਚ ਵੀ ਅਤੇ ਗਿੱਲ ਸਾਹਿਬ ਦੇ ਹਲਕੇ ਵਿੱਚ ਵੀ ਕਾਫੀ ਕਲੋਨੀਆਂ ਕੱਟੀਆਂ ਗਈਆਂ ਹਨ, ਜਿਨ੍ਹਾਂ ਵਿੱਚ 50 ਗਜ਼ ਅਤੇ 100 ਗਜ਼ ਦੇ ਪਲਾਟ ਹਨ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਐਨ.ਓ.ਸੀ ਦਾ ਮਸਲਾ ਹੈ, ਉਸ ਨਾਲ ਪਾਵਰ ਮਹਿਕਮਾ, ਬਿਜਲੀ ਮਹਿਕਮਾ ਅਟੈਚ ਕੀਤਾ ਹੋਇਆ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹਾਂਗਾ ਕਿ ਤੁਸੀਂ ਇਕ ਹੁਕਮ ਕਰੋ ਕਿ ਜਿਹੜਾ ਐਨ.ਓ.ਸੀ ਨਾਲ ਪਾਵਰ ਦਾ ਮਹਿਕਮਾ ਜੋੜਿਆ ਹੋਇਆ ਹੈ, ਜਿਹੜੀਆਂ ਸ਼ਹਿਰਾਂ ਦੀਆਂ ਕਲੋਨੀਆਂ ਵਿੱਚ 100 ਗਜ਼ ਦੇ ਜਾਂ 50 ਗਜ਼ ਦੇ ਪਲਾਟ ਹਨ, ਉਨ੍ਹਾਂ ਨੂੰ ਮੀਟਰ ਵਾਸਤੇ ਬਹੁਤ ਦਿੱਕਤ ਆ ਰਹੀ ਹੈ। ਸਾਡੀ ਸਰਕਾਰ ਦਾ ਵਾਅਦਾ ਸੀ ਕਿ ਅਸੀਂ ਇਨ੍ਹਾਂ ਤੋਂ ਐਨ.ਓ.ਸੀ ਹਟਾਵਾਂਗੇ। ਮੇਰੀ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਪਾਵਰ ਮਹਿਕਮੇ ਨੂੰ ਕਹਿ ਕੇ ਐਨ.ਓ.ਸੀ ਤੋਂ ਪਾਵਰ ਮਹਿਕਮੇ ਦੀਆਂ ਕੰਡੀਸ਼ਨਾਂ ਹਟਾਈਆਂ ਜਾਣ। ਧੰਨਵਾਦ ਜੀ।

**ਮਾਨਯੋਗ ਸਪੀਕਰ** : ਹਾਂ ਜੀ, ਕੁੰਵਰ ਵਿਜੇ ਪ੍ਰਤਾਪ ਜੀ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਸਪੀਕਰ ਸਾਹਿਬ, ਇਕ ਬਹੁਤ ਅਹਿਮ ਮਸਲਾ ਹੈ।

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ (ਸ਼੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਮੈਂ ਜਵਾਬ ਦੇ ਸਕਦਾ ਹਾਂ।

**ਮਾਨਯੋਗ ਸਪੀਕਰ** : ਜ਼ੀਰੋ ਆਵਰ ਵਿੱਚ ਜ਼ਰੂਰਤ ਨਹੀਂ ਹੈ ਜੀ।

**ਮੰਤਰੀ** : ਸਪੀਕਰ ਸਾਹਿਬ, ਜੇਕਰ ਕਹਿੰਦੇ ਹੋ ਤਾਂ ਮੈਂ ਜਵਾਬ ਦੇ ਦਿੰਦਾ ਹਾਂ।

**ਮਾਨਯੋਗ ਸਪੀਕਰ** : ਕੁੰਵਰ ਜੀ, ਇਕ ਮਿੰਟ। ਅਮਨ ਜੀ ਕੁਝ ਕਹਿਣਾ ਚਾਹੁੰਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਇੰਪਾਰਟੈਂਟ ਇਸ਼ੂ ਚੁੱਕਿਆ ਹੈ। ਇਹ ਇਕੱਲਾ ਇਨ੍ਹਾਂ ਦੇ ਹਲਕੇ ਦਾ ਨਹੀਂ ਹੈ। ਪਿਛਲੇ ਇਕ ਸਾਲ ਤੋਂ ਐਨ.ਓ.ਸੀਜ਼ ਦਾ ਕਾਫੀ ਲੰਬਾ ਇਸ਼ੂ ਚੱਲ ਰਿਹਾ ਹੈ ਅਤੇ ਇਹ ਕਾਫੀ ਉਲਝਿਆ ਹੋਇਆ ਇਸ਼ੂ ਹੈ। ਇਸ ਦੀ ਬੈਕ ਗਰਾਊਂਡ ਇਹ ਹੈ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ 14,000 ਅਨਆਥੋਰਾਈਜ਼ਡ ਕਲੋਨੀਆਂ ਡਿਵੈਲਪ ਹੋ ਗਈਆਂ ਹਨ। ਜਿਸ ਕਾਰਨ ਅਰਬਨ ਜੰਗਲ ਦੀ ਮਸ਼ਰੂਮਿੰਗ ਹੋ ਗਈ ਹੈ ਅਤੇ ਇਸ ਨੂੰ ਅਸੀਂ sort out ਕਰਨ ਲੱਗੇ ਹੋਏ ਹਾਂ। ਜਦੋਂ ਭਗਵੰਤ ਮਾਨ ਜੀ ਦੀ ਸਰਕਾਰ ਬਣੀ ਹੈ, ਉਦੋਂ 4 ਅਪ੍ਰੈਲ ਨੂੰ ਹਾਈਕੋਰਟ ਵਿੱਚ ਇਕ ਕੇਸ ਹੋਇਆ ਸੀ, ਜਿਸ ਵਿੱਚ ਹਾਈਕੋਰਟ ਨੇ ਕਿਹਾ ਹੈ ਕਿ ਤੁਸੀਂ ਇਕ ਪਾਸੇ ਤਾਂ 1995 ਦਾ ਪਾਪਰਾ ਐਕਟ ਬਣਾ ਰੱਖਿਆ ਹੈ ਅਤੇ ਉਸ ਤੋਂ ਬਾਅਦ ਸਾਲ 2013, 2016 ਅਤੇ 2018 ਵਿੱਚ ਰੈਗੂਲੇਰਾਈਜ਼ੇਸ਼ਨ ਪਾਲਿਸੀ ਲਿਆ ਕੇ ਤੁਸੀਂ ਆਪਣੇ ਪਾਪਰਾ ਐਕਟ ਦੀਆਂ ਧੱਜੀਆਂ ਉਡਾਈ ਜਾ ਰਹੇ ਹੋ। ਤੁਸੀਂ ਇਸ ਨੂੰ ਖਤਮ ਕਿਉਂ ਨਹੀਂ ਕਰ ਦਿੰਦੇ। ਸਰ, ਜਿਸ ਕਾਰਨ ਐਨ.ਓ.ਸੀ ਦੀ ਪਾਲਿਸੀ ਇਨਕਾਰਪੋਰੇਟ ਕੀਤੀ ਗਈ। ਹੁਣ ਇਸ ਮਸਲੇ ਨੂੰ ਹੱਲ ਕਰਨ ਲਈ ਅਸੀਂ ਦੋ ਫੇਜ਼ਿਜ਼ ਕੰਪਲੀਟ ਕਰ ਚੁੱਕੇ ਹਾਂ। ਜਿਸ ਅਧੀਨ ਇਕ ਆਨਲਾਈਨ ਪੋਰਟਲ ਚਾਲੂ ਹੋ ਗਿਆ ਹੈ, ਜਿਸ ਤੇ ਤੁਸੀਂ ਆਪਣੇ ਡਾਕੂਮੈਂਟਸ ਅਪਲੋਡ ਕਰ ਅਤੇ ਵਿਦਇਨ 15 ਡੇਅਜ਼ ਐਨ.ਓ.ਸੀ ਮਿਲ ਜਾਂਦਾ ਹੈ। ਦੂਜਾ, ਸੈਕਿੰਡ ਫੇਜ਼ ਵਿੱਚ 5773 ਪਿੰਡ, ਜਿਨ੍ਹਾਂ ਵਿੱਚ ਇਲਲੀਗਲ ਕਲੋਨੀਆਂ ਨਹੀਂ ਬਣੀਆਂ ਜਾਂ ਬਣਨ ਦੇ ਚਾਂਸ ਨਹੀਂ ਹਨ, ਉਨ੍ਹਾਂ ਨੂੰ ਐਗਜ਼ੰਪਟ ਕਰ ਚੁੱਕੇ ਹਾਂ। ਸਰ, ਬਾਕੀ ਪੰਜਾਬ ਜਿਹੜਾ ਰਹਿੰਦਾ ਹੈ, ਚਾਹੇ ਉਹ ਪਿੰਡ ਹਨ ਜਾਂ ਸ਼ਹਿਰ ਹਨ, ਇਸ ਵਾਸਤੇ ਪਾਲਿਸੀ ਬਣ ਚੁੱਕੀ ਹੈ।

KK MS 11.3.2023 11.25

ਮੈਂ ਵੀ ਅਤੇ ਸੀ.ਐਮ. ਸਾਹਿਬ ਨੇ ਉਸ ਦਿਨ ਵੀ ਦੱਸਿਆ ਸੀ ਕਿ maximum within a week or 10 days ਉਹ ਪਾਲਿਸੀ ਵੀ ਆ ਜਾਵੇਗੀ ਅਤੇ ਇਹ ਇਸ ਨਾਲ ਸਾਰੇ ਪੰਜਾਬ ਦਾ ਇਹ ਮਸਲਾ ਹੱਲ ਹੋ ਜਾਵੇਗਾ। (ਥੰਪਿੰਗ) ਸਪੀਕਰ ਸਾਹਿਬ, ਮੈਂ ਇੱਕ ਚੀਜ਼ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਸ ਦੇ ਨਾਲ ਨਾਲ ਅੱਗੇ ਵਾਸਤੇ ਕਿਰਪਾ ਕਰਕੇ ਕੋਈ ਵੀ ਇਲਲੀਗਲ ਕਲੋਨੀ ਪੰਜਾਬ ਵਿੱਚ ਕੱਟਣ ਦੀ ਕੋਸ਼ਿਸ਼ ਨਾ ਕਰੇ। ਲੀਗਲ ਕਲੋਨੀਆਂ ਵਾਸਤੇ ਅਸੀਂ ਇੰਨਾ ਕੁ ਸੁਖਾਲਾ ਕੰਮ ਕਰ ਦਿੱਤਾ ਹੈ ਕਿ ਅਫੋਰਡੇਬਲ ਦੇ ਵਿੱਚ 50% ਰੇਟ ਕਰ ਦਿੱਤੇ ਹਨ ਅਤੇ

ਸਾਰੀਆਂ ਪਾਵਰਜ਼ ਡੀਸੈਂਟਰੇਲਾਈਜ਼ ਕਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਨੂੰ ਤੇ ਪੂਰੇ ਪੰਜਾਬ ਨੂੰ ਇੱਕ ਹੋਰ ਖੁਸ਼ਖਬਰੀ ਦੱਸਣੀ ਚਾਹੁੰਦਾ ਹਾਂ ਕਿ ਜੋ ਪਿਛਲੇ ਲੰਬੇ ਸਮੇਂ ਦੇ ਵਿੱਚ ਸੀ.ਐਲ.ਯੂ. ਦੇ ਕਰਕੇ ਲੋਕਾਂ ਨੂੰ ਸਾਲ-ਸਾਲ ਡੇਢ-ਡੇਢ ਸਾਲ ਲਈ ਖੱਜਲ ਖੁਆਰੀ ਹੁੰਦੀ ਸੀ, ਅਸੀਂ ਇਸ ਸਬੰਧੀ ਸਾਰਾ ਪ੍ਰੋਸੈਸ ਹੀ eliminate ਕਰ ਦਿੱਤਾ ਹੈ, ਮਾਨ ਸਾਹਿਬ ਨੇ ਪਿਛਲੇ ਦਿਨਾਂ ਵਿੱਚ ਇਸ ਬਾਰੇ ਅਪਰੂਵਲ ਦਿੱਤੀ ਹੈ ਜਿਸ ਦੇ ਵਿੱਚ ਜਿਸ ਕੰਮ ਨੂੰ ਡੇਢ ਸਾਲ ਦਾ ਸਮਾਂ ਲੱਗ ਜਾਂਦਾ ਸੀ, ਹੁਣ ਅਸੀਂ ਇੱਕ ਐਪਲੀਕੇਸ਼ਨ ਲਿਆ ਕਰਾਂਗੇ। ਉਸੇ ਦੇ ਵਿੱਚ ਹੀ ਸਾਰੇ ਡਾਕੂਮੈਂਟਸ ਪੂਰੇ ਲਿਆ ਕਰਾਂਗੇ। ਭਾਵ ਸੀ.ਐਲ.ਯੂ., ਲੇਅ ਆਊਟ ਪਲਾਨ, ਬਿਲਡਿੰਗ ਪਲਾਨ, licence to Colony, ਸਬੰਧਿਤ ਵਿਅਕਤੀ ਇੱਕ ਵਾਰੀ ਚੈੱਕ ਲਿਸਟ ਦੇ ਨਾਲ ਸਾਡੇ ਡਿਪਾਰਟਮੈਂਟ ਨੂੰ ਸਾਰੇ ਡਾਕੂਮੈਂਟਸ ਸਬਮਿਟ ਕਰ ਦੇਵੇਗਾ ਅਤੇ ਡੇਢ ਤੋਂ ਦੋ ਮਹੀਨੇ ਦੇ ਵਿੱਚ-ਵਿੱਚ ਅਸੀਂ ਆਪਣਾ ਪ੍ਰੋਸੈਸ ਪੂਰਾ ਕਰਕੇ ਔਰ ਬਾਕੀ 8 ਡਿਪਾਰਟਮੈਂਟਸ ਦਾ, ਜਿਵੇਂ ਇਨ੍ਹਾਂ ਨੇ ਬਿਜਲੀ ਦੀ ਗੱਲ ਕੀਤੀ ਹੈ, ਚਾਹੇ ਉਹ ਬਿਜਲੀ ਬੋਰਡ ਹੈ, ਚਾਹੇ ਪਲਿਊਸ਼ਨ ਕੰਟਰੋਲ ਬੋਰਡ ਹੈ, ਚਾਹੇ ਉਹ ਫੋਰੈਸਟ ਵਿਭਾਗ ਹੈ, ਚਾਹੇ ਪੀ.ਡਬਲਿਊ.ਡੀ. ਹੈ, ਉਨ੍ਹਾਂ ਸਾਰਿਆਂ ਤੋਂ ਐਨ.ਓ.ਸੀਜ਼ ਲੈ ਕੇ ਅਸੀਂ ਡੇਢ ਤੋਂ ਦੋ ਮਹੀਨੇ ਦੇ ਵਿੱਚ ਪ੍ਰੋਸੈਸ ਪੂਰਾ ਕਰਕੇ ਉਸ ਵਿਅਕਤੀ ਨੂੰ ਦੋ ਮਹੀਨੇ ਦੇ ਵਿੱਚ-ਵਿੱਚ ਦੇ ਦਿਆ ਕਰਾਂਗੇ ਤਾਂ ਉਸ ਨੂੰ ਹੋਰ ਕਿਸੇ ਵੀ ਮਹਿਕਮੇ ਵਿੱਚ ਖੱਜਲ ਖੁਆਰ ਨਾ ਹੋਣਾ ਪਵੇ। ਸਰ, ਅਸੀਂ ਸਿਸਟਮ ਨੂੰ ਬੜਾ ਸਟਰੀਮਲਾਈਨ ਕਰਨ ਲੱਗੇ ਹਾਂ। Thank you so much ji.

**ਮਾਨਯੋਗ ਸਪੀਕਰ:** ਧੰਨਵਾਦ ਜੀ। ਤੁਸੀਂ ਇਹ ਹਾਊਸ ਨੂੰ ਪਹਿਲਾਂ ਵੀ ਦੱਸ ਚੁੱਕੇ ਹੋ। ਥੈਂਕਿਊ ਜੀ।

**ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਮਾਨਯੋਗ ਸਪੀਕਰ ਸਾਹਿਬ, ਮੇਰਾ ਬਹੁਤ ਹੀ ਇੰਪਾਰਟੈਂਟ ਮਸਲਾ ਹੈ। ਸ੍ਰੀ ਅੰਮ੍ਰਿਤਸਰ ਉੱਤਰੀ ਹਲਕੇ ਵਿੱਚ ਹੁਸੈਨਪੁਰਾ ਇੱਕ ਲੋਕੈਲਿਟੀ ਹੈ, ਜੋ ਕਿ ਬੱਸ ਸਟੈਂਡ ਦੇ ਨਜਦੀਕ ਹੈ। ਉਥੇ ਬਹੁਤ ਚਿਰ ਤੋਂ ਸੀਵਰੇਜ ਦਾ ਪਾਣੀ ਓਵਰ ਫਲੋਅ ਕਰ ਰਿਹਾ ਹੈ। ਕਾਰਪੋਰੇਸ਼ਨ ਨੂੰ ਇਸ ਬਾਰੇ ਕਿਹਾ ਜਾਂਦਾ ਹੈ ਲੇਕਿਨ ਉਹ ਕੁਝ ਕੁ ਥੋੜ੍ਹਾ ਥੋੜ੍ਹਾ ਕੰਮ ਤਾਂ ਕਰ ਦਿੰਦੇ ਹਨ। ਮੇਰੀ ਇਹੀ ਬੇਨਤੀ ਹੈ ਕਿ ਮਿਊਂਸਿਪਲ ਕਾਰਪੋਰੇਸ਼ਨ ਨੂੰ ਕਹਿ ਕੇ ਮਾਨਯੋਗ ਮੰਤਰੀ ਸਾਹਿਬ ਕੋਈ ਇਸ ਤਰ੍ਹਾਂ ਦਾ ਉਪਾਅ ਕੀਤਾ ਜਾਵੇ, ਕਿਉਂਕਿ ਜੋ ਪੀਣ ਵਾਲਾ ਅਤੇ ਸੀਵਰੇਜ ਵਾਲਾ ਪਾਣੀ ਹੈ, ਉਹ ਉਥੇ ਮਿਕਸ ਹੋ ਕੇ ਆ ਰਿਹਾ ਹੈ। ਮੈਨੂੰ ਅੱਜ ਵੀ ਉਥੇ ਦੀਆਂ ਕਈ ਲੇਡੀਜ ਦਾ ਫੋਨ ਆਇਆ ਹੈ ਕਿ ਉਹ ਆਪਣੇ ਘਰਾਂ ਦੇ ਬਾਹਰ ਖੜ੍ਹੇ ਹਨ, ਮਤਲਬ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਕਰਕੇ ਹੁਸੈਨਪੁਰਾ ਏਰੀਏ ਦੇ ਸੀਵਰੇਜ ਦਾ ਕੰਮ ਠੀਕ ਕਰਵਾਇਆ ਜਾਵੇ। ਇਸ ਦੇ ਨਾਲ ਹੀ ਬਾਬਾ ਦੀਪ ਸਿੰਘ ਕਲੋਨੀ ਹੈ, ਵੈਸੇ ਉਹ ਪੰਚਾਇਤ ਦਾ ਏਰੀਆ ਹੈ, ਪੰਚਾਇਤ ਰਾਮ ਨਗਰ ਕਲੋਨੀ ਵੀ ਹੈ, ਪ੍ਰੀਤ ਨਗਰ ਵੀ ਹੈ, ਦਿਆਨੰਦ ਨਗਰ ਵੀ ਹੈ, ਉਹ ਪੰਚਾਇਤ ਦੇ ਏਰੀਏ ਵਿੱਚ ਹਨ ਲੇਕਿਨ ਉਹ ਏਰੀਆ ਸ਼ਹਿਰ ਦੇ ਵਿੱਚ ਆ ਗਿਆ ਹੈ ਪਰ ਉਥੇ ਨਾ ਤਾਂ ਪੰਚਾਇਤ ਵਾਲੇ ਕੰਮ

ਕਰਵਾਉਂਦੇ ਹਨ ਅਤੇ ਨਾ ਹੀ ਕੋਈ ਬੀ.ਡੀ.ਪੀ.ਓ. ਕੰਮ ਕਰਵਾਉਂਦਾ ਹੈ ਅਤੇ ਨਾ ਹੀ ਕਾਰਪੋਰੇਸ਼ਨ ਵਾਲੇ ਕੰਮ ਕਰਵਾਉਂਦੇ ਹਨ। ਇਸ ਕਰਕੇ ਉਥੇ ਸੀਵਰੇਜ਼ ਦਾ ਕੰਮ ਬਹੁਤ ਜ਼ਿਆਦਾ ਖਰਾਬ ਹੋ ਗਿਆ ਹੈ। ਸਰ, ਇਸ ਸਬੰਧ ਵਿੱਚ ਸੰਜੀਦਗੀ ਦੇ ਨਾਲ ਕੋਈ ਕਦਮ ਉਠਾਇਆ ਜਾਵੇ ਜੀ। Thank you very much ji.

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ) :** ਮਾਨਯੋਗ ਸਪੀਕਰ , ਧੰਨਵਾਦ ਜੀ। ਮੈਂ ਤੁਹਾਡੇ ਮਾਧਿਅਮ ਰਾਹੀਂ ਸਦਨ ਦੇ ਵਿੱਚ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਰੱਖ ਰਹੀ ਹਾਂ ਕਿ ਭਾਰਤ ਸਰਕਾਰ ਵੱਲੋਂ ਇੱਕ ਧਾਰਮਿਕ ਘੱਟ ਗਿਣਤੀ ਵਿਦਿਆਰਥੀਆਂ ਨੂੰ ਪਹਿਲੀ ਤੋਂ ਦਸਵੀਂ ਜਮਾਤ ਤੱਕ ਸਕਾਲਰਸ਼ਿਪ ਦਿੱਤੀ ਜਾਂਦੀ ਸੀ। ਇਹ ਸਕਾਲਰਸ਼ਿਪ ਸਾਲ 2022 ਤੱਕ ਬਿਲਕੁਲ ਰੈਗੂਲਰ ਆ ਰਹੀ ਸੀ। ਸਾਲ 2022-23 ਲਈ ਸਕਾਲਰਸ਼ਿਪ ਵਾਸਤੇ ਅਪਰੂਵਲ ਪੋਰਟਲ ਦੇ ਉਤੇ ਸਕੂਲਾਂ ਨੇ ਤਕਰੀਬਨ 6 ਲੱਖ ਅਰਜ਼ੀਆਂ ਅਪਰੂਵ ਕਰਕੇ ਪਾਈਆਂ ਹਨ। ਉਸ ਪੋਰਟਲ ਦੇ ਉਤੇ 30 ਨਵੰਬਰ ਤੱਕ ਦੀ ਡੇਟ ਸੀ ਪ੍ਰੰਤੂ 26 ਨਵੰਬਰ ਨੂੰ ਅਚਾਨਕ ਉਸ ਪੋਰਟਲ ਦੇ ਉੱਤੇ ਇੱਕ ਆਰ.ਟੀ.ਆਈ. ਦਾ ਹਵਾਲਾ ਦਿੰਦੇ ਹੋਏ, ਇਹ ਕਹਿ ਕੇ, ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੀਆਂ ਧਾਰਮਿਕ ਘੱਟ ਗਿਣਤੀਆਂ ਦਾ ਵਜ਼ੀਫਾ ਮੁੱਢੋਂ ਹੀ ਰੱਦ ਕਰ ਦਿੱਤਾ ਜਾਂਦਾ ਹੈ ਔਰ ਕਹਿੰਦੇ ਹਨ ਕਿ ਹਦਾਇਤ ਮਿਲੀ ਹੈ ਕਿ ਸਿਰਫ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਧਾਰਮਿਕ ਘੱਟ ਗਿਣਤੀਆਂ ਤਹਿਤ ਵਜ਼ੀਫਾ ਮਿਲੇਗਾ। ਇੱਥੇ ਹੀ ਬੱਸ ਨਹੀਂ, ਜਿਹੜਾ ਧਾਰਮਿਕ ਘੱਟ ਗਿਣਤੀਆਂ ਨੂੰ ਮੌਲਾਨਾ ਅਜ਼ਾਦ ਸਕੀਮ ਦੇ ਤਹਿਤ ਜਿਹੜਾ ਵਜ਼ੀਫਾ, ਮੈਟ੍ਰਿਕ ਤੋਂ ਬਾਅਦ ਜੋ ਉਚੇਰੀ ਸਿੱਖਿਆ ਵਾਸਤੇ ਮਿਲਦਾ ਸੀ, ਉਹ ਵੀ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਮੈਂ ਮਾਨਯੋਗ ਸਮਾਜਿਕ ਸੁਰੱਖਿਆ ਮੰਤਰੀ ਜੀ ਨੂੰ ਇਹ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਕੀ ਉਹ ਇਸ ਮਸਲੇ ਨੂੰ ਕੇਂਦਰ ਸਰਕਾਰ ਦੇ ਨਾਲ ਟੇਕਅੱਪ ਕਰਨਗੇ, ਕਿਉਂਕਿ ਚਾਰ ਲੱਖ ਬੱਚਿਆਂ ਦੇ ਫਿਊਚਰ ਦਾ ਇਹ ਸਵਾਲ ਹੈ, ਗਰੀਬੀ ਰੇਖਾ ਤੋਂ ਹੇਠਲੇ ਗਰੀਬ ਲੋਕਾਂ ਨੂੰ ਇਹ ਸਕਾਲਰਸ਼ਿਪ ਮਿਲਦੀ ਸੀ, ਕਿਰਪਾ ਕਰਕੇ ਇਸ ਦੇ ਸਬੰਧ ਵਿੱਚ ਸੈਂਟਰ ਗੌਰਮਿੰਟ ਦੇ ਨਾਲ ਜ਼ਰੂਰ ਤਾਲਮੇਲ ਕੀਤਾ ਜਾਵੇ। ਧੰਨਵਾਦ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਟਰਾਂਸਪੋਰਟ ਡਿਪਾਰਟਮੈਂਟ ਅਤੇ ਬੱਸਾਂ ਬਾਰੇ ਮਾਮਲਾ ਲਿਆਉਣਾ ਚਾਹੁੰਦਾ ਹਾਂ। ਅਪ੍ਰੈਲ, 2022 ਤੋਂ 2023 ਤੱਕ ਪਨਬੱਸਾਂ ਦੇ ਮੋਟਰ ਵਹੀਕਲ ਐਕਟ ਤਹਿਤ ਅਦਾਇਗੀ ਨਹੀਂ ਕੀਤੀ ਗਈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਕਿੰਨੀ ਰਕਮ ਬਣਦੀ ਹੈ। ਟੈਕਸ ਦੀ ਅਦਾਇਗੀ ਨਾ ਹੋਣ ਕਾਰਨ ਬੱਸਾਂ ਦੀ ਪਾਸਿੰਗ ਨਹੀਂ ਹੋਈ। ਕਿੰਨੀਆਂ ਹੀ ਬੱਸਾਂ ਵਰਕਸ਼ਾਪ ਵਿੱਚ ਖੜ੍ਹੀਆਂ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਗਿਣਤੀ ਦੱਸੀ ਜਾਵੇ।

ਹਰਪ੍ਰੀਤ ਸਿੰਘ/ਸ਼ੁਭਮ ਜੈਨ/11.30/11.03.2023

ਇਹ ਬੱਸਾਂ ਖੜੀਆਂ ਹੋਣ ਕਰਕੇ ਕਿੰਨੇ ਕਿਲੋਮੀਟਰ ਮਿਸ ਹੋਏ ਹਨ ਅਤੇ 2.69 ਪ੍ਰਤੀ ਕਿਲੋਮੀਟਰ ਦਾ ਟੈਕਸ ਦੇਣ ਨਾਲ ਵਿਭਾਗ ਨੂੰ ਕਿੰਨਾ ਵਿੱਤੀ ਨੁਕਸਾਨ ਹੋਇਆ। ਇਹ ਵੀ ਦੱਸਿਆ ਜਾਵੇ ਕਿ ਪੰਜਾਬ ਰਾਜ ਵੱਲੋਂ ਅੰਤਰਰਾਜੀ ਸਮਝੌਤੇ ਅਨੁਸਾਰ ਹਰਿਆਣਾ, ਹਿਮਾਚਲ, ਰਾਜਸਥਾਨ, ਯੂ.ਪੀ., ਉੱਤਰਾਖੰਡ ਅਤੇ ਯੂ.ਟੀ. ਨਾਲ ਕਿੰਨੇ ਰੂਟ ਪਰਮਿਟ ਅਤੇ ਕਿੰਨੇ ਕਿਲੋਮੀਟਰ ਚਲਾਏ ਜਾ ਰਹੇ ਹਨ। ਉਕਤ ਸਟੇਟਾਂ ਵੱਲੋਂ ਪੰਜਾਬ ਰਾਜ ਵਿਚ ਕਿੰਨੇ ਪਰਮਿਟ ਅਤੇ ਕਿੰਨੇ ਕਿਲੋਮੀਟਰਾਂ ਦੀ ਮਾਈਲੇਜ ਚਲਾਈ ਜਾ ਰਹੀ ਹੈ। ਜੇਕਰ ਘੱਟ ਮਾਈਲੇਜ ਚਲਾਈ ਜਾ ਰਹੀ ਹੈ ਤਾਂ ਉਸ ਦਾ ਕਾਰਨ ਬੱਸਾਂ ਦੀ ਘਾਟ ਹੈ ਜਾਂ ਸਟਾਫ ਦੀ ਘਾਟ ਹੈ। ਕੱਲ੍ਹ ਮੰਤਰੀ ਜੀ ਨੇ ਦੱਸਿਆ ਸੀ ਕਿ ਡਰਾਈਵਰਾਂ ਤੇ ਕੰਡਕਟਰਾਂ ਦੀ ਘਾਟ ਹੈ। ਪਨਬੱਸਾਂ ਵਿਚ ਟਾਈਰ ਅਤੇ ਸਪੇਅਰ ਪਾਰਟਸ ਦੀ ਸਾਲ ਮਾਰਚ, 2022 ਤੋਂ ਮਾਰਚ, 2023 ਤੱਕ ਕਿੰਨੀ ਡਿਮਾਂਡ ਕੀਤੀ ਗਈ ਅਤੇ ਕਿੰਨੀ ਸਪਲਾਈ ਕੀਤੀ ਗਈ। ਅੱਜ ਲਗਭਗ 580 ਦੇ ਕਰੀਬ ਬੱਸਾਂ ਖੜ੍ਹੀਆਂ ਹਨ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਹ ਬੱਸਾਂ ਚਾਲੂ ਕੀਤੀਆਂ ਜਾਣ ਅਤੇ ਸਟਾਫ ਦੀ ਭਰਤੀ ਕੀਤੀ ਜਾਵੇ। ਧੰਨਵਾਦ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, 28 ਜੂਨ, 2022 ਨੂੰ ਇਸ ਪਵਿੱਤਰ ਸਦਨ ਵਿਚ ਮਾਨਯੋਗ ਮੁੱਖ ਮੰਤਰੀ ਜੀ ਨੇ ਮੈਨੂੰ ਭਰੋਸਾ ਦਿਵਾਇਆ ਸੀ ਕਿ ਅਬੋਹਰ ਦੇ ਬੱਸ ਅੱਡੇ ਨੂੰ ਚਾਰ ਮਹੀਨਿਆਂ ਦੇ ਵਿਚ-ਵਿਚ ਰੈਨੋਵੇਟ ਕਰਵਾ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਇਹ ਸਿਰਫ਼ 2 ਕਰੋੜ 92 ਲੱਖ ਦਾ ਪ੍ਰਾਜੈਕਟ ਹੈ। ਇੰਨੇ ਪੈਸੇ ਤਾਂ ਸਰਕਾਰ ਇਸ਼ਤਿਹਾਰਾਂ ਤੇ ਖਰਚ ਦਿੰਦੀ ਹੈ। 10 ਮਹੀਨੇ ਹੋ ਗਏ ਹਨ ਤੇ ਸਾਡੇ ਬੱਸ ਅੱਡੇ ਦਾ ਕੰਮ ਹਾਲੇ ਸ਼ੁਰੂ ਵੀ ਨਹੀਂ ਹੋਇਆ ਹੈ। ਜੇਕਰ ਮੁੱਖ ਮੰਤਰੀ ਜੀ ਦੇ ਭਰੋਸੇ ਤੇ ਸਰਕਾਰ ਐਨਾ ਧਿਆਨ ਦੇ ਰਹੀ ਹੈ ਤਾਂ ਫਿਰ ਹੋਰ ਕੰਮ ਕਿਸ ਤਰ੍ਹਾਂ ਹੋਣਗੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਰਾਣਾ ਗੁਰਜੀਤ ਸਿੰਘ ਜੀ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਮੈਂ ਸਮਾਂ ਨਹੀਂ ਮੰਗਿਆ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਮੰਗਿਆ ਹੈ। (ਹਾਸਾ)

**ਮਾਨਯੋਗ ਸਪੀਕਰ:** ਚਲੋ ਆਪਾਂ ਅੱਗੇ ਚੱਲਦੇ ਹਾਂ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਚਲੋ ਹੁਣ ਜੇ ਤੁਸੀਂ ਸਮਾਂ ਦੇ ਹੀ ਦਿੱਤਾ ਹੈ ਤਾਂ ਮੈਂ ਜੰਗਲਾਤ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ।ਬੀਬੀ ਮਾਣੂੰਕੇ ਜੀ ਦਾ ਸਵਾਲ ਬਹੁਤ ਵਧੀਆ ਸੀ ਪਰ ਮੈਂ ਦੱਸਣਾ ਚਾਹੁੰਦਾ ਹਾਂ

ਕਿ ਵਾਈਲਡ ਰਿਪੋਰਟ ਦੀ ਸਮੱਸਿਆ ਕੇਵਲ ਇਨ੍ਹਾਂ ਦੇ ਹਲਕੇ ਵਿਚ ਹੀ ਨਹੀਂ ਬਲਕਿ ਸਾਰੇ ਪੰਜਾਬ ਵਿਚ ਹੈ। ਰਾਤ ਨੂੰ ਲੋਕ ਪਾਣੀ ਲਾਉਣ ਨਹੀਂ ਜਾਂਦੇ ਕਿਉਂਕਿ ਸੂਰ ਹਮਲਾ ਕਰ ਦਿੰਦੇ ਹਨ। ਸੋ, ਮੇਰਾ ਖਿਆਲ ਹੈ ਕਿ ਸਾਨੂੰ ਸੂਰ ਮਾਰਨ ਦੇ ਲਾਇਸੈਂਸ ਖੋਲ੍ਹ ਦੇਣੇ ਚਾਹੀਦੇ ਹਨ। ਜੋ ਵੀ ਪਰਮਿਟ ਮੰਗੇ ਉਸ ਨੂੰ ਦੇ ਦੇਣਾ ਚਾਹੀਦਾ ਹੈ ਤਾਂ ਕਿ ਸੂਰਾਂ ਦੀ ਗਿਣਤੀ ਘਟੇ। ਮੈਂ ਇਹ ਸਿਫਾਰਸ਼ ਜੰਗਲਾਤ ਮੰਤਰੀ ਜੀ ਨੂੰ ਕੀਤੀ ਸੀ ਪਰ ਪਹੁੰਚ ਤੁਹਾਡੇ ਕੋਲ ਗਈ। ਸਪੀਕਰ ਸਾਹਿਬ, ਤੁਹਾਡਾ ਕੰਟਰੋਲ ਬਹੁਤ ਹੈ।

**ਜੰਗਲਾਤ ਮੰਤਰੀ (ਸ਼੍ਰੀ ਲਾਲ ਚੰਦ):** ਸਪੀਕਰ ਸਾਹਿਬ, ਇਹ ਬੜਾ ਗੰਭੀਰ ਮੁੱਦਾ ਹੈ। ਮੈਂ ਸਦਨ ਨੂੰ ਤੁਹਾਡੇ ਰਾਹੀਂ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਜਿਸ ਕਿਸੇ ਖਿੱਤੇ ਵਿਚ ਸੂਰ ਅਤੇ ਨੀਲ ਗਾਂ ਜੇਕਰ ਫਸਲਾਂ ਦਾ ਨੁਕਸਾਨ ਕਰਦੇ ਹਨ ਤਾਂ ਅਸੀਂ ਉੱਥੇ ਕਿਸਾਨਾਂ ਨੂੰ ਉਨ੍ਹਾਂ ਨੂੰ ਮਾਰਨ ਦਾ ਲਾਇਸੈਂਸ ਦਿੰਦੇ ਹਾਂ। ਉਹ ਅਪਲਾਈ ਕਰਨ, ਅਸੀਂ ਲਾਇਸੈਂਸ ਦਿਆਂਗੇ।

**ਸਰਦਾਰ ਜਗਤਾਰ ਸਿੰਘ ਦਿਆਲਪੁਰਾ (ਸਮਰਾਲਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਸਮਰਾਲੇ ਵਿਚ ਇਕ ਸੜਕ ਸਮਰਾਲੇ ਤੋਂ ਝਾੜ ਸਾਹਿਬ ਨੂੰ ਜਾਂਦੀ ਹੈ, ਜਿਸ ਦੀ ਰਿਪੇਅਰ ਸਾਲ 2009 ਵਿਚ ਹੋਈ ਸੀ, ਉਸ ਦੀ ਹਾਲਤ ਬਹੁਤ ਖਸਤਾ ਹੈ। ਦੂਜੀ ਸੜਕ ਪੌਤ ਬਿਰਜਾ ਤੋਂ ਮਾਛੀਵਾੜਾ ਸਾਹਿਬ ਨੂੰ ਜਾਂਦੀ ਹੈ, ਇਨ੍ਹਾਂ ਦੋਹਾਂ ਸੜਕਾਂ ਦੀ ਹਾਲਤ ਬਹੁਤ ਖਸਤਾ ਹੈ। ਇਨ੍ਹਾਂ ਸੜਕਾਂ ਤੇ ਤਿੰਨ ਇਤਿਹਾਸਕ ਗੁਰਦੁਆਰਾ ਸਾਹਿਬ ਆਉਂਦੇ ਹਨ। ਝਾੜ ਸਾਹਿਬ, ਕੰਘਾ ਸਾਹਿਬ ਅਤੇ ਚਰਨ ਕੰਵਲ ਸਾਹਿਬ। ਮੈਂ ਇਸ ਸਬੰਧੀ ਮੰਤਰੀ ਜੀ ਨੂੰ ਵੀ ਕਈ ਵਾਰ ਮਿਲਿਆ ਹੈ। ਸੋ, ਇਨ੍ਹਾਂ ਦੀ ਰਿਪੇਅਰ ਤੁਰੰਤ ਕਰਵਾਈ ਜਾਵੇ। ਇਸ ਤੋਂ ਇਲਾਵਾ ਜਿਹੜੀ ਮੁੱਖ ਸੜਕ ਹੈ, ਜੋ ਸਮਰਾਲਾ ਤੋਂ ਸਤਲੁਜ ਦਰਿਆ ਤੱਕ ਜਾਂਦੀ ਹੈ, ਉਸ ਦੀ ਹਾਲਤ ਵੀ ਬਹੁਤ ਖਸਤਾ ਹੈ। ਉਸ ਦੀ ਮੁਰੰਮਤ ਵਾਸਤੇ 26 ਕਰੋੜ ਰੁਪਿਆ ਪ੍ਰਵਾਨ ਵੀ ਹੋ ਚੁੱਕਿਆ ਹੈ। ਸੋ, ਮੇਰੀ ਬੇਨਤੀ ਹੈ ਕਿ ਇਹ ਕੰਮ ਜਲਦੀ ਤੋਂ ਜਲਦੀ ਕਰਵਾਇਆ ਜਾਵੇ। ਧੰਨਵਾਦ ਜੀ।

**ਸ਼੍ਰੀ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਧੰਨਵਾਦ। ਨਾਭਾ ਸ਼ਹਿਰ, ਜੋ ਕਿ ਦਿੱਲੀ ਤੇ ਲਾਹੌਰ ਦਾ ਕੇਂਦਰ ਹੈ। ਨਾਭਾ ਦੇ ਮਹਾਰਾਜਾ ਹੀਰਾ ਸਿੰਘ, ਮਹਾਰਾਜਾ ਰਿਪੂਦਮਨ ਸਿੰਘ ਜਿਨ੍ਹਾਂ ਨੇ ਪਹਿਲਾ ਸਿੱਖ ਮੈਰਿਜ ਐਕਟ ਲਾਗੂ ਕੀਤਾ ਸੀ, ਮੈਂ ਉਸ ਸ਼ਹਿਰ ਦੀ ਗੱਲ ਕਰਨ ਲੱਗਿਆ ਹਾਂ। ਉੱਥੇ ਇਕ ਬਾਈਪਾਸ ਹੈ। ਪਿਛਲੇ ਲੰਬੇ ਸਮੇਂ ਤੋਂ ਇਸ ਬਾਰੇ ਕਿਸੇ ਨੇ ਨਹੀਂ ਸੋਚਿਆ। ਮੈਂ ਇਸ ਬਾਰੇ ਸਵਾਲ ਵੀ

ਲਗਾਇਆ ਸੀ ਤੇ ਮੰਤਰੀ ਜੀ ਵੱਲੋਂ ਨਾਂਹ ਵਿਚ ਜਵਾਬ ਆਇਆ ਹੈ। ਉੱਥੇ ਰੋਜ਼ ਐਕਸੀਡੈਂਟ ਹੁੰਦੇ ਹਨ। ਉਹ ਬਹੁਤ ਵੱਡਾ ਸ਼ਹਿਰ ਹੈ।

aman-shubham/11.35/11.3.23

ਜਿੰਨਾਂ ਕੱਚਾ ਲੋਹਾ ਹੈ ਉਹ ਰਾਜਸਥਾਨ, ਹਰਿਆਣਾ ਤੋਂ ਵਾਇਆ ਨਾਭਾ ਹੋ ਕੇ ਮੰਡੀ ਗੋਬਿੰਦਗੜ੍ਹ ਆਉਂਦਾ ਹੈ। ਮੈਂ ਸਪੀਕਰ ਸਾਹਿਬ, ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੰਤਰੀ ਸਾਹਿਬ ਜਲਦੀ ਕੋਈ ਨਾ ਕੋਈ ਨਾਭੇ ਤੇ ਕਿਰਪਾ ਕਰਨ। Four lane highway, Nabha ਨੂੰ ਦਿੱਤਾ ਜਾਵੇ ਤਾਂ ਕਿ ਰੋਜ਼ ਦੇ ਐਕਸੀਡੈਂਟਾਂ ਤੋਂ ਬਚਿਆ ਜਾ ਸਕੇ। ਬਹੁਤ-ਬਹੁਤ ਧੰਨਵਾਦ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਬੈਠੇ ਬੈਠੇ):** ਮਾਨਯੋਗ ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ:** ਅੱਗੇ ਬਜਟ ਤੇ ਬਹਿਸ ਹੋਣੀ ਹੈ ਜਿੰਨਾਂ ਮਰਜ਼ੀ ਬੋਲ ਲੈਣਾ। ਇੱਕ ਮਿੰਟ ਨਾਲ ਕੀ ਫਰਕ ਪੈਣਾ ਹੈ।

## CALLING ATTENTION NOTICES UNDER RULE 66

### *(Sr. No. 39)*

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਮਾਨਯੋਗ ਸਪੀਕਰ ਸਾਹਿਬ, ਮੈਂ ਬਹੁਤ ਹੀ ਮਹੱਤਵਪੂਰਨ ਵਿਸ਼ਾ ਜਿਹੜਾ ਕਿ ਇੱਕਲੇ ਸਾਡੇ ਸਾਰੇ ਵਿਧਾਇਕਾਂ ਨਾਲ ਅਤੇ ਸਾਰੇ ਪੰਜਾਬ ਨਾਲ ਹੀ ਸਬੰਧਿਤ ਨਹੀਂ ਬਲਕਿ ਸਾਰੇ India ਨਾਲ ਸਬੰਧਿਤ ਹੈ। ਸਪੀਕਰ ਸਾਹਿਬ, ਸਾਡੇ ਹੱਡਾ-ਰੋੜੀ ਸ਼ਰ੍ਹੇਆਮ ਪਿੰਡਾਂ ਦੇ ਵਿੱਚ ਚੱਲ ਰਹੀਆਂ ਹਨ, ਜਿਹੜੀਆਂ ਕਿ ਸਮਾਜਿਕ ਝਗੜੇ ਪੈਦਾ ਕਰਦੀਆਂ ਹਨ।

**ਮਾਨਯੋਗ ਸਪੀਕਰ:** ਕਾਲ ਅਟੈਂਸ਼ਨ ਪੜ੍ਹੋ ਜੀ, ਤੁਸੀਂ ਭਾਸ਼ਣ ਨਹੀਂ ਦੇਣਾ ਹੈ। ਤੁਹਾਡੇ ਕੋਲ ਇੱਕ ਕਾਗਜ਼ ਹੈ ਜਿਸ ਤੇ ਲਿਖਿਆ ਹੋਇਆ ਹੈ ਕਿ 'ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ', ਇਹ ਪੜ੍ਹੋ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪਿੰਡਾਂ ਵਿੱਚ ਹੱਡਾ ਰੋੜੀ ਜੋ ਕਿ ਪ੍ਰਦੂਸ਼ਣ ਅਤੇ ਝਗੜੇ ਦਾ ਕਾਰਨ ਬਣ ਜਾਤੀ ਲੜਾਈਆਂ ਵੀ ਹੋ ਰਹੀਆਂ ਹਨ ਉਂਝ ਪ੍ਰਦੂਸ਼ਣ ਲਈ ਅਸੀਂ ਬਹੁਤ ਯਤਨ ਕਰ ਰਹੇ ਹਾਂ ਖੁੱਲੀਆਂ ਹੱਡਾ ਰੋੜੀਆਂ ਪ੍ਰਦੂਸ਼ਣ ਫੈਲਾਅ ਰਹੀਆਂ ਹਨ ਜਿਸ ਨਾਲ ਅਨੇਕਾਂ ਬਿਮਾਰੀਆਂ ਫੈਲਦੀਆਂ ਹਨ, ਨੇੜਲੇ

ਘਰਾਂ ਵਿੱਚ ਰਹਿਣਾ ਮੁਸ਼ਕਲ ਹੋ ਰਿਹਾ ਹੈ ਨਾਲ ਹੀ ਅਵਾਰਾ ਕੁੱਤਿਆਂ ਦੇ ਪਾਲਣ ਪੋਸ਼ਣ ਦਾ ਕੰਮ ਕਰਦੇ ਹਨ। ਮਰੇ ਹੋਏ ਪਸ਼ੂਆਂ ਲਈ ਨਵੇਂ ਮਾਸ ਪਲਾਟ ਲਗਾਉਣ ਨਾਲ ਹੱਡਾ ਰੋੜੀਆਂ ਦੀ ਸਮੱਸਿਆ ਤੋਂ ਮੁਕਤੀ ਪਾਉਣ ਵਿੱਚ ਮਦਦ ਮਿਲੇਗੀ ਨਾਲ ਹੀ ਨਵੇਂ ਰੋਜ਼ਗਾਰ ਦੀ ਪੈਦਾ ਹੋਣਗੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਅਤੇ ਸਮੁੱਚੇ ਹਾਊਸ ਦਾ ਧੰਨਵਾਦ ਕਰਦਾ ਹਾਂ। ਪੰਜਾਬ ਦੇ ਵਿੱਚ ਇਹ ਬੜਾ ਹੀ ਸੀਰੀਅਸ ਮੁੱਦਾ ਹੈ। ਜ਼ਿਆਦਾਤਰ ਪਿੰਡਾਂ ਵਿੱਚ ਹੱਡਾ ਰੋੜੀਆਂ ਆਬਾਦੀ ਤੋਂ ਦੂਰ ਹਨ ਪਰੰਤੂ ਕਈ ਪਿੰਡਾਂ ਵਿੱਚ ਆਬਾਦੀ ਦੇ ਵੱਧਣ ਕਾਰਨ ਹੁਣ ਇਹ ਵਸੋਂ ਦੇ ਨਜ਼ਦੀਕ ਆ ਗਈਆਂ ਹਨ। ਇਹ ਇੱਕ ਗੰਭੀਰ ਸਮੱਸਿਆ ਹੈ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 35 G and 35 Q ਅਨੁਸਾਰ ਜਿੱਥੇ ਕਿਤੇ ਗਰਾਮ ਪੰਚਾਇਤਾਂ ਪਾਸ ਜ਼ਮੀਨ ਉਪਲਬਧ ਹੈ ਉਥੇ ਗਰਾਮ ਪੰਚਾਇਤਾਂ ਹੱਡਾ ਰੋੜੀਆਂ ਨੂੰ ਆਬਾਦੀ ਤੋਂ ਦੂਰ ਅਤੇ ਨਿਯਮਤ ਕਰਨ ਦੇ ਸਮਰੱਥ ਹਨ। ਵਿਭਾਗ ਵੱਲੋਂ ਇਸ ਸਬੰਧੀ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਸਮੱਸਿਆ ਦਾ ਸਥਾਈ ਹੱਲ ਕਰਨ ਲਈ ਤੇ ਮੁਰਦਾ ਪਸ਼ੂਆਂ ਦਾ ਵਿਗਿਆਨਿਕ ਤਰੀਕੇ ਨਾਲ ਨਿਪਟਾਰਾ ਕਰਨ ਲਈ ਵਿਭਾਗ ਵੱਲੋਂ ਤਿੰਨ ਜ਼ਿਲ੍ਹਿਆਂ ਦਾ ਇੱਕ cluster ਬਣਾਉਂਦੇ ਹੋਏ 4 clusters ਵਿੱਚੋਂ ਅਜਿਹੇ ਪਲਾਂਟ ਸਥਾਪਤ ਕਰਨ ਲਈ ਟੈਂਡਰ ਦਿੱਤੇ ਗਏ ਸਨ, ਪਰ ਇਨ੍ਹਾਂ clusters ਵਿੱਚ ਕਿਸੇ ਵੀ ਪੰਚਾਇਤ ਵੱਲੋਂ ਢੁੱਕਵੀਂ ਜਗ੍ਹਾ ਨਾ ਉਪਲਬਧ ਕਰਵਾਏ ਜਾਣ ਕਾਰਨ ਇਨ੍ਹਾਂ ਪਲਾਂਟਾਂ ਨੂੰ ਸਥਾਪਤ ਕਰਨ ਲਈ ਤਜਵੀਜ਼ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਨਗਰ ਨਿਗਮ, ਲੁਧਿਆਣਾ ਸ਼ਹਿਰ ਦੇ ਮਰੇ ਪਸ਼ੂਆਂ ਦੀ ਡਿਸਪੋਜ਼ਲ ਲਈ ਅਜਿਹਾ ਇੱਕ ਪਲਾਂਟ ਨੂਰਪੁਰ ਗੇਟ ਵਿਖੇ ਸਥਾਪਤ ਕੀਤਾ ਗਿਆ ਸੀ ਪਰ ਸਥਾਨਕ ਵਸਨੀਕਾਂ ਵੱਲੋਂ ਵਿਰੋਧ ਕਰਨ ਕਾਰਨ ਇਹ ਪਲਾਂਟ ਹਾਲੇ ਚਾਲੂ ਨਹੀਂ ਹੋ ਸਕਿਆ। ਇਸ ਪਲਾਂਟ ਦੇ ਸਫਲਤਾ ਪੂਰਨ ਚੱਲਣ ਅਤੇ ਅਧਿਅਨ ਕਰਨ ਉਪਰੰਤ ਪੇਂਡੂ ਖੇਤਰਾਂ ਵਿੱਚ ਮਰੇ ਪਸ਼ੂਆਂ ਦੀ ਵਿਗਿਆਨਕ ਤੌਰ ਤੇ ਯੋਜਨਾ ਉਲੀਕੀ ਜਾਵੇਗੀ।

ਸਪੀਕਰ ਸਾਹਿਬ, ਮੈਂ ਸਾਰੇ ਹਾਊਸ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇੱਕ ਬੜੀ ਹੀ ਗੰਭੀਰ ਸਮੱਸਿਆ ਹੈ। ਪੰਚਾਇਤੀ ਰਾਜ ਵਿਭਾਗ ਇਸ ਤੇ ਪੈਸੇ ਲਗਾਉਣ ਲਈ ਤਿਆਰ ਹੈ । ਮੇਰੀ ਪਿੰਡਾਂ ਦੀ ਗਰਾਮ ਪੰਚਾਇਤਾਂ ਅਤੇ ਮੇਰੀ ਸਾਰੇ ਵਿਧਾਇਕਾਂ ਨੂੰ ਇਹ ਬੇਨਤੀ ਹੈ ਕਿ ਹਰ ਇੱਕ ਬੀ.ਡੀ.ਓ ਨੂੰ ਜਦੋਂ ਅਸੀਂ ਕਹਿੰਦੇ ਹਾਂ ਕਿ ਹੱਡਾ ਰੋੜੀ ਇੱਥੇ ਬਣਾ ਦਿਓ, ਉਥੋਂ ਦੇ ਲੋਕ ਹੀ ਵਿਰੋਧ ਕਰਨ ਲੱਗ ਜਾਂਦੇ ਹਨ। ਲੋਕ ਉੱਥੇ ਹੱਡਾ ਰੋੜੀ

ਬਨਣ ਨਹੀਂ ਦਿੰਦੇ। ਮੈਂ ਸੀ.ਐਮ ਨੂੰ ਵੀ ਇਸ ਬਾਰੇ ਦੱਸਿਆ ਸੀ ਕਿ ਇਸ ਦਾ ਕੋਈ ਹੱਲ ਕੱਢੀਏ, ਇਸ ਮਸਲੇ ਦਾ ਕੋਈ ਹੱਲ ਹੋਵੇ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਆਪਾਂ ਸਾਰਿਆਂ ਦਾ ਹੀ ਮਸਲਾ ਹੈ। ਸਾਰੇ ਵਿਧਾਇਕ ਆਪੋ-ਆਪਣੇ ਇਲਾਕੇ ਵਿੱਚ ਆਪਣੀਆਂ ਪੰਚਾਇਤਾਂ ਨੂੰ ਕਹਿ ਕੇ ਚੰਗੀ ਜਗ੍ਹਾ ਦਿਵਾ ਦੋ, ਮੈਂ ਤੁਹਾਨੂੰ ਆਪਣੇ ਡਿਪਾਰਟਮੈਂਟ ਵੱਲੋਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਉਨੇ ਪੈਸੇ ਅਸੀਂ ਲਗਾ ਦਿਆਂਗੇ, ਕੋਈ ਚੱਕਰ ਨਹੀਂ ਹੈ। (ਸਮੁੱਚੇ ਹਾਊਸ ਵੱਲੋਂ ਥੰਪਿੰਗ)

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ**,** ਇਸ ਨਾਲ ਜੁੜਦਾ ਹੀ ਮਸਲਾ ਹੈ, ਕੋਈ controversy ਨਹੀਂ ਹੈ।

**ਮਾਨਯੋਗ ਸਪੀਕਰ:** ਮਾਨਯੋਗ ਮੈਂਬਰ ਸਾਹਿਬ, ਤੁਸੀਂ ਬਹੁਤ ਹੀ ਸਤਿਕਾਰਯੋਗ ਹੋ। ਮੇਰੀ ਬੇਨਤੀ ਸੁਣ ਲਓ, ਇੱਥੇ controversy ਜੇਕਰ ਕੋਈ ਹੋਵੇਗੀ ਤਾਂ ਉਸ ਦਾ ਹੱਲ ਨਿਕਲੇਗਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਆਪਾਂ ਹਾਊਸ ਦੇ ਜਿਹੜੇ ਕਾਇਦੇ-ਕਾਨੂੰਨ ਹਨ, ਉਨ੍ਹਾਂ ਨੂੰ ਫਾਲੋ ਕਰੀਏ ਤਾਂ ਠੀਕ ਰਹੇਗਾ। ਤੁਸੀਂ ਬੈਠ ਕੇ ਗੱਲ ਕਰ ਲਿਉ। ਤੁਹਾਡਾ ਬਹੁਤ ਜ਼ਿਆਦਾ ਤਜਰਬਾ ਹੈ। ਮੰਤਰੀ ਸਾਹਿਬ, ਤੁਸੀਂ ਇਨ੍ਹਾਂ ਕੋਲ ਖੁਦ ਜਾਇਉ।

ਤ.ਸ. / ਅ.ਗ. / 11.40 / 11.03.2023

**ਮੰਤਰੀ** : ਸਪੀਕਰ ਸਾਹਿਬ, ਮੈਂ ਸਾਰੇ ਹਾਊਸ ਦੇ ਮੈਂਬਰਾਂ ਨੂੰ ਕਹਿੰਦਾ ਹਾਂ ਕਿ ਜੇਕਰ ਉਨ੍ਹਾਂ ਦਾ ਇਸ ਬਾਰੇ ਕੋਈ ਸੁਝਾਅ ਹੈ, ਕੋਈ ਗੱਲ ਕਰਨੀ ਹੈ ਤਾਂ ਮੇਰੇ ਦਫ਼ਤਰ ਆ ਸਕਦੇ ਹਨ।

**ਮਾਨਯੋਗ ਸਪੀਕਰ** : ਧਾਲੀਵਾਲ ਸਾਹਿਬ, ਮੈਂ ਤਾਂ ਹੋਰ ਬੇਨਤੀ ਕਰਦਾ ਹਾਂ ਕਿ ਤੁਸੀਂ ਖੁਦ ਇਨ੍ਹਾਂ ਕੋਲ ਜਾਉ। ਇਹ ਖਾਣਾ ਬੜਾ ਵਧੀਆ ਖੁਆਉਂਦੇ ਹਨ। ਇਨ੍ਹਾਂ ਕੋਲ ਜਾਇਉ।

**ਮੰਤਰੀ** : ਸਰ, ਭਰਾਵਾਂ ਕੋਲ ਖਾਣਾ ਵੀ ਖਾ ਲਵਾਂਗੇ ਪਰ ਇਹ ਮਸਲਾ ਬੜਾ ਸੰਜੀਦਾ ਹੈ, ਇਸ ਲਈ ਤੁਸੀਂ ਜੋ ਸੁਝਾਅ ਦਿਉਗੇ, ਅਸੀਂ ਗੌਰ ਕਰਾਂਗੇ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਮਾਨਯੋਗ ਸਪੀਕਰ ਸਾਹਿਬ, ਇਸ ਸਬੰਧੀ ਪ੍ਰਦੂਸ਼ਣ ਕੰਟਰੋਲ ਬੋਰਡ ਕੀ ਕਰ ਰਿਹਾ ਹੈ? ਜਦੋਂ ਕੋਈ ਕਿਤੇ ਪਾਣੀ ਡੋਲ੍ਹ ਦਿੰਦਾ ਹੈ ਤਾਂ ਬੋਰਡ ਉਸ ਦੇ ਮਗਰ ਪੈ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕੀ ਕੋਈ ਅਜਿਹਾ ਬੰਦਾ ਹੈ ਜਿਸ ਨੇ ਮਰੇ ਹੋਏ ਡੰਗਰਾਂ ਦੇ ਮਾਸ ਦੀ ਬਦਬੂ ਨਾ ਲਈ ਹੋਵੇ? ਮੈਂ ਸਮਝਦਾ ਹਾਂ ਕਿ ਜਦੋਂ ਪ੍ਰਦੂਸ਼ਣ ਕੰਟਰੋਲ ਬੋਰਡ ਡਰੇਨਾਂ ਵਿੱਚ ਗੰਦਾ ਪਾਣੀ ਪਾਉਣ ਤੋਂ ਰੋਕਦਾ ਹੈ ਤਾਂ ਹੱਡਾ

ਰੋੜੀਆਂ ਲਈ ਵੀ ਬਹੁਤ ਹੀ ਆਧੁਨਿਕ ਅਤੇ ਸਾਫ ਸੁਥਰੇ ਪਲਾਂਟ ਲੱਗ ਸਕਦੇ ਹਨ। ਇਸ ਲਈ ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਕੋਈ ਦੋ ਤਿੰਨ ਪਲਾਂਟ ਐਸੇ ਲਗਾਏ ਜਾਣੇ ਚਾਹੀਦੇ ਹਨ ਅਤੇ ਥਾਵਾਂ ਵਾਲੀ ਗੱਲ ਨੂੰ ਨਿਬੇੜਨਾ ਪਵੇਗਾ। ਹੁਣ ਹਿਹ 18ਵੀਂ ਸਦੀ ਵਾਲੀ ਸੋਚ ਨਹੀਂ ਚੱਲੇਗੀ। ਸਾਨੂੰ ਵੈਸਟਰਨ ਕੰਟਰੀਜ਼ ਤੋਂ ਸੇਧ ਲੈਣੀ ਪਵੇਗੀ ਕਿ ਉਹ ਕੀ ਕਰਦੇ ਹਨ। ਸਾਰੀ ਦੁਨੀਆਂ ਵਿੱਚ ਦੇਖਿਆ ਜਾਵੇ ਕਿ ਇਸ ਮਸਲੇ ਨੂੰ ਕਿਵੇਂ ਨਜਿੱਠਿਆ ਜਾਂਦਾ ਹੈ। ਹੁਣ ਅਸੀਂ ਥੋੜ੍ਹਾ ਖੋਜ ਕਰਨ ਲੱਗਾਂਗੇ। ਇਸ ਲਈ ਮੈਂ ਸਾਰੇ ਹਾਊਸ ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਅਤਿ ਗੰਭੀਰ ਬਿਮਾਰੀਆਂ ਫੈਲਣ ਦਾ ਕਾਰਨ ਹੈ। ਧੰਨਵਾਦ।

**ਮਾਨਯੋਗ ਸਪੀਕਰ** : ਮੰਤਰੀ ਜੀ ਇਹ ਕਹਿੰਦੇ ਹਨ ਕਿ ਜਿੱਥੇ ਕਿਤੇ ਵੀ ਇਸ ਸਮੱਸਿਆ ਦੀ ਮੈਨੇਜਮੈਂਟ ਲਈ ਸਕਸੈਸ ਸਟੋਰੀਜ਼ ਹਨ, ਉਨ੍ਹਾਂ ਤੋਂ ਸੇਧ ਲਈ ਜਾਵੇ।

**ਮੰਤਰੀ** : ਠੀਕ ਹੈ ਜੀ, ਅਸੀਂ ਸੇਧ ਲਵਾਂਗੇ। ਮੈਂ ਵੀ ਇਹੋ ਦੱਸਿਆ ਹੈ। ਮੈਂਬਰ ਸਾਹਿਬ ਨੂੰ ਪਤਾ ਹੈ, ਮੈਂ ਤਾਂ ਹਾਲੇ ਉਹ ਪਲਾਂਟ ਦੇਖਿਆ ਨਹੀਂ ਜਿਹੜਾ ਕਿ ਪਿਛਲੀ ਸਰਕਾਰ ਵੱਲੋਂ ਲਗਾਇਆ ਗਿਆ ਸੀ, ਉਸ ਤੇ ਬਹੁਤ ਪੈਸੇ ਲੱਗੇ ਸਨ, ਉਹ ਬੰਦ ਪਿਆ ਹੈ ਅਤੇ ਲੁਧਿਆਣਾ ਸ਼ਹਿਰ ਦੀ ਆਬਾਦੀ ਤੋਂ ਬਹੁਤ ਦੂਰ ਹੈ, ਫਿਰ ਵੀ ਲੋਕਾਂ ਨੇ ਵਿਰੋਧ ਕੀਤਾ ਹੈ ਅਤੇ ਲੋਕ ਉਸ ਨੂੰ ਚੱਲਣ ਨਹੀਂ ਦਿੰਦੇ ਹਨ। (ਵਿਘਨ) ਇਸ ਦਾ ਹੱਲ ਕੱਢ ਲਵਾਂਗੇ। ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਦਾ ਹੱਲ ਕੱਢ ਦਿਆਂਗੇ।

---

## OBSERVATIOB BY THE SPEAKER

**ਮਾਨਯੋਗ ਸਪੀਕਰ** : ਸ਼੍ਰੀ ਬੁੱਧ ਰਾਮ ਜੀ ਦੀ ਅਗਲੀ ਕਾਲ ਅਟੈਂਸ਼ਨ ਹੈ, ਪਰ ਉਸ ਤੋਂ ਪਹਿਲਾਂ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ। ਜਿਹੜੀ ਕਾਲ ਅਟੈਂਸ਼ਨ ਹੁੰਦੀ ਹੈ, ਉਹ ਇੱਕ ਪਾਰਟੀਕੁਲਰ ਮੈਂਬਰ ਦੀ ਹੁੰਦੀ ਹੈ, ਉਹ ਪੜ੍ਹ ਕੇ ਬੋਲਦੇ ਹਨ ਅਤੇ ਇਸ ਤੇ ਮੰਤਰੀ ਜੀ ਜਵਾਬ ਦਿੰਦੇ ਹਨ। ਇਸ ਤੇ ਸਪਲੀਮੈਂਟਰੀ ਪ੍ਰਸ਼ਨ ਸਿਰਫ ਉਸੇ ਮੈਂਬਰ ਦਾ ਹੁੰਦਾ ਹੈ, ਹੋਰ ਕਿਸੇ ਮੈਂਬਰ ਦਾ ਨਹੀਂ ਹੋ ਸਕਦਾ।

---

## CALLING ATTENTION NOTICES UNDER RULE 66 (*Resumption*)

**ਮਾਨਯੋਗ ਸਪੀਕਰ:** ਬੁੱਧ ਰਾਮ ਜੀ, ਅਗਲੀ ਕਾਲ ਅਟੈਂਸ਼ਨ ਪੜ੍ਹੋ।

## ਕ੍ਰਮ ਨੰਬਰ 43

**ਸ਼੍ਰੀ ਬੁੱਧ ਰਾਮ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਅੱਜ ਕੱਲ੍ਹ ਦਵਾਈਆਂ ਦੇ ਰੇਟ ਬਹੁਤ ਵਧ ਗਏ ਹਨ, ਜਿਸ ਕਰਕੇ ਗਰੀਬ ਮਰੀਜ਼ਾਂ ਲਈ ਦਵਾਈਆਂ ਖਰੀਦਣਾ ਮੁਸ਼ਕਲ ਹੋ ਰਿਹਾ ਹੈ ਜਦੋਂ ਕਿ ਜੈਨੇਰਿਕ ਦਵਾਈਆਂ ਦਾ ਰੇਟ ਬਹੁਤ ਘੱਟ ਹੁੰਦਾ ਹੈ ਪਰੰਤੂ ਇਨ੍ਹਾਂ ਦਵਾਈਆਂ ਦੀ ਦੁਕਾਨ ਹਸਪਤਾਲ ਵਿੱਚ ਨਾ ਹੋਣ ਕਾਰਨ ਜੈਨੇਰਿਕ ਦਵਾਈਆਂ ਨਹੀਂ ਮਿਲਦੀਆਂ। ਸੋ, ਸਰਕਾਰ ਗਰੀਬ ਲੋਕਾਂ ਦੀ ਹਾਲਤ ਨੂੰ ਦੇਖਦੇ ਹੋਏ ਇਨ੍ਹਾਂ ਦਵਾਈਆਂ ਦੀ ਦੁਕਾਨ ਹਰੇਕ ਹਸਪਤਾਲ ਵਿੱਚ ਖੋਲ੍ਹਣ ਦਾ ਪ੍ਰਬੰਧ ਕਰੇ ਅਤੇ ਡਾਕਟਰਾਂ ਨੂੰ ਹਦਾਇਤ ਕਰੇ ਕਿ ਦਵਾਈਆਂ ਲਿਖਣ ਵੇਲੇ ਕੰਪਨੀ ਦਾ ਨਾਮ ਨਹੀਂ ਸਗੋਂ ਦਵਾਈ ਦਾ ਸਾਲਟ ਲਿਖੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਕਈ ਵਾਰ ਸਰਕਾਰਾਂ ਗੋਰਖ ਧੰਦਾ ਬਣਾਉਦੀਆਂ ਹਨ ਅਤੇ ਸਾਡੇ ਵਰਗੇ ਪੜ੍ਹੇ ਲਿਖੇ ਬੰਦੇ ਵੀ ਕਈ ਸਕੀਮਾਂ ਦੇ ਅਨਕਾਂਸ਼ੀਅਸ ਏਜੰਟ ਬਣ ਜਾਂਦੇ ਹਨ। ਜਨ ਔਸ਼ਧੀ ਸਕੀਮ ਤੇ ਬੜੀ ਵਿਸਥਾਰਪੂਰਵਕ ਚਰਚਾ ਹੋਈ। ਮੈਂ ਵੀ ਲੋਕਾਂ ਨੂੰ ਐਸ਼ਿਉਰੈਂਸ ਦਿੱਤੀ ਕਿ ਸਾਰੇ ਹਸਪਤਾਲਾਂ ਵਿੱਚ, ਜਿੱਥੇ ਕਹੋਗੇ ਜਿੰਨੇ ਕਹੋਗੇ, ਜਨ ਔਸ਼ਧੀ ਕੇਂਦਰ ਖੋਲ੍ਹ ਦਿਆਂਗੇ ਕਿਉਂਕਿ ਬਾਜ਼ਾਰ ਨਾਲੋਂ ਰੇਟ ਘੱਟ ਹੈ ਪਰ ਜਿਹੜਾ ਮੇਰਾ ਰਾਜਨੀਤਿਕ ਗੁਰੂ ਹੈ, friend, philosopher, guide ਹੈ, ਉਹ ਨਹੀਂ ਮੰਨਦਾ। ਉਹ ਕਹਿੰਦਾ ਕਿ ਮੈਂ ਨਹੀਂ ਮੰਨਦਾ। ਮੈਂ ਕਿਹਾ ਕਿ ਤੁਸੀਂ ਕਿਉਂ ਨਹੀਂ ਮੰਨਦੇ? ਉਹ ਕਹਿੰਦੇ ਕਿ ਜਿਵੇਂ ਜਨ ਔਸ਼ਦੀ ਇੱਕ ਸਕੀਮ ਹੈ, ਇਸੇ ਤਰ੍ਹਾਂ ਇੱਕ ਦੇਸ਼ ਭਗਤੀ ਸਕੀਮ ਵੀ ਹੁੰਦੀ ਹੈ। ਤੁਸੀਂ ਪਹਿਲਾਂ ਮਾਰਕਿਟ ਵਿੱਚ ਜਾਉ, ਸਰਵੇ ਕਰੋ, ਸਾਰੇ ਫੈਕਟਸ ਇਕੱਠੇ ਕਰੋ ਔਰ ਫਿਰ ਮੈਨੂੰ ਦੱਸੋ ਕਿ ਇਹ best possible option ਹੈ? ਗੁਰੂ ਦਾ ਕਿਹਾ ਕੋਈ ਨਹੀਂ ਮੋੜ ਸਕਦਾ, ਮੈਂ ਵੀ ਨਹੀਂ ਮੋੜਿਆ। ਮੈਂ ਮਾਰਕਿਟ ਵਿੱਚ ਰਿਸਰਚ ਕਰਵਾਈ। ਇੱਥੇ ਜਿੰਨੇ ਵੀ ਮੈਂਬਰ ਬੈਠੇ ਹਨ, ਉਨ੍ਹਾਂ ਦਾ, ਜਿੰਨੇ ਅਫ਼ਸਰ ਬੈਠੇ ਹਨ, ਉਨ੍ਹਾਂ ਦਾ ਅਤੇ ਜਿਹੜੇ ਗੈਲਰੀਜ਼ ਵਿੱਚ ਸੱਜਣ ਬੈਠੇ ਹਨ, ਮੀਡੀਆ ਦੀ ਅਟੈਂਸ਼ਨ ਚਾਹੁੰਦਾ ਹਾਂ। ਮੈਂ ਇਸ ਬਾਰੇ ਪੂਰਾ ਰਿਸਰਚ ਕਰਕੇ ਆਇਆ ਹਾਂ। ਇੱਕ Blood Pressure ਦੀ ਗੋਲੀ ਹੈ Atenolol ਹੈ।

ਸ.ਸ.–ਅ.ਗ./11:45/11.3.2023

ਜਿਹੜੀਆਂ ਕੰਪਨੀਆਂ 17/- ਜਾਂ 22/- ਰੁਪਏ ਦੀਆਂ ਵੇਚਦੀਆਂ ਹਨ, ਜਨ ਔਸ਼ਧੀ ਉੱਤੇ 4.5/- ਰੁਪਏ ਦਾ ਪੱਤਾ ਹੈ। ਜਦੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਖਰੀਦਦੀ ਹੈ ਤਾਂ ਮੈਨੂੰ ਇਹ 2.5/- ਰੁਪਏ ਵਿੱਚ ਪੱਤਾ ਪੈਂਦਾ ਹੈ ਯਾਨੀ ਕਿ ਜਨ ਔਸ਼ਧੀ ਤੋਂ ਵੀ ਅੱਧਾ ਰੇਟ ਪੈਂਦਾ ਹੈ। ਇਸੇ ਤਰ੍ਹਾਂ ਜੇ antibiotic amoxcycillin clavulanic acid ਬਾਜ਼ਾਰੋਂ ਖਰੀਦੀ ਜਾਂਦੀ ਹੈ ਤਾਂ 183/- ਰੁਪਏ ਦੀ ਪੈਂਦੀ ਹੈ, ਜਨ ਔਸ਼ਧੀ ਤੋਂ 58/- ਰੁਪਏ ਦੀ ਪੈਂਦੀ ਹੈ ਪਰ ਜਦੋਂ ਮੈਂ ਖਰੀਦਦਾ ਹਾਂ ਤਾਂ ਜਨ ਔਸ਼ਧੀ ਤੋਂ ਵੀ ਸਸਤੀ ਪੈਂਦੀ ਹੈ ਅਤੇ 33/- ਰੁਪਏ ਦੀ ਮਿਲਦੀ ਹੈ। ਸਰ, ਇਸੇ ਤਰ੍ਹਾਂ ਜਿਵੇਂ ciprofloxacin dexa ਆਈ ਡਰਾਪਜ਼ ਹਨ, ਉਹ ਜਨ ਔਸ਼ਧੀ ਤੇ 11/- ਰੁਪਏ ਪੈਂਦੀ ਹੈ, ਬਾਜ਼ਾਰ ਵਿੱਚ 24/- ਰੁਪਏ ਦੀ ਹੈ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਤੋਂ 4.20/- ਰੁਪਏ ਦੀ ਪੈਂਦੀ ਹੈ। ਅੱਧੇ ਤੋਂ ਵੀ ਘੱਟ ਰੇਟ ਤੇ ਮਿਲਦੀ ਹੈ। ਇਸੇ ਤਰ੍ਹਾਂ ਸ਼ੂਗਰ ਦੀ ਦਵਾਈ ਹੈ, ਜਿਹੜੀਆਂ ਦਵਾਈਆਂ ਅਸੀਂ ਜਨ ਔਸ਼ਧੀ ਦੀਆਂ ਸਸਤੀਆਂ ਕਹਿੰਦੇ ਹਾਂ, ਉਸ ਤੋਂ ਅੱਧੇ ਰੇਟ ਤੇ ਸਾਨੂੰ ਦਵਾਈ ਮਿਲ ਸਕਦੀ ਹੈ। ਇਹ ਅਸਲੀ ਦੇਸ਼ ਭਗਤੀ ਹੋਵੇਗੀ। ਇਹ ਤਾਂ ਸਾਡੇ ਨਾਲ ਉਹ ਗੱਲ ਹੋਣ ਲੱਗੀ ਸੀ, ਮਾਲ ਮਾਲਕਾਂ ਦਾ, ਮਸ਼ਹੂਰੀ ਕੰਪਨੀ ਦੀ। ਤੁਸੀਂ ਬਾਜ਼ਾਰ ਦੀਆਂ ਮਲਟੀਨੈਸ਼ਨਲ ਕੰਪਨੀਆਂ ਨਾਲ ਕੰਪੇਅਰ ਕਰ ਰਹੇ ਹੋ ਔਰ ਤੁਸੀਂ ਕੰਪਨੀ ਅਤੇ ਡਾਕਟਰਾਂ ਨੂੰ ਬਦਨਾਮ ਕਰ ਰਹੇ ਹੋ ਔਰ ਦੇਸ਼-ਭਗਤ ਬਣ ਰਹੇ ਹੋ। ਮੇਰਾ ਗੁਰੂ ਕਹਿੰਦਾ ਹੈ ਕਿ ਕਿਸੇ ਵੀ ਪਾਰਟੀ ਦਾ ਭਗਤ ਨਹੀਂ ਬਣਨਾ, ਕਿਸੇ ਵੀ ਬੰਦੇ ਦਾ ਭਗਤ ਨਹੀਂ ਬਣਨਾ, ਹਮੇਸ਼ਾ ਦੇਸ਼-ਭਗਤ ਬਣਨਾ ਹੈ। ਦੇਸ਼-ਭਗਤੀ ਵਾਲੇ ਰੇਟ ਪੰਜਾਬ ਵਿੱਚ ਲਾਗੂ ਕਰਾਂਗੇ (ਥੰਪਿੰਗ)। ਸਾਡੀਆਂ ਦੁਕਾਨਾਂ ਜਨ ਔਸ਼ਧੀ ਤੋਂ ਸਸਤੇ ਰੇਟ ਤੇ ਦਵਾਈਆਂ ਦੇਣਗੀਆਂ ਕਿਉਂਕਿ ਇਹ ਫੰਡਾਮੈਂਟਲ ਰਾਈਟ ਹੈ। ਜਿਸ ਤਰ੍ਹਾਂ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੇ ਬਜਟ ਦਿੱਤਾ ਹੈ, ਮੈਂ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਖਰੀਦ ਕੇ ਅਵੇਲੇਬਲ ਕਰਵਾਵਾਂਗਾ ਔਰ ਦੇਸ਼ ਭਗਤੀ ਰੇਟ ਤੇ ਕਰਵਾਵਾਂਗਾ, ਜਨ ਔਸ਼ਧੀ ਕੇਂਦਰ ਦੇ ਰੇਟ ਤੇ ਨਹੀਂ ਕਰਵਾਵਾਂਗਾ। ਅਸੀਂ ਕਿਸੇ ਕੰਪਨੀ ਦਾ ਏਜੰਟ ਨਹੀਂ ਬਣਾਂਗੇ ਜੀ (ਥੰਪਿੰਗ)।

ਸਰ, ਮੈਂ ਇੱਕ ਗੱਲ ਹੋਰ ਕਹਿਣੀ ਹੈ, ਤੁਸੀਂ ਪਹਿਲਾਂ ਸੈਮੀਨਾਰ ਕਰਵਾਇਆ ਸੀ। ਫਿਰ ਤੁਸੀਂ ਸਦਨ ਵਿੱਚ ਡਿਸਕਸ਼ਨ ਕਰਵਾਈ। ਮੈਂ ਉਸ ਤੇ ਮਿਹਨਤ ਕੀਤੀ ਕਿਉਂਕਿ ਮੈਂਬਰ ਸਾਹਿਬ ਦੇ ਸਵਾਲ ਸੀ ਅਤੇ ਉਨ੍ਹਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ। ਸਰ, ਇੱਕ ਹੋਰ ਇਸ ਤੋਂ ਵੀ ਬਹੁਤ ਵੱਡਾ ਇੰਪਾਰਟੈਂਟ ਮੁੱਦਾ ਹੈ। ਉਹ ਨਸ਼ਿਆਂ ਦਾ ਮੁੱਦਾ ਹੈ, ਜਿਵੇਂ ਦਵਾਈਆਂ ਤੇ ਡਿਸਕਸ਼ਨ ਹੋਈ ਸੀ, ਨਸ਼ਿਆਂ ਦੇ ਮੁੱਦੇ ਤੇ ਵੀ ਡਿਸਕਸ਼ਨ ਹੋਣੀ ਚਾਹੀਦੀ ਹੈ। ਮੈਂ ਉਸ ਵਾਸਤੇ ਬਹੁਤ ਮਿਹਨਤ ਕੀਤੀ ਹੈ, ਇਸ ਤੋਂ ਵੀ ਜ਼ਿਆਦਾ ਮਿਹਨਤ ਕੀਤੀ ਹੈ। ਇਹੋ ਜਿਹੇ ਫੈਕਟਸ ਹਨ ਖਾਸ ਕਰਕੇ ਗੁਰਦਾਸਪੁਰ, ਡੇਰਾ ਬਾਬਾ ਨਾਨਕ ਜਿੱਥੇ ਲਾਂਘਾ ਬਣਿਆ, ਧਰਮ ਸੜਕਾਂ ਤੇ ਨਹੀਂ ਹੁੰਦਾ, ਕੁੜੀਆਂ ਮਾਰਨ ਵਿੱਚ ਸਭ ਤੋਂ ਪਹਿਲੇ ਨੰਬਰ ਤੇ ਗੁਰਦਾਸਪੁਰ ਹੈ, ਉੱਥੇ 1000 ਮੁੰਡਿਆਂ ਪਿੱਛੇ 887

ਕੁੜੀਆਂ ਹਨ, lowest in the country, lowest in the State. ਅੰਮ੍ਰਿਤਸਰ ਗੁਰੂ ਦੀ ਨਗਰੀ ਅਤੇ ਸਿੱਖੀ ਦਾ ਧੁਰਾ, ਗੋਇੰਦਵਾਲ ਸਾਹਿਬ, ਤਰਨ ਤਾਰਨ, ਖਡੂਰ ਸਾਹਿਬ ਵਿੱਚ ਹੈ, ਸਾਰੀ ਪਵਿੱਤਰ ਲਾਂਘੇ ਵਾਲੀ ਧਰਤੀ, ਦਰਬਾਰ ਸਾਹਿਬ ਵਾਲੀ ਧਰਤੀ, ਉਸ ਵਿੱਚ ਸਭ ਤੋਂ ਜ਼ਿਆਦਾ ਨਸ਼ੇ ਹਨ। ਉੱਥੇ ਮਕਬੂਲਪੁਰਾ ਵਿੱਚ ਵਿਧਵਾਵਾਂ ਦਾ ਮੁਹੱਲਾ ਹੈ, ਉੱਥੇ ਬਹੁਤ ਮੁਹੱਲੇ ਹਨ। ਉੱਥੇ ਸਭ ਤੋਂ ਜ਼ਿਆਦਾ ਨਸ਼ਿਆਂ ਦੀ ਪ੍ਰਾਬਲਮ ਹੈ। ਮੈਂ ਇਸ ਵਾਸਤੇ ਬਹੁਤ ਮਿਹਨਤ ਕੀਤੀ ਹੈ, ਮੈਨੂੰ ਇਸ ਲਈ ਮੌਕਾ ਜ਼ਰੂਰ ਦਿਉ। ਬਹੁਤ ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ-ਬੈਠੇ):** ਇਸ ਤੇ ਬਹਿਸ ਰਖਵਾਓ ਜੀ।

**ਮਾਨਯੋਗ ਸਪੀਕਰ:** ਆਪਾਂ ਇਸ ਤੇ ਬਹਿਸ ਰਖਵਾ ਲਵਾਂਗੇ, ਦੇਖ ਲੈਂਦੇ ਹਾਂ, ਕਰ ਲਵਾਂਗੇ। ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ:** ਬਹੁਤ ਬਹੁਤ ਧੰਨਵਾਦ ਮੰਤਰੀ ਜੀ, ਤੁਸੀਂ ਬੜੀ ਮਿਹਨਤ ਕੀਤੀ ਹੈ। ਬੇਸਿਕ ਤੌਰ ਤੇ ਤੁਸੀਂ ਕਾਫੀ ਕੰਮ ਕੀਤਾ ਸੀ, ਜਦੋਂ ਕਿਸਾਨ ਅੰਦੋਲਨ ਵਿੱਚ ਗਏ ਸੀ। ਗੱਲ ਇਹ ਹੈ ਕਿ ਜਿੰਨੀਆਂ ਵੀ ਅਸੀਂ ਜੈਨੇਰਿਕ ਦਵਾਈਆਂ ਜਾਂ ਤੁਸੀਂ ਕਹਿੰਦੇ ਹੋ ਕਿ ਦੇਸ਼-ਭਗਤੀ ਦਾ ਹੋਰ ਕੰਮ ਕਰਨਾ ਹੈ ਅਤੇ ਦਵਾਈਆਂ ਲੈਣੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਹ ਜਲਦੀ ਤੋਂ ਜਲਦੀ ਹਰੇਕ ਹਸਪਤਾਲ ਵਿੱਚ ਅਵੇਲੇਬਲ ਹੋਣੀਆਂ ਚਾਹੀਦੀਆਂ ਹਨ। ਡਾਕਟਰ ਸਾਹਿਬ, ਮੈਂ ਪਿਛਲੇ ਹਫਤੇ ਪਟਿਆਲਾ ਹਸਪਤਾਲ ਵਿੱਚ ਗਿਆ ਸੀ, ਮੇਰਾ ਰਿਸ਼ਤੇਦਾਰ ਬਿਮਾਰ ਸੀ। ਉੱਥੇ ਸਾਰੇ ਮਰੀਜ਼ਾਂ ਦੀਆਂ ਦਵਾਈਆਂ ਲਿਖੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਬਾਹਰੋਂ ਮਹਿੰਗੇ ਮੁੱਲ ਤੇ ਲੈਣੀਆਂ ਪੈਂਦੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਪਟਿਆਲਾ ਵਰਗੇ ਸ਼ਹਿਰ ਵਿੱਚ ਕਿਉਂਕਿ ਸਾਡੇ ਮਾਲਵੇ ਦੇ ਲੋਕਾਂ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਅਸੀਂ ਸਾਰੇ ਫਰੀਦਕੋਟ ਜਾਂ ਪਟਿਆਲਾ ਜਾਂਦੇ ਹਾਂ। ਪਟਿਆਲੇ ਸਾਡੇ ਮੈਡੀਕਲ ਦੀ ਹੱਬ ਬਣੀ ਹੋਈ ਹੈ। ਇਸ ਕਰਕੇ ਅਸੀਂ ਬੇਨਤੀ ਕਰਦੇ ਹਾਂ ਕਿ ਖਾਸ ਤੌਰ ਤੇ ਪਟਿਆਲਾ ਵਿੱਚ ਦਵਾਈਆਂ ਦੀ ਅਵੇਲੇਬਿਲਟੀ ਯਕੀਨੀ ਬਣਾਈ ਜਾਵੇ। ਤੁਹਾਡਾ ਬਹੁਤ-ਬਹੁਤ ਧੰਨਵਾਦ।

-------------

## ਕ੍ਰਮ ਨੰ: 44

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬੇ ਵਿੱਚ ਨਹਿਰੀ ਪਾਣੀ ਦੀ ਬਹੁਤ ਕਿੱਲਤ ਹੈ, ਹਲਕਾ ਮਹਿਲ ਕਲਾਂ ਵਿਖੇ ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਇਸ ਇਲਾਕੇ ਨੂੰ ਡਾਰਕ

ਜ਼ੋਨ ਐਲਾਨਿਆ ਗਿਆ ਹੈ। ਪਾਣੀ ਦੀ ਕਮੀ ਕਾਰਨ ਕਿਸਾਨਾਂ ਨੂੰ ਆਪਣੀ ਫਸਲ ਦੀ ਸਿੰਚਾਈ ਲਈ ਬਹੁਤ ਮੁਸ਼ਕਲਾਂ ਦਰਪੇਸ਼ ਆ ਰਹੀਆਂ ਹਨ। ਜਿਸ ਕਾਰਨ ਸੂਬੇ ਦੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਸੂਬੇ ਦੇ ਕਿਸਾਨਾਂ ਦੀ ਇਸ ਮੁਸ਼ਕਲ ਨੂੰ ਵੇਖਦੇ ਹੋਏ ਸੂਬੇ ਵਿੱਚ ਪਾਣੀ ਦੇ ਨੀਵੇਂ ਜਾ ਰਹੇ ਪੱਧਰ ਨੂੰ ਉੱਚਾ ਚੁੱਕਣ ਲਈ ਧਰਤੀ ਵਿੱਚ ਬੋਰ ਕਰਕੇ ਨਹਿਰੀ ਪਾਣੀ ਅਤੇ ਬਰਸਾਤੀ ਪਾਣੀ ਨੂੰ ਧਰਤੀ ਹੇਠ ਪਾਉਣ ਲਈ ਕੋਈ ਪ੍ਰਬੰਧ ਕਰੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਕਮੀ ਕਾਰਨ ਹੋਣ ਵਾਲੇ ਭਿਆਨਕ ਸਿੱਟਿਆਂ ਤੋਂ ਸੂਬੇ ਨੂੰ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮ.ਰ. ਹਸਟ./11.50/11.03.2023**

**ਭੂਮੀ ਅਤੇ ਜਲ ਸੰਭਾਲ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ):** ਧੰਨਵਾਦ ਜੀ। ਸਪੀਕਰ ਸਾਹਿਬ, ਜਿਹੜਾ ਨਹਿਰਾਂ ਦਾ ਪਾਣੀ ਹੈ ਜਾਂ ਕੋਈ ਵੀ ਪਾਣੀ ਹੈ, ਜੇਕਰ ਉਸ ਨੂੰ ਚੰਗੇ ਤਰੀਕੇ ਨਾਲ ਇਸਤੇਮਾਲ ਕੀਤਾ ਜਾਵੇ ਤਾਂ ਸਰਕਾਰ ਕੋਲ ਬਹੁਤ ਸਾਰੇ ਸਿਸਟਮ ਹਨ। ਨਹਿਰੀ ਪਾਣੀ ਵਾਸਤੇ ਸਾਡੇ ਕੋਲ ਪਾਈਪਾਂ ਹੁੰਦੀਆਂ ਹਨ ਅਤੇ ਅਸੀਂ ਉਸ ਵਾਸਤੇ ਕਾਫੀ ਸਬਸਿਡੀ ਦਿੰਦੇ ਹਾਂ। ਜੇਕਰ ਜ਼ਿਮੀਂਦਾਰ ਆਪਣੇ ਟਿਊਬਵੈਲ ਵਾਸਤੇ ਸਬਸਿਡੀ ਮੰਗਦਾ ਹੈ ਤਾਂ ਉਹ 50 ਪ੍ਰਤੀਸ਼ਤ ਹੁੰਦੀ ਹੈ। ਜੇਕਰ ਜ਼ਿਮੀਂਦਾਰ ਨਹਿਰੀ ਪਾਣੀ ਵਾਸਤੇ ਸਬਸਿਡੀ ਮੰਗਦਾ ਹੈ ਤਾਂ ਉਹ 90 ਪ੍ਰਤੀਸ਼ਤ ਹੁੰਦੀ ਹੈ। ਸੋ, 10 ਪ੍ਰਤੀਸ਼ਤ ਜਿਹੜਾ group of ਮੋਗਿਆਂ ਤੋਂ ਜਿਹੜਾ ਪਾਈਪ ਨਿਕਲਣਾ ਹੈ, ਉਸ ਉੱਤੇ 10 ਪ੍ਰਤੀਸ਼ਤ ਖਰਚਾ ਜ਼ਿਮੀਂਦਾਰ ਕਰਨਗੇ ਅਤੇ 90 ਪ੍ਰਤੀਸ਼ਤ ਹਿੱਸਾ ਸਰਕਾਰ ਦੇਵੇਗੀ। ਇਸੇ ਤਰ੍ਹਾਂ ਇੱਕ ਮਾਈਕਰੋ ਇਰੀਗੇਸ਼ਨ ਸਿਸਟਮ ਹੁੰਦਾ ਹੈ, ਜਿਸ ਵਿੱਚ ਡਰਿੱਪ ਇਰੀਗੇਸ਼ਨ ਅਤੇ sprinkler ਸਿਸਟਮ ਹੁੰਦਾ ਹੈ, ਇਸ ਵਿੱਚ ਸਾਨੂੰ ਸੇਵਿੰਗ ਬਹੁਤ ਹੁੰਦੀ ਹੈ। ਜੇਕਰ ਪਾਈਪਾਂ ਵਿੱਚ ਪਾਣੀ ਦੀ ਸੇਵਿੰਗ 20 ਪ੍ਰਤੀਸ਼ਤ ਹੈ ਤਾਂ ਮਾਈਕਰੋ ਦੀ ਸੇਵਿੰਗ 70-80 ਪ੍ਰਤੀਸ਼ਤ ਹੁੰਦੀ ਹੈ। ਸਰਕਾਰ ਇਸ ਵਿੱਚ ਬਹੁਤ ਸਾਰੇ ਪੈਸੇ ਖਰਚ ਕਰਦੀ ਹੈ।ਇਸ ਵਿੱਚ 80 ਪ੍ਰਤੀਸ਼ਤ ਪੈਸੇ ਸਰਕਾਰ ਨੇ ਦੇਣੇ ਹੁੰਦੇ ਹਨ ਅਤੇ 20 ਪ੍ਰਤੀਸ਼ਤ ਪੈਸੇ ਜ਼ਿਮੀਂਦਾਰ ਨੇ ਦੇਣੇ ਹੁੰਦੇ ਹਨ। ਜੇਕਰ ਜ਼ਿਮੀਂਦਾਰ ਅਨੁਸੂਚਿਤ ਜਾਤੀ ਨਾਲ ਬਿਲੌਂਗ ਕਰਦਾ ਹੈ ਜਾਂ ਉਹ ਮਹਾਜਨਲ ਫਾਰਮਰ ਹੈ, ਸਮਾਲ ਫਾਰਮਰ ਹੈ ਜਾਂ ਫਿਰ ਲੇਡੀ ਫਾਰਮਰ ਹੈ ਤਾਂ ਉਸ ਵਿੱਚ ਸਬਸਿਡੀ 90 ਪ੍ਰਤੀਸ਼ਤ ਕਰ ਦਿੱਤੀ ਜਾਂਦੀ ਹੈ। ਸੋ, ਮੇਰੀ ਤਾਂ ਇਹੀ ਰਾਇ ਹੈ ਕਿ ਇਹ ਸਿਸਟਮ ਅਸੀਂ ਸਾਰੇ ਵਰਤੀਏ। ਜੇਕਰ ਆਪਾਂ ਮਹਿਲਕਲਾਂ ਦੀ ਗੱਲ ਕਰੀਏ ਤਾਂ ਅਸੀਂ 321 ਏਕੜ ਪਾਈਪ ਵਾਟਰ ਵਾਸਤੇ ਲਏ ਹਨ। 37

ਏਕੜ ਮਾਈਕਰੋ ਇਰੀਗੇਸ਼ਨ ਵਾਸਤੇ ਲਏ ਹਨ। ਸੋ, ਕਾਫੀ ਕਵਰੇਜ ਕਰ ਰਹੇ ਹਾਂ। ਇਸੇ ਤਰ੍ਹਾਂ ਜਿੰਨੀਆਂ ਸਰਕਾਰੀ ਬਿਲਡਿੰਗਜ਼ ਹਨ, ਸਭ ਨੂੰ roof-water harvesting ਕਰਕੇ ਜ਼ਮੀਨ ਵਿੱਚ ਪਾਵਾਂਗੇ। ਇਸ ਵਿੱਚ ਇੱਕ ਮਹਿਲਕਲਾਂ ਦਾ ਸ਼ਹੀਦ ਬੀਬੀ ਕਿਰਨਜੀਤ ਕੌਰ, ਸੀਨੀਅਰ ਸੈਕੰਡਰੀ ਸਕੂਲ ਆਉਂਦਾ ਹੈ। ਜਿਹੜੇ ਮੇਰੇ ਵੀਰਾਂ ਨੂੰ ਨਹੀਂ ਯਾਦ ਹੈ ਤਾਂ ਮੈਂ ਉਨ੍ਹਾਂ ਨੂੰ ਇਸ ਦਾ ਇਤਿਹਾਸ ਵੀ ਯਾਦ ਕਰਵਾ ਦੇਵਾਂ ਕਿ 29 ਜੁਲਾਈ, 1997 ਵਿੱਚ ਇਹ ਬੱਚੀ ਆਪਣੇ ਸਕੂਲ ਜਾ ਰਹੀ ਸੀ, ਦਰਿੰਦਿਆਂ ਨੇ ਇਸ ਨੂੰ ਰਾਹ ਵਿੱਚ ਘੇਰ ਲਿਆ ਅਤੇ ਇਸ ਦੀ ਪੱਤ ਲੁੱਟ ਕੇ ਕਤਲ ਕਰ ਦਿੱਤਾ ਸੀ ਔਰ ਰਸੂਖਦਾਰ ਬੰਦੇ ਬਹੁਤ ਦੇਰ ਤੱਕ resist ਕਰਦੇ ਰਹੇ ਕਿ ਕੇਸ ਨਾ ਬਣੇ। ਲੇਕਿਨ ਇੱਕ ਸੰਘਰਸ਼ ਕਮੇਟੀ ਬਣੀ। ਉਦੋਂ ਤਾਂ ਸਾਡੀ ਸਰਕਾਰ ਨਹੀਂ ਸੀ ਕਿਉਂਕਿ ਇਸ ਗੱਲ ਦੀ ਬੜੀ ਚਰਚਾ ਚਲਦੀ ਹੈ ਅਤੇ ਮੈਨੂੰ ਮਜਬੂਰਨ ਤੌਰ ਤੇ ਪੁਆਇੰਟ ਆਊਟ ਕਰਨਾ ਪਿਆ। ਸੋ, ਇਹ ਕੰਮ ਹੁੰਦੇ ਰਹੇ ਹਨ। ਸੋ, ਇਸ ਸਕੂਲ ਦਾ ਪਾਣੀ ਵੀ ਅਸੀਂ ਨੀਚੇ ਲੈ ਕੇ ਜਾ ਰਹੇ ਹਾਂ। ਤੀਸਰੀ ਗੱਲ, ਖੇਤਾਂ ਦਾ ਪਾਣੀ ਬੋਰਵੈੱਲ ਕਰਕੇ ਜ਼ਮੀਨ ਵਿੱਚ ਨਹੀਂ ਭੇਜਿਆ ਜਾ ਸਕਦਾ ਕਿਉਂਕਿ ਉਸ ਵਿੱਚ ਕੈਮੀਕਲਜ਼, ਪੈਸਟੀਸਾਈਡਜ਼, weedicides ਹੁੰਦੇ ਹਨ, ਲੇਕਿਨ ਜਿਹੜਾ ਨਹਿਰਾਂ ਦਾ ਪਾਣੀ ਹੈ, ਇਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ ਕਿਉਂਕਿ ਮਾਲਵੇ ਵਿੱਚ ਸਮੱਸਿਆ ਘੱਟ ਹੈ ਪਰੰਤੂ ਮਾਝੇ ਵਿੱਚ ਬਹੁਤ ਜ਼ਿਆਦਾ ਸਮੱਸਿਆ ਹੈ। ਮਾਲਵੇ ਵਿੱਚ ਇਸ ਲਈ ਘੱਟ ਹੈ ਕਿਉਂਕਿ ਡਿਮਾਂਡ ਜ਼ਿਆਦਾ ਹੈ ਅਤੇ ਟੇਲ ਐਂਡ ਤੱਕ ਪਾਣੀ ਪਹੁੰਚਦਾ-ਪਹੁੰਚਦਾ ਖਤਮ ਹੋ ਜਾਂਦਾ ਹੈ। ਮਾਝੇ ਵਿੱਚ ਲੋਕਾਂ ਦੀ ਡਿਮਾਂਡ ਘੱਟ ਹੈ ਕਿਉਂਕਿ ਹੇਠਾਂ ਤੋਂ ਪਾਣੀ ਮਿੱਠਾ ਆਉਂਦਾ ਹੈ ਅਤੇ ਸਾਰੇ ਬੋਰਾਂ ਰਾਹੀਂ ਪਾਣੀ ਕੱਢ ਰਹੇ ਹਨ। ਸੋ, ਜਿਹੜਾ ਨਹਿਰ ਦਾ ਪਾਣੀ ਹੈ ਜਿਵੇਂ ਸਾਡੀ Upper Bari Doab Canal ਹੈ, ਜਿਸ ਦੀ 8200 ਕਿਊਸਿਕ entitlement ਹੈ, ਲੇਕਿਨ ਇਸ ਦੀ ਕੈਪੇਸਿਟੀ 5000 ਰਹਿ ਗਈ ਹੈ। ਸੋ, ਜਿਹੜੀਆਂ ਸਾਡੀਆਂ natural drains ਹਨ, ਜਿਵੇਂ ਟੁੰਗ ਟਾਬ ਅੰਮ੍ਰਿਤਸਰ ਨਿਕਲਦੀ ਹੈ, ਸੱਕੀ ਅਜਨਾਲੇ ਵੱਲ ਨਿਕਲਦੀ ਹੈ, ਕਸੂਰ ਡਰੇਨ ਬਟਾਲੇ ਤੋਂ ਨਿਕਲ ਕੇ ਮੁੜ ਕੇ ਤਰਨਤਾਰਨ ਹੋ ਕੇ ਅੱਗੇ ਪਾਕਿਸਤਾਨ ਚਲੀ ਜਾਂਦੀ ਹੈ, ਇਨ੍ਹਾਂ ਵਿੱਚ ਪਾਇਆ ਜਾਵੇ ਜਾਂ ਟੇਲ ਐਂਡ ਤੇ ਖੜ੍ਹ ਕੇ ਬੋਰ ਕਰ ਲਏ ਜਾਣ ਔਰ ਜੇ ਜ਼ਿਮੀਂਦਾਰ ਪਾਣੀ ਨਹੀਂ ਮੰਗਦੇ ਤਾਂ ਉਹ ਜ਼ਮੀਨ ਵਿੱਚ ਬੋਰ ਕਰਕੇ ਪਾਣੀ ਭੇਜਿਆ ਜਾਵੇ। ਇਸ ਬਾਰੇ ਤਜਵੀਜ਼ ਸਰਕਾਰ ਸੋਚ ਵੀ ਰਹੀ ਹੈ। ਪਾਣੀ ਦਾ ਬੜਾ ਇੰਪਾਰਟੈਂਟ ਪੁਆਇੰਟ ਹੈ।ਜੇਕਰ ਅਸੀਂ ਮਾਝੇ ਦਾ ਪਾਣੀ ਬਚਾ ਲਈਏ ਤਾਂ ਸਾਡਾ ਉਹੀ ਪਾਣੀ ਸਰਪਲੱਸ ਹੋ ਕੇ ਇੱਧਰ ਵੀ ਜਾ ਸਕਦਾ ਹੈ। ਸੋ, ਇਸ ਕਰਕੇ ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲਕਲਾਂ, ਐਸ.ਸੀ.):** ਮਾਨਯੋਗ ਮੰਤਰੀ ਸਾਹਿਬ ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਮੋਘਿਆਂ ਦਾ ਪਾਣੀ ਹੁੰਦਾ ਹੈ, ਮੈਂ ਸਮਝਦਾ ਹਾਂ ਕਿ ਸੀਜ਼ਨ ਦੇ ਦੌਰਾਨ ਜਾਂ

ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਸਾਨੂੰ 20-20 ਦਿਨ ਜਾਂ ਮਹੀਨਾ ਮਹੀਨਾ ਪਾਣੀ ਦੀ ਲੋੜ ਨਹੀਂ ਹੁੰਦੀ ਹੈ, ਉਦੋਂ ਜਿਹੜੇ ਸਾਡੇ ਕਿਸਾਨ ਭਰਾ ਹਨ, ਉਹ ਮੋਘਿਆਂ ਵਿੱਚ ਬੋਰੀਆਂ ਲਗਾ ਦਿੰਦੇ ਹਨ, ਸਾਰੇ ਮੋਘੇ ਬੰਦ ਹੋ ਜਾਂਦੇ ਹਨ, ਰਜਬਾਹੇ ਅਤੇ ਨਹਿਰਾਂ ਵੀ ਟੁੱਟ ਜਾਂਦੇ ਹਨ। ਮੈਂ ਇਹ ਗਾਰੰਟੀ ਨਾਲ ਗੱਲ ਕਹਾਂਗਾ ਕਿ ਜੇਕਰ ਮੋਘਿਆਂ ਦੇ ਨਾਲ ਪਿੱਟ ਬੋਰ ਕਰਕੇ ਉਹ ਪਾਣੀ ਵੀਹ ਦਿਨ ਧਰਤੀ ਵਿੱਚ ਪਈ ਜਾਵੇ ਤਾਂ ਦੋ ਸਾਲਾਂ ਵਿੱਚ ਪਾਣੀ ਦਾ ਲੈਵਲ ਉੱਪਰ ਆ ਸਕਦਾ ਹੈ।

GK/HS 11.55 11-3--2023

ਕੀ ਮਨਰੇਗਾ ਵਿੱਚ ਜਾਂ ਸਰਕਾਰ ਕੋਲ ਕੋਈ ਅਜਿਹੀ ਤਜਵੀਜ਼ ਹੈ ਕਿ ਮੋਘੇ ਨਾਲ ਇੱਕ ਪਿੱਟਬੋਰ ਕੀਤਾ ਜਾਵੇ ਅਤੇ ਮਹੀਨਾ ਮਹੀਨਾ ਉਸ ਵਿੱਚ ਪਾਣੀ ਪੈਂਦਾ ਰਹੇ। ਇਸ ਨਾਲ ਪੰਜਾਬ ਵਿੱਚ ਕੋਈ ਵੀ ਰਜਬਾਹਾ ਅਤੇ ਕੋਈ ਨਹਿਰ ਨਹੀਂ ਟੁੱਟੇਗੀ। ਜਦੋਂ ਬਾਰਸ਼ਾਂ ਵਿੱਚ ਪਾਣੀ ਜ਼ਿਆਦਾ ਵਧ ਜਾਂਦਾ ਹੈ ਫਿਰ ਜਾਂ ਤਾਂ ਪਾਕਿਸਤਾਨ ਨੂੰ ਪਾਣੀ ਛੱਡ ਦਿੰਦੇ ਹਾਂ। ਇਸ ਨਾਲ ਅਸੀਂ ਉਨ੍ਹਾਂ ਨੂੰ ਵੀ ਡੁਬਾਉਂਦੇ ਹਾਂ। ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਮੋਘਿਆਂ ਨਾਲ ਪਿੱਟਬੋਰ ਕੀਤੇ ਜਾਣ।

**ਮੰਤਰੀ:** ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਸਾਨੂੰ ਪਾਣੀ ਨੂੰ ਸੰਭਾਲਣਾ ਚਾਹੀਦਾ ਹੈ। ਨਹੀਂ ਤਾਂ ਸਾਡੇ ਲਈ ਭਵਿੱਖ ਜ਼ਿਆਦਾ bright ਨਹੀਂ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਜੇਕਰ ਬੋਰ ਹੋ ਜਾਣ। ਇਹ ਮੇਰਾ ਮਹਿਕਮਾ ਨਹੀਂ ਹੈ। ਮੈਂ ਇਸ ਗੱਲ ਦਾ ਜਵਾਬ ਨਹੀਂ ਦੇ ਸਕਦਾ ਪਰ ਅਸੀਂ ਇਰੀਗੇਸ਼ਨ ਵਿਭਾਗ ਨਾਲ ਰਲ ਕੇ ਕੰਮ ਕਰ ਰਹੇ ਹਾਂ। ਜੇਕਰ ਮੋਘਿਆਂ ਨਾਲ ਬੋਰ ਹੋ ਜਾਂ ਜਿੱਥੇ ਟੇਲ ਖਤਮ ਹੁੰਦੀ ਹੈ ਉੱਥੇ ਬੋਰ ਹੋ ਜਾਣ ਅਤੇ ਇਹ ਪਾਣੀ ਜ਼ਮੀਨ ਵਿੱਚ ਚਲਾ ਜਾਵੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਛੱਪੜਾਂ ਦਾ ਪਾਣੀ ਵਰਤਿਆ ਜਾ ਸਕਦਾ ਹੈ। ਪਿੰਡਾਂ ਵਿੱਚ ਛੱਪੜ ਨੱਕੋ-ਨੱਕ ਭਰੇ ਪਏ ਹਨ। ਜਿਨ੍ਹਾਂ ਤੋਂ ਬਹੁਤ ਜ਼ਿਆਦਾ ਬਦਬੂ ਵੀ ਆਉਂਦੀ ਹੈ। ਇਸ ਨਾਲ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ। ਜਿਹੜੇ ਘਰ ਛੱਪੜਾਂ ਦੇ ਨੇੜੇ ਹੁੰਦੇ ਹਨ ਉਨ੍ਹਾਂ ਦੇ ਘਰ ਵੱਲ ਵੀ ਪਾਣੀ ਚਲੇ ਜਾਂਦਾ ਹੈ। ਇਸ ਕਰਕੇ ਇਸ ਪਾਣੀ ਨੂੰ ਟਰੀਟ ਕਰਕੇ ਜਾਂ ਫਿਰ ਚਾਰ-ਚਾਰ, ਪੰਜ-ਪੰਜ ਛੋਟੇ ਪਿੰਡਾਂ ਦੇ ਕਲੱਸਟਰ ਬਣਾ ਕੇ ਪਾਣੀ ਨੂੰ ਖੇਤੀ ਲਈ ਯੂਜ਼ ਕੀਤਾ ਜਾ ਸਕਦਾ ਹੈ ਤਾਂ ਕਿ ਧਰਤੀ ਹੇਠਲਾ ਪਾਣੀ ਬਚਾਇਆ ਜਾ ਸਕੇ।

## ANNOUNCEMENT BY THE SPEAKER REGARDING DISCUSSION ON THE DRUG ISSUE

**ਮਾਨਯੋਗ ਸਪੀਕਰ:** ਡਾਕਟਰ ਬਲਬੀਰ ਸਿੰਘ ਜੀ ਨੇ ਜਿਹੜੀ ਗੱਲ ਨਸ਼ਿਆਂ ਤੇ ਕੀਤੀ ਹੈ, ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਸ ਤੇ ਹਾਊਸ ਵਿੱਚ ਡਿਸਕਸ਼ਨ ਹੋਣੀ ਬਹੁਤ ਜ਼ਰੂਰੀ ਹੈ। ਸੋ, 22 ਮਾਰਚ, 2023 ਨੂੰ ਸਰਕਾਰੀ ਕੰਮ ਕਾਰ ਅਤੇ ਬਿਲਜ਼ ਹਨ। ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ 22 ਮਾਰਚ, 2023 ਨੂੰ ਇੱਕ ਘੰਟਾ ਡਰੱਗਜ਼ ਦੇ ਮੁੱਦੇ ਤੇ ਡਿਸਕਸ਼ਨ ਰੱਖ ਲਈਏ। (ਸਮੁੱਚੇ ਹਾਊਸ ਵੱਲੋਂ ਥੰਪਿੰਗ)

(**ਆਪੋਜ਼ੀਸ਼ਨ ਪਾਰਟੀ ਵੱਲੋਂ ਬੇਨਤੀ:** ਇਸ ਤੇ ਥੋੜ੍ਹਾ ਟਾਈਮ ਵਧਾ ਦਿਓ।)

**ਮਾਨਯੋਗ ਸਪੀਕਰ:** ਇਸ ਇਸ਼ੂ ਤੇ ਦੋ ਘੰਟੇ ਦਾ ਸਮਾਂ ਕਰ ਲੈਂਦੇ ਹਾਂ। 22 ਮਾਰਚ ਨੂੰ ਦੋ ਘੰਟੇ ਇਸ ਇਸ਼ੂ ਤੇ ਡਿਸਕਸ਼ਨ ਕੀਤੀ ਜਾਵੇਗੀ। ਗੁਰੂ ਸਾਹਿਬ ਮਿਹਰ ਕਰਨਗੇ। ਇਸ ਤੇ ਕੋਈ ਨਾ ਕੋਈ ਰਾਹ ਨਿਕਲੇਗਾ। ਸਾਡੇ ਗੁਰੂ ਸਾਹਿਬ ਦਾ ਘੋੜਾ ਤੰਬਾਕੂ ਦੇ ਖੇਤ ਵਿੱਚ ਨਹੀਂ ਵੜਿਆ ਸੀ। ਅੱਜ ਸਾਨੂੰ ਬਹੁਤ ਵੱਡੀ ਸਮੱਸਿਆ ਫੇਸ ਕਰਨੀ ਪੈ ਰਹੀ ਹੈ। ਇਸ ਗੱਲ ਤੇ ਹਾਊਸ ਦੀ ਸਹਿਮਤੀ ਹੈ ਕਿ 22 ਮਾਰਚ ਨੂੰ ਇਸ ਇਸ਼ੂ ਤੇ ਦੋ ਘੰਟੇ ਡਿਸਕਸ਼ਨ ਰੱਖੀ ਜਾਵੇਗੀ।

(ਆਵਾਜ਼ਾਂ: ਹਾਂ ਜੀ) (ਥੰਪਿਗ)

-------

## CALLING ATTENTION NOTICES UNDER RULE 66 (*RESUMPTION*)

**ਸਿਹਤ ਮੰਤਰੀ (ਡਾਕਟਰ ਬਲਬੀਰ ਸਿੰਘ):** ਸਰ, ਜਿਵੇਂ ਪਾਣੀ ਦੀ ਗੱਲ ਹੋਈ ਸੀ। ਗੁਰੂ ਸਾਹਿਬ ਨੇ ਵੀ ਕਿਹਾ ਕਿ

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਸਰ, ਮੈਂ ਪਿਛਲੇ 25-30 ਸਾਲ ਤੋਂ ਇਹ ਤਜਰਬੇ ਕੀਤੇ ਹਨ। ਇਹ ਮੈਂ ਆਪ ਸਭ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ for everybody's benefit. ਜਿਵੇਂ ਇੱਥੇ ਮੋਘਿਆਂ ਦੀ ਗੱਲ ਕੀਤੀ ਗਈ ਹੈ ਜਦੋਂ ਬਰਸਾਤ ਆ ਜਾਂਦੀ ਹੈ ਤਾਂ ਉਦੋਂ ਵਾਧੂ ਪਾਣੀ ਹੋ ਜਾਂਦਾ ਹੈ। ਇਸ ਤਰ੍ਹਾਂ ਸਾਡਾ ਵੀ ਹੁੰਦਾ ਸੀ। ਇੱਕ ਜਨੋਦਾ ਕਲਾਂ ਹੈ। ਮੈਂ ਇਸ ਦੇ ਲਈ 15-20 ਵਾਟਰ ਰੀਚਾਰਜਿੰਗ ਵੈੱਲ ਬਣਾਏ ਹਨ। ਆਪਣੇ ਘਰ ਵਿੱਚ ਵੀ ਬਣਾਇਆ ਅਤੇ ਘਰ

ਦੇ ਸਾਹਮਣੇ ਵੀ ਬਣਾਇਆ ਹੈ। ਬਾਰਸ਼ ਦੇ ਪਾਣੀ ਦੀ ਇੱਕ ਵੀ ਬੂੰਦ ਮੈਂ ਬਾਹਰ ਨਹੀਂ ਜਾਣ ਦਿੰਦਾ ਸੀ। ਇਸ ਦਾ ਬਹੁਤ ਵਧੀਆ ਹੱਲ ਹੈ। ਜਨੋਦਾ ਕਲਾਂ ਵਿੱਚ ਮੇਰੇ ਕੋਲ ਜ਼ਮੀਨ ਅਵੇਲੇਬਲ ਹੈ। ਉੱਥੇ ਅਸੀਂ ਬਹੁਤ ਵੱਡਾ ਤਲਾਬ ਵੀ ਬਣਾ ਰਹੇ ਹਾਂ। ਉਸ ਦੇ ਆਸੇ-ਪਾਸੇ ਦਰੱਖਤ ਲਗਾ ਰਹੇ ਹਾਂ। Walking tracks ਬਣਾ ਰਹੇ ਹਾਂ। ਮੈਡੀਟੇਸ਼ਨ ਸੈਂਟਰ ਵੀ ਬਣਾ ਰਹੇ ਹਾਂ। ਜਦੋਂ ਵਾਧੂ ਪਾਣੀ ਆ ਜਾਂਦਾ ਹੈ ਤਾਂ ਉਸ ਨੂੰ ਸਟੋਰ ਕਰ ਲੈਣਾ ਚਾਹੀਦਾ ਹੈ। ਮੀਂਹ ਦਾ ਪਾਣੀ ਵੀ ਸਟੋਰ ਕਰ ਲੈਣਾ ਚਾਹੀਦਾ ਹੈ। ਇਸ ਨਾਲ ਇੱਕ ਤਾਂ ਵਾਟਰ ਟੇਬਲ ਵਧੇਗਾ। ਦੂਜਾ, ਇਸ ਨਾਲ ਲਿਫਟ ਇਰੀਗੇਸ਼ਨ ਕਰ ਰਹੇ ਹਾਂ। ਲਿਫਟ ਇਰੀਗੇਸ਼ਨ ਸੋਲਰ ਐਨਰਜੀ ਨਾਲ ਹੁੰਦੀ ਹੈ। ਇਸ ਨਾਲ ਬਿਜਲੀ ਦਾ ਬਿਲ ਵੀ ਨਹੀਂ ਆਵੇਗਾ। ਇਹ one time expenditure ਹੈ। ਜਿਹੜਾ ਸਟੋਰਡ ਵਾਟਰ ਹੈ, ਜਿਵੇਂ ਪੈਸੇ ਜਮ੍ਹਾ ਕਰਾਵਾਉਂਦੇ ਹਾਂ ਬੇਂਕ ਵਿੱਚ ਅਤੇ ਔਖੇ ਵੇਲੇ ਕਢਵਾ ਲੈਂਦੇ ਹਾਂ ਇਸੇ ਤਰ੍ਹਾਂ ਪਾਣੀ ਨੂੰ ਵੀ ਸਟੋਰ ਕਰ ਲੈਣਾ ਚਾਹੀਦਾ ਹੈ। ਬਹੁਤ ਸਾਰੀਆਂ ਸਟੇਟਾਂ ਵਿੱਚ ਇਸ ਤਰ੍ਹਾਂ ਕੀਤਾ ਜਾਂਦਾ ਹੈ। ਰਾਜਸਥਾਨ ਸਟੇਟ ਵੀ ਇਸੇ ਤਰ੍ਹਾਂ ਕਰ ਰਹੀ ਹੈ। ਉਨ੍ਹਾਂ ਦਾ ਵਾਟਰ ਟੇਬਲ ਵੀ ਉੱਪਰ ਆ ਰਿਹਾ ਹੈ। ਇਹ ਬਹੁਤ ਅਸੈਂਸ਼ੀਅਲ ਅਕੋਮੋਡਿਟੀ ਹੈ। ਇਸ ਵਾਸਤੇ ਦੋ ਹੀ ਹੱਲ ਹਨ। ਦੂਜਾ ਹੱਲ ਬਹੁਤ ਸਰਲ ਹੈ। ਜਦੋਂ ਮੈਂ ਛੋਟਾ ਹੁੰਦਾ ਸੀ ਉਦੋਂ ਖੂਹ ਦਾ ਪਾਣੀ ਪੀਂਦੇ ਸਨ। ਅਜੇ ਵੀ ਬਹੁਤ ਜਗ੍ਹਾ ਤੇ ਪੁਰਾਣੇ ਖੂਹ ਪਏ ਹਨ। ਉਨ੍ਹਾਂ ਵਿੱਚ ਮਿੱਟੀ ਅਤੇ ਕੂੜਾ ਸੁੱਟਿਆ ਹੋਇਆ ਹੈ। ਉਨ੍ਹਾਂ ਵਿੱਚੋਂ ਇਹ ਸਾਰਾ ਕੁਝ ਕੱਢਣਾ ਚਾਹੀਦਾ ਹੈ। ਜਿਹੜੇ ਖੂਹਾਂ ਵਿੱਚੋਂ ਸਾਡੇ ਬਜ਼ੁਰਗਾਂ ਨੇ ਪਾਣੀ ਪੀਤਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਬਾਰਸ਼ਾਂ ਦਾ ਪਾਣੀ ਉਨ੍ਹਾਂ ਖੂਹਾਂ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ ਜਾਵੇ। ਇਹ ਪਾਣੀ ਫਿਰ ਆਉਣ ਵਾਲੀਆਂ ਪੀੜ੍ਹੀਆਂ ਪੀਣਗੀਆਂ। ਧੰਨਵਾਦ ਜੀ।ਸਪੀਕਰ ਸਾਹਿਬ, ਮੈਂ ਤਹਿ ਦਿਲੋਂ ਆਪਣੇ ਸਾਰੇ 117 ਮੈਂਬਰਾਂ ਵੱਲੋਂ ਅਤੇ ਪੰਜਾਬ ਦੇ ਸਾਰੇ ਤਿੰਨ ਕਰੋੜ ਲੋਕਾਂ ਵੱਲੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

12.00 11.03.2023 Rajneet/Birendra singh

## PAPERS LAID ON THE TABLE

**ਮਾਨਯੋਗ ਸਪੀਕਰ :** ਅਗਲੀ ਆਈਟਮ । ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਇੰਦਰਬੀਰ ਸਿੰਘ ਨਿੱਜਰ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. III ਅਧੀਨ ਦਰਸਾਏ ਗਏ ਕ੍ਰਮ ਅੰਕ ਨੰ. 1 ਤੋਂ 6 ਤੱਕ ਵਰਨਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

i) ਨੋਟੀਫਿਕੇਸ਼ਨ ਨੰ: 17/05/2016-5ਗਖ2/2014, ਮਿਤੀ 09.08.2022;

ii) ਨੋਟੀਫਿਕੇਸ਼ਨ ਨੰ: 17/05/2016-5ਗਖ2/864, ਮਿਤੀ 17.06.2022;

iii) ਨੋਟੀਫਿਕੇਸ਼ਨ ਨੰ: 17/05/2016-5ਗਖ2/3094, ਮਿਤੀ 22.12.2022;

iv) ਨੋਟੀਫਿਕੇਸ਼ਨ ਨੰ: 17/05/2016-5ਗਖ2/3109, ਮਿਤੀ 22.12.2022;

v) ਨੋਟੀਫਿਕੇਸ਼ਨ ਨੰ: ਜੀ.ਐਸ.ਆਰ49/ਸੀ.ਏ.16/2016/ਐਸ.84/ਏਐਮਡੀ(1)/2022, ਮਿਤੀ 29.06.2022; ਅਤੇ

vi) ਨੋਟੀਫਿਕੇਸ਼ਨ ਨੰ: ਜੀ.ਐਸ.ਆਰ62/ਸੀ.ਏ.16/2016/ਐਸ.84/ਏਐਮਡੀ(2)/2022, ਮਿਤੀ 26.08.2022;

ਜਿਵੇਂ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਐਕਟ, 2016 ਦੀ ਧਾਰਾ 86 (2) ਅਧੀਨ ਲੋੜੀਂਦਾ ਹੈ ।

---

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ :** ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਮੈਂਬਰ, ਲੋਕ ਲੇਖਾ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਮੈਂਬਰ, ਲੋਕ ਲੇਖਾ ਕਮੇਟੀ (ਸ਼੍ਰੀ ਸੁਖਵਿੰਦਰ ਸਿੰਘ ਕੋਟਲੀ):** ਮਾਨਯੋਗ ਸਪੀਕਰ ਸਾਹਿਬ, ਮੈਂ, ਸਾਲ 2016-17 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 215ਵੀਂ ਰਿਪੋਰਟ ਅਤੇ ਸਾਲ 2016-17 ਲਈ ਲੋਕ ਕਾਰਜ (ਭਵਨ ਅਤੇ ਮਾਰਗ) ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਪੇਸ਼ ਕਰਦਾ ਹਾਂ।

---

**ਮਾਨਯੋਗ ਸਪੀਕਰ :** ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਸਭਾਪਤੀ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਮੀਤ ਸਿੰਘ ਪਠਾਨਮਾਜਰਾ):** ਮੈਂ, ਸਾਲ 2022-23 ਲਈ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨਾਲ ਸਬੰਧਿਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

---

**ਮਾਨਯੋਗ ਸਪੀਕਰ :** ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਸਭਾਪਤੀ, ਖੇਤੀਬਾੜੀ ਅਤੇ ਇਸ ਦੇ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ):** ਮੈਂ, ਸਾਲ 2022-23 ਲਈ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ।

ਸਰ, ਮੈਂ ਦੋ ਸ਼ਬਦ ਬੋਲਣਾ ਚਾਹੁੰਦਾ ਹਾਂ। ਜੇ ਮੈਨੂੰ ਦੋ ਮਿੰਟ ਮਿਲ ਜਾਣ ਜੀ।

**ਮਾਨਯੋਗ ਸਪੀਕਰ :** ਦੇਖੋ ਜੀ, ਜਿਹੜੀਆਂ ਵਿਧਾਨ ਸਭਾ ਦੀਆਂ ਕਮੇਟੀਆਂ ਹਨ, ਇਹ ਬਹੁਤ ਹੀ ਇੰਪਾਰਟੈਂਟ ਹਨ। ਜੇਕਰ ਤੁਸੀਂ ਇਸ ਤੇ ਕੁਝ ਬੋਲਣਾ ਚਾਹੁੰਦੇ ਹੋ ਤਾਂ welcome, ਜ਼ਰੂਰ ਬੋਲੋ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ :** ਮਾਨਯੋਗ ਸਪੀਕਰ ਸਾਹਿਬ, ਜਿਹੜਾ ਸਾਡਾ ਸੂਬਾ ਹੈ ਇਹ ਖੇਤੀਬਾੜੀ ਤੇ ਨਿਰਭਰ ਹੈ। ਮੈਨੂੰ ਇਹ ਸੁਭਾਗ ਪ੍ਰਾਪਤ ਹੋਇਆ ਹੈ ਕਿ ਮੈਂ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਗਤੀਵਿਧੀਆਂ ਸਬੰਧੀ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖ ਰਿਹਾ ਹਾਂ। ਸਭ ਤੋਂ ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਮੇਰੇ ਮੈਂਬਰ ਸਾਹਿਬਾਨਾਂ ਦਾ। ਮੈਂ ਦੱਸ ਸਕਦਾ ਹਾਂ ਵੱਖ-ਵੱਖ ਮਹਿਕਮੇ ਜਿਵੇਂ ਖੇਤੀਬਾੜੀ ਵਿਭਾਗ, ਜਲ ਸਰੋਤ ਵਿਭਾਗ, ਬਿਜਲੀ ਵਿਭਾਗ, ਬਾਗਬਾਨੀ ਵਿਭਾਗ, ਪੰਜਾਬ ਐਗਰੋ, ਪੰਜਾਬ ਵੇਅਰ ਹਾਊਸਿੰਗ, ਪੰਜਾਬ ਮੰਡੀ ਬੋਰਡ, ਪਨਸੀਡ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਸਟੇਟ ਫਾਰਮਿੰਗ ਕਮਿਸ਼ਨ, ਇਹ ਸਾਰੇ ਅਦਾਰੇ ਖੇਤੀਬਾੜੀ ਨਾਲ ਜੁੜੇ ਹੋਏ ਹਨ। ਅਸੀਂ ਜਿਹੜੀ ਰਿਪੋਰਟ ਬਣਾਈ ਹੈ ਉਸ ਲਈ ਮੈਂ ਸਾਰੇ ਮੈਂਬਰ ਸਾਹਿਬਾਨ ਦਾ, ਸਾਡੇ ਨੋਡਲ ਅਫਸਰ ਸਾਹਿਬਾਨ ਦਾ, ਜਿਹੜੀ ਸਾਡੀ ਵਿਧਾਨ ਸਭਾ ਦੀ ਸਮੁੱਚੀ ਟੀਮ ਹੈ, ਸਕੱਤਰ ਸਾਹਿਬ, ਵਧੀਕ ਸਕੱਤਰ ਅਤੇ ਇਸ ਦੇ ਨਾਲ ਸਾਰੇ ਅਮਲੇ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਅਸੀਂ ਇਸ ਵਿੱਚ 68 ਸਿਫਾਰਸ਼ਾਂ ਕੀਤੀਆਂ ਹਨ ਜਿਹੜੀਆਂ ਕਿ ਕਿਸਾਨੀ ਦੇ ਨਾਲ ਸਬੰਧਿਤ ਹਨ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਇਹ ਰਿਪੋਰਟ ਹੈ, ਇਕੱਲੇ ਇਕੱਲੇ ਦੇ ਕੋਲ ਹਰੇਕ ਦੇ

ਮੇਜ਼ ਤੇ ਆਉਣੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਇਸ ਰਿਪੋਰਟ ਨੂੰ ਜ਼ਰੂਰ ਪੜ੍ਹਨ ਕਿਉਂਕਿ ਜਿਹੜੀ ਸਾਡੀ ਖੇਤੀਬਾੜੀ ਪਾਲਿਸੀ ਬਣਨ ਜਾ ਰਹੀ ਹੈ, ਉਸ ਦੇ ਲਈ ਵੀ ਇਹ ਰਿਪੋਰਟ ਇੱਕ ਰਾਹ ਦਸੇਰਾ ਹੋਵੇਗੀ। ਇਸ ਰਿਪੋਰਟ ਵਿੱਚ ਜੋ ਕਿਸਾਨਾਂ ਨੂੰ ਸਮੱਸਿਆਵਾਂ ਆ ਰਹੀਆਂ ਹਨ, ਅਸੀਂ ਇਕੱਲੀ ਇਕੱਲੀ ਸਮੱਸਿਆ ਅਤੇ ਇਸ ਦੇ ਹੱਲ ਲਈ ਅਸੀਂ ਸਾਰੇ ਹੀ ਜਿੰਨੇ ਸਾਡੇ ਏ.ਡੀ.ਓ. ਸਾਹਿਬਾਨ ਸੀ, ਕਮੇਟੀ ਨੇ ਉੱਥੇ ਜਾ ਕੇ ਵੀ ਮੀਟਿੰਗਾਂ ਕੀਤੀਆਂ, ਅਤੇ ਇਸ ਸਬੰਧੀ ਜਿੰਨੇ ਵੀ ਮਾਹਿਰ ਸੀ ਅਸੀਂ ਸਾਰਿਆਂ ਨੂੰ ਬੁਲਾਇਆ। ਅਸੀਂ ਇਕੱਲੀ-ਇਕੱਲੀ ਗੱਲ, ਜਿਵੇਂ ਧਿਆਨ ਦਿਵਾਊ ਮਤੇ ਵਿੱਚ ਪਾਣੀ ਦੀ ਰੀਚਾਰਜਿੰਗ ਦੀ ਗੱਲ ਹੋਈ ਹੈ, ਇਸ ਦਾ ਕੀ ਹੱਲ ਹੋ ਸਕਦਾ ਹੈ, ਇਸ ਨੂੰ ਵੀ ਦੇਖਿਆ। ਜਿਹੜੇ ਐਨ.ਜੀ.ਟੀ. ਦੇ ਰੂਲ ਹਨ, ਉਨ੍ਹਾਂ ਤੋਂ ਬਾਹਰ ਅਸੀਂ ਕਿਵੇਂ ਪਾਣੀ ਨੂੰ ਰੀਚਾਰਜ ਕਰ ਸਕਦੇ ਹਾਂ, ਇਹ ਵੀ ਵਿਚਾਰਿਆ ਗਿਆ। ਜਦੋਂ ਸਾਰੇ ਸੂਏ ਟੁੱਟਦੇ ਹਨ ਉਦੋਂ ਬਹੁਤ ਨੁਕਸਾਨ ਹੁੰਦਾ ਹੈ ਤੇ ਇਨ੍ਹਾਂ ਸੂਇਆਂ ਦਾ ਕੀ ਹੋ ਸਕਦਾ ਹੈ। ਹੁਣ ਕੀ ਹੁੰਦਾ ਹੈ ਕਿ ਪੈਸਟੀਸਾਈਡਜ਼ ਦਾ ਸੈਂਪਲ ਲਿਆ ਜਾਂਦਾ ਹੈ, ਉਹ ਸੈਂਪਲ ਲੈ ਕੇ ਦੁਕਾਨਦਾਰ ਤੇ ਪਰਚਾ ਦਰਜ ਕਰ ਦਿੱਤਾ ਜਾਂਦਾ ਹੈ ਜਦੋਂ ਕਿ ਉਸ ਦੇ ਕੋਲ ਬਿਲ ਹੁੰਦਾ ਹੈ। ਜਿਹੜੀ ਕਿ ਮੈਨੂਫੈਕਚਰਿੰਗ ਕੰਪਨੀ ਹੁੰਦੀ ਹੈ, ਉਸ ਕੋਲ ਲਾਇਸੰਸ ਹੁੰਦਾ ਹੈ। ਇਸ ਲਈ ਜਦੋਂ ਉਸ ਕੋਲ ਬਿਲ ਹੈ ਅਤੇ ਉਸ ਸੀਲ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਤਾਂ ਕਿਉਂ ਨਾ ਡੀਲਰ ਨੂੰ ਗਵਾਹ ਬਣਾ ਕੇ ਮੈਨੂਫੈਕਚਰਿੰਗ ਕੰਪਨੀ ਤੇ ਪਰਚਾ ਦਰਜ ਕੀਤਾ ਜਾਵੇ। ਸੋ, ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਅਜਿਹੀਆਂ ਸਿਫਾਰਸ਼ਾਂ ਨੂੰ ਜ਼ਰੂਰ ਪੜ੍ਹਿਆ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਬੇਨਤੀ ਕਰਦਾ ਹਾਂ ਕ ਜਿਹੜੀਆਂ ਕਮੇਟੀ ਦੀਆਂ ਰਿਪੋਰਟਾਂ ਹੁੰਦੀਆਂ ਹਨ, ਉਨ੍ਹਾਂ ਤੇ ਬਹਿਸ ਲਈ ਵੀ ਸਮਾਂ ਜ਼ਰੂਰ ਦਿੱਤਾ ਜਾਵੇ ਤਾਂ ਕਿ ਜਿਹੜੀਆਂ ਕਮੇਟੀਆਂ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਸ਼ਾਬਾਸ਼ ਮਿਲ ਸਕੇ। ਦੁਬਾਰਾ ਫਿਰ ਮੈਂ ਸਾਰੇ ਸਹਿਯੋਗੀਆਂ ਦਾ ਧੰਨਵਾਦ ਕਰਦਾ ਹੋਇਆ ਇਹ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ। ਇੱਥੇ ਸੁੱਖਾਨੰਦ ਜੀ ਬੈਠੇ ਹਨ, ਅਸੀਂ ਜਦੋਂ ਕੱਲ੍ਹ ਰਿਪੋਰਟ ਬਣਾਈ ਤਾਂ ਜਿਵੇਂ ਅਸੀਂ ਕਿਸੇ ਗ੍ਰੰਥ ਨੂੰ ਪੂਜਦੇ ਹਾਂ, ਉਸ ਤਰ੍ਹਾਂ ਅਸੀਂ ਇਸ ਨੂੰ ਮੱਥਾ ਟੇਕ ਕੇ ਲੈ ਕੇ ਆਏ ਹਾਂ। ਇਹ ਸਾਡੀ ਮਿਹਨਤ ਹੈ ਤੇ ਇਸ ਨਾਲ ਪੰਜਾਬ ਦੇ ਕਿਸਾਨਾਂ ਦਾ ਅਤੇ ਇਸ ਨਾਲ ਜੁੜੇ ਹੋਏ ਮਜ਼ਦੂਰਾਂ ਦਾ ਭਲਾ ਹੋ ਸਕਦਾ ਹੈ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

ਕੁ.ਕ/ਬ.ਸ. 12.05 11.03.2023

**ਮਾਨਯੋਗ ਸਪੀਕਰ:** ਪ੍ਰੋਫੈਸਰ ਬਲਜਿੰਦਰ ਕੌਰ, ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ (ਪ੍ਰੋਫੈਸਰ ਬਲਜਿੰਦਰ ਕੌਰ):** ਮੈਂ ਸਾਲ 2022-23 ਲਈ ਗਠਿਤ ਕੀਤੀ ਗਈ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੀ $15^{ਵੀਂ}$ ਰਿਪੋਰਟ ਪੇਸ਼ ਕਰਦੀ ਹਾਂ।

---

## GENERAL DISCUSSION ON THE BUDGET ESTIMATES FOR THE YEAR 2023-24

**ਮਾਨਯੋਗ ਸਪੀਕਰ:** ਜਿਸ ਤਰ੍ਹਾਂ ਕੱਲ੍ਹ ਲੀਡਰ ਆਫ ਦਿ ਹਾਊਸ ਨੇ ਕਿਹਾ ਸੀ ਕਿ ਕੁਝ ਸਾਥੀਆਂ ਨੇ ਪੂਰਾ ਸਮਾਂ ਬੈਠ ਕੇ ਬਜਟ ਨੂੰ ਸੁਣਿਆ ਹੈ। ਬਜਟ ਦੀ ਸੈਂਕਟਿਟੀ ਨੂੰ ਮੰਨਿਆ ਹੈ। ਉਨ੍ਹਾਂ ਦਾ ਸਮਾਂ ਦੁੱਗਣਾ ਕਰ ਦਿੱਤਾ ਜਾਵੇ। ਸੋ, ਉਨ੍ਹਾਂ ਦਾ ਸਮਾਂ ਦੁੱਗਣਾ ਹੋਵੇਗਾ। ਰਾਣਾ ਗੁਰਜੀਤ ਸਿੰਘ, ਐਮ.ਐਲ.ਏ. ਬੋਲਣਗੇ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਾਂਗਾ ਕਿ ਤੁਸੀਂ ਮੈਨੂੰ ਅੱਜ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਕ੍ਰਿਟੀਸਾਈਜ਼ ਕਰਨ ਲਈ ਖੜ੍ਹਾ ਨਹੀਂ ਹੋਇਆ ਹਾਂ। ਮੈਂ ਕੋਈ ਅੰਕੜੇ ਵੀ ਨਹੀਂ ਦੇਣਾ ਚਾਹੁੰਦਾ। ਮੈਂ ਕੁਝ ਸੁਝਾਅ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਅੱਜ ਪੰਜਾਬ ਨੂੰ ਲੋੜ ਹੈ। ਮੈਂ ਤਿੰਨ ਸਬਜੈਕਟਸ ਤੇ ਬੋਲਣਾ ਹੈ। ਮੈਂ ਟੈਕਨੀਕਲ ਐਜੂਕੇਸ਼ਨ ਸਬੰਧੀ ਇਹ ਕਹਿਣਾ ਚਾਹੁੰਦਾ ਹਾਂ ਕਿ PMKY ਸੈਂਟਰ ਦੀ ਸਪਾਂਸਰਡ ਸਕੀਮ ਹੈ। ਸੋ, ਇਸ ਵਿੱਚ ਤੁਸੀਂ ਦੱਸਿਆ ਹੈ ਕਿ ਭਾਰਤ ਸਰਕਾਰ ਨੇ ਪੈਸਾ ਦੇਣਾ ਹੈ। ਦੀਨ ਦਿਆਲ ਉਪਾਦਿਆਯੇ ਗ੍ਰਮੀਨ ਕੌਸ਼ੱਲਿਆ ਯੋਜਨਾ ਵਿੱਚ 60 ਪਰਸੈਂਟ ਭਾਰਤ ਸਰਕਾਰ ਨੇ ਦੇਣਾ ਹੈ ਅਤੇ 40 ਪਰਸੈਂਟ ਪੰਜਾਬ ਸਰਕਾਰ ਨੇ ਦੇਣਾ ਹੈ। ਮੇਰਾ ਖਿਆਲ ਹੈ ਕਿ ਇਸ ਸਕੀਮ ਦੇ ਪਿਛਲੇ ਸਾਲ ਦੇ ਪੈਸੇ ਅਜੇ ਤੱਕ ਉਨ੍ਹਾਂ ਇੰਸਟੀਚਿਊਸ਼ਨਜ਼ ਨੂੰ ਨਹੀਂ ਮਿਲੇ ਹਨ ਜਿਸ ਕਰਕੇ ਅੱਜ ਭਾਰਤ ਸਰਕਾਰ ਨੂੰ ਯੂ.ਸੀਜ਼. ਨਹੀਂ ਜਾ ਰਿਹਾ ਹੈ ਔਰ ਅਸੀਂ ਕੰਸੀਡਰ ਵੀ ਨਹੀਂ ਕਰ ਪਾਏ ਹਾਂ ਕਿ ਅਗਲੇ ਸਾਲ ਸਾਨੂੰ ਕਿੰਨਾ ਪੈਸਾ ਮਿਲਣਾ ਹੈ।

ਇਸ ਤੋਂ ਇਲਾਵਾ ਮੈਂ ਸਰਕਾਰ ਦਾ ਧਿਆਨ ਉਨ੍ਹਾਂ ਬੱਚਿਆਂ ਵੱਲ ਲਿਆਉਣਾ ਚਾਹੁੰਦਾ ਹਾਂ ਜਿਹੜੇ ਬਾਹਰ ਪੜ੍ਹਨ ਲਈ ਜਾਂਦੇ ਹਨ। ਪੰਜਾਬ ਵਿੱਚੋਂ 2 ਲੱਖ ਬੱਚਾ ਵਿਦੇਸ਼ ਵਿੱਚ ਪੜ੍ਹਾਈ ਕਰਨ ਲਈ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਜਦੋਂ ਬਣੀ ਨਹੀਂ ਸੀ ਤਾਂ ਇਨ੍ਹਾਂ ਦਾ ਟੀਚਾ ਸੀ ਕਿ ਅਸੀਂ ਬੱਚਿਆਂ ਨੂੰ ਬਾਹਰ ਪੜ੍ਹਨ ਲਈ ਨਹੀਂ ਜਾਣ ਦੇਣਾ। ਬਰੇਨ ਡਰੇਨ ਨਹੀਂ ਹੋਣੀ ਚਾਹੀਦੀ। ਬਰੇਨ ਡਰੇਨ ਇੱਕ ਚੀਜ਼ ਹੈ ਔਰ ਮੈਂ ਇਹ ਸਮਝਦਾ ਹਾਂ ਕਿ ਅੱਜ ਕੈਪੀਟਲ ਡਰੇਨ ਵੀ ਹੋ ਰਿਹਾ ਹੈ। ਅੱਜ 36 ਹਜ਼ਾਰ ਕਰੋੜ ਰੁਪਿਆ ਇੱਕ

ਸਾਲ ਵਿੱਚ ਪੰਜਾਬ ਤੋਂ ਬਾਹਰ ਜਾ ਰਿਹਾ ਹੈ। ਇਹ ਬੜੀ ਮਾੜੀ ਗੱਲ ਹੈ। ਇਸ ਨੂੰ ਰੋਕਣ ਲਈ ਸਰਕਾਰ ਨੂੰ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਵਿੱਚ ਮੈਂ ਕੁਝ ਸੁਝਾਅ ਵੀ ਦੇਣਾ ਚਾਹੁੰਦਾ ਹਾਂ। ਪੰਜਾਬ ਦੇ ਜਿਹੜੇ ਬੱਚੇ ਬਾਹਰ ਜਾਂਦੇ ਹਨ ਅਤੇ ਜਿਨ੍ਹਾਂ ਵਿੱਚ employable capacity ਨਹੀਂ ਹੁੰਦੀ ਹੈ, ਉਨ੍ਹਾਂ ਨੂੰ ਨੌਕਰੀ ਨਹੀਂ ਮਿਲ ਸਕਦੀ। ਅਸੀਂ ਆਈ.ਟੀ.ਆਈ. ਜਾਂ ਵੋਕੇਸ਼ਨਲ ਸਟੱਡੀ ਕਰਵਾਉਂਦੇ ਹਾਂ। ਸਰ, ਮੈਂ ਤੁਹਾਡਾ ਧਿਆਨ ਇਸ ਪਾਸੇ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਬਰੇਨ ਡਰੇਨ ਦੇ ਨਾਲ-ਨਾਲ ਕੈਪੀਟਲ ਡਰੇਨ ਵੀ ਹੋ ਰਿਹਾ ਹੈ। ਇਸ ਨੂੰ ਰੋਕਣ ਦੀ ਲੋੜ ਹੈ। ਇਸ ਨੂੰ ਰੋਕਣ ਲਈ ਸਾਨੂੰ ਸਾਡੇ ਬੱਚਿਆਂ ਨੂੰ internationally employable ਬਣਾਉਣ ਲਈ ਯਤਨ ਕਰਨਾ ਚਾਹੀਦਾ ਹੈ। ਮੈਂ ਜਦੋਂ ਪਿਛਲੇ 111 ਦਿਨ ਦੀ ਸਰਕਾਰ ਵਿੱਚ ਵਜ਼ੀਰ ਸੀ। ਉਸ ਸਮੇਂ ਟੈਕਨੀਕਲ ਐਜੂਕੇਸ਼ਨ ਮਹਿਕਮਾ ਮੇਰੇ ਕੋਲ ਸੀ। ਅਸੀਂ Cambridge ਦੇ ਨਾਲ ਇੱਕ ਐਮ.ਓ.ਯੂ. ਸਾਈਨ ਕੀਤਾ ਸੀ। ਉਸ ਵਿੱਚ ਅਸੀਂ ਸਾਈਨ ਕੀਤਾ ਕਿ ਜਿਹੜੇ ਬੱਚੇ ਆਈਲੈਟਸ ਕਰਦੇ ਹਨ, ਉਹ ਤਿੰਨ-ਚਾਰ ਵਾਰ ਅਪੀਅਰ ਹੁੰਦੇ ਹਨ ਔਰ corner shops ਖੁੱਲ੍ਹੀਆਂ ਜਿਹੜੀਆਂ ਬੱਚਿਆਂ ਨੂੰ ਬਾਹਰ lure ਕਰਦੀਆਂ ਹਨ ਕਿ ਤੁਹਾਨੂੰ ਆਈਲੈਂਟਸ ਕਰਵਾ ਦੇਵਾਂਗੇ। ਤੁਸੀਂ ਆਉ। ਮਾਤਾ-ਪਿਤਾ ਉਸ ਦੀ ਫੀਸ ਦਿੰਦੇ ਹਨ। ਉਨ੍ਹਾਂ ਦੇ ਟੀਚਰਜ਼ ਵੀ capable ਨਹੀਂ ਹਨ। ਉਹ ਵੀ 10ਵੀਂ, 12ਵੀਂ ਪਾਸ ਹੁੰਦੇ ਹਨ।

*12.08 ਵਜੇ ਬਾਅਦ ਦੁਪਹਿਰ) (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

ਪ.ਸ਼./ਰ.ਕ/12.10/11.03.2023

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਜਾਬ ਦਾ ਹਰ ਸਾਲ 6 ਲੱਖ ਬੱਚਾ Cambridge ਨੂੰ ਫੀਸ ਦਿੰਦਾ ਹੈ ਅਤੇ ਇਹ ਫੀਸ ਕਰੋੜਾਂ ਰੁਪਏ ਵਿੱਚ ਹੁੰਦੀ ਹੈ ਪਰ ਬੱਚੇ ਪਾਸ ਨਹੀਂ ਹੁੰਦੇ। ਇਸ ਦਾ ਕਾਰਨ ਇਹ ਹੈ ਕਿ ਜਿਹੜੇ IELTS ਸੈਂਟਰਾਂ ਵਿੱਚ ਟਰੇਨ ਕਰਨ ਵਾਲੇ ਹਨ, ਉਨ੍ਹਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਕੈਪਾਬਿਲਟੀ ਹੀ ਨਹੀਂ ਹੈ। ਸੋ, ਜਿਹੜੇ ਇਨ੍ਹਾਂ IELTS Coaching Centres and Polytechnic Colleges ਵਿੱਚ language teachers ਹਨ, ਉਨ੍ਹਾਂ ਦੇ ਟੈੱਸਟ Cambridge ਲਵੇ ਅਤੇ ਪਤਾ ਲੱਗ ਸਕੇ ਕਿ ਇਨ੍ਹਾਂ ਦੇ ਬੈਂਡ ਕਿੰਨੇ ਆਉਂਦੇ ਹਨ। ਜਿਹੜਾ ਜਿਹੜਾ ਵੀ ਇਸ ਟੈੱਸਟ ਨੂੰ ਪਾਸ ਕਰੇਗਾ, ਉਹ ਬੱਚਿਆਂ ਨੂੰ ਪੜ੍ਹਾਏਗਾ। ਇਸ ਦੇ ਨਾਲ ਹੀ ਲੈਂਗੁਏਜ ਦੇ ਨਵੇਂ ਟੀਚਰ ਵੀ ਭਰਤੀ ਕਰਨੇ ਚਾਹੀਦੇ ਹਨ ਤਾਂ ਕਿ ਬੱਚਿਆਂ ਨੂੰ ਵਧੀਆ ਬੈਂਡ ਮਿਲ ਸਕਣ। ਪਿਛਲੀ ਸਰਕਾਰ ਨੇ ਇਨ੍ਹਾਂ ਬੱਚਿਆਂ ਨੂੰ ਫ੍ਰੀ ਪੜ੍ਹਾਉਣ ਦੀ ਗੱਲ ਕੀਤੀ ਸੀ। ਠੀਕ ਹੈ ਕਿ ਪਿਛਲੀ ਸਰਕਾਰ ਨਹੀਂ ਰਹੀ। ਹੁਣ ਤੁਹਾਡੀ ਸਰਕਾਰ ਹੈ। ਜੇਕਰ ਤੁਹਾਨੂੰ ਠੀਕ ਲੱਗਦਾ ਹੈ ਤਾਂ ਇਸ

ਤਰ੍ਹਾਂ ਜ਼ਰੂਰ ਕਰ ਲਵੋ। ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ Cambridge ਨਾਲ agreement sign ਕਰਕੇ ਭੁੱਲ ਗਏ ਪਰ ਯੂ.ਪੀ. ਵਾਲੇ ਇਸ ਨੂੰ ਅੱਗੇ ਲੈ ਗਏ। For your information, U.P. is doing this. For International Skill Centre for employability abroad, ਜਿਸ ਤਰ੍ਹਾਂ ਅਸੀਂ ਬੱਚਿਆਂ ਨੂੰ ਵੱਖਰੇ ਵੱਖਰੇ ਟ੍ਰੇਡ ਵਿੱਚ ਸਕਿੱਲ ਦੀ ਟਰੇਨਿੰਗ ਦਿੰਦੇ ਹਾਂ, ਉਸੇ ਤਰ੍ਹਾਂ ਹੀ ਅਸੀਂ ਉਨ੍ਹਾਂ ਨੂੰ ਵੀ ਤਿਆਰ ਕਰੀਏ, ਕਿਉਂਕਿ ਉਨ੍ਹਾਂ ਨੇ ਜਾਣਾ ਤਾਂ ਬਾਹਰ ਹੀ ਹੈ ਅਤੇ ਅਸੀਂ ਰੋਕ ਨਹੀਂ ਸਕਦੇ। ਘੱਟੋ ਘਟ ਉਨ੍ਹਾਂ ਦਾ ਇੱਥੇ ਪੜ੍ਹਾਈ ਦਾ ਖਰਚਾ ਬਚ ਸਕੇ ਅਤੇ ਉਹ ਬਾਹਰ ਜਾ ਕੇ ਕੰਮ ਕਰ ਸਕਣ।

ਇਸ ਤੋਂ ਇਲਾਵਾ ਮੈਂ ਐਗਰੀਕਲਚਰ ਉੱਤੇ ਵੀ ਗੱਲ ਕਰਨਾ ਚਾਹੁੰਦਾ ਹਾਂ। ਮੈਨੂੰ ਬੜੀ ਖੁਸ਼ੀ ਹੋਈ ਕਿ ਐਫ.ਐਮ. ਸਾਹਿਬ ਨੇ ਆਪਣੇ ਭਾਸ਼ਣ ਵਿੱਚ ਹਾਰਟੀਕਲਚਰ ਦਾ ਜ਼ਿਕਰ ਕੀਤਾ ਹੈ, traceability ਦਾ ਜ਼ਿਕਰ ਕੀਤਾ ਹੈ। ਮੈਨੂੰ 111 ਦਿਨਾਂ ਦੌਰਾਨ ਹਾਰਟੀਕਲਚਰ ਐਕਟ, 1962 ਨੂੰ ਬਦਲਣ ਦਾ ਮੌਕਾ ਮਿਲਿਆ। ਅਸੀਂ ਉਨ੍ਹਾਂ 111 ਦਿਨਾਂ ਵਿੱਚ ਐਕਟ ਬਦਲ ਦਿੱਤਾ ਕਿਉਂਕਿ ਉਸ ਵਿੱਚ traceability ਦਾ ਜ਼ਿਕਰ ਨਹੀਂ ਸੀ। ਅਸੀਂ ਉਸ ਐਕਟ ਵਿੱਚ ਸੋਧ ਕੀਤੀ ਕਿ ਨਰਸਰੀਆਂ ਰਜਿਸਟਰਡ ਹੋਣੀਆਂ ਚਾਹੀਦੀਆਂ ਹਨ। Root Stock Traceability ਵੀ ਹੋਣੀ ਚਾਹੀਦੀ ਹੈ ਤਾਂ ਜੋ ਪਤਾ ਲਗੇ ਕਿ ਇਹ ਰੂਟ ਸਟਾਕ ਕਿੱਥੇ ਦਾ ਹੈ। ਜੇਕਰ ਅਸੀਂ ਦਸ਼ਹਿਰੀ ਦਾ ਪੌਦਾ ਵੇਚ ਰਹੇ ਹਾਂ ਤਾਂ ਸਾਨੂੰ ਇਹ ਤਾਂ ਪਤਾ ਲਗੇ ਕਿ ਇਹ ਪੌਦਾ ਦਸ਼ਹਿਰੀ ਅੰਬ ਦੇਵੇਗਾ ਜਾਂ ਨਹੀਂ। ਇਹ ਸਾਨੂੰ ਅਖੀਰ ਵਿੱਚ ਪਤਾ ਲੱਗਦਾ ਹੈ। ਸੋ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਸ ਨੂੰ ਤੁਸੀਂ ਤਕੜੇ ਕਰੋ, ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਨੂੰ ਸਹੀ ਬੂਟਾ ਮਿਲੇ। ਤੁਸੀਂ ਡਾਈਵਰਸੀਫਿਕੇਸ਼ਨ ਵਾਸਤੇ ਇੱਕ ਹਜ਼ਾਰ ਕਰੋੜ ਰੁਪਏ ਰੱਖੇ ਹਨ। ਇਹ ਪੈਸਾ ਤੁਸੀਂ ਕਿਸ ਵਾਸਤੇ ਰੱਖਿਆ ਹੈ? ਇਸ ਤੁਸੀਂ ਬਾਸਮਤੀ ਨੂੰ ਪ੍ਰਮੋਟ ਕਰਨ ਵਾਸਤੇ ਰੱਖਿਆ ਹੈ। ਜੇਕਰ ਬਾਸਮਤੀ ਦਾ ਭਾਅ ਡਿੱਗੇਗਾ ਤਾਂ ਤੁਸੀਂ ਸਪੋਰਟ ਕਰ ਦੇਵੋਗੇ। ਲੇਕਿਨ ਇੱਕ ਹਜ਼ਾਰ ਕਰੋੜ ਰੁਪਏ ਨਾਲ ਕੀ ਹੋਵੇਗਾ? ਬਾਸਮਤੀ 12 ਲੱਖ 50 ਹਜ਼ਾਰ ਏਕੜ ਰਕਬੇ ਵਿੱਚ ਬੀਜੀ ਜਾਂਦੀ ਹੈ। ਉਸ ਦੀ ਕੀਮਤ ਨਿਰਧਾਰਿਤ ਕੀਤੀ ਜਾਵੇ। ਇੱਕ ਹਜ਼ਾਰ ਕਰੋੜ ਰੁਪਏ ਨਹੀਂ, 5-10 ਹਜ਼ਾਰ ਕਰੋੜ ਰੁਪਏ ਰੱਖਣੇ ਚਾਹੀਦੇ ਹਨ ਤਾਂ ਜੋ immediately ਤੁਸੀਂ ਸਟਾਕ ਖਰੀਦੋ ਅਤੇ ਮਾਰਕੀਟ ਆਪਣੇ ਆਪ ਉੱਪਰ ਆ ਜਾਵੇਗੀ। ਜਦੋਂ ਮਾਰਕੀਟ ਅੱਪ ਆ ਜਾਵੇ ਤਾਂ ਉਸ ਨੂੰ ਵੇਚਿਆ ਜਾਵੇ। ਪੰਜਾਬ ਨੇ ਸਹੀ ਮਾਅਨਿਆਂ ਵਿੱਚ ਬਾਸਮਤੀ ਤੇ ਕੰਮ ਨਹੀਂ ਕੀਤਾ। ਤੁਹਾਨੂੰ ਮੌਕਾ ਮਿਲਿਆ ਹੈ, ਤੁਹਾਨੂੰ ਕੰਮ ਕਰਨਾ ਚਾਹੀਦਾ ਹੈ। ਤੁਸੀਂ ਇਸ ਤਰ੍ਹਾਂ ਦੀ ਸੋਚ ਰੱਖੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇੱਕ ਅੱਛੀ ਸੋਚ ਹੈ। ਇਸ ਨੂੰ ਅੱਗੇ ਲੈ ਕੇ ਜਾਓ। ਅੱਜ ਪੰਜਾਬ ਦਾ ਨਾਂਅ ਇਸ ਬਰਾਂਡ ("ਪੰਜਾਬ ਬਾਸਮਤੀ") ਨਾਲ ਜੁੜਿਆ ਹੋਣਾ ਚਾਹੀਦਾ ਹੈ। ਮੱਧ ਪ੍ਰਦੇਸ਼ ਵਰਗੀ ਸਟੇਟ, ਜਿਨ੍ਹਾਂ ਦਾ ਬਾਸਮਤੀ ਬੀਜਣਾ ਬਣਦਾ ਨਹੀਂ, ਬਾਸਮਤੀ ਬੀਜ ਰਹੀ ਹੈ। ਜੇਕਰ

ਤੁਸੀਂ traceability ਨੂੰ ਪਰਾਪਰ ਇੰਪਲੀਮੈਂਟ ਕਰੋ ਤਾਂ ਜੋ ਜਿਹੜਾ ਸਾਡਾ ਆਲੂ 1-2 ਰੁਪਏ ਰੁਲਦਾ ਫਿਰਦਾ ਹੈ, ਉਹ ਨਾ ਰੁਲੇ। ਅੱਜ ਜੋ glut ਆਲੂ ਵਿੱਚ ਹੈ, ਗੋਭੀ ਵਿੱਚ ਹੈ, ਮੇਰੇ ਖਿਆਲ ਵਿੱਚ ਜਦੋਂ ਤੁਸੀਂ ਇੱਧਰ ਹੁੰਦੇ ਸੀ, ਚੇਅਰਮੈਨ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਐਫ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਸੇਬ ਦੀ ਗੱਲ ਕਰਦੇ ਹੁੰਦੇ ਸੀ ਕਿ ਹਿਮਾਚਲ ਸੇਬ ਖਰੀਦਦਾ ਹੈ। ਉਸ ਤੇ ਐਮ.ਐਸ.ਪੀ ਹੈ ਪਰ ਸਬਜ਼ੀਆਂ ਤੇ ਐਮ.ਐਸ.ਪੀ. ਕਿਉਂ ਨਹੀਂ ਹੈ? ਅੱਜ ਤੁਹਾਨੂੰ ਮੌਕਾ ਮਿਲਿਆ ਹੈ, ਸਬਜ਼ੀਆਂ ਤੇ ਐਮ.ਐਸ.ਪੀ. ਦਿਉ। ਜਿਹੜਾ ਕਿਸਾਨ ਗੋਭੀ ਬੀਜਦਾ ਹੈ, ਉਹ 1-1 ਲੱਖ ਰੁਪਏ ਪ੍ਰਤੀ ਕਿੱਲੇ ਥੱਲੇ ਆ ਗਿਆ ਹੈ, ਆਲੂ ਵਾਲੇ ਕਿਸਾਨ ਵੀ 2-2 ½ ਲੱਖ ਰੁਪਏ ਪ੍ਰਤੀ ਕਿੱਲੇ ਥੱਲੇ ਆ ਗਏ। ਸੋ, ਅੱਜ ਲੋੜ ਹੈ ਕਿ ਜੇਕਰ ਤੁਸੀਂ traceability ਨੂੰ ਸਹੀ ਢੰਗ ਨਾਲ ਇੰਪਲੀਮੈਂਟ ਕਰ ਦਿਉ ਤਾਂ Punjab, especially Doaba has been gifted. ਇੱਥੇ ਵਾਤਾਵਰਨ, ਮੌਸਮ ਇਸ ਤਰ੍ਹਾਂ ਦਾ ਹੈ ਕਿ ਇੱਥੇ aphids ਨਹੀਂ ਆਉਂਦੇ। ਲੇਟ ਆਉਂਦੇ ਹਨ ਅਤੇ 05 ਜਨਵਰੀ ਤੋਂ ਬਾਅਦ ਆਉਂਦੇ ਹਨ। ਦੁਨੀਆ ਵਿੱਚ ਕੋਈ ਜਗ੍ਹਾ ਅਜਿਹੀ ਨਹੀਂ ਜਿੱਥੇ aphids ਦਾ ਅਟੈਕ ਨਹੀਂ ਹੁੰਦਾ। ਜਿਹੜਾ ਵਾਇਰਸ ਹੈ, ਉਹ ਸੀਡ ਵਿੱਚ ਹੁੰਦਾ ਹੈ। ਸੋ, ਇਸ ਨੂੰ ਪੂਰੀ ਤਨਦੇਹੀ ਨਾਲ support ਕਰੋ। ਆਲੂ ਵਾਲਿਆਂ ਦੀ ਤੁਸੀਂ tagging ਕਰਵਾਉ।

**12.15/ਜਸਪਾਲ/ਰਜਨੀਸ਼/11.3.2023**

ਇਨ੍ਹਾਂ ਦੀ ਫਾਊਂਡੇਸ਼ਨ, ਸੀਡ ਸਰਟੀਫਿਕੇਸ਼ਨ ਕਰਵਾਉ। ਮੈਂ ਇੱਕ ਹੋਰ ਗੱਲ ਦੇਖੀ ਹੈ ਕਿ ਕੱਲ੍ਹ ਤੁਸੀਂ ਫਾਈਨਾਂਸ ਵਿੱਚ ਜਿਥੇ ਐਜੂਕੇਸ਼ਨ ਤੇ ਹੈਲਥ ਦੀ ਗੱਲ ਕੀਤੀ ਹੈ, ਉਥੇ ਖੇਤੀਬਾੜੀ ਦੀ ਵੀ ਗੱਲ ਕੀਤੀ । ਚੰਗਾ ਮੈਨੂੰ ਬਹੁਤ ਲੱਗਾ ਲੇਕਿਨ ਐਗਰੀਕਲਚਰ ਨੂੰ ਮਿਲਿਆ ਕੁਝ ਨਹੀਂ ਹੈ। ਸੀਡ ਸਰਟੀਫਿਕੇਸ਼ਨ ਨੂੰ ਸਟਰੈਂਥਨ ਕਰਨ ਲਈ ਇਸ ਵਿੱਚ ਦੱਸੋ ਕਿ ਕਿਹੜਾ ਬਜਟ ਹੈ? ਸਾਡੀ ਪੀ.ਏ.ਯੂ.ਨੂੰ ਸਟਰੈਂਥਨ ਕਰਨ ਲਈ ਕਿਹੜਾ ਬਜਟ ਹੈ? ਐਨੀਮਲ ਹਸਬੈਂਡਰੀ ਦਾ ਇਸ ਦੇ ਨਾਲ ਹੀ, ਸਾਡੇ ਐਗਰੀਕਲਚਰ ਨਾਲ ਜੁੜਿਆ ਹੋਇਆ ਹੈ, ਵਾਈਟ ਰੈਵੋਲਿਊਸ਼ਨ ਸਾਡੀ ਪੈਰੇਲਲ ਇਕਾਨਮੀ ਹੈ। ਉਸ ਦੀ ਜੇ ਗੱਲ ਕਰੀਏ ਤਾਂ ਅੱਜ ਜਿਹੜੀਆਂ ਗਾਵਾਂ ਹਨ ਉਹ ਤੀਜੇ lactation ਬਾਅਦ ਅਵਾਰਾ ਹੋ ਜਾਂਦੀਆਂ ਹਨ, ਉਨ੍ਹਾਂ ਦੇ ਥਣ ਮਰ ਜਾਂਦੇ ਹਨ, this is the problem. ਸੜਕਾਂ ਉਤੇ ਆ ਜਾਂਦੀਆਂ ਹਨ, ਐਕਸੀਡੈਂਟ ਹੁੰਦੇ ਹਨ, ਜ਼ਿਮੀਂਦਾਰਾਂ ਦੀ ਫਸਲ ਖਾਧੀ ਜਾਂਦੀ ਹੈ। ਇਸ ਬਜਟ ਵਿੱਚ ਸੈਕਸ ਸੀਮਨ ਬਾਰੇ ਜ਼ਿਕਰ ਹੀ ਨਹੀਂ ਕੀਤਾ, ਇਹ ਸੈਕਸ ਸੀਮਨ ਵਾਸਤੇ ਪ੍ਰੋਵੀਜ਼ਨ ਕਰੋ ਔਰ ਇਮੀਜੀਏਟਲੀ ਚਾਹੇ ਮੱਝਾਂ ਹੋਣ ਜਾਂ ਗਾਈਆਂ ਹੋਣ, ਸੈਕਸ ਸੀਮਨ ਬਣੇ । ਇਸ ਵਿਚ ਇੰਨਾ ਹੀ ਕਾਫੀ ਨਹੀਂ ਹੈ, ਇਸ ਦੇ ਵਿੱਚ ਤੁਹਾਨੂੰ ਇਹ ਵੀ ਪ੍ਰੋਵੀਜ਼ਨ ਕਰਨਾ ਚਾਹੀਦਾ ਹੈ ਕਿ ਜੇ ਅਸੀਂ ਐਚ.ਐਫ.ਲੈਂਦੇ ਹਾਂ ਤਾਂ ਸਾਨੂੰ 5

ਸਾਲ, 30 ਸਾਲ ਹੋ ਗਏ, ਹੁਣ ਸਟੈਗਨੇਸ਼ਨ ਤੇ ਹਾਂ, ਕਿਸਾਨ ਦੀ ਬੱਚਤ ਨਹੀਂ ਤੇ ਇਸ ਨੂੰ ਆਪਾਂ ਅੱਗੇ ਕਿਵੇਂ ਲੈ ਕੇ ਜਾਣਾ ਹੈ। ਸੋ, ਆਪਾਂ ਨੂੰ ਅੱਜ ਇੰਜੀਨੀਅਰਿੰਗ ਦੀ ਜ਼ਰੂਰਤ ਹੈ । ਮੰਤਰੀ ਜੀ, ਹੈ ਨਹੀਂ ਕਿਤੇ ਉਨ੍ਹਾਂ ਨਾਲ ਬਹਿ ਕੇ ਗੱਲ ਕਰਾਂਗੇ ਕਿ ਇਸ ਬਾਰੇ ਕਰਨਾ ਕੀ ਚਾਹੀਦਾ ਹੈ। ਮੈਂ ਕ੍ਰਿਟੀਸਾਈਜ਼ ਕਰਨ ਲਈ ਨਹੀਂ ਉਠਿਆ, ਸੁਝਾਅ ਦੇਣ ਵਾਸਤੇ ਉਠਿਆ ਹੈ, ਜਿਥੇ ਜਿਥੇ ਕਮੀਆਂ ਹਨ ਉਹ ਦੱਸ ਰਿਹਾ ਹਾਂ, ਬੁਰਾ ਮੰਨਣ ਦੀ ਲੋੜ ਨਹੀਂ। ਅਸੀਂ ਸਾਰੇ ਰਲ ਕੇ ਬਾਸਮਤੀ ਨੂੰ ਪੰਜਾਬ ਦਾ ਇੱਕ ਟਰੇਡ ਬਣਾਈਏ ਜਿਸ ਤੇ ਪੰਜਾਬ ਦੀ ਮੋਹਰ ਲੱਗੀ ਹੋਵੇ ਤੇ ਸਾਨੂੰ ਪ੍ਰੀਮੀਅਮ ਮਿਲੇ। ਹੁਣੇ ਕਿਸੇ ਸੱਜਣ ਨੇ ਗੱਲ ਕੀਤੀ ਸੀ ਫਰਟੀਲਾਈਜ਼ਰ ਦੀ, ਕਿਸੇ ਨੇ ਗੱਲ ਇੰਸੈਕਟੀਸਾਈਡ, ਪੈਸਟੀਸਾਈਡ ਦੀ ਕੀਤੀ ਸੀ..

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰ ਲਵੋ।

**ਰਾਣਾ ਗੁਰਜੀਤ ਸਿੰਘ:** ਸਰ, ਦੇਖੋ ਜੇ ਤਾਂ ਮੈਂ ਕੋਈ ਗੱਲ ਕਿਸੇ ਦੀ ਸ਼ਾਨ ਦੇ ਖਿਲਾਫ ਕਹਿ ਰਿਹਾ ਹੋਵਾਂ, 5 ਮਿੰਟ ਤਾਂ ਮੈਨੂੰ ਤੁਹਾਡੇ ਵਲੋਂ ਵੈਸੇ ਹੀ ਜ਼ਿਆਦਾ ਹੀ ਦੇਣੇ ਚਾਹੀਦੇ ਹਨ, ਸੁਝਾਅ ਹੀ ਦੇ ਰਿਹਾ ਹਾਂ ।

**ਮਾਨਯੋਗ ਡਿਪਟੀ ਸਪੀਕਰ:** ਕਰੋ ਜੀ।

**ਰਾਣਾ ਗੁਰਜੀਤ ਸਿੰਘ:** ਦੇਖੋ, ਵੀਰੋ ਗੱਲ ਇਹ ਹੈ ਕਿ ਆਪਾਂ ਬਾਸਮਤੀ ਵਿਚ ਆਪਣੇ ਰੈਜੀਡਿਊਜ਼ ਅਜਿਹੇ ਹੋਣ ਜੇ ਉਹ ਬਾਹਰ ਜਾਵੇ ਤਾਂ ਉਹ ਟਰੇਸ ਨਾ ਹੋਣ, ਉਹ ਤਾਂ ਨਹੀਂ ਹੋਣਗੇ ਜੇ ਅਸੀਂ ਉਸ ਦੀ ਪ੍ਰਾਪਰ ਇੰਸਪੈਕਸ਼ਨ ਕਰਵਾਂਵਾਂਗੇ। ਤੁਸੀਂ ਸੀਡ ਦੀ ਗੱਲ ਕੀਤੀ ਹੈ, ਸੀਡ ਦੀਆਂ ਤੁਸੀਂ ਕੰਪਨੀਆਂ ਆਈਡੈਂਟੀਫਾਈ ਕਾਟਨ ਦੀਆਂ ਕੀਤੀਆਂ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ pink ballworm ਦੀ ਤੁਸੀਂ ਗੱਲ ਕੀਤੀ ਹੈ, pink ballworm ਇੰਜ ਤਾਂ ਸੀਡ ਵਿਚ ਦਿਖਣਾ ਨਹੀਂ ਹੈ, ਕੀ ਆਪਾਂ ਜਿਨ੍ਹਾਂ ਕੰਪਨੀਆਂ ਤੋਂ ਸੀਡ ਖਰੀਦਿਆ, ਉਨ੍ਹਾਂ ਦੀ ਸੀਡ ਜਿਥੋਂ ਦੀ ਵੀ ਸੀ, ਚਾਹੇ ਉਹ ਕਰਨਾਟਕਾ ਦੀ ਸੀ, ਚਾਹੇ ਮਹਾਂਰਾਸ਼ਟਰ ਦੀ ਸੀ ਜਾਂ ਗੁਜਰਾਤ ਸੀ ਕੀ ਆਪਾਂ ਉਥੇ ਇੰਸਪੈਕਸ਼ਨ ਕੀਤੀ ਕਿ ਉਸ ਸੀਡ ਦੀ ਫੀਲਡ ਦੀ ਕੰਡੀਸ਼ਨ ਕੀ ਸੀ ? ਸੋ, ਅੱਗੇ ਵਾਸਤੇ ਜਿਹੜਾ ਬੀਜ ਖਰੀਦਣਾ ਹੈ, ਉਸ ਦੇ ਬੀਜ ਦੇ ਖੇਤ ਦਾ ਇੰਸਪੈਕਸ਼ਨ ਹੋਣਾ ਚਾਹੀਦਾ ਹੈ ਤਾਂਕਿ ਸਾਨੂੰ ਪਤਾ ਹੋਵੇ ਕਿ ਉਸ ਦੇ ਵਿੱਚ ਕੋਈ ਡਿਸੀਜ਼ ਤਾਂ ਨਹੀਂ ਹੈ, 100 ਪ੍ਰਤੀਸ਼ਤ ਕਿਓਰ ਤਾਂ ਨਹੀਂ ਪਰ ਕੁਝ ਨਾ ਕੁਝ ਤਾਂ ਫਰਕ ਪਵੇਗਾ। ਸੋ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ..

**ਮਾਨਯੋਗ ਡਿਪਟੀ ਸਪੀਕਰ:** ਆਖਰੀ ਗੱਲ ਕਰਨੀ ਹੈ?

**ਰਾਣਾ ਗੁਰਜੀਤ ਸਿੰਘ:** ਨਹੀਂ ਸਰ। ਇੱਕ ਡੀ.ਐਸ.ਆਰ.ਉਤੇ ਗੱਲ ਕਰਨੀ ਹੈ ਕਿਉਂਕਿ ਪਾਣੀ ਬਚਾਉਂਦੀ ਹੈ। ਮੰਤਰੀ ਜੀ ਚਲੇ ਗਏ, ਇੱਕ ਮੇਰੇ ਵੀਰ ਨੇ ਇਥੇ ਬੜਾ ਅੱਛਾ ਸਵਾਲ ਚੁੱਕਿਆ ਸੀ ਜਿਨ੍ਹਾਂ ਨੇ ਕਿਹਾ ਸੀ ਕਿ ਰੀਚਾਰਜਿੰਗ ਆਫ ਵਾਟਰ ਹੋਵੇ। ਪੰਜਾਬ ਵਿੱਚ 64 ਕਿਊਬਿਕ ਬਿਲੀਅਨ ਪਾਣੀ ਅਸੀਂ ਇਸਤੇਮਾਲ ਕਰਦੇ ਹਾਂ, ਉਸ ਵਿੱਚੋਂ ਕੁਝ ਮੀਂਹ ਰਾਹੀਂ ਆ ਜਾਂਦਾ ਹੈ, 27 ਪ੍ਰਤੀਸ਼ਤ ਸਾਡੇ ਕੋਲ ਨਹਿਰਾਂ ਰਾਹੀਂ ਆਉਂਦਾ ਹੈ ਔਰ 14.62 ਕਿਊਬਿਕ ਮਿਲੀਅਨ ਮੀਟਰ ਜ਼ਿਆਦਾ ਖਿੱਚ ਲੈਂਦੇ ਹਾਂ। ਮੁੱਖ ਮੰਤਰੀ ਸਾਹਿਬ ਸੰਗਰੂਰ ਤੋਂ ਆਉਦੇ ਹਨ, ਸੰਗਰੂਰ ਸਾਰਿਆਂ ਤੋਂ ਜ਼ਿਆਦਾ ਪਾਣੀ ਖਿਚ ਰਿਹਾ ਹੈ, ਖਿੱਚਦਾ ਨਹੀਂ, ਖਿੱਚ ਤਾਂ ਸਾਰੇ ਹੀ ਬਰਾਬਰ ਹਨ ਲੇਕਿਨ ਉਨ੍ਹਾਂ ਦਾ ਪਾਣੀ ਜ਼ਿਆਦਾ ਥੱਲੇ ਜਾ ਰਿਹਾ ਹੈ, ਡੀਪਲੀਟ ਕਰ ਰਿਹਾ ਹੈ। ਮੀਤ ਹੇਅਰ ਜੀ ਸਾਡੇ ਨਾਲ ਕਮੇਟੀ ਵਿਚ ਸੀ, ਅਸੀਂ ਇਕ ਰਿਪੋਰਟ ਬਣਾਈ ਸੀ, ਉਸ ਰਿਪੋਰਟ ਉਤੇ ਗੌਰ ਕਰਕੇ ਇੰਪਲੀਮੈਂਟ ਕਰਵਾਈਏ ਕਿਉਂਕਿ ਅਸੀਂ ਵਿਧਾਨ ਸਭਾ ਵਿਚ ਪੇਸ਼ ਕਰ ਚੁੱਕੇ ਹਾਂ, ਉਸ ਦਾ ਪੰਜਾਬ ਨੂੰ ਫਾਇਦਾ ਹੋਵੇਗਾ। ਪੰਜਾਬ ਵਿੱਚ ਡੀ.ਐਸ.ਆਰ. ਦੀ ਗੱਲ ਕੀਤੀ । ਸਾਲ 2019 ਵਿਚ ਜਦੋਂ ਕੋਵਿਡ ਆਇਆ ਤਾਂ ਮੈਨੂੰ ਮੌਕਾ ਮਿਲਿਆ ਤੇ ਮੈਂ ਕਰੀਬ ਕਰੀਬ 15-20 ਹਲਕੇ ਕਹਿ ਲਵੋ ਜਾਂ ਵੱਖਰੀਆਂ ਵੱਖਰੀਆਂ ਜਗ੍ਹਾ ਉਤੇ ਜਾ ਕੇ ਕੋਵਿਡ ਦੇ ਦੌਰਾਨ ਡੀ.ਐਸ.ਆਰ. ਡਾਕਟਰ ਭੁੱਲਰ ਔਰ ਡਾਕਟਰ ਗਿੱਲ ਦੇ ਨਾਲ ਜਾ ਕੇ ਕੰਮ ਕੀਤਾ। ਉਦੋਂ ਏਰੀਆ 23000 ਹੈਕਟੇਅਰ ਆ ਗਿਆ ਲੇਕਿਨ ਹੈ ਜ਼ਿਆਦਾ ਸੀ, ਲੋਕਾਂ ਨੇ ਵਾਹ ਦਿੱਤਾ। ਫਿਰ ਉਸ ਤੋਂ ਬਾਅਦ ਸਾਡੀ ਸਰਕਾਰ, ਵਿਧਾਨ ਸਭਾ ਵਿੱਚ ਗੱਲ ਆਈ, ਤੁਸੀਂ ਵੀ ਇਥੇ ਹੀ ਸੀ (ਮਾਨਯੋਗ ਡਿਪਟੀ ਸਪੀਕਰ ਸਾਹਿਬ) ਤਾਂ ਉਹ ਵੱਧ ਕੇ 54000 ਏਕੜ ਹੋਇਆ ਫਿਰ 56000 ਏਕੜ 2021 ਵਿਚ ਬੀਜਿਆ ਗਿਆ ਲੇਕਿਨ ਅਫਸੋਸ ਹੈ ਕਿ 5,40,000 ਬੀਜ ਤੇ 5,62,000 ਏਕੜ ਏਰੀਆ 2021 ਵਿਚ ਬੀਜਿਆ ਗਿਆ ਲੇਕਿਨ ਜਦੋਂ ਤੁਹਾਡੀ ਸਰਕਾਰ ਆਈ ਤਾਂ ਇਹ 80000 ਏਕੜ ਰਹਿ ਗਿਆ । ਇਸ ਦਾ ਮਤਲਬ ਹੈ ਕਿ ਇਸ ਗੱਲ ਦੇ ਉਤੇ ਗੌਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਇਹ ਸਾਰਿਆਂ ਦਾ ਸਾਂਝਾ ਕੰਮ ਹੈ, ਪਾਣੀ ਬਚਾਉਣਾ ਹੈ ਜੇ ਡੀ.ਐਸ.ਆਰ. ਬੀਜਾਂਗੇ ਤਾਂ 30 ਪਰਸੈਂਟ ਪਾਣੀ ਸਿੱਧਾ ਸਿੱਧਾ ਬਚਦਾ ਹੈ।

ਬ.ਕ./ਐਮ./11.3.23/12.20

There are other ways and means of saving water. ਉਸ ਬਾਰੇ ਮੈਂ ਨਹੀਂ ਬੋਲਣਾ ਚਾਹੁੰਦਾ ਲੇਕਿਨ ਇਸ ਨੂੰ ਤਰਜ਼ੀਹ ਦਿਓ। ਡੀ.ਐਸ.ਆਰ ਦਾ ਫਾਇਦਾ ਇਹ ਹੈ ਕਿ ਜਿੱਥੇ ਪਾਣੀ ਬਚਾਉਂਦਾ ਹੈ, ਉਥੇ 4% ਜਾਂ 5% ਯੀਲਡ ਵੀ ਵਧਦੀ ਹੈ। ਬਟਲਿੰਗ ਨਾ ਕਰਨ ਕਰਕੇ ਜਦੋਂ ਅਸੀਂ ਜ਼ਮੀਨ ਨੂੰ ਵਾਹੁੰਦੇ ਹਾਂ ਤਾਂ ਇਹ ਸੌਖੀ ਵਾਹ ਹੁੰਦੀ ਹੈ ਪਰ ਇਸ ਨੂੰ ਫਾਰਮਰ ਕਿਉਂ ਨਹੀਂ ਬੀਜਦਾ? ਇਸ ਕਰਕੇ ਨਹੀਂ ਬੀਜਦਾ ਕਿਉਂਕਿ ਜਿਹੜਾ

ਡੀ.ਐਸ.ਆਰ ਵਾਲਾ ਝੋਨਾ ਬੀਜਦਾ ਹੈ, ਉਸ ਦੇ ਆਲੇ-ਦੁਆਲੇ ਪਾਣੀ ਵਾਲੇ ਹੁੰਦੇ ਹਨ, ਬਟਲਿੰਗ ਵਾਲੇ ਜਿਸ ਕਾਰਨ ਸਾਰੇ ਚੂਹੇ ਉਸ ਦੇ ਖੇਤ ਵਿੱਚ ਵੜ ਜਾਂਦੇ ਹਨ। ਜੇਕਰ ਅਸੀਂ ਇਸ ਨੂੰ ਪੰਜਾਬ ਦੇ certain areas ਵਿੱਚ 100% ਕਰਵਾਈਏ ਜਾਂ ਫੇਰ ਪਹਿਲਾਂ 50% ਕਰਵਾ ਕੇ ਫੇਰ 100% ਕਰਵਾਈਏ ਤਾਂ ਇਹ ਡੈਫੀਨੇਟਲੀ ਕਾਮਯਾਬ ਹੋਵੇਗਾ।

**ਮਾਨਯੋਗ ਡਿਪਟੀ ਸਪੀਕਰ** : ਥੈਂਕ ਯੂ ਜੀ।

**ਰਾਣਾ ਗੁਰਜੀਤ ਸਿੰਘ** : ਸਿਰਫ ਇਕ ਲਾਸਟ ਗੱਲ ਕਹਿਣੀ ਚਾਹੁੰਦਾ ਹਾਂ। ਪਿਛਲੇ ਸਾਲ ਸਰਕਾਰ ਨੇ ਵ੍ਹਾਈਟ ਪੇਪਰ ਜਾਰੀ ਕੀਤਾ ਸੀ, ਜੋ ਕਿ ਮੁਲਾਜ਼ਮਾਂ ਬਾਰੇ ਸੀ। ਪੇ ਸਕੇਲ ਇਨਕ੍ਰੀਜ਼ ਅਤੇ ਏਰੀਅਰਜ਼ 1.1.2016 ਤੋਂ ਹੋਇਆ ਸੀ ਜੋ ਸਾਡੀ ਸਰਕਾਰ ਨੇ ਜੁਲਾਈ, 2020-21 ਵਿੱਚ ਇੰਪਲੀਮੈਂਟ ਕੀਤਾ ਸੀ। ਇਹ ਕਿਹਾ ਗਿਆ ਸੀ ਕਿ ਇਹ ਪਹਿਲਾਂ ਤੋਂ ਹੋਣਾ ਚਾਹੀਦਾ ਹੈ। ਹੁਣ ਸਰਕਾਰ ਤੁਹਾਡੀ ਹੈ ਅਤੇ 13,000 ਕਰੋੜ ਦਾ ਏਰੀਅਰ ਹੈ। ਤੁਸੀਂ ਕਿਹਾ ਸੀ ਕਿ ਅਸੀਂ ਨਹੀਂ ਚਾਹੁੰਦੇ ਕਿ ਇੰਪਲਾਈ ਵਿੱਚ ਕੋਈ ਰਿਜ਼ੈਂਟਮੈਂਟ ਹੋਵੇ, anguish ਹੋਵੇ ਜਾਂ disheartened ਹੋਣ ਪਰ ਅੱਜ ਇੰਪਲਾਈਜ਼ ਧਰਨੇ ਲਗਾਉਂਦੇ ਫਿਰਦੇ ਹਨ। ਉਨ੍ਹਾਂ ਦੀ ਇਸ ਪ੍ਰਾਬਲਮ ਨੂੰ ਪ੍ਰਾਇਰਟੀ ਤੇ ਐਡਰੈੱਸ ਕਰਨਾ ਚਾਹੀਦਾ ਹੈ। ਮਿਹਰਬਾਨੀ ਜੀ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ) :** ਡਿਪਟੀ ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਪੰਜਾਬ ਦੇ ਬਜਟ ਬਾਰੇ ਡਿਸਕਸ਼ਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਅਤੇ ਜੇ ਮੈਂ ਇਹ ਕਹਾਂ ਕਿ ਆਮ ਲੋਕਾਂ ਦੀ ਸਰਕਾਰ ਨੇ ਆਪਣੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਲਈ ਜੋ ਕੰਮ ਕਰਨੇ ਹਨ, ਇਹ ਲਗਭਗ ਉਸ ਦਾ ਅਨੁਮਾਨ ਹੈ। ਬਹੁਤ ਹੀ ਸਤਿਕਾਰਯੋਗ ਐਫ.ਐਮ ਸਾਹਿਬ, ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਇਸ ਬਜਟ ਵਿੱਚ ਬੜੀ ਮਿਹਨਤ ਕੀਤੀ ਹੈ ਅਤੇ ਪੰਜਾਬ ਦੇ ਲੋਕਾਂ ਲਈ 1,96,462 ਕਰੋੜ ਦਾ ਬਹੁਤ ਹੀ ਵੱਡਾ ਬਜਟ ਰੱਖਿਆ ਹੈ। ਜੇਕਰ ਮੈਂ ਤੁਲਨਾ ਕਰਾਂ ਤਾਂ ਪਿਛਲੇ ਸਾਲ ਨਾਲੋਂ ਲਗਭਗ 26% ਦਾ ਵਾਧਾ ਹੋਇਆ ਹੈ ਭਾਵ ਅਸੀਂ ਲੋਕਾਂ ਲਈ ਜ਼ਿਆਦਾ ਪੈਸੇ ਰੱਖੇ ਹਨ। ਜੇਕਰ ਡਿਪਾਰਟਮੈਂਟ ਵਾਈਜ਼ ਗੱਲ ਕਰੀਏ ਤਾਂ ਐਜੂਕੇਸ਼ਨ ਦੇ ਖੇਤਰ ਵਿੱਚ 12%, ਹੈਲਥ ਸੈਕਟਰ ਵਿੱਚ 11%, ਖੇਤੀਬਾੜੀ ਵਿੱਚ 20%, ਖੇਡਾਂ ਵਿੱਚ ਰਿਕਾਰਡ ਤੋੜ 55%, ਪੇਂਡੂ ਖੇਤਰ ਵਾਸਤੇ 11% ਅਤੇ ਸੜਕਾਂ, ਜੋ ਕਿ ਕਿਸੇ ਵੀ ਸਟੇਟ ਦੀ ਡਿਵੈਲਪਮੈਂਟ ਵਾਸਤੇ ਨੀਂਹ ਹੁੰਦੀਆਂ ਹਨ, ਉਸ ਵਾਸਤੇ ਲਗਭਗ 157% ਇਜ਼ਾਫਾ ਕਰਨਾ ਕੋਈ ਆਮ ਗੱਲ ਨਹੀਂ ਹੈ। ਇੰਨਾ ਵਾਧਾ ਕੀਤਾ ਗਿਆ ਹੈ ਤਾਂ ਕਿ ਲੋਕਾਂ ਦਾ ਪੈਸਾ ਲੋਕਾਂ ਤੱਕ ਪਹੁੰਚਾਉਣ ਲਈ ਸਰਦਾਰ ਹਰਪਾਲ ਸਿੰਘ ਚੀਮਾ ਨੇ ਬਜਟ ਵਿੱਚ ਰੱਖਿਆ ਹੈ।

ਡਿਪਟੀ ਸਪੀਕਰ ਸਾਹਿਬ, ਸਿਹਤ ਅਤੇ ਸਿੱਖਿਆ ਪੰਜਾਬ ਦੀ ਆਮ ਆਦਮੀ ਸਰਕਾਰ ਅਤੇ ਪੰਜਾਬ ਦੇ ਲੋਕਾਂ ਦੀ ਮੇਨ ਮੰਗ ਸੀ, ਉਸ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਲਗਭਗ 17,000 ਕਰੋੜ ਦਾ ਬਜਟ ਸਿਰਫ ਸਿਹਤ ਖੇਤਰ ਵਾਸਤੇ ਰੱਖਿਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਡਾਟੇ ਮੁਤਾਬਿਕ ਵੀ ਗੱਲ ਕਰਾਂਗਾ ਅਤੇ ਨਾਲ ਹੀ ਦੱਸਦਾ ਚਾਹੁੰਦਾ ਹਾਂ ਕਿ ਗਰਾਊਂਡ ਲੈਵਲ ਤੇ ਇਨ੍ਹਾਂ ਚੀਜ਼ਾਂ ਨਾਲ ਕਿਵੇਂ ਫਰਕ ਪਵੇਗਾ। ਕੱਚੇ ਮੁਲਾਜ਼ਮ ਪੱਕੇ ਕੀਤੇ ਗਏ ਹਨ ਅਤੇ ਇਸ ਬਾਬਤ ਮੈਂ ਤਹਾਨੂੰ ਇਕ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਮੇਰੇ ਹਲਕੇ ਵਿੱਚ ਇਕ ਪਿੰਡ ਵਿੱਚ ਮੇਰੀ ਇਕ ਭੈਣ ਟੀਚਰ ਹੈ, ਮੈਂ ਉਸ ਦਾ ਨਾਂ ਨਹੀਂ ਲੈਣਾ ਚਾਹੁੰਦਾ। ਮੈਂ ਲਗਭਗ ਇਕ ਸਾਲ ਤੋਂ, ਜਦੋਂ ਵੀ ਮੈਂ ਉਸ ਨੂੰ ਜਾ ਕੇ ਮਿਲਦਾ ਸੀ, ਉਹ ਕਹਿੰਦੀ ਸੀ ਕਿ ਸਾਨੂੰ ਤੁਸੀਂ ਕਦੋਂ ਪੱਕਾ ਕਰੋਗੇ? ਡਿਪਟੀ ਸਪੀਕਰ ਸਾਹਿਬ, ਉਸ ਨੂੰ ਲਗਭਗ 7-8 ਤੋਂ ਕਦੇ 5,000/- ਰੁਪਏ, ਕਦੇ 7,000/- ਜਾਂ 8,000/- ਰੁਪਏ ਤਨਖਾਹ ਮਿਲਦੀ ਸੀ। ਜਦੋਂ ਮਾਨ ਸਾਹਿਬ ਦੀ ਸਰਕਾਰ ਬਣੀ ਅਤੇ ਇਨ੍ਹਾਂ ਨੇ ਉਨ੍ਹਾਂ ਮੁਲਾਜ਼ਮਾਂ ਨੂੰ ਪੱਕੇ ਕੀਤਾ ਤਾਂ ਉਹ ਭੈਣ ਮੈਨੂੰ ਰਾਤ ਨੂੰ ਦੱਸਣ ਲੱਗੀ ਕਿ ਉਸ ਨੂੰ ਸਵੇਰੇ ਪਤਾ ਲੱਗਿਆ ਹੈ ਕਿ ਤੁਹਾਨੂੰ ਪੱਕੇ ਕਰ ਦਿੱਤਾ ਗਿਆ ਹੈ। ਸੋ, ਕੱਚੇ ਮੁਲਾਜ਼ਮਾਂ ਦੀਆਂ ਦੁਆਵਾਂ ਸਰਕਾਰ ਨਾਲ ਹਨ। ਇਹ ਨਿੱਕਾ ਕੰਮ ਨਹੀਂ ਹੈ, ਇਹ ਬਹੁਤ ਵੱਡਾ ਕੰਮ ਹੈ।

ਡਿਪਟੀ ਸਪੀਕਰ ਸਾਹਿਬ, ਇੱਥੇ ਬੜੀਆਂ ਗੱਲਾਂ ਹੁੰਦੀਆਂ ਹਨ ਕਿ ਸਕੂਲ ਬਣਦੇ ਨਹੀਂ ਦਿਖੇ, ਹਾਲੇ ਕਾਲਜ ਨਹੀਂ ਦਿਖੇ। ਮੈਂ ਇੱਥੇ ਸਦਨ ਵਿੱਚ ਇਮਾਨਦਾਰੀ ਨਾਲ ਬੋਲਦਿਆਂ ਦੱਸਦਾ ਚਾਹੁੰਦਾ ਹਾਂ ਕਿ ਜਦੋਂ ਵੀ ਤੁਸੀਂ ਕੋਈ ਕੰਮ ਕਰਨਾ ਹੁੰਦਾ ਹੈ, ਉਸ ਦੇ ਰਿਜ਼ਲਟ 1-2 ਦਿਨਾਂ ਵਿੱਚ ਨਹੀਂ ਆਉਂਦੇ ਪਰ ਜੇਕਰ ਤੁਹਾਡੀ ਸੋਚ ਅਤੇ ਨੀਅਤ ਹੋਵੇ ਅਤੇ ਜਦੋਂ ਤੁਸੀਂ ਲੋਕਾਂ ਵਿੱਚ ਸਿਹਤ ਅਤੇ ਐਜੂਕੇਸ਼ਨ ਬਾਰੇ ਏਜੰਡਾ ਸੈੱਟ ਕਰ ਦਿੰਦੇ ਹੋ ਤਾਂ ਇਸ ਦੇ ਹੌਲੀ ਹੌਲੀ ਰਿਜ਼ਲਟ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਮੈਂ ਇਹ ਵੀ ਆਸ ਕਰਦਾ ਹਾਂ ਕਿ ਸਿੱਖਿਆ ਖੇਤਰ ਵਿੱਚ ਸਾਡੇ ਰਿਜ਼ਲਟ ਬੜੀ ਛੇਤੀ ਨਿਕਲਣਗੇ।

KK MS 11.3.2023 12.25

ਸਿਹਤ ਦਾ ਮਾਮਲਾ ਹੈ, ਪਿਛਲੇ ਦਿਨੀਂ ਮਾਨਯੋਗ ਸਪੀਕਰ ਸਾਹਿਬ ਨੇ ਵੀ ਬੜੀ ਬਹਿਸ ਤੇ ਕੋਸ਼ਿਸ਼ ਕੀਤੀ ਹੈ, ਆਪਾਂ ਦਵਾਈਆਂ ਦੀ ਐਮ.ਆਰ.ਪੀ. ਤੇ ਗੱਲ ਕੀਤੀ ਹੈ। ਪੰਜਾਬ ਦੀ ਸਿਹਤ ਦਿਨੋਂ ਦਿਨ ਡਾਊਨ ਹੁੰਦੀ ਜਾ ਰਹੀ ਹੈ। ਇੱਕ ਸਮਾਂ ਹੁੰਦਾ ਸੀ ਕਿ ਪੰਜਾਬ ਦੇ ਲੋਕ ਸਭ ਤੋਂ ਤਕੜੇ, ਸਭ ਤੋਂ ਨਿਡਰ ਮੰਨੇ ਜਾਂਦੇ ਸੀ। ਸਿਹਤ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਸਰਕਾਰ ਨੇ ਲਗਭੱਗ 4781 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਵਿੱਚ ਮੁਹੱਲਾ ਕਲੀਨਿਕਾਂ ਦੀ ਗਰੰਟੀ ਵੀ ਦਿੱਤੀ ਸੀ, ਉਹ ਕੰਮ ਸ਼ੁਰੂ ਹੋ

ਚੁੱਕਿਆ ਹੈ। 504 ਕਲੀਨਿਕ ਪਹਿਲਾਂ ਅਤੇ 142 ਨਵੇਂ ਬਣ ਜਾਣਗੇ ਜੋ ਕਿ ਇੱਕ ਦੋ ਮਹੀਨੇ ਤੱਕ ਸਾਰੇ ਤਿਆਰ ਹੋ ਜਾਣਗੇ। ਸਰ, ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਥੋੜ੍ਹਾ ਜਿਹਾ ਹੋਰ ਸਮਾਂ ਦੇ ਦਿਉ, ਮੈਂ ਕੱਲ੍ਹ ਵੀ ਕਾਫ਼ੀ ਲੰਬੀ ਗੱਲ ਰੱਖਣੀ ਚਾਹੁੰਦਾ ਸੀ।

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ ਜੀ, ਬੋਲੋ ਜੀ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਧੰਨਵਾਦ ਜੀ। ਸਿਹਤ ਅਤੇ ਸਿੱਖਿਆ ਵਿੱਚ ਹੁਣ ਜੋ ਆਮ ਤੌਰ ਤੇ ਗੱਲ ਚਲਦੀ ਹੈ, ਮੈਂ ਵੀ ਕੱਲ੍ਹ ਬੜੇ ਚੈਨਲਾਂ ਤੇ ਗਿਆ, ਡਿਬੇਟਾਂ ਵਿੱਚ ਗਿਆ, ਵਿਰੋਧੀ ਧਿਰ ਵਲੋਂ ਇੱਕ ਸਵਾਲ ਆ ਜਾਂਦਾ ਹੈ, ਇਹ ਕਹਿੰਦੇ ਹਨ ਕਿ ਇਸ ਵਾਸਤੇ ਪੈਸਾ ਕਿਥੋਂ ਆਵੇਗਾ। ਇਹ ਕਹਿੰਦੇ ਹਨ ਕਿ ਜਿਹੜਾ 1,96,462 ਕਰੋੜ ਰੁਪਏ ਦਾ ਬਜਟ ਰੱਖ ਦਿੱਤਾ ਹੈ। ਇਸ ਦੇ ਲਈ ਪੈਸੇ ਕਿਥੋਂ ਲੈ ਕੇ ਆਵੋਗੇ। ਸਰ, ਸਟੇਟ ਦੀ ਆਮਦਨ ਵਧਾਉਣ ਵਾਸਤੇ ਤਿੰਨ-ਚਾਰ ਤਰੀਕੇ ਹੁੰਦੇ ਹਨ। ਸਭ ਤੋਂ ਪਹਿਲਾਂ ਸਟੇਟ ਦਾ ਜੋ ਟੈਕਸ ਹੈ, ਇਸ ਦੇ ਰੈਵੇਨਿਊ ਹਨ, ਇਸ ਦੀ ਜੀ.ਐਸ.ਟੀ. ਹੈ। ਜੇਕਰ ਤੁਹਾਨੂੰ ਪਿਛਲੇ ਸਮੇਂ ਵਿੱਚ, ਜਿਹੜਾ ਤੁਸੀਂ ਛੇ ਮਹੀਨੇ, ਸਾਲ ਸਰਕਾਰ ਵਿੱਚ ਰਹੇ ਹੋ, ਜਦੋਂ ਤੁਹਾਨੂੰ ਲਗਦਾ ਹੈ ਕਿ ਇਸ ਵਿੱਚੋਂ ਟੈਕਸ ਵਧ ਰਿਹਾ ਹੈ ਤਾਂ ਆਪਾਂ ਨੂੰ ਸਰਕਾਰ ਤੇ ਆਸ ਹੋ ਜਾਂਦੀ ਹੈ। ਲੋਕਾਂ ਨੂੰ ਵੀ ਸਰਕਾਰ ਤੇ ਆਸ ਹੋ ਜਾਂਦੀ ਹੈ। ਮੈਂ ਇਸ ਦਾ ਡਾਟਾ ਦੇ ਦਿੰਦਾ ਹਾਂ ਜੀ। ਪਿਛਲੇ ਸਮੇਂ ਜੀ.ਐਸ.ਟੀ., ਰੈਵੇਨਿਊ, ਸਟੈਂਪ ਡਿਊਟੀ ਵਿੱਚ ਅਤੇ ਲਗਭੱਗ ਸਾਰੇ ਖੇਤਰਾਂ ਵਿੱਚ ਰੈਵੇਨਿਊ ਜੋ ਹੈ, ਜੋ ਟੈਕਸ ਹੈ, ਉਹ ਸਰਕਾਰ ਨੂੰ ਵਧਿਆ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਹੁਣ ਰੇਤੇ ਦੀ ਗੱਲ ਕਰਦਾ ਹਾਂ ਜੀ। ਇਹ ਗੱਲਾਂ ਮੈਨੂੰ ਸਮਝ ਨਹੀਂ ਲਗਦੀਆਂ, ਆਮ ਲੋਕਾਂ ਵਿੱਚ ਰੇਤੇ ਦੀ ਗੱਲ ਚਲਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਜੋ ਪੰਜਾਬ ਹੈ, ਇਹ ਪਾਣੀਆਂ ਦੀ ਧਰਤੀ ਹੈ, ਸਾਡਾ ਰੇਤਾ ਵੀ ਆਪਣਾ ਸੀ ਅਤੇ ਸਾਡੇ ਪਾਣੀ ਵੀ ਆਪਣੇ ਸੀ। ਪਰ ਪਿਛਲੇ ਸਮੇਂ ਵਿਚ ਪਤਾ ਨਹੀਂ ਕੀ ਹੋਇਆ ਕਿ ਜਿਹੜੀਆਂ ਸਾਡੀਆਂ ਕੁਦਰਤੀ ਚੀਜ਼ਾਂ ਸੀ, ਅੱਜ ਤੋਂ 40-50 ਸਾਲ ਪਹਿਲਾਂ ਜਦੋਂ ਆਪਣੇ ਬਜ਼ੁਰਗ ਜਾਂਦੇ ਸੀ, ਮੈਨੂੰ ਦੱਸਦੇ ਹੁੰਦੇ ਹਨ ਕਿ ਨਾਲ ਟਰੈਕਟਰ ਲੈ ਜਾਂਦੇ ਸੀ, ਨਾਲ ਟਰਾਲੀ ਲੈ ਜਾਂਦੇ ਸੀ , ਨਾਲ ਚਾਰ ਬੰਦੇ ਲੈ ਜਾਂਦੇ ਸੀ ਅਤੇ ਨਾਲ ਹੀ ਚਾਰ ਕਹੀਆਂ ਲੈ ਜਾਂਦੇ ਸੀ, ਉਨ੍ਹਾਂ ਦਾ ਜਿਥੇ ਜੀਅ ਕਰਦਾ ਸੀ, ਉਥੋਂ ਰੇਤਾ ਭਰ ਕੇ ਲੈ ਆਉਂਦੇ ਸੀ। ਇਹੀ ਪੰਜਾਬ ਦੀ ਤਰੱਕੀ ਦਾ ਕਾਰਨ ਸੀ। ਬਾਹਰਲੀਆਂ ਸਟੇਟਾਂ ਵਿੱਚ ਜਾ ਕੇ ਜੇ ਦੇਖੀਏ, ਉਥੇ ਅਜੇ ਵੀ ਲੋਕਾਂ ਦੇ ਮਕਾਨ ਕੱਚੇ ਹਨ। ਪ੍ਰੰਤੂ ਪੰਜਾਬ ਵਿੱਚ ਮਕਾਨ ਪੱਕੇ ਹਨ, ਉਸ ਦਾ ਕਾਰਨ ਇਹ ਰੇਤਾ ਹੀ ਸੀ। ਪਰ ਪਿਛਲੇ ਸਰਕਾਰਾਂ ਨੂੰ ਪਤਾ ਨਹੀਂ ਕੀ ਹੋ ਗਿਆ? ਜਿਹੜੀ ਚੀਜ਼ ਸਾਨੂੰ ਮੁਫ਼ਤ ਵਿੱਚ ਮਿਲਦੀ ਸੀ, ਜਿਸ ਤੇ ਸਾਡਾ ਅਧਿਕਾਰ ਸੀ, ਜਿਸ ਤੇ ਸਾਡਾ ਆਪਣਾ ਹੱਕ

ਸੀ, ਉਸ ਨੂੰ ਵੀ ਬੜੇ ਬੜੇ ਪੂੰਜੀਪਤੀਆਂ ਦੇ ਹੱਥਾਂ ਵਿੱਚ ਦੇ ਦਿੱਤਾ। ਕੋਈ ਖੱਡ ਪੰਜ ਕਰੋੜ ਦੀ, ਕੋਈ 10 ਕਰੋੜ ਦੀ, ਕੋਈ 5000 ਕਰੋੜ ਦੀ ਅਤੇ ਕੋਈ 10,000 ਕਰੋੜ ਰੁਪਏ ਦੀ ਵੇਚ ਦਿੱਤੀ। ਸਰ, ਮੈਂ ਤੁਹਾਨੂੰ ਅੱਜ ਇੱਕ ਡਾਟਾ ਦਿੰਦਾ ਹਾਂ, ਉਸ ਤੋਂ ਪਤਾ ਲਗ ਜਾਵੇਗਾ ਕਿ ਇਕੱਲੇ ਰੇਤੇ ਦੇ ਨਾਲ ਪੰਜਾਬ ਵਿੱਚ ਕੀ ਫਰਕ ਪਿਆ ਹੈ। ਪਿਛਲੇ ਦਿਨੀਂ ਪੰਜਾਬ ਨੇ ਪਬਲਿਕ ਮਾਈਨਜ਼ ਸਟਾਰਟ ਕੀਤੀਆਂ ਹਨ। ਰੇਤਾ ਸਾਢੇ ਪੰਜ ਰੁਪਏ ਫੁੱਟ ਮਿਲਣ ਲੱਗਿਆ ਹੈ, ਜਿਵੇਂ ਅੱਜ ਤੋਂ 20-30 ਸਾਲ ਪਹਿਲਾਂ ਮਿਲਦਾ ਸੀ, ਹੁਣ ਵੀ ਉਵੇਂ ਹੀ ਮਿਲਣਾ ਸਟਾਰਟ ਹੋਇਆ ਹੈ। ਉਸ ਦੇ ਨਾਲ ਇਹ ਫਰਕ ਪਿਆ ਹੈ, ਮੈਨੂੰ ਮੰਤਰੀ ਸਾਹਿਬ ਦੱਸ ਰਹੇ ਸੀ, ਆਪਣੇ ਪੰਜਾਬ ਵਿੱਚ ਇੱਕ ਪਿੰਡ ਹੈ, ਜਿਥੇ ਖੱਡ ਹੈ। ਇੱਕ ਪਿੰਡ ਵਿੱਚ ਉਸ ਪਿੰਡ ਦੇ ਲੇਬਰਰ ਨੂੰ ਇੱਕ ਮਹੀਨੇ ਦਾ ਲਗਭੱਗ 36 ਲੱਖ ਰੁਪਿਆ ਇਕੱਲੀ ਲੇਬਰ ਵਿਚੋਂ ਆਉਂਦਾ ਹੈ। ਉਸੇ ਪਿੰਡ ਵਿੱਚ ਡੇਅਲੀ ਦਾ 25000-25000 ਰੁਪਿਆ ਉਥੋਂ ਦੀ ਲੇਬਰ ਇਕੱਠਾ ਕਰਦੀ ਹੈ। ਮੇਰੇ ਹਲਕੇ ਵਿੱਚ ਧਰਮਕੋਟ ਤੋਂ ਸਾਡੇ ਐਮ.ਐਲ.ਏ. ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਜੀ ਵੀ ਇੱਥੇ ਬੈਠੇ ਹਨ, ਇਨ੍ਹਾਂ ਦੇ ਹਲਕੇ ਵਿੱਚ ਲਗਭੱਗ 30 ਖੱਡਾਂ ਰੇਤੇ ਦੀਆਂ ਹਨ। ਉਨ੍ਹਾਂ ਵਿੱਚੋਂ ਇੱਕ ਪਬਲਿਕ ਮਾਈਨ ਸ਼ੁਰੂ ਕੀਤੀ ਹੈ। ਇਹ ਮੈਨੂੰ ਦੱਸ ਰਹੇ ਸੀ ਕਿ ਜਿਹੜੇ ਪਿੰਡਾਂ ਦੇ ਲੋਕ ਵਿਹਲੇ ਬੈਠੇ ਸੀ, ਲੇਬਰ ਵਿਹਲੀ ਸੀ, ਜਿਹੜੇ ਡਿਮਾਂਡ ਕਰਦੇ ਸੀ, ਉਹ ਵੀ ਸਾਰੇ ਕਹੀਆਂ ਚੁੱਕ ਕੇ ਖੱਡਾਂ ਤੇ ਜਾਣ ਲੱਗ ਪਏ ਹਨ। ਸਰ, ਇਸ ਦੇ ਨਾਲ ਵੀ ਪੰਜਾਬ ਦੇ ਲੋਕਾਂ ਨੂੰ ਬੜਾ ਫਾਇਦਾ ਹੋਵੇਗਾ, ਬੜਾ ਫਰਕ ਪਵੇਗਾ। ਸਰ, ਮੰਤਰੀ ਸਾਹਿਬ ਧਾਲੀਵਾਲ ਸਾਹਿਬ ਨੇ ਐਨ.ਆਰ.ਆਈ. ਜਿਹੜੇ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ, ਪੰਜਾਬ ਵਿੱਚ ਬਾਹਰਲੇ ਇਨਵੈਸਟਰ ਲੋਕ ਅਤੇ ਸਾਡੇ ਐਨ.ਆਰ.ਆਈਜ਼ ਜਿਹੜੇ ਪੰਜਾਬ ਨੂੰ ਪਿਆਰ ਕਰਦੇ ਹਨ, ਜਿੰਨਾ ਚਿਰ ਉਹ ਪੰਜਾਬ ਵਿੱਚ ਇਨਵੈਸਟਮੈਂਟ ਨਹੀਂ ਕਰਨਗੇ, ਉਨੀ ਦੇਰ ਤੱਕ ਆਪਾਂ ਪੰਜਾਬ ਦੀ ਤਰੱਕੀ ਦੀ ਇਬਾਦਤ ਉਨੀ ਚੰਗੀ ਤਰ੍ਹਾਂ ਨਹੀਂ ਲਿਖ ਸਕਦੇ। ਚਾਹੇ ਸਟੇਟ ਤੇ ਕਰਜ਼ਾ ਬਹੁਤ ਹੈ ਪਰ ਫਿਰ ਵੀ ਸਰਕਾਰ ਨੇ ਇਸ ਵਿੱਚ ਐਨ.ਆਰ.ਆਈਜ਼ ਵਾਸਤੇ ਬਹੁਤ ਵਧੀਆ ਕੰਮ ਕੀਤਾ ਹੈ। ਬਾਹਰ ਬੈਠੇ ਐਨ.ਆਰ.ਆਈਜ਼ ਪੰਜਾਬ ਵਿੱਚੋਂ ਕੁਝ ਨਹੀਂ ਚਾਹੁੰਦੇ, ਉਹ ਇੱਕ ਚੰਗਾ ਸਿਸਟਮ ਚਾਹੁੰਦੇ ਹਨ। ਉਹ ਇਮਾਨਦਾਰ ਸਿਸਟਮ ਚਾਹੁੰਦਾ ਹੈ ਅਤੇ ਨਾਲ ਹੀ ਜਿਹੜੀਆਂ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਹਨ, ਉਨ੍ਹਾਂ ਦੇ ਜੋ ਘਰ ਹਨ, ਉਨ੍ਹਾਂ ਦੀ ਇੱਥੇ ਚੰਗੀ ਤਰ੍ਹਾਂ ਹਿਫਾਜ਼ਤ ਹੋ ਸਕੇ, ਉਹ ਲੋਕ ਇਹੀ ਚੀਜ਼ਾਂ ਦੀ ਡਿਮਾਂਡ ਕਰਦੇ ਹਨ । ਸਰਦਾਰ ਕੁਲਦੀਪ ਸਿੰਘ ਧਾਲੀਵਾਲ ਜੀ ਨੇ ਪਿਛਲੇ ਦਿਨੀਂ ਸਾਡੇ ਹਲਕਿਆਂ ਵਿੱਚ ਬਹੁਤ ਵਧੀਆ ਕੰਮ ਕੀਤੇ ਹਨ। ਸਰ, ਮੈਂ ਉਸ ਵਿੱਚ ਆਪਣੇ ਹਲਕੇ ਦੀ ਇੱਕ ਐਗਜ਼ਾਂਪਲ ਦੇ ਦਿਆਂ।

ਹਰਪ੍ਰੀਤ ਸਿੰਘ/ਸ਼ੁਭਮ ਜੈਨ/12.30/11.03.2023

ਇਕ ਪ੍ਰਵਾਸੀ ਪੰਜਾਬੀ ਧੰਨਵਾਦੀ ਸੰਮੇਲਨ ਕਰਵਾਇਆ, ਉਸ ਵਿਚ ਮੇਰੇ ਹਲਕੇ ਬਾਘਾ ਪੁਰਾਣੇ ਦੇ ਐਨ.ਆਰ.ਆਈਜ਼ ਨੂੰ ਇਨਵਾਈਟ ਕੀਤਾ। ਮੇਰੇ ਹਲਕੇ ਦਾ ਇਕ ਪਿੰਡ ਹੈ ਰੋਡੇ। ਉੱਥੇ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਜੀ ਨੇ ਇਕ ਐਨ.ਆਰ.ਆਈ. ਦੀ 17 ਏਕੜ ਜ਼ਮੀਨ ਦਾ ਨਜਾਇਜ਼ ਕਬਜ਼ਾ ਛੁਡਵਾਇਆ ਹੈ। ਇਸ ਦਾ ਫਾਇਦਾ ਇਹ ਹੋਇਆ ਕਿ ਮੇਰੇ ਹਲਕੇ ਵਿਚ ਕਰਵਾਏ ਇਸ ਸੰਮੇਲਨ ਦੌਰਾਨ ਕਿਸੇ ਐਨ.ਆਰ.ਆਈ. ਨੇ ਆਮ ਆਦਮੀ ਕਲੀਨਿਕ ਬਣਾਉਣ ਲਈ, ਕਿਸੇ ਐਨ.ਆਰ.ਆਈ. ਨੇ ਟਰੈਕਟਰ ਦੇਣ ਲਈ ਤੇ ਇਕ ਐਨ.ਆਰ.ਆਈ. ਨੇ ਘੱਟੋ-ਘੱਟ 100 ਕਰੋੜ ਦੀ ਇਨਵੈਸਟਮੈਂਟ ਮੇਰੇ ਹਲਕੇ ਵਿਚ ਲਿਆਉਣ ਦਾ ਭਰੋਸਾ ਦਿੱਤਾ ਹੈ। ਉਸ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ ਚਾਹੇ ਤੁਸੀਂ ਜਾ ਕੇ ਦੇਖ ਲਵੋ। ਸੋ, ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਸਰਕਾਰ ਦੀਆਂ ਪ੍ਰਾਪਤੀਆਂ ਹਨ। ਅਸੀਂ ਲੋਕਾਂ ਦੇ ਲਈ ਕੰਮ ਕਰਨਾ ਹੈ, ਇਹ ਲੋਕਾਂ ਦਾ ਬਜਟ ਹੈ, ਲੋਕਾਂ ਤੇ ਹੀ ਲੱਗੇਗਾ। ਬਜਟ ਤਾਂ ਪਹਿਲਾਂ ਵੀ ਪਾਸ ਹੁੰਦੇ ਸੀ।

**ਮਾਨਯੋਗ ਡਿਪਟੀ ਸਪੀਕਰ:** ਤੁਹਾਡੇ ਨਾਲ ਦੇ ਸਾਥੀ ਵੀ ਸਰਕਾਰ ਦੀਆਂ ਪ੍ਰਾਪਤੀਆਂ ਦੱਸਣਾ ਚਾਹੁੰਦੇ ਹਨ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਡਿਪਟੀ ਸਪੀਕਰ ਸਾਹਿਬ, ਮੈਂ ਦੋ ਮਿੰਟ ਦੇ ਵਿਚ ਕਨਕਲੂਡ ਕਰਾਂਗਾ। ਮੈਂ ਇਸ 1 ਲੱਖ 96 ਹਜ਼ਾਰ 62 ਕਰੋੜ ਦੇ ਬਜਟ ਨੂੰ ਘੱਟੋ-ਘੱਟ 10 ਲੱਖ ਕਰੋੜ ਦਾ ਬਜਟ ਮੰਨਦਾ ਹਾਂ, ਤੁਸੀਂ ਪੁੱਛੋਗੇ ਕਿ ਐਨਾ ਕਿਵੇਂ ਵਧਾ ਦਿੱਤਾ। ਪਹਿਲਾਂ ਇਹ ਹੁੰਦਾ ਸੀ ਕਿ ਜੇ ਉਪਰੋਂ 1000 ਰੁਪਿਆ ਆਉਂਦਾ ਸੀ ਤਾਂ ਪਿੰਡਾਂ ਤੱਕ ਪਹੁੰਚਦੇ ਪਹੁੰਚਦੇ 100 ਰੁਪਿਆ ਰਹਿ ਜਾਂਦਾ ਸੀ ਪਰ ਹੁਣ ਸਾਡੇ ਬਜਟ ਦੇ ਪੈਸੇ ਲੋਕਾਂ ਤੱਕ ਪੂਰੀ ਇਮਾਨਦਾਰੀ ਨਾਲ ਪਹੁੰਚਣਗੇ। ਜਿਹੜਾ ਪਹਿਲਾਂ 50-50 ਲੱਖ ਰੁਪਿਆ ਪਿੰਡਾਂ ਵਿਚ ਲਗਦਾ ਦਿਖਾਈ ਨਹੀਂ ਦਿੰਦਾ ਸੀ, ਉਹ ਹੁਣ ਦਿਸੇਗਾ। ਸਿਹਤ ਤੇ ਐਜੂਕੇਸ਼ਨ ਤੇ ਗੱਲ ਕਰਦੇ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਬੈਠੋ, ਇਸ ਤੋਂ ਬਾਅਦ ਤੁਸੀਂ ਹੀ ਬੋਲਣਾ ਹੈ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਡਿਪਟੀ ਸਪੀਕਰ ਸਾਹਿਬ, ਸਾਡੇ ਮਨੀਸ਼ ਸਿਸੋਦੀਆ ਜੀ ਨੇ ਦੇਸ਼ ਵਿਚ ਸਿਹਤ ਤੇ ਸਿੱਖਿਆ ਦਾ ਏਜੰਡ ਸੈੱਟ ਕੀਤਾ ਹੈ।(ਵਿਘਨ..ਸ਼ੋਰ) ਖਹਿਰਾ ਸਾਹਿਬ, ਮੈਂ ਪਹਿਲੀ ਵਾਰ ਬੋਲ ਰਿਹਾ ਹਾਂ, ਮੈਨੂੰ ਬੋਲ ਲੈਣ ਦਿਓ। ਇੱਥੇ ਮੇਰੇ ਬੀ.ਜੇ.ਪੀ. ਵਾਲੇ ਸਾਥੀ ਵੀ ਬੈਠੇ ਹਨ, ਇਸ ਦਾ ਨਤੀਜਾ ਕੀ ਨਿਕਲਿਆ? ਜਦੋਂ ਲੋਕਾਂ ਦੇ ਲਈ ਕੰਮ ਕਰੋਂਗੇ ਤਾਂ ਵਿਰੋਧੀ ਬਹੁਤ ਕੁੱਝ ਕਹਿਣਗੇ ਅਤੇ ਕਰਨਗੇ। ਜਦੋਂ ਪਤਾ

ਲੱਗਿਆ ਕਿ ਇਨ੍ਹਾਂ ਨੇ ਸਿਹਤ ਤੇ ਸਿੱਖਿਆ ਦਾ ਏਜੰਡਾ ਸੈੱਟ ਕਰ ਦਿੱਤਾ ਹੈ ਤਾਂ ਦੇਸ਼ ਦੀਆਂ ਵੱਡੀਆਂ ਪਾਰਟੀਆਂ ਨੂੰ ਡਰ ਲੱਗਣ ਲੱਗ ਗਿਆ। ਸੋ, ਜਿਹੜੇ ਬੰਦੇ ਨੇ ਸਕੂਲ ਬਣਾਏ, ਹਸਪਤਾਲ ਬਣਾਏ, ਜਿਸ ਨੂੰ ਦੁਨੀਆਂ ਨੇ ਅਵਾਰਡ ਦਿੱਤੇ। ਉਸ ਬੰਦੇ ਨੂੰ ਸਾਡੇ ਦੇਸ਼ ਦੀ ਸਰਕਾਰ ਨੇ ਜੇਲ ਵਿਚ ਬੰਦ ਕਰ ਦਿੱਤਾ। ਸੋ, ਮੈਂ ਆਪਣੇ ਮੰਤਰੀਆਂ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਆਪਾਂ ਲੋਕਾਂ ਲਈ ਕੰਮ ਕਰਾਂਗੇ ਤਾਂ ਰਾਹ ਬਹੁਤ ਔਖੇ ਆਉਣਗੇ ਪਰ ਅਸੀਂ ਲੋਕਾਂ ਦੇ ਲਈ ਕੰਮ ਕਰਦੇ ਰਹਿਣਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਖਹਿਰਾ ਸਾਹਿਬ, ਤੁਹਾਨੂੰ ਪਾਰਟੀ ਨੇ ਬੋਲਣ ਲਈ 10 ਮਿੰਟ ਦਿੱਤੇ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸ਼ੁਕਰੀਆ ਡਿਪਟੀ ਸਪੀਕਰ ਸਾਹਿਬ, ਮੈਂ ਬਜਟ ਤੇ ਥੋੜ੍ਹੀ ਜਿਹੀ ਪੰਛੀ ਛਾਤ ਜਿਹੀਆਂ ਗੱਲਾਂ ਹੀ ਕਰਾਂਗਾ ਕਿਉਂਕਿ ਮੈਂ ਕੋਈ ਵੱਡਾ ਆਰਥਿਕ ਮਾਹਿਰ ਨਹੀਂ ਹਾਂ ਪਰ ਬਜਟ ਤੇ ਬੇਸਿਕ ਨਿਗ੍ਹਾ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਸ ਬਜਟ ਵਿਚ ਪਿਛਲੇ ਸਾਲ ਨਾਲੋਂ 31 ਹਜ਼ਾਰ ਕਰੋੜ ਦੇ ਕਰਜ਼ੇ ਦਾ ਇਜ਼ਾਫਾ ਹੋਇਆ ਹੈ। ਜਿਹੜਾ 2023-24 ਦੀ ਡੈੱਟ ਦੀ ਪ੍ਰੋਜੈਕਸ਼ਨ ਹੈ, ਉਹ ਤਕਰੀਬਨ 35 ਹਜ਼ਾਰ ਕਰੋੜ ਹੈ। ਸੋ, ਅਗਰ ਇਸ ਸਪੀਡ ਤੇ ਸਰਕਾਰ ਕਰਜ਼ਾ ਚੁੱਕੀ ਜਾਵੇਗੀ ਤਾਂ by the end of 5 years ਜੇਕਰ ਇਹ ਸਰਕਾਰ ਪੰਜ ਸਾਲ ਪੂਰੇ ਕਰਦੀ ਹੈ ਤਾਂ ਸਮਝ ਲਓ 2 ਲੱਖ ਕਰੋੜ ਰੁਪਏ ਦੇ ਕਰਜ਼ੇ ਦਾ ਭਾਰ ਹੋਰ ਵਧੇਗਾ। ਮੇਰਾ ਛੋਟਾ ਵੀਰ ਸੁੱਖਾਨੰਦ ਗੱਲ ਕਰ ਰਿਹਾ ਸੀ, ਮੈਂ ਤਾਂ ਇਸ ਲਈ ਟੋਕ ਰਿਹਾ ਸੀ ਕਿ ਤੁਸੀਂ ਇੱਥੇ ਇਮਾਨਦਾਰੀ ਦੀ ਗੱਲ ਕਰਦੇ ਹੋ ਤੇ ਬਾਹਰ ਇਕ ਵੀਡਿਓ ਵਾਇਰਲ ਹੋ ਗਈ ਹੈ। ਤੁਹਾਡੀ ਪਾਰਟੀ ਦਾ ਇਕ ਮਾਰਕਿਟ ਕਮੇਟੀ ਦਾ ਚੇਅਰਮੈਨ ਗੁਰਪ੍ਰੀਤ ਘੁੱਚਰ ਪੈਸੇ ਲੈਂਦਿਆਂ ਕੈਮਰੇ ਤੇ ਫੜਿਆ ਗਿਆ ਹੈ। Don't get up now. ਮੈਂ ਬੱਸ ਇਹੀ ਕਹਿਣਾ ਸੀ। ਡਿਪਟੀ ਸਪੀਕਰ ਸਾਹਿਬ, ਕੈਪੀਟਲ ਐਕਸਪੈਂਡੀਚਰ ਪਿਛਲੇ ਸਾਲ ਦੀ ਇਕ ਤਸਵੀਰ ਹੁੰਦੀ ਹੈ ਕਿ infrastructural development ਹਸਪਤਾਲ, ਸਕੂਲ, ਸੜਕਾਂ ਜਾਂ ਕੈਨਾਲਜ਼ ਹੋਰ ਕਿੰਨੀਆਂ ਬਣੀਆਂ ਹਨ ਪਰ ਤੁਸੀਂ ਹੈਰਾਨ ਹੋਵੋਗੇ ਕਿ ਪਿਛਲੇ ਸਾਲ ਵਿਚ ਸਿਰਫ਼ 8513 ਕਰੋੜ ਕੈਪੀਟਲ ਐਕਸਪੈਂਡੀਚਰ ਹੋਇਆ ਹੈ। which is barely 5% of the budget. 95 ਫੀਸਦੀ ਬਜਟ ਕਮਿਟਿਡ ਐਕਸਪੈਂਡੀਚਰ ਤੇ ਨਿਕਲ ਗਿਆ, ਜਿਵੇਂ ਕਰਜ਼ਿਆਂ ਦੀ ਅਦਾਇਗੀ, ਤਨਖਾਹਾਂ, ਪੈਨਸ਼ਨਾਂ ਆਦਿ ਵਿਚ। ਇਸੇ ਲਈ ਪਿੰਡਾਂ ਵਿਚ ਰੌਲਾ ਪੈ ਰਿਹਾ ਹੈ ਕਿ ਗਰਾਂਟਾਂ ਨਹੀਂ ਆਈਆਂ, ਮਿਉਂਸਿਪਲ ਕਮੇਟੀਆਂ ਵਿਚ

ਪੈਸਾ ਨਹੀਂ ਗਿਆ। ਡਿਪਟੀ ਸਪੀਕਰ ਸਾਹਿਬ, ਇਕ fiscal deficit ਇਕ ਪੈਰਾਮੀਟਰ ਹੈ, ਉਹ ਕੰਟਰੋਲ ਕਰਨਾ ਹੁੰਦਾ ਹੈ ਕਿ ਉਹ 5 ਫੀਸਦੀ ਤੋਂ ਉੱਪਰ ਨਾ ਜਾਵੇ ਪਰ ਪੰਜਾਬ ਦਾ 10 ਹਜ਼ਾਰ ਕਰੋੜ ਰੁਪਿਆ ਫਿਸਕਲ ਡੈਫੀਸਿਟ ਹੋਰ ਵਧਿਆ ਹੈ, ਘਟਿਆ ਨਹੀਂ ਹੈ ਜਦੋਂ ਕਿ ਰੈਵੀਨਿਊ ਰਿਸੀਟ 2 ਹਜ਼ਾਰ ਕਰੋੜ ਦੇ ਲਗਭੱਗ ਘਟੀ ਹੈ। ਹੁਣ ਮੈਂ ਖੇਤੀਬਾੜੀ ਤੇ ਗੱਲ ਕਰਦਾ ਹਾਂ।

aman-shubham/12.35/11.3.23

ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੀ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਸਾਡਾ ਖੇਤੀ ਪ੍ਰਧਾਨ ਸੂਬਾ ਹੈ। ਜਿਹੜੀ ਐਲੋਕੇਸ਼ਨ ਐਗਰੀਕਲਚਰ ਵਾਸਤੇ ਇਸ ਵਰ੍ਹੇ ਪ੍ਰੋਜੈਕਟਿਡ ਹੈ, ਉਹ 13,888/- ਕਰੋੜ ਰੁਪਏ ਹੈ। ਜੇਕਰ ਆਪਾਂ ਬਜਟ ਦੇ ਹਿਸਾਬ ਨਾਲ ਇਸ ਨੂੰ ਦੇਖੀਏ, ਇਹ ਐਪਰੋਸੀਮੇਟਲੀ 7% ਬਣਦੀ ਹੈ। ਪਰ ਜੇ ਇਸ ਦੇ ਵਿੱਚੋਂ ਪੀ.ਐਸ.ਪੀ.ਸੀ.ਐਲ ਦੀ ਸਬਸਿਡੀ ਕੱਢ ਦੇਈਏ ਜਿਹੜੀ ਕਿ 9331 ਕਰੋੜ ਰੁਪਏ ਦੀ ਅਦਾਇਗੀ ਹੈ ਜਿਹੜੀ ਫਰੀ ਪਾਵਰ ਟਿਊਬਵੈੱਲਾਂ ਨੂੰ ਜਾ ਰਹੀ ਹੈ, ਜੇਕਰ ਉਹ ਵਿੱਚੋਂ ਕੱਢ ਦੇਈਏ ਤਾਂ ਬਜਟ ਵਿੱਚ ਐਗਰੀਕਲਚਰ ਵਿੱਚ ਸਿਰਫ 2% ਦੀ ਐਲੋਕੇਸ਼ਨ ਹੈ। ਖੇਤੀ ਤੇ ਆਧਾਰਿਤ ਸਾਡਾ ਸੂਬਾ ਹੋਵੇ ਤੇ 2 ਲੱਖ ਕਰੋੜ ਰੁਪਏ ਦਾ ਅਨੁਮਾਨਿਤ ਬਜਟ ਹੈ, ਉਸ ਦੇ ਵਿੱਚੋਂ ਸਿਰਫ 2% ਰਾਸ਼ੀ ਐਗਰੀਕਲਚਰ ਨੂੰ approximately 4000 Crore only. ਹੁਣ 4000 Crore ਵਿੱਚ ਕਿਹੜੀ ਰਿਸਰਚ ਹੋਵੇਗੀ, ਕਿਹੜੀ ਕੋਈ ਨਵੀਂ ਯੂਨੀਵਰਸਿਟੀ ਬਿਲਡ ਹੋਵੇਗੀ, ਕੀ ਕੋਈ ਸੀਡ ਪੈਦਾ ਕਰਾਂਗੇ।Director of Horticulture ਅੱਜ ਵੀ ਤੁਹਾਡੇ ਕੋਲ ਰੈਗੂਲਰ ਨਹੀਂ ਹੈ। ਕੀ ਹਾਰਟੀਕਲਚਰ ਨੂੰ ਵਧਾਵਾਂਗੇ, ਕੀ ਸਬਜ਼ੀਆਂ ਦਾ ਕਰਾਂਗੇ, ਕੀ cold storages chain ਲਗਾਵਾਂਗੇ। With 4000 Crore what can you do.? ਮੂੰਗੀ ਦਾ ਕੁਐਸ਼ਚਨ complete ਨਹੀਂ ਹੋਇਆ ਸੀ, ਕੀ ਤੁਸੀਂ ਮੂੰਗੀ ਖਰੀਦੋਂਗੇ। ਡਿਪਟੀ ਸਪੀਕਰ ਸਾਹਿਰ, 4000 ਕਰੋੜ ਰੁਪਏ ਨਾਲ ਕੀ ਬਾਸਮਤੀ ਖਰੀਦੋਂਗੇ? ਸੋ, ਇਹ ਤਾਂ ਬਜਟ ਦੀ ਐਲੋਕੇਸ਼ਨ ਹੈ। ਸਪੀਕਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਨੇ ਬੜੀ ਅੱਛੀ ਗੱਲ ਸ਼ੁਰੂ ਕੀਤੀ ਸੀ, ਮੈਂ ਉਸ ਨੂੰ ਅੱਗੇ ਵਧਾਉਣਾ ਚਾਹੁੰਦਾ ਹਾਂ । ਪੰਜਾਬ ਇੱਕ land-locked State ਹੈ, ਮੇਰਾ ਤੁਹਾਨੂੰ ਇੱਕ ਨਿਰਪੱਖ ਤੇ ਸਾਂਝੀ ਸਲਾਹ ਤੇ ਸੁਝਾਓ ਹੈ। ਪੰਜਾਬ ਦੇ ਕੋਲ ਕੁਦਰਤੀ ਕੋਈ ਸਰੋਤ ਨਹੀਂ ਹੈ। ਮੈਂ ਪਿੱਛੇ ਜਿਹੇ ਰਾਏਪੁਰ ਗਿਆ, ਉਨ੍ਹਾਂ ਕੋਲ Bauxite ਹੈ, ਲੋਹਾ ਹੈ, ਝਾਰਖੰਡ ਕੋਲ ਕੋਲਾ ਹੈ। ਹਰ ਸਟੇਟ ਕੋਲ ਕੁਝ ਨਾ ਕੁਝ ਉਨ੍ਹਾਂ ਦੀ ਧਰਤੀ ਥੱਲੇ ਹੈ। ਪੰਜਾਬ ਕੋਲ ਸਿਰਫ ਪਾਣੀ ਕੁਦਰਤੀ ਸਰੋਤ ਹੈ। ਪਾਣੀ ਦਾ ਸਰੋਤ ਬਹੁਤ ਵੱਡੀ ਤਾਦਾਦ ਦੇ ਵਿੱਚ ਰਾਜਸਥਾਨ, ਦਿੱਲੀ ਨੂੰ ਅਤੇ ਜਿਹੜਾ ਹਰੀਕੇ ਵਿੱਚ ਨਹੀਂ ਰੋਕ ਸਕਦੇ ਉਹ ਪਾਕਿਸਤਾਨ ਨੂੰ ਚਲੇ ਜਾਂਦਾ ਹੈ, ਉਹ ਵੀ ਸਾਡਾ ਡਿਸਟਰਾਏ ਹੋ ਗਿਆ। ਇਹ ਕਰਜ਼ਾ ਪੰਜਾਬ ਦੇ ਕਿਸਾਨ ਤੇ ਚੜ੍ਹਦਾ-ਚੜ੍ਹਦਾ ਕਿਉਂਕਿ ਕਰਾਪ ਤੇ ਕੇਂਦਰ ਸਰਕਾਰ ਵੱਲੋਂ ਜੋ ਐਮ.ਐਸ.ਪੀ ਮਿਲਦੀ ਰਹੀ ਹੈ over the

period of 75 years, ਉਹ ਬਹੁਤ ਗਲਤ ਸੀ। ਉਸ ਦੀ price fixation ਗਲਤ ਸੀ। ਕਿਸਾਨ ਅੱਜ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ। ਰੋਜ਼ ਮਾਨਸਾ, ਸੰਗਰੂਰ, ਬਠਿੰਡਾ ਵਰਗੇ ਜ਼ਿਲ੍ਹਿਆਂ ਦੇ ਵਿੱਚ ਆਤਮ-ਹਤਿਆਵਾਂ ਹੋ ਰਹੀਆਂ ਹਨ। ਸੋ, ਸਾਡੇ ਕੋਲ ਇਸ ਦਾ ਕੀ ਹੱਲ ਹੈ? land-locked State ਹੈ, ਬੰਦਰਗਾਹ ਕੋਈ ਨਹੀਂ ਹੈ। ਥੱਲੇ mineral ਕੋਈ ਨਹੀਂ ਹੈ। Deputy Speaker Sahib the only way for survival is ਕਿ ਜਦੋਂ ਤੱਕ ਪਾਕਿਸਤਾਨ ਨਾਲ ਪੁਰਾਣਾ ਸਿਲਕ ਰੂਟ ਸ਼ੁਰੂ ਨਹੀਂ ਹੁੰਦਾ, ਪਹਿਲਾਂ ਕਿਸੇ ਵੇਲੇ ਇਸ ਨੂੰ ਸਿਲਕ ਰੂਟ ਕਹਿੰਦੇ ਸੀ, right from Pakistan to Afghanistan, Iran, Mangolia, Uzbekistan, Turkmenistan, Central Asia to Russia ਤੱਕ ਇਹ ਸਾਰਾ ਬਹੁਤ cold area ਹੈ। ਇਹ ਸਾਰਾ ਅਪਨਾ ਫਲ, ਫਰੂਟ, ਸਬਜ਼ੀਆਂ, ਦੁੱਧ ਵਗੈਰਾ ਸਭ ਕੁਝ either they get it from Africa or they are getting from Latin South American Countries like Brazil and Argentina. ਇਹ ਸਾਡੀ ਸਾਰੀ ਮਾਰਕਿਟ ਹੈ। ਮੈਂ ਇਸ ਲਈ ਪੁਆਇੰਟ ਆਊਟ ਕੀਤਾ ਕਿਉਂਕਿ ਪਤਾ ਨਹੀਂ ਕਿਸ ਨੇ ਚੀਫ ਮਨਿਸਟਰ ਸਾਹਿਬ ਨੂੰ ਕਿਸੇ ਨੇ ਕਹਿ ਦਿੱਤਾ ਹੈ ਕਿ ਪਾਕਿਸਤਾਨ ਨਾਲ ਬਾਰਡਰ ਨਹੀਂ ਖੁੱਲਣਾ ਚਾਹੀਦਾ ਹੈ। ਇਹ ਤਾਂ ਬੀ.ਜੇ.ਪੀ ਦੀ ਪੁਖਤਾ ਲਾਈਨ ਹੈ। ਸਰਕਾਰਾਂ ਦਾ ਝਗੜਾ ਹੈ ਤੇ ਪੰਜਾਬ ਮਾਰਿਆ ਗਿਆ। ਤੁਸੀਂ ਜੇ ਪਾਕਿਸਤਾਨ ਨਾਲ ਵਪਾਰ ਨਹੀਂ ਖੋਲ੍ਹੋਗੇ, ਮੇਰੀ ਗੱਲ ਯਾਦ ਰੱਖਣਾ ਕਿ ਜਿੰਨਾ ਮਰਜ਼ੀ ਆਪਾਂ ਬਜਟ ਦੇ ਵਿੱਚ ਮੂੰਗੀ ਦੇ ਲਈ ਤੇ ਬਾਸਮਤੀ ਦੇ ਲਈ ਪੈਸਾ ਰੱਖ ਲਈਏ we just cannot survive. ਸੋ, ਚਾਹੀਦਾ ਇਹ ਹੈ ਕਿ ਪੰਜਾਬ ਦੀ ਸਰਕਾਰ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਉੱਥੇ ਪ੍ਰਾਈਮ ਮਨਿਸਟਰ ਲੈਵਲ ਤੇ ਜਾਈਏ ਜਾਂ ਕੋਈ ਰੈਜ਼ੋਲਿਊਸ਼ਨ ਪਾਸ ਕਰੋ। ਇਸ ਨਾਲ ਇੰਡਸਟਰੀ ਦੀ survival ਵੀ ਹੋਵੇਗੀ। ਸਾਡੀ ਬਟਾਲੇ ਦੀ, ਗੁਰਾਇਆਂ ਦੀ, ਧਾਰੀਵਾਲ ਦੀ ਅਤੇ ਹੋਰ ਇੰਡਸਟਰੀ ਖਤਮ ਹੋ ਗਈ। ਹੋਰ ਜਿਹੜੇ ਛੋਟੇ ਇੰਡਸਟਰੀਅਲ ਟਾਊਨ ਸੀ, ਗੋਬਿੰਦਗੜ੍ਹ ਆਦਿ ਦੀਆਂ they are in dire stage because raw material ਵੀ ਬਾਹਰੋਂ ਆਉਂਣਾ ਹੈ, ਬਣਿਆ ਹੋਇਆ ਮਾਲ ਵੀ ਬਾਹਰ ਜਾਣਾ ਹੈ। How can you just compete with states like Gujarat or Maharashtra ਜਿਹੜੀਆਂ ਉਥੇ ਆਪ ਹੀ ਸਭ ਕੁਝ ਕਰਦੀਆਂ ਹਨ, ਪੋਰਟਸ ਤੇ ਬੰਦਰਗਾਹਾਂ ਵੀ ਉਨ੍ਹਾਂ ਦੇ ਕੋਲ ਹਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)**: ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਵਜ਼ੀਰ ਸਾਹਿਬ, ਮੈਨੂੰ ਬੋਲ ਲੈਣ ਦਿਓ ਜੀ। ਮੈਂ ਤਾਂ ਨੁਕਤਾਚੀਨੀ ਕਰ ਹੀ ਨਹੀਂ ਰਿਹਾ ਹਾਂ। ਪਹਿਲਾਂ ਮੈਨੂੰ ਤਾਂ ਪੁਆਇੰਟ ਆਫ ਆਰਡਰ ਦਿੱਤਾ ਨਹੀਂ ਸੀ। ਡਿਪਟੀ ਸਪੀਕਰ ਸਾਹਿਬ, this is disturbance now. ਪਹਿਲਾਂ ਮੈਨੂੰ ਵੀ ਪੁਆਇੰਟ ਆਫ ਆਰਡਰ ਦੇ ਦਿੰਦੇ।

**ਮਾਨਯੋਗ ਡਿਪਟੀ ਸਪੀਕਰ:** ਤੁਹਾਨੂੰ ਵੀ ਦੇ ਦਿਆਂਗੇ।

**ਮੰਤਰੀ :** ਖਹਿਰਾ ਸਾਹਿਬ, ਪਾਕਿਸਤਾਨ ਬਾਰੇ ਜੋ ਤੁਸੀਂ ਬੋਲ ਰਹੇ ਹੋ, ਇਹ ਤੁਹਾਡੀ ਲਾਈਨ ਹੈ ਜਾਂ All India Congress Committee ਦੀ ਲਾਈਨ ਹੈ, ਸਿਰਫ ਇਹ ਦੱਸ ਦਿਓ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ, ਮੰਤਰੀ ਸਾਹਿਬ ਭਾਵੇਂ ਇਸ ਨੂੰ ਮੇਰੀ ਪਾਰਟੀ ਦੀ ਲਾਈਨ ਮੰਨ ਕੇ ਚੱਲਣ ਪਰ ਇਹ ਪੰਜਾਬ ਦੀ ਲਾਈਨ ਹੈ, this is the voice of 3 crore Punjabis, if you want to listen to it.

**ਮੰਤਰੀ :** ਕੀ ਪੰਜਾਬ ਕਾਂਗਰਸ ਦੀ ਲਾਈਨ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੰਤਰੀ ਸਾਹਿਬ, ਤੁਸੀਂ ਕਿਉਂ ਇਸ ਗੱਲ ਵਿੱਚ ਪੈਂਦੇ ਹੋ, ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ, ਟਾਈਮ ਵੇਸਟ ਕਰ ਰਹੇ ਹਨ ਜੀ। ਮੈਂ ਅੱਗੇ ਚੱਲਣਾ ਚਾਹੁੰਦਾ ਹਾਂ,

ਤ.ਸ. / ਅ.ਗ. / 12.40 / 11.03.2023

ਪਾਕਿਸਤਾਨ ਤੋਂ ਪਰਲੇ ਪਾਸੇ, ਬਾਰਡਰ ਦੇ ਪਰਲੇ ਪਾਸੇ ਹਰ ਚੀਜ਼ ਦੀ ਦੁੱਗਣੀ ਕੀਮਤ ਹੈ। ਜਿਹੜਾ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਦਾ ਰੌਲਾ ਪਾਇਆ ਜਾਂਦਾ ਹੈ, ਜੇਕਰ ਬਾਰਡਰ ਦਾ ਇਹ ਟਰੇਡ ਰੂਟ ਖੋਲ੍ਹ ਦਿੱਤਾ ਜਾਵੇ ਤਾਂ ਕਣਕ ਅਤੇ ਝੋਨੇ ਦਾ ਭਾਅ 4000 ਰੁਪਏ ਕੁਇੰਟਲ ਮਿਲਣ ਲੱਗ ਜਾਵੇਗਾ। ਸਭ ਕੁਝ ਠੀਕ ਹੋ ਜਾਵੇਗਾ। ਮੈਨੂੰ ਯਾਦ ਹੈ ਕਿ 1980 ਦੇ ਦਹਾਕੇ ਵਿੱਚ ਮੈਂ ਪੜ੍ਹਦਾ ਸੀ। ਉਦੋਂ ਇਰਾਕ ਤੋਂ ਟਰੱਕ ਆਏ ਸਨ, ਸਾਡੇ ਪੰਜਾਬ ਵਿੱਚੋਂ ਆਲੂ ਲੈ ਕੇ ਗਏ ਸਨ ਅਤੇ ਉਸ ਸਮੇਂ ਬਹੁਤ ਅੱਛੀ ਕੀਮਤ ਮਿਲੀ ਸੀ। ਬਾਅਦ ਵਿੱਚ ਇਹ ਬਾਰਡਰ ਬੰਦ ਹੋ ਗਿਆ। ਸੋ, ਇਹ ਬੜਾ ਇੰਪਾਰਟੈਂਟ ਇਸ਼ੂ ਸੀ।

ਦੂਸਰੀ ਛੋਟੀ ਜਿਹੀ ਗੱਲ ਹੈ ਕਿ ਜਿਹੜੀ ਆਯੂਸ਼ਮਾਨ ਹੈਲਥ ਇੰਸ਼ੋਰੈਂਸ ਸਕੀਮ ਹੈ, 5 ਲੱਖ ਰੁਪਏ ਦੀ, ਇਹ ਨਹੀਂ ਚੱਲ ਰਹੀ ਹੈ। ਇਸ ਨੂੰ ਜ਼ਰੂਰ ਚਲਾਉਣਾ ਚਾਹੀਦਾ ਹੈ। ਉਸ ਨਾਲ ਆਟੋਮੈਟੀਕਲੀ 5 ਲੱਖ ਰੁਪਏ ਦਾ ਹੈਲਥ ਇੰਸ਼ੋਰੈਂਸ ਕਵਰ ਮਿਲ ਜਾਂਦਾ ਸੀ ਅਤੇ ਸਾਰੇ ਇਹ ਸਾਰੇ ਹਸਪਤਾਲਾਂ ਵਿੱਚ ਚੱਲ ਜਾਂਦਾ ਸੀ। ਇਸ ਨਾਲ ਕਿਸਾਨ, ਜਿਹੜਾ ਕਿ ਬਹੁਤ ਮਹਿੰਗੀ ਹੈਲਥ ਕੇਅਰ ਅਫੋਰਡ ਨਹੀਂ ਕਰ ਸਕਦਾ, ਉਸ ਨੂੰ ਫਾਇਦਾ ਹੁੰਦਾ ਸੀ।

ਡਿਪਟੀ ਸਪੀਕਰ ਸਾਹਿਬ, ਜਿਹੜਾ ਡਾਈਵਰਸੀਫਿਕੇਸ਼ਨ ਦਾ ਰੌਲਾ ਪੈ ਰਿਹਾ ਹੈ, ਇਸ ਲਈ 1000 ਕਰੋੜ ਰੁਪਿਆ ਰੱਖਿਆ ਹੈ। It is not possible. ਹੁਣੇ ਹੀ ਜਿਵੇਂ ਇੱਕ ਮੈਂਬਰ ਸਾਹਿਬ ਕਹਿ ਕੇ ਗਏ ਹਨ ਕਿ 12 ਲੱਖ ਏਕੜ ਵਿੱਚ ਬਾਸਮਤੀ ਹੁੰਦੀ ਹੈ, ਅਸੀਂ ਕਿੰਨੀ ਕੁ ਖਰੀਦ ਲਵਾਂਗੇ। ਤੁਸੀਂ ਮੂੰਗੀ ਵੀ ਨਹੀਂ ਖਰੀਦ ਸਕੋਗੇ। ਜੇਕਰ 7275 ਰੁਪਏ ਨੂੰ ਮੂੰਗੀ ਖਰੀਦਣੀ ਹੈ ਤਾਂ 430 ਕਰੋੜ ਰੁਪਿਆ ਚਾਹੀਦਾ ਹੈ ਪਰ ਤੁਸੀਂ ਸਿਰਫ 78 ਕਰੋੜ ਰੁਪਿਆ ਦਿੱਤਾ ਹੈ। ਇਸ ਦਾ ਹੱਲ ਹੈ ਭਾਰਤ ਸਰਕਾਰ ਵੱਲੋਂ ਮਿਲਣ ਵਾਲੀ ਕੈਸ਼ ਕ੍ਰੈਡਿਟ ਲਿਮਿਟ। ਮੈਂ ਚੀਫ ਮਿਨੀਸਟਰ ਸਾਹਿਬ ਤੋਂ ਟਾਈਮ ਵੀ ਮੰਗਿਆ ਹੈ। ਕੱਲ੍ਹ ਵੀ ਮੈਂ ਇਨ੍ਹਾਂ ਦੇ ਮੀਡੀਆ ਐਡਵਾਈਜ਼ਰ ਮਨਜੀਤ ਨੂੰ ਰੋਕ ਕੇ ਕਿਹਾ ਹੈ ਕਿ ਠੀਕ ਹੈ, ਤਕਰਾਰ ਚਲਦੀ ਰਹਿੰਦੀ ਹੈ, ਸਾਡੀ ਆਪਸ ਵਿੱਚ ਅਣ-ਬਣ ਵੀ ਰਹਿੰਦੀ ਹੈ ਪਰ ਪੰਜਾਬ ਦੇ ਹਿੱਤ ਵਿੱਚ ਇੱਕ ਬਹੁਤ ਅੱਛਾ solution ਹੈ। ਧਾਲੀਵਾਲ ਸਾਹਿਬ, ਤੁਸੀਂ ਖੇਤੀਬਾੜੀ ਮੰਤਰੀ ਹੋ, ਇੱਕ ਬਹੁਤ ਅੱਛਾ solution ਹੈ। ਭਾਰਤ ਸਰਕਾਰ ਵੱਲੋਂ ਜਿਹੜੀ ਸੀ.ਸੀ.ਐਲ. ਲਿਮਿਟ ਦਿੱਤੀ ਜਾਂਦੀ ਹੈ for purchase of Wheat and Paddy, ਕਣਕ ਅਤੇ ਝੋਨੇ ਲਈ, ਇਹ ਲਿਮਿਟ 75000 ਕਰੋੜ ਰੁਪਏ ਸਾਲਾਨਾ ਹੈ। ਇਸ ਵਿੱਚ ਆਪਣਾ ਕੋਈ ਪੈਸਾ ਨਹੀਂ ਹੈ। ਜੇ ਤੁਸੀਂ ਕੇਂਦਰ ਦੀ ਸਰਕਾਰ ਨੂੰ ਕਨਵਿਨਸ ਕਰੋ ਕਿ ਇਸ ਸੀ.ਸੀ.ਐਲ. ਲਿਮਿਟ ਵਿੱਚੋਂ 45,000 ਕਰੋੜ ਰੁਪਿਆ ਝੋਨੇ ਦੀ ਖਰੀਦ ਲਈ ਹੈ। ਡਿਪਟੀ ਸਪੀਕਰ ਸਾਹਿਬ, ਕਿਸਾਨ ਝੋਨਾ ਕਿਉਂ ਬੀਜਦਾ ਹੈ? ਕਿਉਂਕਿ ਉਨ੍ਹਾਂ ਨੂੰ 50-60 ਹਜ਼ਾਰ ਰੁਪਿਆ ਪ੍ਰਤੀ ਏਕੜ assured Minimum Support Price ਦੀ ਇਨਕਮ ਹੈ। ਜੇ ਆਪਾਂ ਉਨ੍ਹਾਂ ਨੂੰ ਕਿਸੇ ਹੋਰ ਫਸਲ ਦੀ Minimum Support Price ਦੀ ਐਸ਼ਿਓਰਡ ਇਨਕਮ ਦੇ ਦੇਈਏ, ਜਿਹੜੀ ਕਿ ਆਪਾਂ ਦੇ ਨਹੀਂ ਸਕਦੇ, ਆਪਾਂ ਚਾਹ ਕੇ ਵੀ ਨਹੀਂ ਦੇ ਸਕਦੇ। ਜੇਕਰ ਅਸੀਂ ਉਧਰਲੇ ਪਾਸੇ ਬੈਠੇ ਹੁੰਦੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤਾਂ ਅਸੀਂ ਵੀ ਨਹੀਂ ਦੇ ਸਕਦੇ ਸੀ। ਜੇਕਰ ਤੁਸੀਂ ਉਨ੍ਹਾਂ ਨੂੰ ਕਨਫਰਮ ਕਰ ਦਿਉ ਕਿ ਚਾਹੇ ਮੂੰਗੀ ਲਗਾ ਲਉ ਤਾਂ ਅਸੀਂ ਖਰੀਦਾਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀਆਂ ਦਾਲਾਂ ਇੰਪੋਰਟ ਹੋ ਰਹੀਆਂ ਹਨ। ਵਿਦੇਸ਼ਾਂ ਵਿੱਚੋਂ ਆ ਰਹੀਆਂ ਹਨ। ਪੰਜਾਬ ਵਿੱਚ ਕਿਹੜੀ ਚੀਜ਼ ਨਹੀਂ ਹੋ ਸਕਦੀ? ਦਾਲ, ਫਲ, ਫਰੂਟ, ਸਬਜ਼ੀਆਂ, ਆਲਿਵ, ਸਭ ਹੋ ਸਕਦਾ ਹੈ। ਲੋਕਾਂ ਨੇ ਤਾਂ ਇੱਥੇ Avocados ਉਗਾਉਣੇ ਵੀ ਸ਼ੁਰੂ ਕਰ ਦਿੱਤੇ ਹਨ, ਜਿਹੜਾ ਕਿ ਮੈਕਸੀਕੋ ਤੋਂ ਬਹੁਤ ਮਹਿੰਗਾ ਆਉਂਦਾ ਹੈ। So, Dhaliwal Sahib, this is for you to understand. ਤੁਸੀਂ ਕੇਂਦਰ ਦੇ ਐਗਰੀਕਲਚਰ ਮਨਿਸਟਰ ਨੂੰ ਮਿਲੋ। ਉਨ੍ਹਾਂ ਨੂੰ ਕਹੋ ਕਿ ਪਹਿਲੇ ਸਾਲ ਵਿੱਚ 25% ਝੋਨਾ ਘੱਟ ਕਰੋ।

**ਮਾਨਯੋਗ ਡਿਪਟੀ ਸਪੀਕਰ** : ਖਹਿਰਾ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਠੀਕ ਹੈ ਜੀ, ਤੁਹਾਨੂੰ ਐਡਰੈੱਸ ਕਰ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਸੇ ਹੀ 45 ਹਜ਼ਾਰ ਕਰੋੜ ਰੁਪਏ ਨਾਲ ਆਪਾਂ alternate cropping ਦੇ ਸਕਦੇ ਹਾਂ। ਜੇਕਰ ਕਿਸਾਨ ਨੂੰ ਪ੍ਰਤੀ ਏਕੜ 50-60 ਹਜ਼ਾਰ ਰੁਪਏ assured income ਮਿਲਣ ਲੱਗ ਜਾਵੇ ਤਾਂ ਉਹ ਝੋਨਾ ਲਗਾਉਣਾ ਛੱਡ ਜਾਵੇਗਾ। ਜਿਸ ਦਿਨ ਝੋਨਾ ਬੰਦ ਹੋ ਗਿਆ ਸਾਡਾ ਪਾਣੀ ਬਚ ਜਾਵੇਗਾ। ਇਸ ਸਮੇਂ ਸਾਡੇ 14 ਲੱਖ ਟਿਊਬਵੈੱਲਾਂ ਹਨ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ** : This is unfair Deputy Speaker Sahib. Just give me five minutes more. ਮੇਰੀ ਪਾਰਟੀ ਦੇ ਹੋਰ ਸਤਿਕਾਰਯੋਗ ਮੈਂਬਰਾਂ ਦੇ ਟਾਈਮ ਵਿੱਚੋਂ ਦੇ ਦੇਣਾ ਜੀ। ਤੁਸੀਂ ਪਹਿਲਿਆਂ ਨੂੰ ਵੀ ਟਾਈਮ ਦਿੱਤਾ ਹੈ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਦੱਸ ਦਿਉ ਕਿ ਕਿਹੜੇ ਮੈਂਬਰ ਦਾ ਟਾਈਮ ਦੇਵਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿਪਟੀ ਸਪੀਕਰ ਸਾਹਿਬ, just five minutes more.(ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਤੁਹਾਡੀ ਪਾਰਟੀ ਦੇ ਮੈਂਬਰ ਸਾਹਿਬ ਟਾਈਮ ਨਹੀਂ ਦੇ ਰਹੇ। (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਮੌੜ ਬੰਬ ਬਲਾਸਟ ਦੀ ਗੱਲ ਕਰਨੀ ਚਾਹੁੰਦਾ ਹਾਂ। ਲਾਅ ਐਂਡ ਆਰਡਰ ਦੀ ਗੱਲ ਹੈ, ਹਾਲਾਂਕਿ ਬਜਟ ਵਿੱਚ ਹੁੰਦੀ ਨਹੀਂ ਪਰ ਐਫ.ਐਮ. ਨੇ ਪਤਾ ਨਹੀਂ ਕਿਉਂ ਗੱਲ ਕੀਤੀ ਹੈ? ਡਿਪਟੀ ਸਪੀਕਰ ਸਾਹਿਬ, 2017 ਦੀ ਇਲੈਕਸ਼ਨ ਤੋਂ ਪਹਿਲਾਂ ਮੌੜ ਬੰਬ ਬਲਾਸਟ ਵਿੱਚ 7 ਬੇਗੁਨਾਹ ਲੋਕ ਮਾਰੇ ਗਏ ਸਨ। ਛੋਟੇ-ਛੋਟੇ ਬੱਚੇ ਮਾਰੇ ਗਏ ਸਨ। ਸਾਡੇ ਐਮ.ਐਲ.ਏ. ਜਗਦੇਵ ਸਿੰਘ ਕਮਾਲੂ ਪੰਜ ਸਾਲ ਰੌਲਾ ਪਾਉਂਦੇ ਰਹੇ ਪਰ ਇੱਕ ਬੰਦੇ ਦੀ ਵੀ ਅਰੈਸਟ ਨਹੀਂ ਹੋਈ ਹੈ। Not even one. ਤਿੰਨ ਬੰਦੇ ਨਾਮਜ਼ਦ ਹੋਏ। ਡਿਪਟੀ ਸਪੀਕਰ ਸਾਹਿਬ, ਇਸ ਬੰਬ ਬਲਾਸਟ ਵਿੱਚ ਆਰ.ਡੀ.ਐਕਸ. ਵਰਤੀ ਗਈ। ਜੇਕਰ ਪਾਕਿਸਤਾਨ ਦੇ ਬਾਰਡਰ ਤੋਂ ਥੋੜ੍ਹਾ ਜਿਹਾ ਡਰੋਨ ਆ ਜਾਵੇ ਤਾਂ ਡੀ.ਜੀ.ਪੀ. ਸਾਹਿਬ ਅਤੇ ਸਾਰੀ ਪੁਲਿਸ ਪ੍ਰੈਸ ਕਾਨਫਰੰਸ ਕਰਦੀ ਹੈ ਕਿ ਪੰਜਾਬ ਵਿੱਚ ਅੱਤਵਾਦ ਆ ਗਿਆ ਹੈ। ਇਸ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਤੇ UAPA ਲਗਾਇਆ ਜਾਂਦਾ ਹੈ। ਉਨ੍ਹਾਂ ਨੂੰ ਖਾਲਿਸਤਾਨੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ। ਇਹ ਆਰ.ਡੀ.ਐਕਸ. ਦਾ ਬਲਾਸਟ ਕਿਸ ਨੇ ਕੀਤਾ? ਕੋਈ ਛੋਟਾ ਮੋਟਾ ਕੱਟਾ ਤਾਂ ਲਿਆ ਸਕਦਾ ਹੈ, ਮੰਨ ਸਕਦੇ ਹਾਂ, ਪਰ ਆਰ.ਡੀ.ਐਕਸ.ਕਿਵੇਂ ਲਿਆ ਸਕਦੇ ਹਾਂ, this

was an internal terrorist crime. ਡੇਰਾ ਸੱਚਾ ਸੌਦਾ ਦੇ ਸਾਧ ਦੀ ਵਰਕਸ਼ਾਪ ਦੇ ਅੰਦਰ ਆਰ.ਡੀ.ਐਕਸ. ਵਾਲੀ ਗੱਡੀ ਤਿਆਰ ਕੀਤੀ ਗਈ ਸੀ ਅਤੇ ਇਸ ਵਿੱਚ ਅੱਜ ਤੱਕ ਕਿਸੇ ਨੈਸ਼ਨਲ ਏਜੰਸੀ ਨੇ ਨੋਟਿਸ ਨਹੀਂ ਲਿਆ। ਨਾਰਮਲ ਕੋਰਸ ਵਿੱਚ ਛੋਟੇ ਜਿਹੇ ਬਲਾਸਟ ਵਿੱਚ NIA ਭੱਜੀ ਆਉਂਦੀ ਹੈ, ਇਸ ਵਿੱਚ ਕੋਈ NIA ਨਹੀਂ ਆਈ। ਤਿੰਨ ਬੰਦੇ ਨਾਮਜ਼ਦ ਕੀਤੇ ਗਏ ਪਰ ਕੋਈ ਬੰਦਾ ਫੜਿਆ ਨਹੀਂ ਗਿਆ। 7 ਬੇਗੁਨਾਹ ਬੰਦੇ ਮਾਰੇ ਗਏ, is that good terrorism? ਜਿਹੜਾ ਕੋਈ ਸਿੱਖ ਕਹਿੰਦਾ ਹੈ, ਉਸ ਨੂੰ ਨੈਸ਼ਨਲ ਪ੍ਰੈਸ, ਨੈਸ਼ਨਲ ਟੈਲੀਵਿਜ਼ਨ ਇਸ ਤਰ੍ਹਾਂ ਭੰਡਦੇ ਹਨ ਕਿ ਜਿਵੇਂ ਸਾਰੇ ਸਿੱਖ ਹੀ ਖਾਲਿਸਤਾਨੀ, ਟੈਰੋਰਿਸਟ ਅਤੇ ਅੱਤਵਾਦੀ ਹਨ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੇ ਕੀਤਾ ਹੈ, ਜਿਨ੍ਹਾਂ ਦੇ ਖਿਲਾਫ ਸਬੂਤ ਹੈ, ਇੱਕ ਸਾਲ ਹੋ ਗਿਆ ਹੈ ਪਰ ਕੋਈ ਐਕਸ਼ਨ ਨਹੀਂ ਹੋਇਆ। ਮੈਂ ਤਾਂ ਉਸ ਸਮੇਂ as a Leader of Opposition ਮੌਕੇ ਤੇ ਗਿਆ ਸੀ ਅਤੇ ਲੋਕਾਂ ਨੂੰ ਮਿਲਿਆ ਸੀ। I am quite sure Bhagwant Singh Mann ਵੀ ਮੌੜ ਬੰਬ ਬਲਾਸਟ ਦੇ ਪੀੜਤਾਂ ਨੂੰ ਜ਼ਰੂਰ ਮਿਲੇ ਹੋਣਗੇ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ। ਤੁਹਾਡਾ ਟਾਈਮ ਹੋ ਗਿਆ ਹੈ।

ਸ.ਸ.-ਅ.ਗ./12:45/11.3.2023

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਸੇ ਤਰ੍ਹਾਂ ਸਾਰਾ ਪੁਆੜਾ ਸਾਧ ਕਰਕੇ ਪਿਆ।

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਧਾਲੀਵਾਲ ਸਾਹਿਬ, ਤੁਸੀਂ ਇਵੇਂ ਕਿਉਂ ਕਰਦੇ ਹੋ? ਡਿਪਟੀ ਸਪੀਕਰ ਸਾਹਿਬ, ਇਹ ਬਾਅਦ ਵਿੱਚ ਬੋਲ ਲੈਣਗੇ।

**ਮਾਨਯੋਗ ਡਿਪਟੀ ਸਪੀਕਰ:** ਇੱਕ ਮਿੰਟ ਰੁਕੋ। ਧਾਲੀਵਾਲ ਸਾਹਿਬ, ਤੁਸੀਂ ਬੋਲੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਡਿਪਟੀ ਸਪੀਕਰ ਸਾਹਿਬ, ਖਹਿਰਾ ਸਾਹਿਬ ਨੇ ਖੇਤੀਬਾੜੀ ਬਾਰੇ ਵੀ ਗੱਲ ਕੀਤੀ ਹੈ। ਜਿਹੜੀ ਇਨ੍ਹਾਂ ਨੇ ਆਖਰੀ ਗੱਲ ਕੀਤੀ ਹੈ, ਇੱਕ ਤਾਂ ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਨਾਬ ਇਸ ਵੇਲੇ ਤੁਸੀਂ ਕਾਂਗਰਸ ਪਾਰਟੀ ਵਿੱਚ ਕੰਮ ਕਰ ਰਹੇ ਹੋ, ਪਿਛਲੇ ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ ਹੈ, ਕੈਪਟਨ ਅਮਰਿੰਦਰ ਸਿੰਘ ਅਤੇ ਚੰਨੀ ਸਾਹਿਬ ਰਹੇ ਹਨ। (ਵਿਘਨ)(ਸ਼ੋਰ) ਸੁਣ ਤਾਂ ਲਵੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਤੁਸੀਂ ਕੀ ਕਹਿਣਾ ਹੈ? ਮੈਂ ਹੀ ਕਹਿ ਦਿੰਦਾ ਹਾਂ।

**ਮੰਤਰੀ:** ਜੋ ਕੀਤਾ ਹੈ, ਉਹ ਤਾਂ ਕਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਕਹਿ ਦਿੰਦਾ ਹਾਂ।

**ਮੰਤਰੀ:** ਸਰ, ਮੇਰੀ ਗੱਲ ਤਾਂ ਸੁਣੋ। ਦੂਜੀ ਗੱਲ ਵੀ ਕਹੋ। (ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਮੰਤਰੀ ਸਾਹਿਬ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ, ਸਿੱਖਾਂ ਨੂੰ ਅੱਤਵਾਦੀ ਬਣਾ ਕੇ ਹਿੰਦੁਸਤਾਨ ਵਿੱਚ ਵੋਟਾਂ ਕਿਨ੍ਹਾਂ ਨੇ ਲਈਆਂ? ਇਨ੍ਹਾਂ ਨੇ ਵੋਟਾਂ ਲਈਆਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ)। (ਵਿਘਨ)(ਸ਼ੋਰ) ਅਸੀਂ ਕਿਤੇ ਵੀ ਨਹੀਂ ਲਈਆਂ, ਅਸੀਂ ਕਦੇ ਵੀ ਅਤੇ ਸਾਡੇ ਸੀ.ਐਮ. ਸਾਹਿਬ ਨੇ ਕਦੇ ਵੀ ਸਿੱਖਾਂ ਨੂੰ ਅੱਤਵਾਦੀ ਨਹੀਂ ਕਿਹਾ। ਇਹ ਸਾਹਮਣੇ ਬੈਠੇ ਹਨ, ਇਨ੍ਹਾਂ ਨੇ ਕਿਹਾ ਹੈ, ਇਨ੍ਹਾਂ ਨੇ ਵੋਟਾਂ ਲਈਆਂ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਮੰਤਰੀ:** ਜਿਹੜੀ ਤੁਸੀਂ ਸਿੱਖਿਆ ਦਿੰਦੇ ਹੋ, ਅੱਛਾ ਭਾਸ਼ਣ ਦਿੰਦੇ ਹੋ। ਇਹ ਭਾਸ਼ਣ ਇਨ੍ਹਾਂ ਨੂੰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਦਿਉ, ਆਪਣੇ ਵਾਲਿਆਂ ਨੂੰ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਤੁਹਾਨੂੰ ਨਹੀਂ ਕਹਿ ਰਿਹਾ। ਮੈਂ ਨੇਸ਼ਨ ਨੂੰ ਕਹਿ ਰਿਹਾ ਹਾਂ, ਜਿਹੜੇ ਸਾਨੂੰ ਉੱਪਰ ਵਾਲੇ ਬਦਨਾਮ ਕਰਦੇ ਹਨ, ਇਲੈਕਟ੍ਰਾਨਿਕ ਮੀਡੀਆ ਤੇ ਦਿੱਲੀ ਵਾਲੀਆਂ ਪਾਰਟੀਆਂ ਕਰਦੀਆਂ ਹਨ। ਮੈਂ ਤੁਹਾਨੂੰ ਨਹੀਂ ਕਹਿ ਰਿਹਾ।

**ਮੰਤਰੀ:** ਮੈਂ ਤੁਹਾਨੂੰ ਇਹੀ ਕਹਿ ਰਿਹਾ ਹਾਂ ਕਿ ਬਦਨਾਮ ਕਰਨ ਵਿੱਚ ਤੁਹਾਡੀ ਕਾਂਗਰਸ ਪਾਰਟੀ ਸ਼ਾਮਲ ਹੈ।

**ਮਾਨਯੋਗ ਡਿਪਟੀ ਸਪੀਕਰ:** ਬੈਠੋ ਜੀ, ਬੈਠੋ।

**ਮੰਤਰੀ:** ਸਰ, ਤੁਹਾਡੀ ਪਾਰਟੀ ਸ਼ਾਮਲ ਹੈ ਤਾਂ ਹੀ ਤੁਹਾਨੂੰ ਕਹਿ ਰਿਹਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ ਮੰਤਰੀ ਜੀ, ਬੈਠੋ।

**ਮੰਤਰੀ:** ਇਨ੍ਹਾਂ ਨੂੰ ਕਹੋ ਕਿ ਜਵਾਬ ਦੇਣ।

**ਮਾਨਯੋਗ ਡਿਪਟੀ ਸਪੀਕਰ:** ਧਾਲੀਵਾਲ ਜੀ, ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇੱਥੋਂ ਨਿਕਲ ਕੇ ਆਪਣੀ ਗੱਲ twitter ਤੇ ਕਹਿ ਦਿਉ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਬੇਅਦਬੀਆਂ ਦਾ ਪੁਆੜਾ ਕਿਤੇ ਇਵੇਂ ਹੀ ਤੁਰੇ ਜਾਂਦੇ ਨਹੀਂ ਪਿਆ। Look at this burning issue, ਜਦੋਂ ਸਾਲ 2007 ਵਿੱਚ ਸਲਾਬਤਪੁਰੇ ਵਿੱਚ ਡੇਰਾ ਸੱਚਾ ਸੌਦਾ ਦੇ ਸਾਧ।

**ਮਾਨਯੋਗ ਡਿਪਟੀ ਸਪੀਕਰ:** ਖਹਿਰਾ ਸਾਹਿਬ, ਤੁਹਾਡਾ ਟਾਈਮ ਉੱਪਰ ਹੋ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ, I will be grateful ਜੇ ਇੱਕ-ਅੱਧਾ ਮਿੰਟ ਤੁਹਾਡੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਵਿੱਚੋਂ ਕੋਈ ਦੇ ਸਕਦਾ ਹੈ।

**ਮਾਨਯੋਗ ਡਿਪਟੀ ਸਪੀਕਰ:** ਕੋਈ ਮੈਂਬਰ ਸਾਹਿਬਾਨ ਆਪਣਾ ਟਾਈਮ ਦੇ ਸਕਦਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹੱਥ ਖੜ੍ਹਾ ਕਰ ਦਿਉ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਡਾਕਟਰ ਰਾਜ ਕੁਮਾਰ ਨੇ ਆਪਣਾ ਹੱਥ ਖੜ੍ਹਾ ਕਰਕੇ ਸਮਾਂ ਦੇਣ ਦੀ ਸਹਿਮਤੀ ਦਿੱਤੀ।)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ, ਜਿਹੜਾ ਡੇਰਾ ਸੱਚਾ ਸੌਦਾ ਦਾ ਬੇਅਦਬੀਆਂ ਦਾ ਵਿਵਾਦ ਉਠਿਆ ਹੈ, ਇਹ ਸਾਲ 2007 ਵਿੱਚ ਜਦੋਂ ਸਲਾਬਤਪੁਰਾ ਵਿਖੇ ਡੇਰਾ ਸੱਚਾ ਸੌਦਾ ਦੇ ਸਾਧ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਪੁਸ਼ਾਕ ਪਾਈ, ਉੱਥੇ ਪੁਆੜੇ ਦੀ ਜੜ੍ਹ ਹੈ। ਸਾਲ 2012 ਦੀ ਇਲੈੱਕਸ਼ਨ ਤੋਂ ਪਹਿਲਾਂ ਜਦੋਂ ਡੇਰਾ ਸੱਚਾ ਸੌਦਾ ਦੇ ਸਾਧ ਦੇ ਖਿਲਾਫ 295 ਤੇ 153 ਏ ਦਾ ਬਠਿੰਡਾ ਸੈਸ਼ਨ ਕੋਰਟ ਵਿੱਚ ਚਲਾਨ ਪੇਸ਼ ਹੋਣਾ ਸੀ। ਇਹ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸਾਥੀਆਂ ਦੀ ਸਰਕਾਰ ਨੇ ਉਸ ਵੇਲੇ ਚਲਾਨ ਤਾਂ ਪੇਸ਼ ਕੀ ਕਰਨਾ ਸੀ, ਕੈਂਸਲੇਸ਼ਨ ਰਿਪੋਰਟ ਫਾਈਲ ਕਰ ਦਿੱਤੀ। ਉਸ ਕੈਂਸਲੇਸ਼ਨ ਦੀ ਰਿਪੋਰਟ ਦੇ ਆਧਾਰ ਤੇ ਡੇਰਾ ਸੱਚਾ ਸੌਦਾ ਦੇ ਸਾਧ ਨੂੰ ਸਾਲ 2014 ਦੇ ਵਿੱਚ ਡਿਸਚਾਰਜ ਕੀਤਾ ਗਿਆ ਅਤੇ 10 ਮਹੀਨਿਆਂ ਬਾਅਦ ਬੇਅਦਬੀਆਂ ਸ਼ੁਰੂ ਹੋ ਗਈਆਂ। ਬੁਰਜ ਜਵਾਹਰ ਸਿੰਘ ਵਾਲਾ ਅਤੇ ਹੋਰ ਬਰਗਾੜੀ ਵਗੈਰਾ ਬੇਅਦਬੀਆਂ ਹੋਈਆਂ

ਔਰ ਵਧਦੀ ਵਧਦੀ ਗੱਲ ਵਿੱਚ ਅਖੀਰ ਦੋ ਆਦਮੀ ਬਹਿਬਲ ਕਲਾਂ ਵਿੱਚ ਕਤਲ ਹੋ ਗਏ। ਸੋ, ਇਨ੍ਹਾਂ ਲੋਕਾਂ ਨੇ ਪੰਜਾਬ ਦਾ ਮਾਹੌਲ ਖਰਾਬ ਕੀਤਾ।

**ਮਾਨਯੋਗ ਡਿਪਟੀ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ ਬੋਲੋ। ਤੁਹਾਡਾ ਕਾਫੀ ਟਾਈਮ ਹੋ ਗਿਆ, ਪੰਜ ਮਿੰਟ ਉੱਪਰ ਹੋ ਗਏ ਹਨ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ)।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਤੁਹਾਡਾ ਧੰਨਵਾਦ ਕਰ ਦੇਵਾਂ ਜਾਂ ਰਹਿਣ ਦੇਵਾਂ ?

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਇਆਲੀ ਸਾਹਿਬ, ਤੁਹਾਡੇ ਕੋਲ ਪਾਰਟੀ ਦੇ 11 ਮਿੰਟ ਸੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ:** ਇਆਲੀ ਸਾਹਿਬ, ਤੁਹਾਡੇ ਕੋਲ ਪਾਰਟੀ ਦੇ 11 ਮਿੰਟ ਸੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਜੇ ਦੋ-ਤਿੰਨ ਮਿੰਟ ਦੀ ਲੋੜ ਪਈ ਤਾਂ ਮੈਂ ਨਾਲ ਵਾਲਿਆਂ ਤੋਂ ਸਮਾਂ ਲੈ ਲਵਾਂਗਾ ਜੀ, ਆਪਸ ਵਿੱਚ ਕਰ ਲਵਾਂਗੇ।

**ਮਾਨਯੋਗ ਡਿਪਟੀ ਸਪੀਕਰ:** ਨਹੀਂ ਜੀ, ਮੇਰੀ ਗੱਲ ਸੁਣ ਤਾਂ ਲਵੋ ਜੀ। ਤੁਹਾਨੂੰ 11 ਦੀ ਜਗ੍ਹਾ 22 ਮਿੰਟ ਦਿੱਤੇ ਗਏ ਹਨ ਔਰ ਤੁਹਾਡਾ ਟਾਈਮ 8 ਮਿੰਟ ਸੀ, ਤੁਹਾਨੂੰ 16 ਮਿੰਟ ਦਿੱਤੇ ਗਏ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਕਹਿ ਰਹੇ ਸਨ ਕਿ ਇਹ ਗਲਤ ਗੱਲ ਹੈ।) (ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਤੁਹਾਨੂੰ ਵੀ ਟਾਈਮ ਦਿੱਤਾ ਜਾਣਾ ਹੈ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)। ਤੁਹਾਨੂੰ ਵੀ ਮਿਲੇਗਾ, ਤੁਸੀਂ ਤਾਂ ਮੇਰੇ ਗੁਆਂਢੀ ਹੋ, ਤੁਸੀਂ ਡਬਲ ਤੋਂ ਵੀ ਵੱਧ ਸਮਾਂ ਲੈ ਲੈਣਾ। ਕੀ ਤੁਹਾਨੂੰ ਅਸੀਂ ਮਨ੍ਹਾਂ ਕੀਤਾ ਹੈ? (ਵਿਘਨ) (ਸ਼ੋਰ) ਤੁਹਾਨੂੰ ਮਨ੍ਹਾਂ ਨਹੀਂ ਕੀਤਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕੱਲ੍ਹ ਸਤਿਕਾਰਯੋਗ ਵਿੱਤ ਮੰਤਰੀ ਜੀ ਵੱਲੋਂ ਬਜਟ ਪੇਸ਼ ਕੀਤਾ ਗਿਆ। ਸੋ, ਉਸ ਵਿੱਚ ਜੋ ਵੀ ਚੰਗੀਆਂ ਮਾੜੀਆਂ ਗੱਲਾਂ ਹਨ, ਇਹ ਨਹੀਂ ਕਿ ਅਸੀਂ ਵਿਰੋਧ ਹੀ

ਕਰਾਂਗੇ, ਜੇ ਕੋਈ ਚੰਗੀ ਗੱਲ ਹੈ ਤਾਂ ਉਸ ਨੂੰ ਚੰਗੀ ਵੀ ਕਹਾਂਗੇ। ਮੈਂ ਹਮੇਸ਼ਾ ਹੀ ਕੋਸ਼ਿਸ਼ ਕਰਦਾ ਹਾਂ ਕਿ ਇੱਥੇ healthy ਅਤੇ ਪਾਜ਼ੇਟਿਵ ਡਿਬੇਟ ਹੋਵੇ, ਨਿੱਜੀ ਤੌਰ ਤੇ ਕਿਸੇ ਨੂੰ ਚੰਗਾ-ਮਾੜਾ ਨਾ ਕਿਹਾ ਜਾਵੇ। ਅੱਜ ਇਸ ਬਜਟ ਸੈਸ਼ਨ ਦੌਰਾਨ ਵਾਰ-ਵਾਰ ਪਿਛਲੀਆਂ ਸਮੇਂ ਦੀਆਂ ਸਰਕਾਰਾਂ ਦੀ ਗੱਲ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਸਾਡੀ ਖੇਤਰੀ ਪਾਰਟੀ ਹੈ ਜਿਸ ਨੇ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਲਈ ਬੜੇ ਸੰਘਰਸ਼ ਕੀਤੇ, ਬੜੇ ਮੋਰਚੇ ਲਗਾਏ ਬੇਸ਼ੱਕ ਮੇਰੇ ਕੋਈ ਲੀਡਰਸ਼ਿਪ ਨਾਲ ਮਤਭੇਦ ਵੀ ਚੱਲ ਰਹੇ ਹਨ ਲੇਕਿਨ ਉਹ ਪਾਰਟੀ ਦਾ ਇੰਟਰਨਲ ਮਾਮਲਾ ਹੈ, ਕੋਈ ਅਹੁਦੇ ਲਈ ਨਹੀਂ ਹਨ, ਉਹ ਪਾਰਟੀ ਦੀ ਮਜ਼ਬੂਤੀ ਲਈ ਹਨ।

**ਮ.ਰ. ਹਸਟ./12.50/11.03.2023**

ਕੋਈ ਨਿੱਜੀ ਹਿੱਤ ਲਈ ਨਹੀਂ ਹੈ। ਵਾਰ-ਵਾਰ 70 ਸਾਲਾਂ ਵਿੱਚ ਬਣੀਆਂ ਪਿਛਲੀਆਂ ਸਰਕਾਰਾਂ ਦੀ ਗੱਲ ਕੀਤੀ ਗਈ ਹੈ। ਪਹਿਲਾਂ ਸਰਕਾਰਾਂ ਬਣਦੀਆਂ ਰਹੀਆਂ ਪਰੰਤੂ ਜਦੋਂ ਅਕਾਲੀ ਦਲ ਦੀ ਸਰਕਾਰ ਬਣਦੀ ਸੀ ਤਾਂ ਤੋੜ ਦਿੱਤੀ ਜਾਂਦੀ ਸੀ। 70 ਸਾਲਾਂ ਵਿੱਚ ਜ਼ਿਆਦਾ ਸਮਾਂ ਕਾਂਗਰਸ ਪਾਰਟੀ ਨੇ ਪੰਜਾਬ ਵਿੱਚ ਰਾਜ ਕੀਤਾ। ਜੇਕਰ ਮੈਂ ਪਿਛਲੇ 26 ਸਾਲਾਂ ਦੀ ਗੱਲ ਕਰਾਂ ਤਾਂ 15 ਸਾਲ ਸ਼੍ਰੋਮਣੀ ਅਕਾਲੀ ਦਲ ਦਾ ਅਲਾਇੰਸ ਬੀ.ਜੇ.ਪੀ. ਨਾਲ ਵੀ ਰਿਹਾ। ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਰਹੀ ਤਾਂ 15 ਸਾਲਾਂ ਦੌਰਾਨ ਵੱਡੇ ਪੱਧਰ ’ਤੇ ਪੰਜਾਬ ਵਿੱਚ ਡਿਵੈਲਪਮੈਂਟ ਦੇ ਕੰਮ ਹੋਏ। ਜੋ ਚੋਣ ਮੈਨੀਫੈਸਟੋ ਵਿੱਚ ਵਾਅਦੇ ਕੀਤੇ ਜਾਂਦੇ ਸਨ, ਉਹ ਸਰਕਾਰ ਬਣਦਿਆਂ ਹੀ ਲਾਗੂ ਕੀਤੇ ਜਾਂਦੇ ਸਨ। ਸਾਲ 1997 ਵਿੱਚ ਸਰਕਾਰ ਬਣੀ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਬਣੇ, ਉਨ੍ਹਾਂ ਨੇ ਮੁੱਖ ਮੰਤਰੀ ਬਣਦੇ ਸਾਰ ਜਿਹੜਾ ਪਹਿਲਾ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ। ਉਨ੍ਹਾਂ ਨੇ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਲ ਮੁਆਫ ਕੀਤੇ, ਜੋ ਸਮੇਂ ਦੀ ਬਹੁਤ ਵੱਡੀ ਲੋੜ ਸੀ ਕਿਉਂਕਿ ਆਪਾਂ ਸਮਝਦੇ ਹਾਂ ਕਿ ਕਿਸਾਨੀ ਕਿੱਤੇ ਵਿੱਚ ਅੱਜ ਖਰਚੇ ਬਹੁਤ ਵੱਧ ਚੁੱਕੇ ਹਨ। ਸੋ, ਅਕਾਲੀ ਦਲ ਦੀ ਸਰਕਾਰ ਦੀ ਕਿਸਾਨਾਂ ਨੂੰ ਇਹ ਬਹੁਤ ਵੱਡੀ ਦੇਣ ਹੈ, ਉਨ੍ਹਾਂ ਦੇ ਬਿਲ ਅੱਜ ਵੀ ਮੁਆਫ ਚੱਲ ਰਹੇ ਹਨ। ਇਹ ਕਿਸਾਨਾਂ ਦੇ ਹਿੱਤਾਂ ਲਈ ਅਕਾਲੀ ਦਲ ਦੀ ਸਰਕਾਰ ਦਾ ਬਹੁਤ ਵੱਡਾ ਫੈਸਲਾ ਸੀ। ਜਿਹੜੀ 5100/-ਰੁਪਏ ਸ਼ਗਨ ਸਕੀਮ ਸੀ, ਇਹ ਉਦੋਂ ਸ਼ੁਰੂ ਕੀਤੀ ਗਈ, ਜਦੋਂ ਲੋੜਵੰਦ ਪਰਿਵਾਰਾਂ ਦੀਆਂ ਕੁੜੀਆਂ ਦੇ ਵਿਆਹ ਹੁੰਦੇ ਸਨ। ਸਰਕਾਰ ਨੇ ਇਹ ਸਕੀਮ ਗਰੀਬਾਂ ਪਰਿਵਾਰਾਂ ਦੀਆਂ ਕੁੜੀਆਂ ਲਈ ਸ਼ੁਰੂ ਕੀਤੀ। ਉਸ ਸਮੇਂ ਪੰਜਾਬ ਵਿੱਚ ਵੱਡੇ ਪੱਧਰ ਤੇ ਡਿਵੈਲਪਮੈਂਟ ਦੇ ਕੰਮ ਹੋਏ। ਬਠਿੰਡਾ ਰਿਫਾਇਨਰੀ ਦਾ ਪ੍ਰਾਜੈਕਟ ਵੀ ਉਸ ਸਮੇਂ ਹੀ ਲਿਆਂਦਾ ਗਿਆ ਅਤੇ ਪਿੰਡਾਂ-ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਵੀ ਉਸ ਸਮੇਂ ਧਿਆਨ ਦਿੱਤਾ ਗਿਆ। ਟੌਹੜਾ ਸਾਹਿਬ ਨਾਲ ਆਪਸੀ ਪਾਰਟੀ ਵਿੱਚ ਮਤਭੇਦ ਹੋਏ, ਜੇਕਰ ਅਜਿਹਾ ਨਾ ਹੁੰਦਾ ਤਾਂ ਉਦੋਂ ਵੀ

ਸਾਡੀ ਸਰਕਾਰ ਰੀਪੀਟ ਕਰ ਜਾਣੀ ਸੀ। ਉਸ ਤੋਂ ਬਾਅਦ ਸਾਲ 2007 ਵਿੱਚ ਸਰਕਾਰ ਬਣੀ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ ਬਣੇ। ਉਸ ਸਮੇਂ ਦੌਰਾਨ 5100/-ਰੁਪਏ ਸ਼ਗਨ ਸਕੀਮ ਨੂੰ ਵਧਾ ਕੇ 15000/-ਰੁਪਏ ਕੀਤਾ ਗਿਆ ਅਤੇ ਬਿਜਲੀ ਦੇ ਚਾਰ ਸੌ ਯੂਨਿਟ (ਦੋ ਮਹੀਨੇ ਦੇ) ਉਸ ਸਮੇਂ ਦੌਰਾਨ ਹੀ ਮੁਆਫ ਕੀਤੇ ਗਏ। ਇਸ ਤੋਂ ਇਲਾਵਾ ਜਿਹੜੇ ਸੀਨੀਅਰ ਸੈਕੰਡਰੀ ਸਕੂਲ ਸਨ, ਉਹ ਹਰ ਪਿੰਡ ਵਿੱਚ ਨਹੀਂ ਹੁੰਦੇ ਸਨ, ਉਹ ਦੂਜੇ, ਤੀਜੇ ਪਿੰਡ ਵਿੱਚ ਹੁੰਦੇ ਸਨ। ਲੜਕੀਆਂ ਨੂੰ ਦਸਵੀਂ ਤੋਂ ਬਾਅਦ ਪੜ੍ਹਾਈ ਕਰਨ ਤੋਂ ਹਟਾ ਲਿਆ ਜਾਂਦਾ ਸੀ। ਉਸ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਲੜਕੀਆਂ ਨੂੰ ਸਾਈਕਲ ਫਰੀ ਦਿੱਤੇ ਗਏ। ਇਹ ਬਹੁਤ ਵਧੀਆ ਸਕੀਮ ਸੀ ਅਤੇ ਇਸ ਦੇ ਨਾਲ ਹੀ ਆਟਾ ਦਾਲ ਸਕੀਮ ਸ਼ੁਰੂ ਕੀਤੀ ਗਈ। ਬਾਅਦ ਵਿੱਚ ਕੇਂਦਰ ਨੇ ਫੂਡ ਸਕਿਓਰਿਟੀ ਬਿਲ ਪਾਸ ਕੀਤਾ ਕਿਉਂਕਿ ਕੇਂਦਰ ਨੇ ਇਹ ਅਕਾਲੀ ਦਲ ਦੀ ਸਰਕਾਰ ਨੂੰ ਹੀ ਦੇਖ ਕੇ ਕੀਤਾ ਸੀ। ਜਿਹੜੀ ਆਟਾ ਦਾਲ ਸਕੀਮ ਹੈ, ਇਹ ਸਾਰਾ ਕੇਂਦਰ ਸਰਕਾਰ ਦੇ ਰਹੀ ਹੈ, ਲੇਕਿਨ ਉਸ ਸਮੇਂ ਅਕਾਲੀ ਦਲ ਦੀ ਸਰਕਾਰ ਨੇ ਪਹਿਲਕਦਮੀ ਕੀਤੀ ਅਤੇ ਪੰਜਾਬ ਵਿੱਚ ਲੋਕਾਂ ਨੂੰ ਇਸ ਸਕੀਮ ਦਾ ਫਾਇਦਾ ਦਿੱਤਾ ਗਿਆ। ਪੰਜਾਬ ਵਿੱਚ ਚਾਰ ਥਰਮਲ ਪਲਾਂਟ ਲੱਗੇ, ਜਿਸ ਕਰਕੇ ਅੱਜ ਬਿਜਲੀ ਸਰਪਲੱਸ ਹੈ। ਅੱਜ ਅਸੀਂ ਵਾਰ-ਵਾਰ ਗੱਲ ਕਰ ਰਹੇ ਹਾਂ ਕਿ ਸਾਡੇ ਕੋਲ ਬਿਜਲੀ ਸਰਪਲੱਸ ਹੈ ਅਤੇ ਇੱਥੇ ਜਿੰਨੀ ਮਰਜ਼ੀ ਇੰਡਸਟਰੀ ਆ ਸਕਦੀ ਹੈ ਔਰ ਥਰਮਲ ਪਲਾਂਟ ਲਗਾਉਣ ਦਾ ਕੰਮ ਵੀ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਕੀਤਾ, ਇਹ ਵੀ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਸੀ।

ਇਸ ਦੇ ਨਾਲ ਹੀ ਜੋ ਸੜਕਾਂ ਦਾ infrastructure ਹੈ, ਉਹ ਚਾਹੇ ਚਾਰ-ਮਾਰਗੀ ਸੜਕਾਂ ਹਨ, ਚਾਹੇ ਛੇ-ਮਾਰਗੀ ਸੜਕਾਂ ਹਨ, ਚਾਹੇ ਬਾਈਪਾਸ ਅਤੇ ਅੰਡਰ ਪਾਸ ਸਨ, ਉਹ ਵੀ ਉਸ ਸਮੇਂ ਦੀ ਸਰਕਾਰ ਵੱਲੋਂ ਬਣਾਏ ਗਏ। ਮੈਂ ਕਹਾਂਗਾ ਕਿ ਜੇਕਰ ਤੁਸੀਂ ਲੁਧਿਆਣਾ ਤੋਂ ਆਉਣਾ ਹੈ, ਚੰਡੀਗੜ੍ਹ ਤੋਂ ਬਠਿੰਡਾ ਜਾਣਾ ਜਾਂ ਅੰਮ੍ਰਿਤਸਰ ਵਿਖੇ ਜਾਣਾ, ਸਾਰੇ ਲੁਧਿਆਣਾ ਵਿੱਚ ਜਿਹੜੀ ਰੋਡ ਕੁਨੈਕਟਿਵਿਟੀ ਹੋਈ, ਉਸ ਸਮੇਂ ਹੀ ਹੋਈ। ਇਹ ਵੀ ਸਰਕਾਰ ਦੇ ਬਹੁਤ ਵੱਡੇ ਉਪਰਾਲੇ ਸਨ ਕਿਉਂਕਿ ਮੈਂ ਰੋਜ਼ ਲੁਧਿਆਣਾ ਤੋਂ ਅਪਡਾਊਨ ਕਰਦਾ ਹਾਂ, ਡੇਢ ਘੰਟਾ ਮੈਨੂੰ ਲੁਧਿਆਣਾ ਤੋਂ ਚੰਡੀਗੜ੍ਹ ਆਉਣ ਲਈ ਲੱਗਦਾ ਹੈ। ਸੋ, ਇਸੇ ਤਰ੍ਹਾਂ ਇੱਕ ਲੁਧਿਆਣਾ ਵਿਖੇ ਨਹਿਰ ਦੇ ਉੱਪਰ ਬਾਈਪਾਸ ਬਣਾਇਆ ਗਿਆ ਅਤੇ ਉਸ ਸਮੇਂ Southern Bypass ਵੀ ਬਣਿਆ। ਫਿਰ ਉਸ ਬਾਈਪਾਸ ਨੂੰ ਲਡੋਵਾਲ ਬਾਈਪਾਸ ਨਾਲ ਜੋੜਿਆ ਗਿਆ। ਸੋ, ਉਸ ਵੇਲੇ ਦੀ ਸਰਕਾਰ ਵੱਲੋਂ ਇਹ ਬਹੁਤ ਵੱਡੀ ਦੇਣ ਸੀ।ਸਾਰੇ ਲੁਧਿਆਣੇ ਉੱਪਰੋਂ ਐਲੀਵੇਟਿਡ ਰੋਡ ਬਣ ਰਹੀ ਹੈ, ਇਹ ਵੀ ਬਹੁਤ ਵੱਡਾ ਪ੍ਰਾਜੈਕਟ ਹੈ ਅਤੇ ਆਉਣ ਵਾਲੇ 15-20 ਸਾਲਾਂ ਲਈ ਫਾਇਦਾ ਦੇਵੇਗਾ ਕਿਉਂਕਿ ਲੁਧਿਆਣਾ ਵਿਖੇ ਟਰੈਫਿਕ ਦੀ ਬਹੁਤ ਵੱਡੀ ਸਮੱਸਿਆ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੀ ਬਹੁਤ ਵੱਡੀ ਦੇਣ ਹੈ, ਉਸ ਸਮੇਂ ਸਰਦਾਰ

ਸੁਖਬੀਰ ਸਿੰਘ ਬਾਦਲ ਜੀ ਉਪ ਮੁੱਖ ਮੰਤਰੀ ਸਨ, ਉਨ੍ਹਾਂ ਨੇ road infrastructure, ਬਿਜਲੀ ਸਰਪਲੱਸ ਕਰਨ ਲਈ ਬਹੁਤ ਵੱਡੇ ਉਪਰਾਲੇ ਕੀਤੇ। ਜਿਹੜੇ ਏਅਰਪੋਰਟ ਹਨ, ਜਿਵੇਂ ਮੁਹਾਲੀ, ਆਦਮਪੁਰ ਵਿੱਚ ਏਅਰਪੋਰਟ ਬਣੇ, ਇਹ ਸਾਰੇ ਉਸ ਸਮੇਂ ਵਿੱਚ ਹੀ ਬਣੇ। ਇਸ ਤੋਂ ਇਲਾਵਾ ਤੁਸੀਂ ਵੀ ਆਪਣਾ ਕਰ ਰਹੇ ਹੋ। ਇਸ ਤੋਂ ਬਿਨਾਂ ਜਿਹੜਾ ਵੱਡਾ ਕੰਮ ਹੋਇਆ, ਜੋ heritage walk ਬਣਾਈ ਗਈ, ਜਦੋਂ ਅਸੀਂ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਨੂੰ ਜਾਂਦੇ ਹਾਂ ਤਾਂ ਸਮੁੱਚੇ ਦੇਸ਼ ਵਿੱਚੋਂ ਹੀ ਨਹੀਂ, ਵਿਦੇਸ਼ਾਂ ਵਿੱਚੋਂ ਵੀ ਸੰਗਤਾਂ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਉਥੇ ਨਤਮਸਤਕ ਹੋਣ ਲਈ ਆਉਂਦੀਆਂ ਹਨ।

GK/HS 12.55 11-3--2023

ਸਰਕਾਰ ਦੀ ਧਾਰਮਿਕ ਖੇਤਰ ਵਿੱਚ ਬਹੁਤ ਵੱਡੀ ਦੇਣ ਹੈ। ਇਸ ਤੋਂ ਬਿਨਾਂ ਜਿਹੜੀਆਂ ਸਾਡੀਆਂ ਯਾਦਗਾਰਾਂ ਹਨ, ਚਾਹੇ ਉਹ ਜੰਗ-ਏ-ਆਜ਼ਾਦੀ ਦੀ ਯਾਦਗਰ ਹੈ, ਚਾਹੇ ਬਾਬਾ ਬੰਦਾ ਸਿੰਘ ਬਹਾਦੁਰ ਦੀ ਯਾਦਗਰ ਹੈ, ਛੋਟਾ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਦੀਆਂ ਜਿਹੜੀਆਂ ਯਾਦਗਾਰਾਂ ਸਥਾਪਿਤ ਕੀਤੀਆਂ ਗਈਆਂ। ਮੈਂ ਦੱਸ ਸਾਲ ਦੀ ਗੱਲ ਕਰ ਰਿਹਾ ਹਾਂ ਉਸ ਤੋਂ ਬਾਅਦ ਸਰਕਾਰ ਸਾਲ 2012 ਤੋਂ ਸਾਲ 2017 ਤੱਕ ਰਹੀ। ਇਸ ਦੇ ਨਾਲ ਹੀ ਵਿਰਾਸਤ-ਏ-ਖਾਲਸਾ ਵੀ ਬਣਾਇਆ ਗਿਆ। ਉਸੇ ਸਮੇਂ ਵਿੱਚ ਹੀ ਇਹ ਸਾਰੇ ਪ੍ਰਾਜੈਕਟ ਬਣੇ ਹਨ। ਇਸ ਤੋਂ ਇਲਾਵਾ 87 ਹਜਾਰ ਟੀਚਰ ਉਸ ਵੇਲੇ ਭਰਤੀ ਕੀਤੇ ਗਏ। ਸਵਾ ਲੱਖ ਤੋਂ ਵੱਧ ਮੁਲਾਜ਼ਮ ਭਰਤੀ ਕੀਤੇ ਗਏ। ਇਹ ਸਾਰੀਆਂ ਭਰਤੀਆਂ ਮੈਰਿਟ ਦੇ ਆਧਾਰ ਤੇ ਹੋਈਆਂ ਹਨ। ਇਸ ਤੋਂ ਬਿਨਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਚਾਹੇ ਉਹ ਵੱਡੇ ਸ਼ਹਿਰ ਹਨ ਜਾਂ ਕਸਬੇ ਹਨ ਉਨ੍ਹਾਂ ਵਿੱਚੋਂ ਜਿਵੇਂ ਮੁੱਲਾਂਪੁਰ, ਜਗਰਾਉਂ, ਸਮਰਾਲਾ ਅਤੇ ਹੋਰ ਜਿੰਨੇ ਵੀ ਕਸਬਿਆਂ ਵਿੱਚ ਸੀਵਰੇਜ ਵਾਟਰ ਸਪਲਾਈ ਦੇ ਪ੍ਰਾਜੈਕਟ ਹਨ ਉਹ ਵੀ ਉਸ ਸਮੇਂ ਵਿੱਚ ਹੀ ਲੱਗੇ ਹਨ। ਮੈਂ ਸਾਲ 2008 ਤੋਂ ਸਾਲ 2013 ਤੱਕ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਰਿਹਾ ਹਾਂ। ਉਸ ਸਮੇਂ ਪਿੰਡਾਂ ਵਿੱਚ 100% ਪੀਣ ਵਾਲਾ ਪਾਣੀ ਮਿਲ ਰਿਹਾ ਸੀ। ਮੇਰਾ ਖਿਆਲ ਹੈ ਕਿ ਪਿੰਡਾਂ ਵਿੱਚ ਪਹਿਲਾਂ 25-30% ਹੀ ਪੀਣ ਵਾਲਾ ਪਾਣੀ ਮਿਲ ਰਿਹਾ ਸੀ। ਫਿਰ ਵਰਲਡ ਬੈਂਕ ਦੀ ਸਕੀਮ ਲਿਆਂਦੀ ਗਈ। ਇਸ ਦੇ ਨਾਲ ਹਰ ਪਿੰਡ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਗਿਆ। ਪਹਿਲਾਂ ਇੱਕ ਟੈਂਕੀ ਦੋ-ਦੋ ਪਿੰਡਾਂ ਨਾਲ ਜੋੜੀ ਹੋਈ ਸੀ। ਫਿਰ ਹਰ ਪਿੰਡ ਵਿੱਚ ਵਾਟਰ ਬਾਕਸ ਬਣਾਏ ਗਏ। ਇੱਕ ਪਿੰਡ ਵਿੱਚ ਦੋ-ਦੋ ਵਾਟਰ ਬਾਕਸ ਵੀ ਬਣਾਏ ਗਏ। ਸੋ, ਹਰ ਪਿੰਡ ਨੂੰ ਪੀਣ ਵਾਲਾ ਪਾਣੀ ਅਤੇ ਨਿਕਾਸੀ ਦਾ ਪ੍ਰਬੰਧ ਕੀਤਾ ਗਿਆ। ਇਹ ਸਾਰੀ ਡਿਵੈਲਪਮੈਂਟ ਵੱਡੇ ਪੱਧਰ ਤੇ ਹੋਈ ਹੈ। ਮੇਰੇ ਕਹਿਣ ਦਾ ਮਤਲਬ ਕਿ ਅੱਜ ਅਸੀਂ ਸਿਰਫ ਤਿੰਨ ਵਿਧਾਇਕ ਹੈ। ਕਿਤੇ ਨਾ ਕਿਤੇ ਜਾਣੇ-ਅਣਜਾਣੇ ਵਿੱਚ ਗਲਤੀਆਂ ਵੀ ਹੋਈਆਂ ਹਨ ਪਰ ਭੰਡੀ ਪ੍ਰਚਾਰ ਵੀ ਬਹੁਤ ਕੀਤਾ ਗਿਆ। ਅਕਾਲੀ ਦਲ

ਨੂੰ ਝੂਠਾ ਬਦਨਾਮ ਵੀ ਕੀਤਾ ਗਿਆ ਕਿਉਂਕਿ ਉਸ ਸਮੇਂ ਸਰਕਾਰ ਦਾ ਏਜੰਡਾ ਡਿਵੈਲਪਮੈਂਟ ਦਾ ਹੀ ਰਿਹਾ ਸੀ। ਸਰਕਾਰ ਦਾ ਸਾਰਾ ਧਿਆਨ ਡਿਵੈਲਪਮੈਂਟ ਵਾਲੇ ਪਾਸੇ ਸੀ। ਉਸ ਵਿੱਚ ਸਰਕਾਰ ਨੂੰ ਬਦਨਾਮ ਵੀ ਕੀਤਾ ਗਿਆ ਜਿਸ ਦਾ ਖਮਿਆਜ਼ਾ ਅੱਜ ਅਸੀਂ ਭੁਗਤ ਰਹੇ ਹਾਂ। ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਪੰਜ ਸਾਲ ਪਹਿਲਾਂ ਕਾਂਗਰਸ ਪਾਰਟੀ ਦੀ ਸਰਕਾਰ ਵੀ ਰਹੀ ਹੈ। ਮੇਰਾ ਖਿਆਲ ਕਿ ਪਿਛਲੇ ਪੰਜ ਸਾਲਾਂ ਵਿੱਚ ਕੋਈ ਵੱਡਾ ਪ੍ਰਾਜੈਕਟ ਨਹੀਂ ਆਇਆ। ਬਾਕੀ ਮੇਰੇ ਵੀਰ ਬੋਲਣਗੇ ਅਤੇ ਦੱਸਣਗੇ ਕਿ ਕੀ ਕੁਝ ਪ੍ਰਾਪਤੀਆਂ ਹਨ। ਜਿੰਨੇ ਵੀ ਕੰਮ ਸਾਡੀ ਸਰਕਾਰ ਵੇਲੇ ਹੋਏ ਹਨ ਉਹ ਮੈਂ ਇੱਥੇ ਦੱਸੇ ਹਨ।

ਹੁਣ ਜਿਹੜਾ ਬਜਟ ਪੇਸ਼ ਕੀਤਾ ਗਿਆ ਇਸ ਵਿੱਚ ਜੇਕਰ ਸਰਕਾਰ ਦੀ ਇੱਕ ਸਾਲ ਦੀ ਪ੍ਰਾਪਤੀ ਦੀ ਗੱਲ ਕੀਤੀ ਜਾਵੇ, ਪਹਿਲਾਂ ਵੀ ਮੈਂਬਰ ਸਾਹਿਬ ਗੱਲ ਕਰਕੇ ਗਏ ਹਨ ਕਿ ਪਿਛਲਾ ਸਾਰਾ ਬਜਟ ਤਨਖਾਹਾਂ ਤੇ, ਪੈਨਸ਼ਨਾਂ ਤੇ ਹੀ ਖਰਚ ਕੀਤਾ ਗਿਆ। ਇਸ ਵਿੱਚ ਕੋਈ ਲੰਮਾ-ਚੌੜਾ ਡਿਵੈਲਪਮੈਂਟ ਦਾ ਪ੍ਰਾਜੈਕਟ ਪਿਛਲੇ ਸਾਲ ਵਿੱਚ ਨਹੀਂ ਆ ਸਕਿਆ। ਹੁਣ ਜਿਹੜੇ ਬਿਜਲੀ ਦੇ 600 ਯੂਨਿਟ ਮਾਫ ਕੀਤੇ ਹਨ ਇਹ ਬਹੁਤ ਚੰਗਾ ਉਪਰਾਲਾ ਹੈ। ਲੋਕਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕੀਤਾ ਗਿਆ। ਇਸ ਨਾਲ ਕਾਫੀ ਲੋਕਾਂ ਨੂੰ ਰਾਹਤ ਵੀ ਮਿਲੀ ਹੈ ਪਰ ਉਹ ਮਾਫ ਕਰਨ ਨਾਲ ਜੋ ਹਜ਼ਾਰਾਂ ਕਰੋੜ ਦਾ ਪਾਵਰਕੌਮ ਨੂੰ ਨੁਕਸਾਨ ਹੋਇਆ ਹੈ, ਉਸ ਦਾ ਕੀ ਪ੍ਰਬੰਧ ਕੀਤਾ ਗਿਆ। ਅੱਜ ਪਾਵਰਕੌਮ ਬਹੁਤ ਵੱਡੀ ਕ੍ਰਾਈਸਿਜ਼ ਵਿੱਚ ਹੈ। ਇਸ ਦੇ ਨਾਲ ਪੰਜਾਬ ਮੰਡੀ ਬੋਰਡ ਜੋ ਕਿ ਇੱਕ ਬਹੁਤ ਸਟਰੋਂਗ ਡਿਪਾਰਟਮੈਂਟ ਹੈ, ਉਹ ਵੀ ਪਹਿਲੀ ਵਾਰ ਡਿਫਾਲਟਰ ਹੋਇਆ। ਇਹ ਸਾਡੇ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਇਸ ਤੋਂ ਬਿਨਾਂ ਸਰਕਾਰ ਬਣਾਉਣ ਲਈ ਆਮ ਆਦਮੀ ਪਾਰਟੀ ਨੇ ਇਸਤਰੀਆਂ ਨੂੰ ਹਰੇਕ ਮਹੀਨੇ 1000/- ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਸਰਕਾਰ ਬਣਾਉਣ ਵਿੱਚ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਹੈ। ਸਰਕਾਰ ਨੂੰ 70-80% ਵੋਟਾਂ ਸਾਡੀਆਂ ਭੈਣਾਂ ਅਤੇ ਮਾਤਾਵਾਂ ਨੇ ਪਾਈਆਂ ਹਨ। ਪਹਿਲੇ ਸਾਲ ਤਾਂ ਮੰਨਿਆ ਜਾ ਸਕਦਾ ਹੈ ਪਰ ਦੂਜੇ ਸਾਲ ਇਹ ਵਾਅਦਾ ਵੀ ਪੂਰਾ ਕਰਨਾ ਚਾਹੀਦਾ ਸੀ। ਇਹ ਵਾਅਦਾ ਅੱਜ ਵੀ ਪੂਰਾ ਨਹੀਂ ਹੋਇਆ। ਮੈਂ ਸਮਝਦਾ ਹਾਂ ਕਿ ਸਾਡੀਆਂ ਪੰਜਾਬ ਦੀਆਂ ਸਾਰੀਆਂ ਬੀਬੀਆਂ ਨਾਲ ਇੱਕ ਵੱਡਾ ਧੋਖਾ ਹੋਇਆ ਹੈ। ਇਸ ਤੋਂ ਇਲਾਵਾ 2500/- ਰੁਪਏ ਪੈਨਸ਼ਨ ਦੇਣ ਦੀ ਗੱਲ ਕੀਤੀ ਗਈ ਸੀ। ਚਾਹੇ ਉਹ ਬੁਢਾਪਾ ਪੈਨਸ਼ਨ ਹੈ, ਚਾਹੇ ਉਹ ਵਿਧਵਾ ਪੈਨਸ਼ਨ ਹੈ ਅਤੇ ਚਾਹੇ ਉਹ ਅੰਗਹੀਣਤਾ ਪੈਨਸ਼ਨ ਹੈ, ਉਹ ਪੈਨਸ਼ਨ ਵੀ ਨਹੀਂ ਵਧਾਈ ਗਈ। ਬਜਟ ਵਿੱਚ ਸ਼ਗਨ ਸਕੀਮ ਵੀ ਲਿਆਂਦੀ ਗਈ ਸੀ। ਇਹ ਸਕੀਮ ਅਕਾਲੀ ਦਲ ਨੇ ਸ਼ੁਰੂ ਕੀਤੀ ਸੀ। ਪਹਿਲਾਂ 5100/- ਰੁਪਏ ਸੀ, ਫਿਰ 15,000/- ਰੁਪਏ ਕੀਤੀ ਗਈ ਅਤੇ ਫਿਰ 51,000/- ਕੀਤੀ ਗਈ। ਅੱਜ ਗਰੀਬ ਪਰਿਵਾਰ ਇਹ ਸਕੀਮ ਉਡੀਕ ਰਹੇ ਹਨ। ਸੜਕਾਂ ਦੀ ਵੀ ਬਹੁਤ ਮਾੜੀ ਹਾਲਤ ਹੈ। ਪਿਛਲੇ ਸਾਲ ਜਿਨ੍ਹਾਂ ਤੇ ਪੱਥਰ ਪੈ ਕੇ ਪ੍ਰੀਮਿਕਸ ਪੈਣਾ ਸੀ, ਇੱਕ ਸਾਲ ਤਾਂ ਹੋ ਗਿਆ ਹੈ ਉਹ ਕੰਮ ਹਾਲੇ ਵੀ

ਕੰਪਲੀਟ ਨਹੀਂ ਕੀਤਾ ਗਿਆ। ਮੈਂ ਪਹਿਲਾਂ ਵੀ ਦੋ-ਤਿੰਨ ਵਾਰੀ ਗੱਲ ਕੀਤੀ ਸੀ। ਉਹ ਪੱਥਰ ਉਸੇ ਤਰ੍ਹਾਂ ਹੀ ਬੁੜਕਦੇ ਹਨ। ਲੋਕਾਂ ਦੇ ਵੀ ਪੱਥਰ ਲੱਗਦੇ ਹਨ। ਦੁਕਾਨਦਾਰਾਂ ਦੇ ਸ਼ੀਸ਼ੇ ਵੀ ਟੁੱਟੇ ਹਨ ਪਰ ਅਜੇ ਤੱਕ ਪ੍ਰੀਮਿਕਸ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਵਾਲੇ ਪਾਸੇ ਸਰਕਾਰ ਵੱਲੋਂ ਬਜਟ ਵਿੱਚ ਫੰਡ ਨਹੀਂ ਰੱਖੇ ਗਏ। ਇਹ ਪੱਖਪਾਤ ਦੀ ਗੱਲ ਕੀਤੀ ਗਈ। ਇਹ ਬਦਲਾਅ ਦੀ ਸਰਕਾਰ ਹੈ।

01.00 11.03.2023 Rajneet/Birendra singh

ਪਿਛਲੀਆਂ ਸਰਕਾਰਾਂ ਵਿੱਚ ਕਾਂਗਰਸ ਅਤੇ ਅਕਾਲੀ ਸਰਕਾਰ ਸੀ, ਦੋਹਾਂ ਪਾਰਟੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ। ਪਿੰਡਾਂ ਵਿੱਚ ਵੀ ਧੜੇਬੰਦੀਆਂ ਚਲਦੀਆਂ ਰਹੀਆਂ ਹਨ। ਲੇਕਿਨ ਜਦੋਂ ਬਦਲਾਅ ਦੀ ਸਰਕਾਰ ਆਈ ਤਾਂ ਵੱਡੀਆਂ ਤਬਦੀਲੀਆਂ ਪਿੰਡਾਂ ਵਿੱਚ ਵੀ ਹੋਣੀਆਂ ਚਾਹੀਦੀਆਂ ਸਨ, ਪਿੰਡਾਂ ਦੇ ਵਿੱਚ ਜਿਹੜੀਆਂ ਧੜੇਬੰਦੀਆਂ ਹਨ, ਪਾਰਟੀਬਾਜ਼ੀਆਂ ਹਨ, ਉਨ੍ਹਾਂ ਤੋਂ ਉੱਪਰ ਉੱਠ ਕੇ ਬਿਨਾਂ ਪੱਖ-ਪਾਤ ਤੋਂ ਕੰਮ ਹੋਣੇ ਚਾਹੀਦੇ ਹਨ। ਹੁਣ ਅੱਗੇ ਪੰਚਾਇਤਾਂ ਦੀ ਇਲੈਕਸ਼ਨ ਆ ਰਹੀ ਹੈ। ਮੇਰੀ ਬੇਨਤੀ ਹੈ ਕਿ ਜੇਕਰ ਪਿੰਡਾਂ ਵਿੱਚ ਵੱਧ ਤੋਂ ਵੱਧ ਸਰਬਸੰਮਤੀਆਂ ਹੋ ਜਾਣ ਤਾਂ ਪਿੰਡਾਂ ਦਾ ਮਾਹੌਲ, ਪੰਜਾਬ ਦਾ ਮਾਹੌਲ ਬਹੁਤ ਵਧੀਆ ਹੋ ਸਕਦਾ ਹੈ। ਇਸ ਦੇ ਲਈ ਸਾਨੂੰ ਪੱਖ-ਪਾਤ ਛੱਡਣਾ ਪੈਣਾ ਹੈ। ਲੇਕਿਨ ਮੈਂ ਦੱਸਣਾ ਚਾਹਾਂਗਾ ਕਿ ਪਿਛਲੇ ਇੱਕ ਸਾਲ ਦੇ ਵਿੱਚ ਕਾਫੀ ਪੱਖ-ਪਾਤ ਹੋਇਆ ਹੈ। ਡਿਵੈਲਪਮੈਂਟ ਫੰਡਜ਼ ਹੋਣ ਦੇ ਬਾਵਜੂਦ ਵੀ ਡਿਵੈਲਪਮੈਂਟ ਦੇ ਕੰਮ ਸ਼ੁਰੂ ਨਹੀਂ ਹੋਏ।

ਮੈਂ ਜੇਕਰ ਖੇਡਾਂ ਦੀ ਗੱਲ ਕਰਾਂ ਤਾਂ ਇਸ ਪਾਸੇ ਧਿਆਨ ਦੇਣਾ ਬੜਾ ਜ਼ਰੂਰੀ ਹੈ। ਮੈਂ ਆਪਣੇ ਹਲਕੇ ਦਾਖਾ ਦੇ ਵਿੱਚ ਕੋਸ਼ਿਸ਼ ਕੀਤੀ ਅਤੇ 70 ਪਿੰਡਾਂ ਵਿੱਚ ਖੇਡ ਪਾਰਕ ਬਣਾਏ ਹਨ। ਇਹ ਪਾਰਕ ਅਤੇ ਗਰਾਊਂਡ ਇੰਟਰਨੈਸ਼ਨਲ ਲੈਵਲ ਦੇ ਹਨ। ਲੇਕਿਨ ਜਦੋਂ ਇਹ ਪ੍ਰਾਜੈਕਟ ਬਣ ਰਿਹਾ ਸੀ, ਸਰਕਾਰ ਬਦਲ ਗਈ। ਤੁਸੀਂ ਹੈਰਾਨ ਹੋਵੋਗੇ ਕਿ ਸਵਾ ਕਰੋੜ ਰੁਪਿਆ ਉਨ੍ਹਾਂ ਖੇਡ ਪਾਰਕਾਂ ਦੀ ਦੇਣਦਾਰੀ ਰਹਿੰਦੀ ਹੈ। ਮੈਂ ਪਿਛਲੀਆਂ ਸਰਕਾਰਾਂ ਵੇਲੇ ਵੀ ਬੜੀਆਂ ਕੋਸ਼ਿਸ਼ਾਂ ਕੀਤੀਆਂ ਤੇ ਬੇਨਤੀਆਂ ਕੀਤੀਆਂ। ਜਿਹੜਾ ਇਹ ਸਵਾ ਕਰੋੜ ਰੁਪਿਆ ਦਿੱਤਾ ਨਹੀਂ ਗਿਆ, ਇਹ ਮੈਂ ਆਪਣੇ ਕੋਲੋਂ ਦਿੱਤਾ, ਇਹ ਪੈਸਾ ਦੇਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ। ਜਿਨ੍ਹਾਂ ਨੂੰ ਇਹ ਪੈਸਾ ਦੇਣਾ ਸੀ ਹਾਲੇ ਤੱਕ ਇਹ ਪੈਂਡਿੰਗ ਹਨ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਅਸੀਂ ਪਿੰਡ ਵਾਈਜ਼ ਡਾਟਾ ਭੇਜ ਦਿਆਂਗੇ। ਇਹ ਇੰਨਾ ਵਧੀਆ ਪ੍ਰਾਜੈਕਟ ਬਣਿਆ ਜਿਸਨੂੰ ਕਿ ਪੂਰੇ ਪੰਜਾਬ ਵਿੱਚ ਲਾਗੂ ਕਰਨ ਦੀ ਲੋੜ ਹੈ। ਜੇਕਰ ਅਸੀਂ ਚੰਗੇ ਖਿਡਾਰੀ ਪੈਦਾ ਕਰਨਾ ਚਾਹੁੰਦੇ ਹਾਂ ਤਾਂ ਹਰੇਕ ਪਿੰਡ ਵਿੱਚ ਇਹੋ ਜਿਹੇ ਗਰਾਊਂਡ ਬਣਾਉਣ ਦੀ ਲੋੜ ਹੈ ਕਿਉਂਕਿ ਇਹ ਹਰ ਵਰਗ ਲਈ ਹਨ, ਇਸ ਵਿੱਚ ਸਾਡੀਆਂ ਬੀਬੀਆਂ,

ਮਾਤਾਵਾਂ, ਭੈਣਾਂ, ਨੌਜਵਾਨ, ਬੱਚੇ, ਬਜ਼ੁਰਗ ਆ ਸਕਦੇ ਹਨ। ਇਸ ਵਿੱਚ ਸੈਰ ਕਰਨ ਲਈ ਫੁੱਟਪਾਥ ਵੀ ਬਣੇ ਹਨ, ਨੌਜਵਾਨਾਂ ਲਈ ਓਪਨ ਜਿੰਮ ਵੀ ਬਣੇ ਹਨ, ਬੱਚਿਆਂ ਲਈ ਝੂਲੇ ਵੀ ਲੱਗੇ ਹੋਏ ਹਨ। ਇਨ੍ਹਾਂ ਵਿੱਚ ਫੁੱਟਬਾਲ, ਹਾਕੀ, ਕ੍ਰਿਕਟ, ਬਾਸਕਟਬਾਲ, ਵਾਲੀਬਾਲ ਹਰੇਕ ਤਰ੍ਹਾਂ ਦਾ ਗਰਾਊਂਡ ਬਣਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਸਾਨੂੰ ਫੰਡਜ਼ ਨਹੀਂ ਦਿੱਤੇ ਗਏ ਤੇ ਇਸ ਪ੍ਰਾਜੈਕਟ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੁਣ ਵੀ ਮੇਰੀ ਬੇਨਤੀ ਹੈ ਕਿ ਜਿਹੜੇ ਪਿੰਡਾਂ ਦੇ ਵਿੱਚ ਇਨਕਮ ਨਹੀਂ ਹੈ, ਜਿਵੇਂ ਪਿੰਡਾਂ ਵਿੱਚ ਘਾਹ ਨੂੰ ਪਾਣੀ ਲਗਾਉਣ ਲਈ ਸਪਰਿੰਕਲਰ ਸਿਸਟਮ ਲੱਗੇ ਹੋਏ ਹਨ, ਉਨ੍ਹਾਂ ਦੇ ਬਿਜਲੀ ਦੇ ਕੁਨੈਕਸ਼ਨ ਕੱਟ ਦਿੱਤੇ ਜਾਂਦੇ ਹਨ। ਜੇਕਰ ਕੋਈ ਪਿੰਡ ਵਿੱਚ ਕੁੰਡੀ ਲਗਾ ਲੈਂਦਾ ਹੈ ਤਾਂ ਉਸੇ ਵੇਲੇ ਹੀ ਫੋਨ ਪਹੁੰਚ ਜਾਂਦਾ ਹੈ ਕਿ ਇਨ੍ਹਾਂ ਨੂੰ ਪਾਣੀ ਨਹੀਂ ਲਗਾਉਣ ਦੇਣਾ। ਸੋ, ਇਸ ਤੇ ਕੋਈ ਪਾਲਿਸੀ ਬਣਨੀ ਚਾਹੀਦੀ ਹੈ, ਚਾਹੇ ਇਨ੍ਹਾਂ ਗਰਾਊਂਜ਼ ਦੀ ਬਿਜਲੀ ਫਰੀ ਕਰ ਦਿੱਤੀ ਜਾਵੇ ਅਤੇ ਖੇਡ ਪਾਰਕ ਬਣਾਉਣ ਦੇ ਲਈ ਇਸ ਬਜਟ ਦੇ ਵਿੱਚ ਕੋਈ ਵੀ ਫੰਡ ਨਹੀਂ ਰੱਖੇ ਗਏ, ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਆਉਣ ਵਾਲੇ ਸਮੇਂ ਦੇ ਵਿੱਚ ਇਸ ਵੱਲ ਜ਼ਰੂਰ ਧਿਆਨ ਦੇਵੇ।

ਇਸ ਤੋਂ ਇਲਾਵਾ ਆਟਾ-ਦਾਲ ਦੇ ਜਿਹੜੇ ਨੀਲੇ ਕਾਰਡ ਬਣਾਏ ਗਏ ਸਨ, ਉਨ੍ਹਾਂ ਤੇ 10% ਦਾ ਕੱਟ ਲਗਾਇਆ ਗਿਆ। ਸੈਂਟਰਲ ਸਰਕਾਰ ਨੇ ਪੰਜਾਬ ਸਰਕਾਰ ਨੂੰ ਕਹਿ ਦਿੱਤਾ ਸੀ ਕਿ ਅਸੀਂ ਇਸ ਤੋਂ ਵੱਧ ਨਹੀਂ ਦੇ ਸਕਦੇ, ਜੇਕਰ ਤੁਹਾਡੇ ਕੋਲ ਹੈ ਤਾਂ ਤੁਸੀਂ ਆਪਣੇ ਕੋਲੋਂ ਦੇ ਦਿਓ। ਮੈਂ ਚਾਹੁੰਦਾ ਹਾਂ ਕਿ ਇਸ ਲਈ ਪਰਾਪਰ ਸਕਰੀਨਿੰਗ ਕੀਤੀ ਜਾਵੇ ਤਾਂ ਜੋ ਲੋੜਵੰਦ ਪਰਿਵਾਰ ਦਾ ਕਾਰਡ ਨਾ ਕੱਟਿਆ ਜਾਵੇ ਅਤੇ ਗਰੀਬ ਪਰਿਵਾਰਾਂ ਨੂੰ ਉਹ ਸਹੂਲਤ ਮਿਲਦੀ ਰਹੇ। ਜਿਹੜੇ ਇਸ ਸਕੀਮ ਦੇ ਵਿੱਚ ਕਵਰ ਨਹੀਂ ਹੁੰਦੇ, ਉਨ੍ਹਾਂ ਦੇ ਕਾਰਡ ਜ਼ਰੂਰ ਕੱਟੇ ਜਾਣ।

ਇਸ ਦੇ ਨਾਲ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਇੱਕ ਛੇਵੇਂ ਪੇਅ ਕਮਿਸ਼ਨ ਦਾ ਜਿਹੜਾ ਬਕਾਇਆ ਏਰੀਅਰ ਹੈ, ਉਹ ਜਲਦੀ ਤੋਂ ਜਲਦੀ ਮੁਲਾਜ਼ਮਾਂ ਨੂੰ ਜਾਰੀ ਕੀਤਾ ਜਾਵੇ। ਮਿਤੀ 17.07.2020 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਅਨੁਸਾਰ ਕੇਂਦਰ ਦਾ ਪੇਅ ਸਕੇਲ ਲਾਗੂ ਕਰ ਦਿੱਤਾ ਗਿਆ। ਇਸ ਲਈ ਮੁਲਾਜ਼ਮਾਂ ਦੀ ਮੰਗ ਹੈ ਕਿ ਪੰਜਾਬ ਦਾ ਪੇਅ-ਸਕੇਲ ਲਾਗੂ ਕੀਤਾ ਜਾਵੇ। 6640 ਕੰਪਿਊਟਰ ਟੀਚਰਜ਼ ਹਨ, ਇਨ੍ਹਾਂ ਤੇ ਵੀ ਸਿਵਲ ਸਰਵਿਸਿਜ਼ ਰੂਲ ਅਪਲਾਈ ਕਰਕੇ 6ਵੇਂ ਪੇਅ ਕਮਿਸ਼ਨ ਦੇ ਲਾਭ ਦਿੱਤੇ ਜਾਣ ਅਤੇ 4161 ਮਾਸਟਰ ਕੇਡਰ ਦੇ ਜਿਹੜੇ ਟੀਚਰਜ਼ ਹਨ, ਜਿਨ੍ਹਾਂ ਨੂੰ ਸਰਕਾਰ ਮਿਤੀ 05.01.2023 ਨੂੰ ਨਿਯੁਕਤੀ ਪੱਤਰ ਦੇ ਚੁੱਕੀ ਹੈ ਜਿਸ ਆਧਾਰ ਤੇ ਉਨ੍ਹਾਂ ਵੱਲੋਂ ਵੀ ਆਪਣੇ ਮੈਡੀਕਲ ਕਰਵਾਏ ਜਾ ਚੁੱਕੇ ਹਨ ਪਰੰਤੂ ਹਾਲੇ ਤੱਕ ਉਨ੍ਹਾਂ ਨੂੰ ਵੀ ਸਟੇਸ਼ਨ ਅਲਾਟ ਨਹੀਂ ਕੀਤੇ ਗਏ, ਉਨ੍ਹਾਂ ਨੂੰ ਸਟੇਸ਼ਨ ਅਲਾਟ ਕੀਤੇ

ਜਾਣ। ਇੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਜਿਹੜਾ ਬਜਟ ਹੈ, ਉਹ ਘਟਾਇਆ ਗਿਆ ਹੈ। ਸੋ, ਸਰਕਾਰ ਨੇ ਪਿਛਲੇ ਸਾਲ 200 ਕਰੋੜ ਕੀਤਾ ਸੀ ਤੇ ਇਸ ਸਾਲ 164 ਕਰੋੜ ਰੁਪਏ ਕਰ ਦਿੱਤਾ ਹੈ, ਉਨ੍ਹਾਂ ਨੂੰ ਇਸ ਵਾਰ 300 ਕਰੋੜ ਰੁਪਏ ਦੀ ਲੋੜ ਸੀ। ਸੋ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਸ ਵਿੱਚ ਵੀ ਵਾਧਾ ਕੀਤਾ ਜਾਵੇ। ਸੂਬੇ ਵਿੱਚ ਯੂਨੀਵਰਸਿਟੀਆਂ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਇੱਕ ਮੇਰੀ ਬੇਨਤੀ ਹੈ ਕਿ ਮੈਂ ਵਿਧਾਨ ਸਭਾ ਦੇ ਵਿੱਚ ਤੀਜੀ ਵਾਰੀ ਚੁਣ ਕੇ ਆਇਆ ਹਾਂ। ਸਾਡਾ ਕੰਮ ਹੈ, ਸਰਕਾਰ ਨੂੰ ਸੁਚੇਤ ਕਰਨਾ, ਸਰਕਾਰ ਦੀਆਂ ਕਮੀਆਂ ਬਾਰੇ ਗੱਲ ਕਰਨੀ ਆਪੋਜ਼ੀਸ਼ਨ ਦੀ ਇੱਕ ਜ਼ਿੰਮੇਵਾਰੀ ਹੁੰਦੀ ਹੈ। ਸਾਡੇ ਪੰਜਾਬ ਵਰਗਾ ਸੂਬਾ ਨਾ ਕੋਈ ਸੀ, ਨਾ ਕੋਈ ਹੈ ਅਤੇ ਨਾ ਕੋਈ ਹੋਵੇਗਾ। ਆਪਣਾ ਸਾਰਿਆਂ ਦਾ ਇੱਕੋ ਮਕਸਦ ਹੈ, ਪੰਜਾਬ ਨੂੰ ਖੁਸ਼ਹਾਲ ਬਣਾਉਣਾ। ਲੇਕਿਨ ਕਈ ਵਾਰੀ ਅਸੀਂ ਦੂਜੀਆਂ ਪਾਰਟੀਆਂ ਨੂੰ ਅਤੇ ਸਰਕਾਰਾਂ ਨੂੰ ਨਿੰਦਦੇ ਨਿੰਦਦੇ ਪੰਜਾਬ ਨੂੰ ਬਦਨਾਮ ਕਰ ਬੈਠਦੇ ਹਾਂ। ਜਿਵੇਂ ਨਸ਼ਿਆਂ ਦੇ ਮੁੱਦੇ ਤੇ ਪੰਜਾਬ ਨੂੰ ਬੜਾ ਬਦਨਾਮ ਕੀਤਾ ਗਿਆ। ਇਸ ਤੇ ਡਿਟੇਲ ਦੇ ਵਿੱਚ 22 ਮਾਰਚ, 2023 ਨੂੰ ਡਿਬੇਟ ਵੀ ਰੱਖੀ ਹੈ, ਇਸ ਤੇ ਵੀ ਗੱਲ ਜ਼ਰੂਰ ਕਰਾਂਗੇ। ਸੋ, ਪੰਜਾਬ ਨੂੰ ਬਦਨਾਮ ਨਾ ਕੀਤਾ ਜਾਵੇ। ਠੀਕ ਹੈ ਕਿ ਸਰਕਾਰ ਤੋਂ ਕੰਮ ਕਰਦਿਆਂ ਕਮੀਆਂ ਰਹਿ ਜਾਂਦੀਆਂ ਹਨ, ਇਨ੍ਹਾਂ ਦੀ ਨੁਕਤਾਚੀਨੀ ਕਰਨੀ ਚਾਹੀਦੀ ਹੈ ਅਤੇ ਸਾਡੀ ਇਹ ਜ਼ਿੰਮੇਵਾਰੀ ਹੈ। ਅੱਜ ਜਿਹੜਾ ਵਿਦੇਸ਼ਾਂ ਦੇ ਵਿੱਚ ਨੌਜਵਾਨ ਜਾ ਰਿਹਾ ਹੈ, ਉਸ ਨੂੰ ਰੋਕਣ ਦੇ ਲਈ ਸਾਨੂੰ ਉਪਰਾਲੇ ਕਰਨ ਦੀ ਲੋੜ ਹੈ। ਇਸ ਤੇ ਮਤਾ ਆਇਆ ਸੀ ਲੇਕਿਨ ਇਸ ਉੱਤੇ ਖੁੱਲ੍ਹੀ ਡਿਬੇਟ ਚਾਹੀਦੀ ਹੈ। ਅੱਜ ਜਿਹੜੇ ਵਿਦੇਸ਼ਾਂ ਦੇ ਵਿੱਚ ਨੌਜਵਾਨ ਜਾ ਰਹੇ ਹਨ, ਉਨ੍ਹਾਂ ਨੌਜਵਾਨਾਂ ਨੂੰ ਉੱਥੇ ਬਹੁਤ ਦਿੱਕਤਾਂ ਹਨ। ਬਹੁਤ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਨੌਜਵਾਨਾਂ ਨੂੰ ਬਾਹਰ ਜਾਣ ਤੋਂ ਰੋਕਿਆ ਜਾ ਸਕੇ।

ਕੁ.ਕ/ਬ.ਸ. 1.05 11.03.2023

ਡਿਪਟੀ ਸਪੀਕਰ ਸਾਹਿਬ ਤੁਹਾਡਾ ਧੰਨਵਾਦ ਜੀ। ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸੋ, ਇਸ ਬਜਟ ਤੋਂ ਲੋਕਾਂ ਨੂੰ ਜਿੰਨੀ ਆਸ ਸੀ, ਲੋਕਾਂ ਨੂੰ ਨਿਰਾਸ਼ ਕੀਤਾ ਹੈ। ਸੋ, ਜਿਹੜੀਆਂ ਗੱਲਾਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ। ਸਰਕਾਰ ਉਨ੍ਹਾਂ ਤੇ ਜ਼ਰੂਰ ਗੌਰ ਕਰੇ। ਧੰਨਵਾਦ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਮਨਪ੍ਰੀਤ ਜੀ, ਤੁਸੀਂ ਬਹੁਤ ਵਧੀਆ ਸੁਝਾਅ ਦਿੱਤੇ ਹਨ। ਇਆਲੀ ਸਾਹਿਬ, ਜੇਕਰ ਤੁਹਾਡੇ ਹਲਕੇ ਦਾ ਕੋਈ ਬਕਾਇਆ ਰਹਿੰਦਾ ਹੈ

ਤਾਂ ਇਸ ਸਬੰਧੀ ਮੈਨੂੰ ਅੱਜ ਹੀ ਪਤਾ ਲੱਗਾ ਹੈ। ਇਸ ਸਬੰਧੀ ਮੇਰੇ ਕੋਲ ਤੁਹਾਡੇ ਪੰਚ, ਸਰਪੰਚ ਸਾਹਿਬਾਨ ਵੀ ਨਹੀਂ ਆਏ। ਪਹਿਲੀ ਗੱਲ ਤਾਂ ਤੁਹਾਡਾ ਧੰਨਵਾਦ ਕਿ ਤੁਸੀਂ ਡੇਢ ਕਰੋੜ ਰੁਪਿਆ ਆਪਣੇ ਕੋਲੋਂ ਦਿੱਤਾ ਹੈ। ਸਰਕਾਰ ਦੇਣਦਾਰ ਹੈ। ਤੁਸੀਂ ਮੇਰੇ ਕੋਲ ਇਸ ਸਬੰਧੀ ਲੈ ਕੇ ਆ ਜਾਣਾ, ਮੈਂ ਤੁਹਾਡਾ ਬਕਾਇਆ ਦੇ ਦੇਵਾਂਗਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਧੰਨਵਾਦ ਜੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉੱਪਰ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਵਿੱਤ ਮੰਤਰੀ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸੂਬੇ ਵਿੱਚ ਨਵੇਂ ਸੁਖਾਵੇਂ ਹਾਲਾਤ ਪੈਦਾ ਕਰਨ ਵਾਲਾ, ਆਰਥਿਕਤਾ ਨੂੰ ਸੁਧਾਰ ਵੱਲ ਲੈ ਕੇ ਜਾਣ ਵਾਲਾ ਔਰ ਆਮ ਲੋਕਾਂ ਦਾ ਪੈਸਾ, ਆਮ ਲੋਕਾਂ ਲਈ, ਸਿਹਤ, ਸਿੱਖਿਆ, ਰੁਜ਼ਗਾਰ, ਮੁਫਤ ਬਿਜਲੀ ਆਦਿ ਉੱਪਰ ਖਰਚਣ ਦੇ ਲਈ, ਇਹ ਆਮ ਲੋਕਾਂ ਦੀਆਂ ਆਸਾਂ-ਉਮੀਦਾਂ ਨੂੰ ਪੂਰਾ ਕਰਨ ਵਾਲਾ ਬਜਟ 2023-24 ਲਈ ਪੇਸ਼ ਕੀਤਾ ਹੈ। ਬਜਟ ਉੱਪਰ ਗੱਲ ਕਰਨ ਤੋਂ ਪਹਿਲਾਂ ਇਹ ਵਿਚਾਰ ਲੈਣਾ ਬਹੁਤ ਜ਼ਰੂਰੀ ਹੈ ਕਿ ਜਿਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ, ਜਿਸ ਸਮੇਂ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਪੰਜਾਬ ਦੀ ਵਾਗਡੋਰ ਸੰਭਾਲੀ, ਚੀਮਾ ਸਾਹਿਬ ਨੇ ਪੰਜਾਬ ਦੇ ਵਿੱਤ ਦੀ ਵਾਗਡੋਰ ਸੰਭਾਲੀ, ਉਸ ਸਮੇਂ ਪੰਜਾਬ ਕਿਹੜੀ ਸਥਿਤੀ ਦੇ ਵਿੱਚ ਸੀ? ਉਸ ਸਮੇਂ ਸੂਬੇ ਦੇ ਉੱਪਰ ਕਰਜ਼ੇ ਦੇ ਹਾਲਾਤ ਇਹ ਸਨ ਕਿ ਪੰਜਾਬ ਦੇ ਉੱਪਰ ਸੂਬੇ ਦੀ ਜੀ.ਐਸ.ਡੀ.ਪੀ. ਦਾ 47.08 ਪ੍ਰਤੀਸ਼ਤ ਤੱਕ ਕਰਜ਼ਾ ਸੀ। ਇਹ ਬਹੁਤ ਹੀ ਅਲਾਰਮਿੰਗ ਹੈ। ਇਹ ਬਹੁਤ ਹੀ ਖਤਰਨਾਕ ਦਰ ਹੈ। ਇਹੋ ਜਿਹੇ ਹਾਲਾਤਾਂ ਵਿੱਚ ਆਮ ਆਦਮੀ ਪਾਰਟੀ ਨੇ ਸੂਬੇ ਦੀ ਵਾਗਡੋਰ ਸੰਭਾਲੀ ਸੀ। ਵਿਰੋਧੀ ਧਿਰ ਵੱਲੋਂ ਅੱਜ ਵੀ ਲਗਾਤਾਰ ਗੱਲ ਕੀਤੀ ਜਾ ਰਹੀ ਸੀ ਕਿ ਬਜਟ ਵਿੱਚ ਕਰਜ਼ਾ ਹੋਰ ਜ਼ਿਆਦਾ ਵਧ ਰਿਹਾ ਹੈ। ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਜਿਹੋ ਜਿਹੇ ਹਾਲਾਤਾਂ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੀ ਵਾਗਡੋਰ ਸੰਭਾਲੀ ਹੈ। ਇਸ ਸਬੰਧੀ ਇਹ ਦੇਖ ਲੈਣਾ ਚਾਹੀਦਾ ਹੈ ਕਿ ਸੂਬੇ ਵਿੱਚ ਕਰਜ਼ਾ ਕਿਹੜੇ ਸਾਲਾਂ ਵਿੱਚ ਸਭ ਤੋਂ ਜ਼ਿਆਦਾ ਵਧਿਆ ਹੈ। ਸੂਬੇ ਵਿੱਚ ਕਰਜ਼ੇ ਦੀ ਦਰ ਕਿਹੜੇ ਸਾਲਾਂ ਵਿੱਚ ਸਭ ਤੋਂ ਜ਼ਿਆਦਾ ਵਧੀ ਹੈ। ਮੈਂ ਤੁਹਾਨੂੰ ਅੰਕੜੇ ਦੱਸ ਕੇ ਹਟਿਆ ਹਾਂ। ਜੇ ਇਸ ਤੋਂ ਪਹਿਲਾਂ ਦੀ ਗੱਲ ਕਰੀਏ ਤਾਂ 2005-06 ਵਿੱਚ ਵੀ ਸੂਬੇ ਦੀ outstanding liabilities as percentage of GSDP 47.01 ਪ੍ਰਤੀਸ਼ਤ ਸੀ। ਦੋਨਾਂ ਸਮਿਆਂ ਵਿੱਚ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ ਜਦੋਂ ਕਰਜ਼ੇ ਦੀ ਦਰ as percentage of GSDP ਸੂਬੇ ਵਿੱਚ

ਸਭ ਤੋਂ ਜ਼ਿਆਦਾ ਖਤਰਨਾਕ ਤਰੀਕੇ ਨਾਲ ਵਧੀ ਹੈ। ਇੱਥੇ ਹੀ ਬਸ ਨਹੀਂ ਹੋਈ, ਇਨ੍ਹਾਂ ਸਖਤ ਹਲਾਤਾਂ ਦੇ ਵਿੱਚ ਸਰਕਾਰ ਸਾਂਭਣ ਦੇ ਬਾਵਜੂਦ ਸਰਕਾਰ ਦੇ ਰਾਹ ਵਿੱਚ ਲਗਾਤਾਰ ਅੜਿੱਕੇ ਡਾਹੇ ਗਏ। ਉਨ੍ਹਾਂ ਦੀ ਹਾਲਤ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਅੱਜ ਵੀ ਪੰਜਾਬ ਦੀ 9 ਹਜ਼ਾਰ 35 ਕਰੋੜ ਰੁਪਏ ਦੀਆਂ ਜਾਇਜ਼ ਮੰਗਾਂ ਦੀ ਰਕਮ ਰਿਲੀਜ਼ ਨਹੀਂ ਕੀਤੀ ਜਾ ਰਹੀ ਤਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਚੰਗਾ ਕੰਮ ਨਾ ਕਰ ਸਕੇ। ਪੰਜਾਬ ਦਾ ਅੰਨਦਾਤਾ ਜਿਹੜਾ ਅਨਾਜ ਪੈਦਾ ਕਰਦਾ ਹੈ। ਅਨਾਜ ਦੇ ਉੱਤੇ ਵੀ 3 ਪ੍ਰਤੀਸ਼ਤ ਦਰ ਨਾਲ ਰੂਰਲ ਡਿਵੈਲਵਪਮੈਂਟ ਫੰਡ ਦੇ 2880 ਕਰੋੜ ਰੁਪਏ ਬਣਦੇ ਹਨ। ਇਹ ਰਾਸ਼ੀ ਵੀ ਜਾਰੀ ਨਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਸਖਤ ਹਾਲਾਤਾਂ ਅਤੇ ਅੜਿੱਕਿਆਂ ਦੇ ਬਾਵਜੂਦ ਵੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਐੱਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਪ੍ਰੇਰਨਾ ਸਦਕਾ ਸਾਡੇ ਵਿੱਤ ਮੰਤਰੀ ਸਾਹਿਬ ਨੇ ਪੰਜਾਬੀਆਂ ਦੀਆਂ ਆਸਾਂ-ਉਮੀਦਾਂ ਵਾਲਾ 1 ਲੱਖ 96 ਹਜ਼ਾਰ 462 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ। ਇਹ ਪਿਛਲੇ ਵਰ੍ਹੇ ਨਾਲੋਂ 26 ਕਰੋੜ ਰੁਪਏ ਦੇ ਵਾਧੇ ਦਾ ਬਜਟ ਹੈ। ਇਸ ਬਜਟ ਵਿੱਚ ਵਾਰ-ਵਾਰ ਸੂਬੇ ਦੀ ਆਰਥਿਕਤਾ ਨੂੰ ਲੈ ਕੇ ਗੱਲ ਉਠਾਈ ਜਾਂਦੀ ਹੈ ਉਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੂਬੇ ਦੀ ਜਿਹੜੀ ਅਨੁਮਾਨਿਤ ਜੀ.ਐਸ.ਡੀ.ਪੀ. ਹੈ, ਉਹ 6 ਲੱਖ 98 ਹਜ਼ਾਰ 635 ਰੁਪਏ ਤੈਅ ਕੀਤੀ ਗਈ ਹੈ। ਇਹ ਪਿਛਲੇ ਸਾਲ ਨਾਲੋਂ 9.5 ਪ੍ਰਤੀਸ਼ਤ ਵਾਧਾ ਹੈ। ਇਸ ਬਜਟ ਵਿੱਚ ਸੂਬੇ ਦੀ ਆਰਥਿਕਤਾ ਨੂੰ ਸਹੀ ਦਿਸ਼ਾ ਵੱਲ ਲਿਜਾਣ ਦਾ ਚੰਗਾ ਸੰਕੇਤ ਇਹ ਹੈ ਕਿ consolidated sinking fund ਵਿੱਚ 2022-24 ਵਿੱਚ 3 ਹਜ਼ਾਰ ਕਰੋੜ ਰੁਪਏ ਜਮ੍ਹਾਂ ਕਰਵਾਏ ਗਏ ਹਨ।

ਪ.ਸ਼./ਰ.ਕ/1.10/11.03.2023

ਜਦ ਕਿ ਇਸ ਤੋਂ ਪਹਿਲੇ ਪੰਜ ਸਾਲਾਂ ਵਿੱਚ ਮਹਿਜ਼ 2988 ਕਰੋੜ ਇਸ ਫੰਡ ਵਿੱਚ ਜਮ੍ਹਾ ਕਰਵਾਏ ਗਏ ਐੱਰ ਸਾਲ 2022-23 ਵਿੱਚ ਸੂਬੇ ਦੀ ਜਿਹੜੀ ਸਟੇਟ ਜੀ.ਐਸ.ਟੀ. ਦੀ ਆਮਦਨ ਹੈ, ਉਹ 23%, ਰਾਜ ਦੀ ਆਬਕਾਰੀ ਆਮਦਨ 45%, ਸਟੈਂਪ ਰਜਿਸਟ੍ਰੇਸ਼ਨ ਦੀ ਆਮਦਨ 19% ਵਧੀ ਹੈ ਅਤੇ ਜਿਹੜੀ ਗੈਰ-ਕਰ ਆਮਦਨ ਹੈ, ਉਸ ਵਿੱਚ 26% ਵਾਧਾ ਹੋਇਆ ਹੈ। ਜਿਸ ਸਰਕਾਰ ਨੂੰ ਇਹ ਕਹਿ ਰਹੇ ਹਨ ਕਿ ਕਰਜ਼ੇ ਵੱਲ ਲੈ ਕੇ ਜਾ ਰਹੀ ਹੈ, ਜਿੰਨੇ ਇਨ੍ਹਾਂ ਲੋਕਾਂ ਦੇ ਕੰਮ ਵੀ ਕੀਤੇ, ਉਸ ਦੇ ਬਾਵਜੂਦ ਸਾਲ 2022-23 ਦੌਰਾਨ ਸੂਬਾ ਸਰਕਾਰ ਨੇ 15946 ਕਰੋੜ ਰੁਪਏ ਕਰਜ਼ੇ ਦਾ ਮੂਲ ਧਨ ਵਾਪਸ ਕੀਤਾ ਹੈ ਐੱਰ ਇੱਥੇ ਹੀ ਬਸ ਨਹੀਂ, 20100 ਕਰੋੜ ਰੁਪਏ ਵਿਆਜ ਵੀ ਵਾਪਸ ਕੀਤਾ ਹੈ। ਮੈਂ ਇਹ ਗੱਲਾਂ ਇਸ ਕਰਕੇ ਦੱਸ ਰਿਹਾ ਹਾਂ ਕਿ ਕਿਵੇਂ ਸਾਡੇ ਮਾਨਯੋਗ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸਾਹਿਬ ਦੀ ਅਗਵਾਈ ਦੇ ਵਿੱਚ ਸੂਬਾ, ਜਿਸ ਮਾੜੀ ਸਥਿਤੀ ਦੇ ਵਿੱਚ ਪਿਛਲੀਆਂ ਸਰਕਾਰਾਂ ਨੇ ਛੱਡਿਆ ਸੀ, ਉਸ ਤੋਂ ਮੋੜ ਕੇ ਇੱਕ ਚੰਗੇ ਪਾਸੇ ਵੱਲ ਲੈ ਕੇ ਜਾ ਰਹੇ ਹਨ। ਸਾਲ

2022-23 ਵਿੱਚ ਹੀ G.S.D.P. at constant prices ਵਿੱਚ 6.08% ਦਾ ਵਾਧਾ ਹੋਇਆ ਹੈ, ਜੋ ਕਿ ਆਰਥਿਕਤਾ ਦੇ ਲਈ ਇੱਕ ਚੰਗਾ ਅਤੇ ਸ਼ੁਭ ਸੰਕੇਤ ਹੈ। ਵਿੱਤੀ ਵਰ੍ਹੇ 2021-22 ਲਈ ਭਾਰਤ ਦੀ ਜੀ.ਡੀ.ਪੀ. ਦਾ ਗ੍ਰੋਥ ਰੇਟ 8.68% ਸੀ, ਜਦ ਕਿ ਪੰਜਾਬ ਦੀ ਜੀ.ਐਸ.ਡੀ.ਪੀ. ਦਾ ਗ੍ਰੋਥ ਰੇਟ 21.69% ਸੀ, ਜੋ ਕਿ ਨੈਸ਼ਨਲ ਗ੍ਰੋਥ ਰੇਟ ਤੋਂ 2.39% ਘੱਟ ਸੀ ਪਰ ਸਾਲ 2022-23 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਇਹ ਘੱਟ ਕੇ ਸਿਰਫ 0.87% ਰਹਿ ਗਿਆ। ਜੇਕਰ ਅਸੀਂ total revenue receipts as percentage of GSDP ਦੀ ਗੱਲ ਕਰੀਏ ਤਾਂ ਵਿੱਤੀ ਵਰ੍ਹੇ 2022-23 ਵਿੱਚ ਪਿਛਲੇ ਪੰਜ ਵਰ੍ਹਿਆਂ ਵਿੱਚ ਸਭ ਤੋਂ ਵੱਧ 14.66% ਰਹੀ ਹੈ ਜੋ ਕਿ ਸਾਲ 2018-19 ਵਿੱਚ 12.15, ਸਾਲ 2019-20 ਵਿੱਚ 11.47%, ਸਾਲ 2020-21 ਦੌਰਾਨ 13.02% ਅਤੇ 2021-22 ਵਿੱਚ 13.38% ਸੀ। ਇਸ ਤੋਂ ਬਿਨਾਂ States on Tax Revenue as percentage of GSDP, ਵਿੱਤੀ ਵਰ੍ਹਾ ਸਾਲ 2022-23 ਪਿਛਲੇ ਪੰਜ ਵਰ੍ਹਿਆਂ (ਸਾਲ 2018-19, 2019-20 ਅਤੇ 2020-21) ਦੇ ਮੁਕਾਬਲੇ ਸਭ ਤੋਂ ਜ਼ਿਆਦਾ 6.92% ਰਹੀ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਸੂਬੇ ਦੀ ਉੱਭਰਦੀ ਹੋਈ ਆਰਥਿਕਤਾ ਦਾ ਇੱਕ ਹੋਰ ਸੰਕੇਤ ਵਿੱਤੀ ਵਰ੍ਹੇ ਸਾਲ 2022-23 ਵਿੱਚ, ਜੋ committed expenditure as percentage of total receipts ਹੈ, ਉਸ ਦਾ ਘੱਟ ਕੇ 75.17% ਤੇ ਆਉਣਾ ਹੈ, ਜੋ ਕਿ ਆਰਥਿਕ ਮਾਹਿਰਾਂ ਦੇ ਅਨੁਸਾਰ ਇਸ ਦਾ ਘਟਣਾ ਰੈਵੀਨਿਊ ਦੇ ਵਾਧੇ ਦਾ ਸੰਕੇਤ ਹੈ ਔਰ ਸੂਬੇ ਵਿੱਚ ਮਜ਼ਬੂਤ ਹੋ ਰਹੀ ਆਰਥਿਕਤਾ ਦਾ ਪ੍ਰਮਾਣ ਮਹਾਂ ਲੇਖਾਕਾਰ ਪੰਜਾਬ ਤੋਂ ਪ੍ਰਾਪਤ ਹੋਏ ਰਾਜ ਦੇ ਲੇਖਿਆਂ ਉੱਤੇ ਨਿਰਧਾਰਿਤ Key fiscal indicators ਹਨ, ਉਨ੍ਹਾਂ ਦੇ ਮੁਤਾਬਿਕ up to September 2022 in comparison to September 2021 ਦੇ ਅਨੁਸਾਰ ਰਾਜ ਦੀ ਆਪਣੇ ਕਰਾਂ ਤੋਂ ਆਮਦਨ ਵਿੱਚ 14.87% ਵਾਧਾ ਹੋਇਆ ਹੈ ਅਤੇ ਰਾਜ ਦੀ ਆਪਣੀ ਗੈਰ ਕਰ ਆਮਦਨ ਵਿੱਚ 46.58% ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ ਰਾਜ ਦੀ ਆਬਕਾਰੀ ਆਮਦਨ ਵਿੱਚ 37.82% ਵਾਧਾ ਹੋਇਆ ਹੈ ਔਰ ਜਿਹੜੇ Taxes on Vehicles ਹਨ, ਇਨ੍ਹਾਂ ਵਿੱਚ ਵੀ 44.65% ਵਾਧਾ ਹੋਇਆ ਹੈ। ਆਰਥਿਕਤਾ ਨੂੰ ਚੰਗੇ ਪਾਸੇ ਲਿਜਾਉਣ ਦਾ ਹੀ ਇਹ ਨਤੀਜਾ ਹੈ ਕਿ ਲੋਕਾਂ ਦੇ ਪੈਸੇ ਨਾਲ ਮੁਹੱਲਾ ਕਲੀਨਿਕ, ਸਕੂਲ ਆਫ ਐਮੀਨੈਂਸ, ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਾਲ ਨਾਲ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿੱਚ ਟਰੇਨਿੰਗ ਲਈ ਭੇਜਿਆ ਗਿਆ ਹੈ। 26797 ਨੌਕਰੀਆਂ ਵੀ ਦਿੱਤੀਆਂ ਗਈਆਂ ਹਨ। ਇਸ ਦੇ ਨਾਲ 90% ਪਰਿਵਾਰਾਂ ਦਾ ਬਿੱਲ ਜ਼ੀਰੋ ਕੀਤਾ ਗਿਆ ਹੈ। ਖੇਤੀਬਾੜੀ ਦੇ ਬਜਟ ਵਿੱਚ 20% ਵਾਧਾ ਕੀਤਾ ਗਿਆ ਹੈ ਅਤੇ 2574 ਕਿਸਾਨ ਮਿੱਤਰ ਰੱਖੇ ਗਏ ਹਨ। ਅੱਜ ਤੋਂ ਪਹਿਲਾਂ ਸਾਡੇ ਮੁਲਕ ਵਿੱਚ ਇੰਡਸਟਰੀਲਿਸਟਾਂ ਦੇ ਮਿੱਤਰ ਜ਼ਰੂਰ ਰੱਖੇ ਗਏ ਸਨ ਪਰ ਕਿਸਾਨ ਮਿੱਤਰ ਕਦੇ ਨਹੀਂ ਰੱਖੇ ਗਏ। ਅੱਜ ਮਾਨ ਸਾਹਿਬ ਨੇ ਜਿਹੜੀ ਕਿਸਾਨ ਮਿੱਤਰ ਰੱਖਣ ਦੀ ਸ਼ੁਰੂਆਤ ਕੀਤੀ ਹੈ।

ਸਭ ਤੋਂ ਵੱਡੀ ਗੱਲ, ਸਾਡੇ ਕੰਢੀ ਇਲਾਕੇ ਵਾਸਤੇ ਸਾਡੇ ਸਾਧਨ, ਜਿਹੜੇ ਸਾਡੇ resources ਹਨ, ਪਹਾੜ ਹਨ, ਉਨ੍ਹਾਂ ਬਾਰੇ ਕਿਸੇ ਨੇ ਗੱਲ ਨਹੀਂ ਕੀਤੀ ਪਰ ਜਿਹੜੀ ਅੱਜ ਨਵੀਂ Water and Adventure Tourism ਦੀ ਪਾਲਿਸੀ ਹੈ, ਉਹ ਪੰਜਾਬ ਦੇ ਵਿੱਚ ਲਿਆਂਦੀ ਗਈ ਹੈ।

**ਜਸਪਾਲ/1.15/ਰਜਨੀਸ਼/11.3.2023**

ਵੇਖੋ, ਇਹ ਬੜੀ ਮਾੜੀ ਗੱਲ ਹੈ ਕਿ ਸਾਡੇ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਹੀ ਇਹ ਭਰਮ ਫੈਲਾਇਆ ਜਾਂਦਾ ਹੈ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਮਾੜੀ ਹੈ, ਇਸ ਨੀਤੀ ਦੇ ਤਹਿਤ ਕਿ ਪੰਜਾਬ ਵਿਚ ਕਿਤੇ ਕੋਈ ਇਨਵੈਸਟਮੈਂਟ ਨਾ ਆ ਜਾਵੇ, ਪੰਜਾਬ ਵਿਚ ਕੋਈ ਇੰਡਸਟਰੀ ਨਾ ਆ ਜਾਵੇ। ਆਮ ਆਦਮੀ ਦੀ ਸਰਕਾਰ ਦੇ ਵਿੱਚ ਨਾ ਆ ਜਾਵੇ ਪਰ ਇਸ ਦੇ ਬਾਵਜੂਦ 2200 ਨਵੇਂ ਨਿਵੇਸ਼ ਆਏ ਜਿਨ੍ਹਾਂ ਨੇ 41043 ਕਰੋੜ ਰੁਪਏ ਦੇ ਨਿਵੇਸ਼ ਆਏ ਇਸ ਨਾਲ 2.5 ਲੱਖ ਨੌਕਰੀਆਂ ਵੀ ਮਿਲਣਗੀਆਂ। ਖੇਡਾਂ ਦੇ ਲਈ ਸਾਡੇ ਇੱਕ ਨੌਜਵਾਨ ਖੇਡ ਮੰਤਰੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਹਨ, 258 ਕਰੋੜ ਰੁਪਏ ਰੱਖੇ ਗਏ ਹਨ ਜੋ ਕਿ ਪਿਛਲੇ ਵਰੇ ਤੋਂ 55 ਪ੍ਰਤੀਸ਼ਤ ਵੱਧ ਹੈ । ਅੱਜ ਤੱਕ ਗਰੀਬ ਦੇ ਇਲਾਜ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ, ਪੰਜਾਬ ਸਟੇਟ ਆਫ ਇੰਸਟੀਚਿਊਟ ਆਫ ਲਿਵਰ, ਐਸ.ਏ.ਐਸ.ਨਗਰ ਮੁਹਾਲੀ ਵਿਚ ਇਸ ਵਰੇ ਦੇ ਵਿੱਚ ਚੱਲਦੀ ਹੋ ਜਾਵੇਗੀ ਤਾਂਕਿ ਲੋਕਾਂ ਨੂੰ ਪੀ.ਜੀ.ਆਈ. ਵਿੱਚ ਧੱਕੇ ਨਾ ਖਾਣੇ ਪੈਣ। ਸੋ, ਮੈਂ ਇਹੀ ਕਹਿਣਾ ਚਾਹਾਂਗਾ ਕਿ ਇਹ ਜਿਹੜੇ ਸੁਧਾਰ ਹਨ, ਇਹ ਚੰਗੀ ਆਰਥਿਕਤਾ ਵੱਲ ਜਿਹੜਾ ਮੋੜ ਹੈ, ਇਹ ਤਾਂ ਹੀ ਸੰਭਵ ਹੋ ਸਕਿਆ ਹੈ ਜੇਕਰ ਪੰਜਾਬ ਦੇ ਵਿਚ ਆਮ ਲੋਕਾਂ ਦਾ ਪੈਸਾ, ਮਾਫੀਏ ਦੇ ਕੋਲੋਂ ਬਚਾ ਕੇ ਸਿਹਤ, ਸਿੱਖਿਆ ਤੇ ਰੋਜ਼ਗਾਰ ਉਪਰ ਲਗਾਉਣ ਦੀ ਸ਼ੁਰੂਆਤ ਹੋਈ ਹੈ ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਇੱਕ ਸਾਲ ਪਹਿਲਾਂ ਹੀ ਪੰਜਾਬ ਦੀ ਹਰ ਸੜਕ ਦੇ ਉਪਰ ਗੁੰਡਾ ਟੈਕਸ ਦੇ ਨਾਕੇ ਆਮ ਸੀ ਜਿਹੜੇ ਰੋਜ਼ ਕਰੋੜਾਂ ਰੁਪਿਆ ਗੁੰਡਾ ਟੈਕਸ ਇਕੱਠਾ ਕਰਦੇ ਸੀ ਔਰ ਪੰਜਾਬ ਦੇ ਵਿੱਚ ਟੋਲ ਮਾਫੀਆ ਅੱਡ ਸੀ, ਬਿਨਾਂ ਸੜਕ ਬਣਾਏ ਟੋਲ ਟੈਕਸ ਇਕੱਠਾ ਕਰਦੇ ਸੀ । ਪਰ ਮੁੱਖ ਮੰਤਰੀ ਸਾਹਿਬ ਨੇ ਆਉਂਦੇ ਹੀ ਅਜਿਹੀਆਂ ਜਿਹੜੀਆਂ ਟੋਲ ਕੰਪਨੀਆਂ ਸੀ, ਉਨ੍ਹਾਂ ਦੇ ਟੋਲ ਪਲਾਜ਼ੇ ਬੰਦ ਕਰਨ ਦੀ ਸ਼ੁਰੂਆਤ ਕੀਤੀ ਹੈ। ਅੱਜ ਵੀ ਉਹ ਲੁੱਟ ਇਸ ਕਰਕੇ ਜਾਰੀ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ, ਦੇਖੋ 2006 ਵਿਚ ਹੀ ਟੋਲ ਪਾਲਿਸੀ ਅਜਿਹੀ ਬਣ ਗਈ ਜਿਸ ਦੇ ਰੇਟ ਦੁੱਗਣੇ ਹਨ, ਇਹ ਮੈਨੂੰ ਲੱਗਦਾ ਹੈ ਕਿ ਇਸ ਮੁਲਕ ਵਿਚ ਪਹਿਲੀ ਉਦਾਹਰਨ ਹੋਣੀ ਹੈ ਕਿ 2006 ਵਿਚ ਜਿਹੜੇ ਟੋਲ ਪਲਾਜ਼ੇ ਦੇ ਰੇਟ ਉਸ ਵੇਲੇ ਦੀ ਕਾਂਗਰਸ ਪਾਰਟੀ ਸਰਕਾਰ ਵਿਚ ਫਿਕਸ ਕੀਤੇ ਗਏ ਉਹ ਮੁੜ ਕੇ 2013 ਦੇ ਵਿੱਚ ਸੱਤ ਸਾਲ ਬਾਅਦ ਰੇਟ ਘਟਾਉਣੇ ਪਏ ਕਿਉਂਕਿ 2006 ਵਿਚ ਕੰਪਨੀਆਂ ਨੂੰ ਫਾਇਦਾ ਦੇਣ ਲਈ ਪਹਿਲਾਂ ਹੀ ਇੰਨੇ

ਜ਼ਿਆਦਾ ਰੇਟ ਫਿਕਸ ਕਰ ਦਿੱਤੇ ਸਨ । ਇਸ ਤਰ੍ਹਾਂ ਦੇ ਮਾਫੀਏ ਇਸ ਸੂਬੇ ਵਿਚ ਚਲਦੇ ਸੀ, ਉਨ੍ਹਾਂ ਮਾਫੀਆ ਨੂੰ ਹੁਣ ਖਤਮ ਕਰਕੇ ਇਹ ਆਮ ਲੋਕਾਂ ਦੇ ਬਜਟ ਲਈ, ਆਮ ਲੋਕਾਂ ਦੇ ਫਾਇਦੇ ਲਈ ਉਹ ਪੈਸਾ ਰਾਜ ਦੇ ਖਜ਼ਾਨੇ ਵਿਚ ਆ ਰਿਹਾ ਹੈ। ਟਰਾਂਸਪੋਰਟ ਮਾਫੀਆ ਜਿਨ੍ਹਾਂ ਨੇ ਬੱਸਾਂ ਦੇ ਪਰਮਿੱਟ, ਸਰਕਾਰੀ ਬੱਸਾਂ ਦੇ ਪਰਮਿੱਟ ਵਧਾਉਣ ਦੀ ਬਜਾਏ ਪ੍ਰਾਈਵੇਟ ਬੱਸਾਂ ਦੇ ਪਰਮਿੱਟਾਂ ਦੇ ਕਿਲੋਮੀਟਰਾਂ ਵਿੱਚ ਘਰੇ ਬੈਠੇ ਹੀ ਬਿਨਾਂ ਕਿਸੇ ਕਾਨੂੰਨ ਤੋਂ ਵਾਧਾ ਕਰ ਲਿਆ ਜਿਸ ਉਤੇ ਮਾਨਯੋਗ ਸੁਪਰੀਮ ਕੋਰਟ ਨੇ ਵੀ ਕਿਹਾ ਕਿ ਇਹ ਗਲਤ ਹੈ, ਇਹ ਸਟੇਟ ਦੀਆਂ ਬੱਸਾਂ ਨੂੰ ਖਤਮ ਕਰਨ ਵਾਲਾ ਕੰਮ ਹੈ, ਉਨ੍ਹਾਂ ਵਾਧਿਆਂ ਨੂੰ ਜਿਹੜਾ ਕਿਲੋਮੀਟਰਾਂ ਵਿਚ ਪੰਜਾਬ ਦੀ ਲੁੱਟ ਕੀਤੀ ਗਈ ਉਨ੍ਹਾਂ ਵਾਧਿਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖਤਮ ਕੀਤਾ, ਸ਼ਰਾਬ ਮਾਫੀਆ ਨੂੰ ਖਤਮ ਕੀਤਾ । ਇਥੇ ਬੈਠਾ ਹਰ ਇਕ ਐਮ.ਐਲ.ਏ., ਹਰ ਇਕ ਵਿਧਾਇਕ ਆਪਣੇ ਹਲਕੇ ਲਈ, ਆਪਣੇ ਜ਼ਿਲ੍ਹੇ ਲਈ, ਆਪਣੇ ਸੂਬੇ ਲਈ ਅਵਾਜ਼ ਬੁਲੰਦ ਕਰਨ ਲਈ ਵਿਧਾਨ ਸਭਾ ਵਿਚ ਆਉਂਦਾ ਹੈ। ਮੈਨੂੰ ਲੱਗਦਾ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿਚ ਇਹ ਸੁਨਹਿਰੀ ਮੌਕਾ ਹੈ ਕਿ ਜਦੋਂ ਇਹ ਨੁਮਾਇੰਦਿਆਂ ਦੀ ਅਵਾਜ਼ ਸੁਣੀ ਜਾਂਦੀ ਹੈ ਔਰ ਲੋਕ ਹਿਤ ਦੇ ਵਿਚ ਫੈਸਲੇ ਲਏ ਜਾਂਦੇ ਹਨ। ਮੈਂ ਰੋਪੜ ਹਲਕੇ ਤੋਂ ਵਿਧਾਇਕ ਹਾਂ। ਮੈਂ ਪਿਛਲੇ ਸੈਸ਼ਨ ਦੇ ਵਿੱਚ ਇਸੇ ਹੀ ਸਤਿਕਾਰਤ ਵਿਧਾਨ ਸਭਾ ਵਿਚ ਮੈਂ ਇੱਕ ਮੁੱਦਾ ਰੇਜ਼ ਕੀਤਾ ਸੀ ਕਿ ਸਾਡੇ ਜ਼ਿਲ੍ਹੇ ਦੇ ਵਿੱਚ ਇੱਕ ਵੱਡਾ ਜੰਗਲਾਤ ਘੁਟਾਲਾ ਹੋਇਆ ਹੈ ਜਿਥੇ ਬਹੁਤ ਸਸਤੀ ਜ਼ਮੀਨ, ਸਰਕਾਰ ਨੂੰ ਮਹਿੰਗੀ ਵੇਚ ਦਿੱਤੀ ਗਈ ਸੀ । ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਔਰ ਸਾਡੇ ਜੰਗਲਾਤ ਮੰਤਰੀ ਕਟਾਰੂਚੱਕ ਸਾਹਿਬ ਦੀ ਅਗਵਾਈ ਵਿੱਚ ਏਨਾ ਜਲਦ ਐਕਸ਼ਨ ਹੋਇਆ ਹੈ ਕਿ ਉਸ ਸੈਸ਼ਨ ਤੋਂ ਲੈ ਕੇ ਅੱਜ ਵਾਲੇ ਸੈਸ਼ਨ ਤੱਕ ਜਿਹੜਾ 6 ਕਰੋੜ ਰੁਪਿਆ ਸਰਕਾਰ ਦੇ ਕੋਲੋਂ ਇਕ ਮਾਫੀਏ ਨੇ ਫਾਲਤੂ ਵਸੂਲਿਆ ਸੀ ਉਹ ਅੱਜ ਸਰਕਾਰੀ ਖਜ਼ਾਨੇ ਦੇ ਵਿੱਚ ਜਮ੍ਹਾਂ ਵੀ ਹੋ ਗਿਆ ਹੈ (ਥੰਪਿੰਗ) ਪਹਿਲਾਂ ਪੈਸੇ ਜਮ੍ਹਾਂ ਹੋਏ, ਜ਼ਮਾਨਤ ਦੋਸ਼ੀਆਂ ਨੂੰ ਤਾਂ ਮਿਲੀ ਹੈ। ਇਥੇ ਹੀ ਬਸ ਨਹੀਂ, ਹੋਰ ਕੀ ਜਿਹੜੇ ਵੀ.ਆਈ.ਪੀ. ਸਟਿੱਕਰ ਵਾਲੀਆਂ ਗੱਡੀਆਂ ਉਸ ਮਾਮਲੇ ਵਿਚ ਇਨਵਾਲਵ ਹਨ, ਉਹ ਵੀ ਥਾਣਿਆਂ ਵਿੱਚ ਖੜ੍ਹੀਆਂ ਹਨ। ਇਸ ਤੋਂ ਬਿਨਾਂ ਇੱਕ-ਇੱਕ ਹਜ਼ਾਰ ਕਰੋੜ ਦਾ ਹੋਰ ਸਕੈਮ ਰੋਪੜ ਜ਼ਿਲ੍ਹੇ ਦਾ ਮਾਈਨਿੰਗ ਦਾ, ਉਹ ਵੀ ਵੱਡੇ ਵੱਡੇ ਸਿਆਸਤਦਾਨ ਲੋਕਾਂ ਦਾ ਹੈ, ਉਸ ਦਾ ਵੀ ਪਿਛਲੇ ਸੈਸ਼ਨ ਦੇ ਵਿੱਚ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ, ਉਸ ਦੇ ਉਤੇ ਵੀ ਬੜੀ ਤੇਜ਼ੀ ਨਾਲ ਕਾਰਵਾਈ ਚੱਲ ਰਹੀ ਹੈ। ਜਿਵੇਂ ਇਹ ਪੰਜ ਛੇ ਕਰੋੜ ਰੁਪਿਆ ਅਸੀਂ ਆਪਣੇ ਜ਼ਿਲ੍ਹੇ ਦੇ, ਸੂਬੇ ਦੇ ਖਾਤੇ ਵਿੱਚ ਪਾ ਦਿੱਤਾ। ਉਮੀਦ ਹੈ ਕਿ ਉਹ 1000 ਕਰੋੜ ਰੁਪਿਆ ਵੀ ਜਲਦੀ ਪੈ ਜਾਵੇਗਾ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਨਾਲ ਹੀ ਜਿਹੜੇ ਦੋਸ਼ੀ ਹਨ, ਉਹ ਵੀ ਸਲਾਖਾਂ ਦੇ ਪਿਛੇ ਚਲੇ ਜਾਣਗੇ। ਇਸ ਦੇ ਨਾਲ ਮੈਂ ਵਿਸ਼ੇਸ਼ ਤੌਰ ਉਤੇ ਮਾਨਯੋਗ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਾਡੇ ਰੋਪੜ ਵਿੱਚ ਜਿਹੜਾ ਪੋਲੀਟੈਕਨਿਕ ਕਾਲਜ ਲੜਕੀਆਂ ਦਾ ਕਾਲਜ 2009 ਤੋਂ ਬਣਿਆ ਪਿਆ ਸੀ ਉਸ ਨੂੰ ਸਿਰਫ ਚਲਾਇਆ ਹੀ ਨਹੀਂ ਸਗੋਂ ਚਲਾ ਕੇ ਐਤਕੀਂ ਦੇ ਬਜਟ ਵਿੱਚ ਉਸ ਨੂੰ ਕੋ-ਐਡ ਕਰਨ ਦਾ ਐਲਾਨ ਵੀ ਕੀਤਾ ਹੈ। ਲਾਸਟ ਵਿੱਚ ਮੈਂ ਇਹੀ ਕਹਾਂਗਾ ਕਿ ਜਦੋਂ ਚੰਗਾ ਕੰਮ ਕਰਨ ਲਈ ਜਦੋਂ ਕੋਈ ਮਾਫੀਆ ਨੂੰ ਖਤਮ ਕਰਕੇ ਕੋਈ ਸਰਕਾਰ ਲੋਕਾਂ ਦੇ ਉਪਰ ਪੈਸਾ ਖਰਚ ਕਰਨ ਲਈ ਨਿਕਲੀ ਹੈ ਤਾਂ ਫਿਰ ਉਥੇ ਈ.ਡੀ.ਦਾ ਆਉਣਾ ਤਾਂ ਸੁਭਾਵਿਕ ਹੈ, ਉਥੇ ਫਿਰ ਸੀ.ਬੀ.ਆਈ.ਦਾ ਆਉਣਾ ਤਾਂ ਸੁਭਾਵਿਕ ਹੈ ਕਿਉਂਕਿ ਕਲਿਆਣਕਾਰੀ ਸਰਕਾਰ ਹੈ, ਜੇਕਰ ਕੋਈ ਮਿੱਤਰ ਬਣਾ ਕੇ ਚੱਲੇ, ਕੋਈ ਮਿੱਤਰਾਂ ਮੁਤਾਬਿਕ ਚਲੇ ਫਿਰ ਸ਼ਾਇਦ ਈ.ਡੀ.ਜਾਂ ਸੀ.ਬੀ.ਆਈ. ਨਾ ਆਉਣ ਪਰ ਇਹ ਕਿਸਾਨ ਮਿੱਤਰਾਂ ਵਾਲੀ ਸਰਕਾਰ ਹੈ, ਇਸ ਕਰਕੇ ਈ.ਡੀ. ਸੀ.ਬੀ.ਆਈ. ਦਾ ਆਉਣਾ ਬੜਾ ਸੁਭਾਵਿਕ ਹੈ ਔਰ ਬੜਾ ਬੁਰਾ ਲੱਗਦਾ ਹੈ ਕਿ ਇਸ ਸਦਨ ਦੇ ਵਿੱਚ ਵੀ ਬੈਠ ਕੇ ਜਦੋਂ ਸ਼ਰ੍ਹੇਆਮ ਇਸ ਚੀਜ਼ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਕਿ ਜੇਕਰ ਤੁਸੀਂ ਭ੍ਰਿਸ਼ਟਾਚਾਰੀਆਂ ਦੇ ਖਿਲਾਫ ਕਾਰਵਾਈ ਕਰੋਗੇ ਤਾਂ ਤੁਹਾਡੇ ਲਈ ਈ.ਡੀ. ਤਿਆਰ ਹੈ,

ਬ.ਕ./ਐਮ./11.3.23/1.20

ਜਦੋਂ ਇੱਥੇ ਬੈਠ ਕੇ ਇਹ ਗੱਲ ਪ੍ਰਤੱਖ ਸੁਣਨ ਨੂੰ ਮਿਲਦੀ ਹੈ ਕਿ ਜੇਕਰ ਤੁਸੀਂ ਭ੍ਰਿਸ਼ਟਾਚਾਰੀਆਂ ਦੇ ਖਿਲਾਫ ਕਾਰਵਾਈ ਕਰੋਗੇ ਤਾਂ ਤੁਹਾਡੇ ਲਈ ਈ.ਡੀ ਤਿਆਰ ਹੈ। ਫਿਰ ਮੈਂ ਈ.ਡੀ ਤਿਆਰ ਕਰਨ ਵਾਲਿਆਂ ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਸਾਰੇ ਘਰੋਂ ਨਿਕਲੇ ਸੀ, ਉਦੋਂ ਅਸੀਂ ਐਮ.ਐਲ.ਏ ਬਣਨ ਲਈ ਨਹੀਂ ਨਿਕਲੇ ਸੀ। ਅਸੀਂ ਲੜਾਈ ਲੜਨ ਵਾਸਤੇ ਨਿਕਲੇ ਸੀ। ਕੋਈ ਜੇਲ੍ਹਾਂ ਵਿੱਚ ਗਿਆ, ਸਾਡੇ ਤੇ ਪਰਚੇ ਹੋਏ। ਪੰਜਾਬ ਨੂੰ ਕਲਿਆਣਕਾਰੀ ਰਾਜ ਬਣਾਉਣ ਦੀ ਜਿਹੜੀ ਗੱਲ ਹੈ, ਉਹ ਇਨ੍ਹਾਂ ਪਰਚਿਆਂ ਜਾਂ ਈ.ਡੀ ਕਾਰਨ ਰੁਕਣ ਵਾਲੀ ਨਹੀਂ ਹੈ। ਈ.ਡੀ ਚਾਹੇ ਜਿੰਨੀ ਮਰਜ਼ੀ ਕਾਰਵਾਈ ਕਰ ਲਵੇ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸ਼੍ਰੀਮਤੀ ਅਰੁਨਾ ਚੌਧਰੀ ਜੀ, ਤੁਹਾਡੇ ਕੋਲ 6 ਮਿੰਟ ਹਨ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਡਿਪਟੀ ਸਪੀਕਰ ਸਾਹਿਬ, ਅੱਧਾ ਮਿੰਟ ਹੋਰ ਦੇ ਦਿਓ।

**ਮਾਨਯੋਗ ਡਿਪਟੀ ਸਪੀਕਰ** : ਹੋ ਗਿਆ ਜੀ। ਤੁਹਾਨੂੰ 8 ਮਿੰਟ ਵੱਧ ਦਿੱਤੇ ਹਨ। ਸ਼੍ਰੀਮਤੀ ਅਰੁਨਾ ਚੌਧਰੀ ਜੀ, ਤੁਸੀਂ ਸ਼ੁਰੂ ਕਰੋ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ** : ਤੁਹਾਡੇ ਕੋਲ 6 ਮਿੰਟ ਹਨ ਜੀ।

**ਸ਼੍ਰੀਮਤੀ ਅਰੁਨਾ ਚੌਧਰੀ** : ਥੋੜ੍ਹਾ ਜਿਹਾ ਐਡਜਸਟ ਕਰ ਲੈਣਾ ਜੀ ਜੇਕਰ ਟਾਈਮ ਜ਼ਿਆਦਾ ਹੋ ਗਿਆ।

**ਮਾਨਯੋਗ ਡਿਪਟੀ ਸਪੀਕਰ** : ਮੈਂਬਰ ਸਾਹਿਬ, ਕੀ ਕਹਿ ਰਹੇ ਹੋ?

**ਸ਼੍ਰੀਮਤੀ ਅਰੁਨਾ ਚੌਧਰੀ** : ਡਿਪਟੀ ਸਪੀਕਰ ਸਾਹਿਬ, ਮੈਂ ਕਿਹਾ ਜੀ ਕਿ ਥੋੜ੍ਹਾ ਜਿਹਾ ਐਡਜਸਟਮੈਂਟ ਕਰ ਲੈਣਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ ਬੈਠੇ)** : ਤੁਸੀਂ ਅਕਾਲੀ ਦਲ ਨੂੰ ਡਬਲ ਟਾਈਮ ਦਿੱਤਾ ਹੈ ਜੀ।

**ਮਾਨਯੋਗ ਡਿਪਟੀ ਸਪੀਕਰ** : ਤੁਹਾਡੇ ਵਾਲਾ ਦੇ ਦੇਈਏ? ਤੁਸੀਂ ਇਨ੍ਹਾਂ ਨੂੰ ਕਿਉਂ ਇੰਟਰੱਪਟ ਕਰ ਰਹੇ ਹੋ? ਬੀਬਾ ਜੀ ਨੂੰ ਬੋਲਣ ਦਿਓ।(ਵਿਘਨ...ਸ਼ੋਰ)

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਤੁਸੀਂ ਅਕਾਲੀ ਦਲ ਦਾ ਡਬਲ ਕੀਤਾ ਹੈ, ਸਾਰਿਆਂ ਦਾ ਹੀ ਕਰ ਦਿਓ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਕਿਉਂ ਇੰਟਰੱਪਟ ਕਰ ਰਹੇ ਹੋ? ਤੁਹਾਡੇ ਮੈਂਬਰ ਸਾਹਿਬ ਖੜ੍ਹੇ ਹਨ। ਉਨ੍ਹਾਂ ਦਾ ਟਾਈਮ ਸ਼ੁਰੂ ਹੈ। ਤੁਹਾਨੂੰ ਕੱਲ੍ਹ ਬਿਨਾਂ ਟਾਈਮ ਦਿੱਤਿਆਂ ਬੁਲਾਇਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ** : ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਸਰਕਾਰ ਦੀ ਤਰੱਕੀ ਨਾਪਣ ਦਾ ਇਕੋ ਇਕ ਤਰੀਕਾ ਐਜੂਕੇਸ਼ਨ ਹੁੰਦਾ ਹੈ। ਕੋਈ ਵੀ ਸਰਕਾਰ ਆਉਂਦੀ ਹੈ, ਉਹ ਆਪਣੇ ਵਲੋਂ ਚੰਗੇ ਕੰਮ ਹੀ ਕਰਦੀ ਹੈ। ਇਹ ਮੁੱਦਾ 23,000 ਸਕੂਲਾਂ ਨਾਲ ਜੁੜਿਆ ਹੋਇਆ ਹੈ। ਮੈਨੂੰ ਇਸ ਡਿਪਾਰਟਮੈਂਟ ਵਿੱਚ ਕੁਝ ਦੇਰ ਮੰਤਰੀ ਰਹਿਣ ਦਾ ਮੌਕਾ ਮਿਲਿਆ ਸੀ। ਇਸ ਲਈ ਪਿਛਲੀ ਸਰਕਾਰ ਵੇਲੇ ਜੋ ਚੰਗੇ ਕੰਮ ਹੋਏ ਹਨ, ਮੈਂ ਉਨ੍ਹਾਂ ਬਾਰੇ ਇਕ ਛੋਟਾ ਜਿਹਾ glimpse ਦੇਣਾ ਚਾਹੁੰਦੀ ਹਾਂ। ਮੈਂ ਨੁਕਤਾਚੀਨੀ ਵਾਸਤੇ ਖੜ੍ਹੀ ਨਹੀਂ ਹੋਈ, ਮੈਂ ਇਕ ਸੁਝਾਅ ਵੀ ਦੇਵਾਂਗੀ ਅਤੇ ਸਾਡੀ ਪਿਛਲੀ ਸਰਕਾਰ ਵੇਲੇ ਜਿਹੜੇ ਚੰਗੇ ਕੰਮ ਹੋਏ ਹਨ, ਉਨ੍ਹਾਂ ਬਾਰੇ ਦੱਸਾਂਗੀ। ਜਿਵੇਂ ਟੀਚਰਾਂ ਵਾਸਤੇ ਬਾਰਡਰ ਏਰੀਆ ਕਾਡਰ set up ਕੀਤਾ ਗਿਆ ਸੀ ਅਤੇ 12,760 ਪੋਸਟਾਂ ਵੀ ਭਰੀਆਂ ਗਈਆਂ ਸਨ। ਵਾਰ ਵਾਰ ਟ੍ਰਾਂਸਫਰਾਂ avoid ਕਰਨ ਵਾਸਤੇ ਟ੍ਰਾਂਸਫਰ ਪਾਲਿਸੀ ਟ੍ਰਾਂਸਪੇਰੈਂਟ ਤਰੀਕੇ ਨਾਲ ਲਾਗੂ ਕੀਤੀ ਗਈ।

ਇਸ ਦੇ ਨਾਲ ਹੀ ਇਕ ਇੰਪਾਰਟੈਂਟ ਕੰਮ pre primary education ਵਾਲਾ ਕੀਤਾ ਗਿਆ ਸੀ। ਸਰਕਾਰੀ ਸਕੂਲਾਂ ਵਿੱਚ 6 ਸਾਲ ਦੇ ਬੱਚੇ ਨੂੰ ਐਡਮਿਸ਼ਨ ਦਿੱਤੀ ਜਾਂਦੀ ਹੈ ਲੇਕਿਨ ਅੱਜਕਲ੍ਹ ਦੇ ਟ੍ਰੈਂਡ ਮੁਤਾਬਿਕ ਤਿੰਨ ਸਾਲ ਦੇ ਬੱਚੇ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਿਆ ਜਾਂਦਾ ਹੈ। ਬੱਚੇ ਦੇ ਮਾਂ-ਬਾਪ ਇਹ ਅਫੋਰਡ ਨਹੀਂ ਕਰ ਸਕਦੇ, ਇਹ ਉਨ੍ਹਾਂ ਦੀ ਮਜਬੂਰੀ ਹੈ। ਸੋ, ਇਸ ਵਾਸਤੇ ਸੋਚਿਆ ਗਿਆ ਕਿ ਸੋਸ਼ਲ ਸਿਕਿਓਰਟੀ ਡਿਪਾਰਟਮੈਂਟ ਦੁਆਰਾ ਚਲਾਏ ਜਾਂਦੇ ਆਂਗਨਵਾੜੀ ਨੂੰ ਐਜੂਕੇਸ਼ਨ ਨਾਲ ਕੋਲੈਬੋਰੇਟ ਕਰਕੇ ਇਕ ਬਹੁਤ ਹੀ ਵਧੀਆ ਪ੍ਰੋਗਰਾਮ ਚਲਾਇਆ ਜਾਵੇ। Pre primary education ਸ਼ੁਰੂ ਕੀਤੀ ਗਈ ਜਿਸ ਦਾ ਬਹੁਤ ਵਧੀਆ ਰਿਸਪਾਂਸ ਮਿਲਿਆ ਅਤੇ 5 ਲੱਖ ਬੱਚਿਆਂ ਦੀ ਨਵੀਂ ਐਨਰੋਲਮੈਂਟ ਸਕੂਲਾਂ ਵਿੱਚ ਹੋਈ।

ਛੋਟੇ ਸਕੂਲਾਂ ਵਿੱਚ ਬਹੁਤ ਜ਼ਿਆਦਾ ਟੀਚਰ ਸਨ, ਇਸ ਵਾਸਤੇ ਟੀਚਰਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਗਈ ਤਾਂ ਕਿ ਬਾਰਡਰ ਏਰੀਆ ਵਿੱਚ ਟੀਚਰਾਂ ਦੀ ਕੋਈ ਮੁਸ਼ਕਿਲ ਨਾ ਆਵੇ। ਇਸ ਦੇ ਨਾਲ ਹੀ 42,000 ਕੁੱਕ-ਕਮ-ਹੈਲਪਰਾਂ ਦੀ ਸੈਲਰੀ ਵਧਾ ਕੇ ਆਨਰੇਰੀਅਮ 1200/- ਤੋਂ 3000/- ਕੀਤਾ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਸਾਲ 2020 ਵਿੱਚ ਜਿਹੜਾ ਨੈਸ਼ਨਲ ਅਚੀਵਮੈਂਟ ਸਰਵੇ ਹੋਇਆ ਸੀ ਉਸ ਵਿੱਚ PGI (performance grade index) ਵਿੱਚ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਇਹ ਐਜੂਕੇਸ਼ਨ ਦੇ ਖੇਤਰ ਵਿੱਚ ਬਹੁਤ ਵੱਡਾ ਲੈਂਡਮਾਰਕ ਸੀ। ਜਿਹੜਾ ਇਹ ਲੈਂਡਮਾਰਕ ਹਾਸਲ ਕੀਤਾ ਗਿਆ ਸੀ, ਇਸ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੁਣ ਨਵੀਂ ਸਰਕਾਰ ਦੇ ਸਿਰ ਤੇ ਹੈ।

ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਇਕ ਹੋਰ ਕੰਮ ਕੀਤਾ ਸੀ। ਹੈਡਕੁਆਰਟਰ ਤੇ ਕੰਸੋਲੀਡੇਟਿਡ ਸੀਨੀਆਰਟੀ ਲਿਸਟ ਨਹੀਂ ਹੁੰਦੀ ਸੀ, ਜਿਸ ਕਾਰਨ ਕਈ ਲੋਕ ਵਾਂਝੇ ਰਹਿ ਜਾਂਦੇ ਸਨ। ਇਸ ਰਾਹੀਂ ਅਸੀਂ ਗਰੁੱਪ-ਏ ਅਤੇ ਗਰੁੱਪ-ਬੀ ਵਿੱਚ ਪ੍ਰੋਮੋਸ਼ਨਾਂ ਵੀ ਕੀਤੀਆਂ ਹਨ। ਇਸ ਬਜਟ ਵਿੱਚ ਜਿਵੇਂ ਦੱਸਿਆ ਗਿਆ ਹੈ ਕਿ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਭੇਜਿਆ ਗਿਆ ਹੈ।

ਕਰਮਜੀਤ ਕੌਰ/ਮੋਨਿਕਾ ਸ਼ਰਮਾ/1.25/11.03.2023

ਮੇਰਾ ਸੁਝਾਅ ਹੈ ਕਿ ਜਿਵੇਂ ਪ੍ਰਿੰਸੀਪਲਜ਼ ਨੂੰ ਸਿੰਗਾਪੁਰ ਭੇਜਿਆ ਗਿਆ ਹੈ, ਨਵੇਂ ਟੂਲਜ਼ ਤੇ ਮਾਡਰਨ ਤਰੀਕੇ ਨਾਲ ਬੱਚਿਆਂ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ ਪਰ ਮੈਂ ਇਸ ਵਿਚ ਇਹ ਸੁਝਾਅ ਦੇਣਾ ਚਾਹੁੰਦੀ ਹਾਂ ਕਿ ਜਿਹੜੇ ਪ੍ਰਿੰਸੀਪਲਜ਼ ਬਾਹਰੋਂ ਸਿੱਖ ਕੇ ਆਏ ਹਨ, ਉਹ ਕੋਈ ਸੈਮੀਨਾਰ ਕਰਨ ਜਾਂ ਆਪਣੇ 4-4 ਜਾਂ 5-5 ਅਧਿਆਪਕਾਂ ਨੂੰ ਗਾਈਡ ਕਰਨ ਕਿ ਉਹ ਕੀ ਨਵੇਂ ਤਰੀਕੇ ਸਿੱਖ ਕੇ ਆਏ ਹਨ ਤਾਂ ਕਿ ਬੱਚਿਆਂ ਦਾ ਭਲਾ ਹੋ ਸਕੇ। ਅੱਪਗ੍ਰੇਡੇਸ਼ਨ ਆਫ ਸਕੂਲਜ਼ ਵਿਚ ਰੂਫ ਟੌਪ ਤੇ ਸੋਲਰ ਪੈਨਲ ਲਗਾਏ ਜਾਣ ਦੀ ਗੱਲ ਕਹੀ ਗਈ ਹੈ,

ਇਹ ਬਹੁਤ ਚੰਗੀ ਗੱਲ ਹੈ ਪਰ ਇਨ੍ਹਾਂ ਚੀਜ਼ਾਂ ਨੂੰ ਕੰਨਟੀਨਿਊ ਮਾਨੀਟਰ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਮੇਰੇ ਜ਼ਿਲ੍ਹੇ ਗੁਰਦਾਸਪੁਰ ਦੇ ਸਰਹੱਦੀ ਏਰੀਏ ਵਿਚ ਰੈਸਟ ਹਾਊਸ 70 ਏਕੜ ਜ਼ਮੀਨ ਦੇ ਉਤੇ ਰੈਸਟ ਹਾਊਸ ਵੀ ਹੈ ਅਤੇ ਐਕੇਡੈਮਿਕਸ ਬਲਾਕਸ ਵੀ ਹਨ। ਇਥੇ ਇੱਕ ਬੇਅੰਤ ਸਿੰਘ ਕਾਲਜ ਆਫ ਇੰਜੀਨਅਰਿੰਗ ਐਂਡ ਟੈਕਨਾਲੋਜੀ ਕਾਲਜ ਹੈ। ਇਸ ਵਿੱਚ ਕਾਫ਼ੀ ਵੱਡਾ ਆਡੀਟੋਰੀਅਮ ਅਤੇ ਸਾਰਾ ਇਨਫ੍ਰਾਸਟ੍ਰਕਚਰ ਹੋਣ ਦੇ ਬਾਵਜੂਦ, ਜਿਵੇਂ ਕਿ ਬੱਚਿਆਂ ਦਾ ਬਾਹਰ ਜਾ ਕੇ ਪੜ੍ਹਨ ਦਾ ਟਰੈਂਡ ਹੈ, ਪੰਜਾਬ ਦੇ ਬੱਚੇ ਬਾਹਰ ਪੜ੍ਹਨ ਵਾਸਤੇ ਜਾਂਦੇ ਹਨ, ਇਸ ਦੇ ਕਾਰਨ ਥੋੜ੍ਹੀ ਜਿਹੀ ਉਥੇ ਮੁਸ਼ਕਿਲ ਆ ਰਹੀ ਸੀ ਕਿ ਬੱਚੇ ਥੋੜ੍ਹੇ ਘੱਟ ਗਏ ਸੀ। ਸਾਲ 2021 ਵਿੱਚ ਬੱਚਿਆਂ ਨੂੰ ਅਟਰੈਕਟ ਕਰਨ ਵਾਸਤੇ ਇਸ ਨੂੰ ਯੂਨੀਵਰਸਿਟੀ ਦੇ ਤੌਰ ਤੇ ਅਪਗ੍ਰੇਡ ਕੀਤਾ ਗਿਆ ਸੀ।

**ਮਾਨਯੋਗ ਡਿਪਟੀ ਸਪੀਕਰ:** ਥੈਂਕਿਊ ਜੀ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਮੇਰੇ 10 ਮਿੰਟ ਹਨ ਜੀ।

**ਮਾਨਯੋਗ ਡਿਪਟੀ ਸਪੀਕਰ:** 10 ਮਿੰਟ ਜੀ? ਤੁਹਾਡੇ 6 ਮਿੰਟ ਹਨ। ਤੁਹਾਡੀ ਪਾਰਟੀ ਨੇ 6 ਮਿੰਟ ਲਿਖ ਕੇ ਭੇਜੇ ਹਨ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਥੋੜ੍ਹਾ ਜਿਹਾ ਐਡਜਸਟ ਕਰ ਦਿਉ ਜੀ। ਮੇਰਾ ਟਾਈਮ ਥੋੜ੍ਹਾ ਜਿਹਾ ਵਧਾ ਦਿਉ। ਚਲੋ, ਮੈਂ ਇਹ ਗੱਲ ਛੱਡ ਦਿੰਦੀ ਹਾਂ ਪਰ ਇਸ ਦੀ ਸਰਵਾਈਵਲ ਵਾਸਤੇ ਕਹਿਣਾ ਚਾਹੁੰਦੀ ਹਾਂ। ਕਿਉਂਕਿ ਇਨ੍ਹਾਂ ਨੇ 6% ਦਾ ਵਾਧਾ ਕਰਕੇ ਬਜਟ ਵਿੱਚ 615 ਕਰੋੜ ਰੁਪਿਆ ਰੱਖਿਆ ਹੈ। ਮੈਂ ਚਾਹੁੰਦੀ ਹਾਂ ਕਿ ਜੋ ਤਿੰਨ ਸਾਲ ਵਾਸਤੇ 15 ਕਰੋੜ ਰੁਪਿਆ per year ਇਸ ਯੂਨੀਵਰਸਿਟੀ ਨੂੰ ਮਿਲਣਾ ਹੈ। ਸੋ, ਮੈਂ ਸੁਣਿਆ ਹੈ ਕਿ ਇਸ ਨੂੰ ਮਰਜ ਕਰਨ ਦੀ ਗੱਲ ਚੱਲ ਰਹੀ ਹੈ। ਕੋਈ ਕਮੇਟੀ ਇਸ ਸਬੰਧੀ ਬਣੀ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਇਸ ਕਾਲਜ ਨੂੰ ਮਰਜ ਨਾ ਕੀਤਾ ਜਾਵੇ ਕਿਉਂਕਿ ਇਹ ਸਾਡੇ ਸਰਹੱਦੀ ਇਲਾਕੇ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਟੀਚਿੰਗ ਲਈ ਅਤੇ ਬੱਚਿਆਂ ਦੀ ਐਜੂਕੇਸ਼ਨ ਵਾਸਤੇ ਬਹੁਤ ਵੱਡਾ ਇੱਕ asset ਹੈ। ਸੋ, ਇਸ ਨੂੰ ਕਾਇਮ ਰਹਿਣ ਦਿੱਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਔਰਤਾਂ ਦੇ ਮੁੱਦੇ ਤੇ ਗੱਲ ਕਰਾਂਗੀ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਾਡੇ ਗੁਰੂਆਂ ਪੀਰਾਂ ਨੇ ਵੀ ਔਰਤਾਂ ਨੂੰ ਬਰਾਬਰੀ ਦਾ ਹੱਕ ਦਿੱਤਾ ਹੈ। ਸੋ, ਸਰਕਾਰ ਵਲੋਂ ਵੀ ਇੱਕ ਕੋਸ਼ਿਸ਼ ਹਮੇਸ਼ਾ ਰਹੀ ਹੈ ਕਿ ਔਰਤਾਂ ਦੀ ਮਦਦ ਕੀਤੀ ਜਾਵੇ। ਪੈਨਸ਼ਨ ਸਾਡੀ ਸਰਕਾਰ ਨੇ 750 ਰੁਪਏ ਪ੍ਰਤੀ ਮਹੀਨਾ ਪਹਿਲੀ ਹੀ ਕੈਬਨਿਟ ਮੀਟਿੰਗ ਵਿੱਚ ਕਰਕੇ, ਬਾਅਦ ਵਿੱਚ 1500 ਰੁਪਿਆ ਪ੍ਰਤੀ ਮਹੀਨਾ ਕੀਤੀ ਹੈ, ਜੋ ਕਿ ਚੁਨਾਵੀ ਵਾਅਦਾ ਸੀ, ਉਹ ਪੂਰਾ ਕੀਤਾ ਹੈ। ਇਸੇ ਤਰ੍ਹਾਂ ਹੀ ਔਰਤਾਂ ਨੂੰ ਕਿਉਂਕਿ ਚੁਲਾ-ਚੱਕੀ ਮਤਲਬ ਕਿਚਨ ਦਾ ਸਾਰਾ ਫਿਕਰ ਹੁੰਦਾ ਹੈ। ਮੈਂ ਚਾਹਵਾਂਗੀ ਕਿ ਇਸੇ ਤਰ੍ਹਾਂ ਜਿਹੜਾ ਤੁਸੀਂ ਵਾਅਦਾ ਕੀਤਾ ਸੀ, ਉਸ ਕਾਰਨ ਬਹੁਤ ਵੱਡਾ ਮੈਨਡੇਟ ਮਿਲਿਆ ਹੈ। ਮੇਰੇ ਨਾਲ ਇਆਲੀ ਸਾਹਿਬ ਨੇ ਵੀ ਗੱਲ ਕੀਤੀ ਹੈ ਕਿ ਪੰਜਾਬ ਦੀਆਂ ਔਰਤਾਂ 1000 ਰੁਪਏ ਨੂੰ ਉਡੀਕ ਰਹੀਆਂ ਹਨ ਕਿ ਇਹ ਪੈਸਾ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਿਲੇ। ਸੋ, ਇਸੇ ਤਰ੍ਹਾਂ ਹੀ ਔਰਤਾਂ ਨੂੰ ਟਰੈਵਲ ਫੈਸੀਲਿਟੀ ਵੀ ਦਿੱਤੀ ਗਈ ਹੈ, ਇਸ ਨੂੰ ਸਹੂਲਤ ਨੂੰ ਕਾਇਮ ਰੱਖਿਆ ਗਿਆ ਹੈ। ਇਸ ਵਾਸਤੇ ਤੁਹਾਡਾ ਬਹੁਤ ਬਹੁਤ ਧੰਨਵਾਦ ਹੈ। ਮੈਂ ਸੋਸ਼ਲ ਸਿਕਿਉਰਿਟੀ ਵਿੱਚ ਇੱਕ ਬੜੇ ਜ਼ਰੂਰੀ ਇਸ਼ੂ ਬਾਰੇ ਦੱਸਣਾ ਚਾਹੁੰਦੀ ਹਾਂ ਕਿ ਕਿਤੇ ਨਾ ਕਿਤੇ ਔਰਤਾਂ ਅੱਜ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਔਰਤਾਂ ਬਾਹਰ ਪਬਲਿਕ ਪਲੇਸਿਜ ਤੇ ਵੀ ਅਤੇ ਘਰ ਵਿੱਚ ਵੀ ਇਸ ਦਾ ਸ਼ਿਕਾਰ ਹੁੰਦੀਆਂ ਹਨ। ਵਨ ਸਟੌਪ ਸੈਂਟਰ ਇੱਕ ਬਹੁਤ ਅੱਛੀ ਸਕੀਮ ਹੈ, ਜਿਸ ਵਿੱਚ ਔਰਤਾਂ ਨੂੰ ਮੈਡੀਕਲ ਅਤੇ ਲੀਗਲ ਹੈਲਪ ਮਿਲਦੀ ਹੈ ਤਾਂ ਕਿ ਉਹ ਜੋ ਵੀ ਉਨ੍ਹਾਂ ਦੀ ਪ੍ਰਾਬਲਮ ਹੁੰਦੀ ਹੈ, ਉਸ ਬਾਰੇ ਦੱਸ ਸਕਣ। ਇਸ ਵਾਸਤੇ ਇੱਕ ਯੂਨੀਵਰਸਲ ਹੈਲਪ ਲਾਈਨ ਨੰਬਰ 181 ਹੈ। ਇਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਕਈ ਥਾਵਾਂ ਤੇ ਇਨ੍ਹਾਂ ਕੋਲ ਲੋੜੀਂਦਾ ਸਟਾਫ ਅਤੇ ਕਾਊਂਸਲਰਜ਼ ਨਹੀਂ ਹਨ। ਸੋ, ਇਨ੍ਹਾਂ ਤੋਂ ਫਾਇਦਾ ਉਠਾਉਣਾ ਚਾਹੀਦਾ ਹੈ। ਓਲਡ ਏਜ ਪੈਨਸ਼ਨ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ।

**ਮਾਨਯੋਗ ਡਿਪਟੀ ਸਪੀਕਰ:** ਥੈਂਕਿਊ ਜੀ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਸਿਰਫ ਇੱਕ ਮਿੰਟ ਹੋਰ ਦੇ ਦਿਉ ਜੀ।

**ਮਾਨਯੋਗ ਡਿਪਟੀ ਸਪੀਕਰ:** ਨਹੀਂ ਜੀ, ਹੁਣ ਟਾਈਮ ਪੂਰਾ ਹੋ ਗਿਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਤਪਾ, ਬਰਨਾਲਾ ਅਤੇ ਮਾਨਸਾ ਵਿੱਚ ਓਲਡ ਏਜ ਹੋਮਜ ਇਨਕੰਪਲੀਟ ਹਨ, ਇਨ੍ਹਾਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇੱਕ regulatory guidelines for play schools, ਬੜੀ ਹੈਰਾਨੀ ਦੀ ਗੱਲ ਹੈ ਕਿ ਸਾਨੂੰ ਇਹ ਹੀ ਨਹੀਂ ਪਤਾ ਕਿ ਸਾਡੇ ਕਿੰਨੇ ਪਲੇਅ ਸਕੂਲ ਪ੍ਰਾਈਵੇਟ ਹਨ ਅਤੇ ਕਿੰਨੇ ਸਰਕਾਰ ਦੇ ਹਨ । ਸੋ, ਇਸ ਬਾਰੇ ਨੋਟੀਫਿਕੇਸ਼ਨ ਹੋਇਆ ਹੋਇਆ ਹੈ। ਇਸ ਉਤੇ ਜ਼ਰੂਰ ਕੋਈ ਰੈਗੂਲੇਟਰੀ ਹੋਵੇ, ਫੀਸ ਵੀ ਰੈਗੂਲੇਟ ਹੋਵੇ...

**ਮਾਨਯੋਗ ਡਿਪਟੀ ਸਪੀਕਰ:** ਥੈਂਕਿਊ ਜੀ। ਸਰਦਾਰ ਕੁਲਵੰਤ ਸਿੰਘ ਪੰਡੋਰੀ ਸਾਹਿਬ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਸਿਰਫ ਇੱਕ ਲਾਸਟ ਮਿੰਟ ਹੋਰ ਦੇ ਦਿਉ ਜੀ।

**ਮਾਨਯੋਗ ਡਿਪਟੀ ਸਪੀਕਰ:** ਹੋ ਗਿਆ ਹੈ ਜੀ। ਹਾਂ ਜੀ, ਪੰਡੋਰੀ ਸਾਹਿਬ, ਤੁਹਾਡੇ ਤਿੰਨ ਮਿੰਟ ਹਨ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ):** ਧੰਨਵਾਦ ਡਿਪਟੀ ਸਪੀਕਰ ਸਾਹਿਬ । ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੀ। ਮੈਂ ਸਭ ਤੋਂ ਪਹਿਲਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਸਾਹਿਬ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕਰਦਾ ਹਾਂ । ਮਾਨ ਸਾਹਿਬ ਕੁਝ ਟਾਈਮ ਪਹਿਲਾਂ ਹੀ ਅਮਰ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਜੀ ਦੇ ਪਿੰਡ ਗਏ ਸੀ।

**ਮਾਨਯੋਗ ਡਿਪਟੀ ਸਪੀਕਰ:** ਸਦਨ ਅੱਜ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*1.30 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਅੱਜ ਮਿਤੀ 11 ਮਾਰਚ, 2023 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

--------

*02:30 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

--------

ਹਰਪ੍ਰੀਤ ਸਿੰਘ/ਸ਼ੁਭਮ ਜੈਨ/02.30/11.03.2023

# GENERAL DISCUSSION ON THE BUDGET ESTIMATES FOR THE YEAR 2023-24 (*Resumption*)

**ਮਾਨਯੋਗ ਸਪੀਕਰ:** ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ, ਆਪਣਾ ਭਾਸ਼ਣ ਕੰਟੀਨਿਊ ਕਰਨ।

**ਸਰਦਾਰ ਕੁਲਵੰਤ ਸਿੰਘ ਪੰਡੋਰੀ ( ਮਹਿਲ ਕਲਾਂ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੇ ਹਲਕੇ ਵਿਚ ਅਮਰ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲ ਦੇ ਜੱਦੀ ਪਿੰਡ ਨੂੰ ਇਕ ਨਰਸਿੰਗ ਕਾਲਜ ਦਿੱਤਾ ਹੈ। ਇਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ।ਸਾਡਾ ਏਰੀਆ ਲੰਮੇ ਸਮੇਂ ਤੋਂ ਡਾਰਕ ਜ਼ੋਨ ਵਿਚ ਹੈ। ਮੈਂ ਪਿਛਲੀਆਂ ਸਰਕਾਰਾਂ ਵਿਚ ਵੀ ਦੇਖਿਆ ਹੈ ਕਿ ਸਾਡੇ ਅੰਡਰਗਰਾਉਂਡ ਪਾਈਪਾਂ ਜਾਂ ਖਾਲਾਂ ਬਣੀਆਂ ਹੀ ਨਹੀਂ। ਕਿਸਾਨਾਂ ਨੇ ਉਸ ਵਿਚ ਆਪਣਾ 10 ਫੀਸਦੀ ਹਿੱਸਾ ਪਾਉਣਾ ਹੁੰਦਾ ਸੀ ਤੇ ਜੇਕਰ ਇਕ-ਦੋ ਘਰ ਉਹ ਪੈਸੇ ਨਹੀਂ ਪਾਉਂਦੇ ਸੀ ਤਾਂ ਪ੍ਰਾਜੈਕਟ ਦਾ ਸਾਰਾ ਪੈਸਾ ਰੁਕ ਜਾਂਦਾ ਸੀ । ਮੇਰਾ ਖਿਆਲ ਹੈ ਕਿ ਹਰ ਹਲਕੇ ਵਿਚ 10-10 ਕਰੋੜ ਰੁਪਿਆ ਇਸੇ ਤਰ੍ਹਾਂ ਰੁਕਿਆ ਪਿਆ ਹੈ। ਮੈਂ ਸਾਡੇ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਖਾਲ ਪੱਕੇ ਕਰਨ ਅਤੇ ਅੰਡਰਗਰਾਉਂਡ ਪਾਈਪਾਂ ਪਾਉਣ ਦੇ ਪ੍ਰਾਜੈਕਟ ਵਿਚ 10 ਫੀਸਦੀ ਹਿੱਸਾ ਪਾਉਣ ਦੀ ਸ਼ਰਤ ਹਟਾ ਦਿੱਤੀ ਹੈ, ਹੁਣ ਸਾਰਾ ਪੈਸਾ ਸਰਕਾਰ ਦਿਆ ਕਰੇਗੀ। ਮੈਂ ਸਾਡੇ ਜਲ ਸਰੋਤ ਮੰਤਰੀ ਜੀ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਮੈਨੂੰ ਪਹਿਲੇ ਦਿਨ ਹੀ ਕਹਿ ਦਿੱਤਾ ਸੀ ਕਿ ਪੰਡੋਰੀ ਸਾਹਿਬ, ਹੁਣ ਸਵਾਲ ਲਾਉਣ ਦਾ ਸਮਾਂ ਨਹੀਂ ਹੈ, ਤੁਸੀਂ ਜਿੰਨੇ ਮਰਜ਼ੀ ਖਾਲ ਬਣਾਓ, ਅੰਡਰਗਰਾਊਂਡ ਪਾਈਪਾਂ ਪਾਓ। ਇਹ ਸਾਡੇ ਹਲਕੇ ਦਾ ਬੜਾ ਗੰਭੀਰ ਮਸਲਾ ਸੀ। ਮੈਂ ਮੁੱਖ ਮੰਤਰੀ ਜੀ ਦਾ ਉਚੇਚਾ ਧੰਨਵਾਦ ਕਰਦਾ ਹਾਂ ਕਿਉਂਕਿ ਪੰਜਾਬ ਵਿਚ ਦੇਸ਼ ਦੀ ਅਜ਼ਾਦੀ ਤੋਂ ਬਾਅਦ ਇਹ ਪਹਿਲੀ ਸਰਕਾਰ ਆਈ ਹੈ, ਜੋ ਇਮਾਨਦਾਰੀ ਨਾਲ ਚੱਲ ਰਹੀ ਹੈ। ਮੈਂ ਸਮਝਦਾ ਹਾਂ ਕਿ ਮਾਨਯੋਗ ਅਰਵਿੰਦ ਕੇਜਰੀਵਾਲ ਸਾਹਿਬ ਤੋਂ ਬਾਅਦ ਜੇਕਰ ਕਿਸੇ ਦੇ ਕੰਮਾਂ ਦੀ ਚਰਚਾ ਦੇਸ਼ਾਂ ਵਿਦੇਸ਼ਾਂ ਵਿਚ ਹੁੰਦੀ ਹੈ ਤਾਂ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਹੁੰਦੀ ਹੈ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਸਰਕਾਰੀ ਨੌਕਰੀਆਂ ਵਿਚ ਪਾਰਦਰਸ਼ਤਾ ਦੇਖੀ ਹੈ। ਪਹਿਲਾਂ ਐਮ.ਐਲ.ਏਜ਼ ਜਾਂ ਮੰਤਰੀ ਸਾਹਿਬਾਨਾਂ ਦੇ ਨੇੜਲੇ ਸਾਥੀਆਂ ਨੂੰ ਹੀ ਨੌਕਰੀਆਂ ਮਿਲਦੀਆਂ ਸੀ ਪਰ ਹੁਣ ਆਮ ਘਰਾਂ ਦੇ ਮੁੰਡਿਆਂ ਨੂੰ ਮੈਰਿਟ ਤੇ ਨੌਕਰੀਆਂ ਮਿਲੀਆਂ ਹਨ। ਮੈਂ

ਕਈ ਪਿੰਡਾਂ ਵਿਚ ਦੇਖਿਆ ਹੈ ਕਿ 10-12 ਨੌਕਰੀਆਂ ਇਕ-ਇਕ ਪਿੰਡ ਵਿੱਚ ਮਿਲੀਆਂ ਹਨ। ਇਹ ਬਹੁਤ ਸ਼ਲਾਘਾਯੋਗ ਕਦਮ ਹੈ ਕਿ ਪਾਰਦਰਸ਼ੀ ਢੰਗ ਨਾਲ ਨੌਕਰੀਆਂ ਦਿੱਤੀਆਂ ਗਈਆਂ ਹਨ। ਅਸੀਂ ਚੋਣ ਮੈਨੀਫੈਸਟੋ ਵਿਚ ਗਰੰਟੀਆਂ ਦਿੱਤੀਆਂ ਸਨ। ਅਸੀਂ ਦਿੱਲੀ ਵਿਚ ਜਿਹੜੇ ਵਾਅਦੇ ਕੀਤੇ ਸੀ, ਉਹ ਸਾਰੇ ਪੂਰੇ ਕੀਤੇ ਹਨ ਅਤੇ ਹੁਣ ਪੰਜਾਬ ਵਿਚ ਵੀ ਜੋ ਗਰੰਟੀਆਂ ਦਿੱਤੀਆਂ ਹਨ, ਉਹ ਵੀ ਪੂਰੀਆਂ ਕਰਾਂਗੇ। ਇਹ ਪਹਿਲੀ ਸਰਕਾਰ ਹੈ ਜਿਸਨੇ ਆਪਣੇ ਪਹਿਲੇ ਸਾਲ ਵਿਚ ਹੀ ਐਨੇ ਕੰਮ ਕਰ ਦਿੱਤੇ। ਮੇਰਾ ਕਹਿਣ ਦਾ ਭਾਵ ਹੈ ਕਿ ਪਹਿਲੀਆਂ ਸਰਕਾਰਾਂ ਜਦੋਂ ਸਰਕਾਰ ਦੇ ਆਖਰੀ 6 ਮਹੀਨੇ ਰਹਿ ਜਾਂਦੇ ਸੀ ਤਾਂ ਕੰਮ ਸ਼ੁਰੂ ਕਰਦੇ ਸੀ ਪਰ ਸਾਡੀ ਸਰਕਾਰ ਨੇ ਪਹਿਲੇ ਸਾਲ ਹੀ ਕੰਮ ਕਰਕੇ ਦਿਖਾਏ ਹਨ। 600 ਯੂਨਿਟ ਬਿਜਲੀ ਮੁਫ਼ਤ ਦੇਣੀ ਕੋਈ ਸੌਖੀ ਗੱਲ ਨਹੀਂ ਹੈ।ਮੇਰੇ ਹਲਕੇ ਦੇ ਕਈ ਪਿੰਡਾਂ ਵਿਚ 90 ਫੀਸਦੀ ਲੋਕਾਂ ਦਾ ਬਿਜਲੀ ਬਿਲ ਜ਼ੀਰੋ ਆਇਆ ਹੈ। ਲੋਕ ਬਹੁਤ ਖੁਸ਼ ਹਨ। ਮੁਹੱਲਾ ਕਲੀਨਿਕਾਂ ਵਿਚ ਲੋਕਾਂ ਦਾ ਇਲਾਜ ਅਤੇ ਟੈਸਟ ਮੁਫ਼ਤ ਹੋ ਰਹੇ ਹਨ। ਇਸ ਨਾਲ ਗਰੀਬ ਲੋਕਾਂ ਨੂੰ ਬੜਾ ਫਾਇਦਾ ਹੋ ਰਿਹਾ ਹੈ। ਧਰਤੀ ਦੇ ਪੁੱਤ ਵੱਜੋਂ ਜਾਣੇ ਜਾਂਦੇ ਸਾਡੇ ਮੁੱਖ ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ ਪਹਿਲਾਂ ਲੋਕਾਂ ਨੇ ਪੰਜ ਤਾਰਾ ਹੋਟਲ ਕਿਵੇਂ ਬਣਾਏ ਸੀ? ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਬਹੁਤ ਵੱਡੀ ਪੱਧਰ ਤੇ ਕੁਰੱਪਸ਼ਨ ਹੁੰਦੀ ਰਹੀ ਹੈ। ਕਿਸ ਨੇ ਚਾਂਦੀ ਦੀ ਕਹੀ ਨਾਲ ਨਹਿਰਾਂ ਨੂੰ ਟੱਕ ਲਗਾਏ ਹਨ। ਉਹ ਲੋਕ ਇੱਥੇ ਆ ਕੇ ਵੱਡੇ ਵੱਡੇ ਦਮਗਜ਼ੇ ਮਾਰਦੇ ਹਨ ਕਿ ਅਸੀਂ ਇਹ ਕੀਤਾ, ਉਹ ਕੀਤਾ। ਪਿਛਲੀਆਂ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਸਾਨੂੰ ਘੁਣ ਵਾਂਗ ਖਾ ਰਿਹਾ ਸੀ। ਹੁਣ ਭਾਵੇਂ ਕੋਈ ਆਪਣਾ ਹੋਵੇ, ਭਾਵੇਂ ਬੇਗਾਨਾ ਹੋਵੇ, ਸਾਡੇ ਮੁੱਖ ਮੰਤਰੀ ਜੀ ਨੇ ਕੋਈ ਨਹੀਂ ਬਖਸ਼ਿਆ।

aman-shubham/2.35/11.3.23

ਸਾਰੇ ਡਰ ਕੇ ਕੰਮ ਕਰ ਰਹੇ ਹਨ। ਅਫਸਰਸ਼ਾਹੀ ਵੀ ਪੂਰੀ ਡਰੀ ਹੋਈ ਹੈ। ਵਧੀਆ ਢੰਗ ਦੇ ਨਾਲ ਕੰਮ ਚਲ ਰਿਹਾ ਹੈ, ਲੋਕ ਬੜੇ ਖੁਸ਼ ਹਨ। ਇਸ ਕਰਕੇ ਮੈਂ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ। ਪਹਿਲਾਂ ਮੈਂ ਦੇਖਦਾ ਹਾਂ ਕਿ ਪੰਜਾਬੀ ਨੂੰ ਲਾਗੂ ਕਰਨ ਦੇ ਲਈ ਮਾਨ ਸਾਹਿਬ ਨੂੰ ਤਕਰੀਬਨ ਲਗਭਗ ਇੱਕ ਮਹੀਨਾ ਹੋ ਗਿਆ, ਬਲਾਕ ਲੈਵਲ ਤੇ ਜ਼ਿਲ੍ਹਾ ਪੱਧਰ ਤੇ ਪੰਜਾਬੀ ਨੂੰ ਲਾਗੂ ਕਰਨ ਦੇ ਲਈ ਬਹੁਤ ਯਤਨ ਕੀਤੇ ਹਨ। ਇਸ ਦਾ ਲੋਕਾਂ ਤੇ ਅਸਰ ਵੀ ਬਹੁਤ ਜ਼ਿਆਦਾ ਹੋਇਆ ਹੈ। ਲੋਕ ਇਸ ਗੱਲ ਨੂੰ ਮੰਨ ਵੀ ਰਹੇ ਹਨ। ਦੁਕਾਨਾਂ ਦੇ ਸਾਈਨ ਬੋਰਡ ਵੀ ਪੰਜਾਬੀ ਦੇ ਵਿੱਚ ਲਿਖੇ ਜਾਣ ਲੱਗ ਪਏ ਹਨ। ਦੂਸਰੀ ਗੱਲ, ਵਿੱਤ ਮੰਤਰੀ ਸਾਹਿਬ ਬੈਠੇ ਹਨ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ MGNREGA ਦਾ Act ਹੈ, ਪਿਛਲੀ ਸਰਕਾਰ ਵੇਲੇ ਜਦੋਂ ਬਾਜਵਾ ਸਾਹਿਬ ਮੰਤਰੀ ਹੁੰਦੇ ਸਨ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਂਦਾ ਸੀ ਕਿ ਲੰਮਾ ਸਮਾਂ ਹੋ ਗਿਆ ਹੈ ਕਿ ਜਿਹੜਾ MGNREGA ਦਾ Act ਹੈ ਉਹ ਹਿੰਦੀ ਤੇ ਅੰਗਰੇਜ਼ੀ ਦੇ ਵਿੱਚ ਹੀ ਖੜ੍ਹਾ ਹੈ। ਇਹ ਤਾਂ ਹੁਣ ਮਾਨ ਸਾਹਿਬ ਦੀ ਸਰਕਾਰ ਤੋਂ ਹੀ

ਆਸ ਹੈ ਕਿ ਜੇਕਰ ਇਸ ਨੂੰ ਪੰਜਾਬੀ ਦੇ ਵਿੱਚ ਛਾਪਿਆ ਜਾਵੇ ਤਾਂ ਜੋ ਗਰੀਬ ਲੋਕਾਂ ਨੂੰ ਇਸ ਦਾ ਬਹੁਤ ਫਾਇਦਾ ਹੋ ਸਕੇ। ਇਸ ਨਾਲ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਪਤਾ ਲੱਗੇਗਾ ਅਤੇ ਇਹ ਵੀ ਪਤਾ ਲੱਗੇਗਾ ਕਿ ਕਿਹੜੇ-ਕਿਹੜੇ ਕੰਮ MGNREGA ਦੇ ਵਿੱਚ ਕੀਤੇ ਜਾ ਸਕਦੇ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਕਈ ਪਿੰਡਾਂ ਦੇ ਨੰਬਰਦਾਰ ਬਾਹਰਲੇ ਮੁਲਕਾਂ ਵਿੱਚ ਬੈਠੇ ਹਨ। ਉਹ ਤਕਰੀਬਨ 5-10 ਸਾਲਾਂ ਬਾਅਦ ਆ ਜਾਂਦੇ ਹਨ । ਆਪਣੀ ਪੈਨਸ਼ਨ ਲੈ ਕੇ ਫਿਰ ਬਾਹਰ ਚਲੇ ਜਾਂਦੇ ਹਨ। ਉਹ ਬਾਹਰ ਦੇ ਪੀ.ਆਰ ਹਨ। ਕਿਰਪਾ ਕਰਕੇ ਜਿਹੜੇ ਬਾਹਰਲੇ ਮੁਲਕਾਂ ਵਿੱਚ ਨੰਬਰਦਾਰ ਬੈਠੇ ਹਨ, ਉਨ੍ਹਾਂ ਨੂੰ ਤੁਰੰਤ ਵਾਪਸ ਲਿਆਂਦਾ ਜਾਵੇ ਨਹੀਂ ਤਾਂ ਉਨ੍ਹਾਂ ਦੀ ਨੰਬਰਦਾਰੀ ਰੱਦ ਕੀਤੀ ਜਾਵੇ। ਲੋਕ ਬੜੇ ਔਖੇ ਹੁੰਦੇ ਹਨ। ਜੇਕਰ 2 ਨੰਬਰਦਾਰ ਬਾਹਰ ਚਲੇ ਜਾਣ ਤਾਂ ਫਿਰ ਪਿੰਡ ਵਿੱਚ ਇੱਕ ਹੀ ਰਹਿ ਜਾਂਦਾ ਹੈ ਅਤੇ ਉਹ ਇੱਕ ਲੋਕਾਂ ਦੇ ਨਾਲ ਬੜਾ ਔਖਾ ਤੁਰਦਾ ਹੈ।

ਦੂਸਰੀ ਗੱਲ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਪਿਛਲੇ ਸਮੇਂ ਦੌਰਾਨ MGNREGA ਦੇ ਵਿੱਚੋਂ ਬਹੁਤ ਘੱਟ ਕੰਮ ਹੁੰਦਾ ਸੀ। ਪਿਛਲੀ ਸਰਕਾਰ ਵੇਲੇ ਤਕਰੀਬਨ 5200 ਕਰੋੜ ਰੁਪਿਆ MGNREGA ਦਾ ਆਇਆ ਸੀ, ਜਿਸ ਦੇ ਵਿੱਚੋਂ ਪੰਜਾਬ ਸਰਕਾਰ ਨੇ ਤਕਰੀਬਨ 700 ਕਰੋੜ ਰੁਪਿਆ ਹੀ ਖਰਚਿਆ ਸੀ। 4500 ਕਰੋੜ ਰੁਪਿਆ ਵਾਪਸ ਚਲਿਆ ਗਿਆ ਸੀ।

ਮੇਰੇ ਹਲਕੇ ਦੇ ਵਿੱਚ ਛੱਪੜਾਂ ਦਾ ਨਵੀਨੀਕਰਨ ਹੋ ਰਿਹਾ ਹੈ, lake ਵਰਗੇ ਛੱਪੜ ਬਣ ਰਹੇ ਹਨ। ਬੜਾ ਵਧੀਆ ਕੰਮ ਚਲ ਰਿਹਾ ਹੈ। ਕਰੋੜਾਂ ਰੁਪਏ ਦੀ ਲਾਗਤ ਨਾਲ school of eminence ਖੋਲ੍ਹੇ ਜਾ ਰਹੇ ਹਨ ਅਤੇ ਜਿਹੜਾ ਇੱਕ ਸਕੂਲ ਮਹਿਲ ਕਲਾਂ ਨੂੰ ਦਿੱਤਾ ਹੈ, ਮੈਂ ਉਸ ਦੇ ਲਈ ਵੀ ਧੰਨਵਾਦ ਕਰਦਾ ਹਾਂ। ਮੈਂ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਕੀਤੀ ਹੈ। ਪੰਜਾਬ ਦੇ ਵਿੱਚ ਵਧੀਆ ਪਾਰਦਰਸ਼ੀ ਢੰਗ ਦੇ ਨਾਲ ਨੌਕਰੀਆਂ ਦਿੱਤੀਆਂ ਹਨ। ਸਿੱਖਿਆ, ਪਾਣੀ ਤੇ ਹੋਰ ਅਨੇਕਾਂ ਮਸਲਿਆਂ ਦੇ ਉੱਤੇ ਸਰਕਾਰ ਗੰਭੀਰਤਾ ਨਾਲ ਕੰਮ ਕਰ ਰਹੀ ਹੈ, ਮੈਂ ਸਰਕਾਰ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਤੁਸੀਂ ਸਪੀਕਰ ਸਾਹਿਬ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਵੀ ਬਹੁਤ ਬਹੁਤ ਧੰਨਵਾਦ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਸਪੀਕਰ ਸਾਹਿਬ, ਆਪ ਜੀ ਨੇ ਬਜਟ ਦੇ ਉੱਤੇ ਬਹਿਸ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ, ਤੁਹਾਡਾ ਬਹੁਤ-ਬਹੁਤ ਧੰਨਵਾਦ। ਇੱਕ ਬਹੁਤ ਵੱਡੇ ਕਵੀ ਹੋਏ ਹਨ ਦੁਸ਼ਅੰਤ ਉਨ੍ਹਾਂ ਦੀਆਂ ਕਵੀਤਾ ਦੀਆਂ 4 ਲਾਈਨਾਂ ਮੈਂ ਬੋਲ ਕੇ ਸ਼ੁਰੂ ਕਰਦਾ ਹਾਂ।

"हो गयी है पीर पर्वत सी, पिघलनी चाहिए,

अब हिमालय से कोई गंगा निकलनी चाहिए।

हंगामा खडा करना मेरा मकसद नहीं,

पर ये सूरत बदलनी चाहिए। "

ਮਾਨ ਸਾਹਿਬ ਦੀ ਸਰਕਾਰ ਦੇ ਵਿੱਤ ਮੰਤਰੀ ਜੀ ਨੇ ਬਜਟ ਪੇਸ਼ ਕੀਤਾ ਹੈ। ਜਦੋਂ ਅਸੀਂ ਵੋਟਾਂ ਮੰਗ ਰਹੇ ਸੀ ਕੀ ਸਾਨੂੰ ਉਦੋਂ ਪਤਾ ਨਹੀਂ ਸੀ ਕਿ ਪੰਜਾਬ ਦੀ ਮਾਲੀ ਹਾਲਤ ਕੀ ਹੈ, ਪੰਜਾਬ ਦੇ ਅੰਦਰ ਕਿੰਨਾ ਘਾਟਾ ਹੈ, ਪੰਜਾਬ ਦੇ ਉੱਤੇ ਕਰਜ਼ਾ ਕਿੰਨਾ ਹੈ? ਇਹ ਤਾਂ ਪੁਰਾਣੇ ਐਮ.ਐਲ.ਏ ਹਨ। ਇਨ੍ਹਾਂ ਨੂੰ ਤਾਂ ਪੂਰੀ ਜਾਣਕਾਰੀ ਸੀ ਕਿ 2.70 ਲੱਖ ਕਰੋੜ ਤੋਂ ਉਪਰ ਕਰਜ਼ਾ ਹੋ ਚੁੱਕਿਆ ਹੈ। ਇਹ ਉਸ ਵੇਲੇ ਜਿਹੜੀਆਂ ਗਾਰੰਟੀਆਂ ਦੇਣ ਲੱਗੇ ਉਦੋਂ ਇਸ ਗੱਲ ਦਾ ਵਿਚਾਰ ਕਰ ਲੈਣਾ ਚਾਹੀਦਾ ਸੀ। ਗਾਰੰਟੀਆਂ ਦਿੰਦੇ ਹੋਏ ਕਿਸੇ ਨੇ ਇਹ ਗੱਲ ਨਹੀਂ ਕਹੀ ਕਿ ਸਾਡੇ ਤੇ ਕਰਜ਼ਾ ਇੰਨਾ ਹੈ, ਅਸੀਂ ਇਸ ਨੂੰ ਪੂਰਾ ਕਿਸ ਤਰ੍ਹਾਂ ਕਰਾਂਗੇ। ਕੱਲ੍ਹ ਬਜਟ ਪੇਸ਼ ਕਰਦੇ ਹੋਏ, ਬਜਟ ਤੋਂ ਆਸ ਹੁੰਦੀ ਹੈ, ਅੰਕੜਿਆਂ ਦੇ ਖੇਲ ਵਿੱਚ ਮੈਂ ਨਹੀਂ ਜਾਵਾਂਗਾ।

ਤ.ਸ. / ਅ.ਗ. / 2.40 / 11.03.2023

ਕੋਈ ਮੰਨੇ ਨਾ ਮੰਨੇ, ਚਾਹੇ ਇੱਧਰ ਬੈਠੇ ਹਨ, ਚਾਹੇ ਉਧਰ ਬੈਠੇ ਹਨ, ਸਿਰਫ ਫਾਇਨਾਂਸ ਸੈਕਟਰੀ ਤੋਂ ਇਲਾਵਾ ਕਿਸੇ ਨੂੰ ਨਹੀਂ ਪਤਾ ਕਿ ਬਜਟ ਕੀ ਹੈ। ਮੈਨੂੰ ਅਤੇ ਤੁਹਾਨੂੰ ਉਹ ਭਾਸ਼ਾ ਸਮਝ ਆਉਂਦੀ ਹੈ ਜਿਹੜੀ ਅਸੀਂ ਲੋਕਾਂ ਨਾਲ ਵਾਅਦਾ ਕਰਦੇ ਹੋਏ ਵਰਤੀ। ਮੈਨੂੰ ਸਮਝ ਆਉਂਦੀਆਂ ਹਨ ** ਸਾਹਿਬ ਦੀਆਂ, ਮਾਫ ਕਰਨਾ ਤੁਹਾਡੇ ਸੁਪਰੀਮੋ ਦੀਆਂ ਗਾਰੰਟੀਆਂ। ਨਾਂ ਨਹੀਂ ਲੈਣਾ ਚਾਹੀਦਾ ਸੀ। ਸੁਪਰੀਮੋ ਦੀਆਂ ਗਾਰੰਟੀਆਂ ਵੱਲ ਮੇਰਾ ਧਿਆਨ ਜਾਂਦਾ ਹੈ। ਕਿਹਾ ਸੀ ਕਿ ਅਸੀਂ 1000/- ਰੁਪਿਆ ਮਹਿਲਾਵਾਂ ਨੂੰ ਦੇਵਾਂਗੇ ਪਰ ਇਹ ਨਹੀਂ ਕਿਹਾ ਸੀ ਕਿ ਕਦੋਂ ਦੇਵਾਂਗੇ। (ਵਿਘਨ) (ਸ਼ੋਰ) ਇਸ ਦਾ ਕੋਈ ਟਾਈਮ ਫਿਕਸ ਕਰ ਲੈਣਾ ਸੀ। (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲਣ ਲੱਗੇ।)

**(ਕੁਝ ਅਵਾਜ਼ਾਂ** : 15-15 ਲੱਖ (ਸ਼ੋਰ) 15-15 ਲੱਖ।)

**ਮਾਨਯੋਗ ਸਪੀਕਰ** : ਮਾਨਯੋਗ ਮੈਂਬਰ ਸਾਹਿਬਾਨ, ਬੈਠੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਉਸ ਵੇਲੇ ਕਿਹਾ ਕਿ ਜਦੋਂ ਪਹਿਲੀ ਕੈਬਨਿਟ ਦੀ ਮੀਟਿੰਗ ਹੋਵੇਗੀ... (ਵਿਘਨ) ਮੈਂ ਕਾਗਜ਼ ਵੀ ਦਿਖਾ ਦਿਆਂਗਾ, ਮੇਰੇ ਕੋਲ ਪਏ ਹਨ।

(ਇਸ ਸਮੇਂ ਫਿਰ ਟਰੇਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲਣ ਲੱਗੇ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਜਦੋਂ ਇਹ ਬੋਲ ਰਹੇ ਸਨ ਤਾਂ ਮੈਂ ਸੁਣ ਰਿਹਾ ਸੀ। ਜੇਕਰ ਨਹੀਂ ਕਿਹਾ ਸੀ ਤਾਂ ਜਵਾਬ ਦੇ ਦੇਣ ਕਿ ਨਹੀਂ ਕਿਹਾ ਸੀ।

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਪਹਿਲੀ ਮੀਟਿੰਗ ਤੋਂ ਬਾਅਦ ਕਈ ਮੀਟਿੰਗਾਂ ਹੋਈਆਂ। ਕੱਲ੍ਹ ਸਵੇਰੇ-ਸਵੇਰੇ ਭੈਣਾਂ ਉਠੀਆਂ, ਉਨ੍ਹਾਂ ਨੂੰ ਲੱਗਾ ਕਿ ਅੱਜ ਤਾਂ ਬੜਾ ਵਧੀਆ ਦਿਨ ਹੈ। (ਵਿਘਨ)

(**ਕੁਝ ਅਵਾਜ਼ਾਂ** : 15-15 ਲੱਖ (ਸ਼ੋਰ) 15-15 ਲੱਖ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਦੇਖੋ ਜੀ, ਕੀ ਤੁਸੀਂ ਮੈਨੂੰ ਉਕਸਾਉਣਾ ਚਾਹੁੰਦੇ ਹੋ। ਜਦੋਂ ਤੁਸੀਂ ਬੋਲ ਰਹੇ ਸੀ, ਤੁਸੀਂ ਈ.ਡੀ. ਤੱਕ ਵੀ ਆ ਗਏ ਸੀ, ਪਰ ਮੈਂ ਤਾਂ ਵੀ ਨਹੀਂ ਟੋਕਿਆ। (ਵਿਘਨ) (ਸ਼ੋਰ) ਸੁਣਨ ਦੀ ਹਿੰਮਤ ਰੱਖੋ। ਚੱਲੋ, ਛੱਡੋ। ਥੋੜ੍ਹੀ ਦੇਰ ਲਈ 1000 ਰੁਪਿਆ ਭੁੱਲ ਜਾਉ। ਉਸ ਸਵੇਰੇ-ਸਵੇਰੇ ਉਠੀਆਂ, ਉਨ੍ਹਾਂ ਨੇ ਨਿਆਣੇ-ਨਿਊਣੇ ਸਕੂਲ ਭੇਜੇ ਅਤੇ ਟੀ.ਵੀ. ਅੱਗੇ ਬੈਠ ਗਈਆਂ। (ਵਿਘਨ) 2 ਘੰਟੇ 24 ਮਿੰਟ ਉਨ੍ਹਾਂ ਦਾ ** ਹੋਇਆ। ਉਨ੍ਹਾਂ ਨੂੰ ਲੱਗਦਾ ਸੀ ਸ਼ਾਇਦ ਵਿੱਤ ਮੰਤਰੀ ਸਾਹਿਬ ਹੁਣ ਬੋਲਣਗੇ, ਸ਼ਾਇਦ ਹੁਣ ਬੋਲਣਗੇ। ਥਕਾਊ ਭਾਸ਼ਣ ਸੁਣਨ ਤੋਂ ਬਾਅਦ ਉਨ੍ਹਾਂ ਨੇ ਨਿਆਣਿਆਂ ਤੇ ਗੁੱਸਾ ਕੱਢ ਦਿੱਤਾ। ਇਹ ਕਿਸਾਨ ਦੀ ਬੜੀ ਗੱਲ ਕਰਦੇ ਹਨ। ਸਪੀਕਰ ਸਾਹਿਬ, ਕਿਸਾਨਾਂ ਦੀ ਬੜੀ ਗੱਲ ਕਰਦੇ ਹਨ ਕਿ ਕਿਸਾਨਾਂ ਦੇ ਬੜੇ ਹਿਤੈਸ਼ੀ ਹਾਂ।

**ਮਾਨਯੋਗ ਸਪੀਕਰ** : ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਨਹੀਂ ਸਰ, ** ਸ਼ਬਦ ਜੇਕਰ ਸੰਵਿਧਾਨਿਕ ਨਹੀਂ ਹੈ ਤਾਂ ਕੱਟ ਦੇਣਾ। ਜੇਕਰ ਸੰਵਿਧਾਨਿਕ ਹੈ ਜਾਂ ਨਹੀਂ, ਇਹ ਜ਼ਰੂਰ ਚੈੱਕ ਕਰਵਾ ਲੈਣਾ ਕਿਉਂਕਿ ਮੈਂ ਕੋਈ ਅਸੰਸਦੀ ਸ਼ਬਦ ਨਹੀਂ ਬੋਲਾਂਗਾ। ਲੇਕਿਨ ਚੈੱਕ ਕਰਨ ਤੋਂ ਬਾਅਦ ਕੱਢਣਾ।

**ਮਾਨਯੋਗ ਸਪੀਕਰ** : ਠੀਕ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਮੁਆਫੀ ਨਾਲ ਕਹਾਂਗਾ ਕਿ ਵੋਟਾਂ ਲੈਣ ਵੇਲੇ ਵਿਵਹਾਰ ਠੀਕ ਰੱਖਣਾ ਚਾਹੀਦਾ ਹੈ। ਚੁਟਕੀਆਂ ਵੱਜਦੀਆਂ ਸਨ। *ਸਾਡੀ ਸਰਕਾਰ ਬਣਾ ਦਿਉ, ਇਸ ਸਰਕਾਰ ਦਾ ਅਸਤੀਫਾ ਲੈ ਲਉ। ਅਸੀਂ ਐਮ.ਐਸ.ਪੀ. ਦੇਖੋ ਕਿੱਦਾਂ ਦਿਆਂਗੇ।* (ਚੁਟਕੀ ਵਜਾਉਂਦੇ ਹੋਏ) ਅੱਜ ਸਾਲ ਹੋ ਗਿਆ ਚੁਟਕੀ ਹੀ ਨਹੀਂ ਵੱਜੀ। (ਵਿਘਨ) (ਸ਼ੋਰ)

**ਆਵਾਜ਼ਾਂ** : 15-15 ਲੱਖ (ਸ਼ੋਰ) 15-15 ਲੱਖ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲਣ ਲੱਗੇ।)

**ਮਾਨਯੋਗ ਸਪੀਕਰ** : ਇੱਕ ਮਿੰਟ ਅਸ਼ਵਨੀ ਜੀ। ਸਰਦਾਰ ਮਨਜੀਤ ਸਿੰਘ ਕੁਝ ਕਹਿਣਾ ਚਾਹੁੰਦੇ ਹਨ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਸਰ, ਇਨ੍ਹਾਂ ਨੇ ਚੁਟਕੀ ਦੀ ਗੱਲ ਕੀਤੀ ਹੈ। ਜਿਹੜੇ ਇਨ੍ਹਾਂ ਨੇ ਕਾਲੇ ਕਾਨੂੰਨ ਬਣਾਏ, ਜਿਸ ਕਾਰਨ ਸਾਡੇ ਕਿੰਨੇ ਹੀ ਕਿਸਾਨ ਸ਼ਹੀਦ ਹੋਏ ਅਤੇ ਪੂਰਾ ਸਾਲ ਉਥੇ ਰੁਲਦੇ ਰਹੇ, ਹੁਣ ਇਹ ਕਿਸਾਨਾਂ ਦੀਆਂ ਗੱਲਾਂ ਕਰਦੇ ਹਨ। (ਸ਼ੋਰ)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ :** ਮੋਦੀ ਜੀ ਦਾ ਪੰਜਾਬ ਨਾਲ, ਪੰਜਾਬੀਆਂ ਨਾਲ ਪਿਆਰ ਹੈ। (ਵਿਘਨ) (ਸ਼ੋਰ) ਗੱਲ ਸੁਣ ਲਉ, ਹਿੰਮਤ ਰੱਖੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।

**ਮਾਨਯੋਗ ਸਪੀਕਰ** : ਮੈਂ ਮਾਨਯੋਗ ਵਿਧਾਇਕ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਮੋਦੀ ਜੀ ਦਾ ਪਿਆਰ ਤਾਂ ਸੁਣ ਲਉ। (ਹਾਸਾ) (ਵਿਘਨ) (ਸ਼ੋਰ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)** : ਸਪੀਕਰ ਸਾਹਿਬ, ਬੱਸ ਅੱਧਾ ਮਿੰਟ ਦੇ ਦਿਉ।

**ਮਾਨਯੋਗ ਸਪੀਕਰ** : ਜਦੋਂ ਤੁਸੀਂ ਪੁਆਇੰਟ ਆਫ ਆਰਡਰ ਮੰਗੋਗੇ ਤਾਂ ਮਿਲੇਗਾ, ਹੁਣ ਬੈਠ ਜਾਉ। ਅੱਧਾ ਮਿੰਟ ਨਹੀਂ ਮਿਲੇਗਾ। (ਸ਼ੋਰ) ਧਾਲੀਵਾਲ ਸਾਹਿਬ, ਬੈਠੋ।

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਬਿਨਾਂ ਆਗਿਆ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ। ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਠੀਕ ਹੈ, ਬੈਠੋ। ਧਾਲੀਵਾਲ ਸਾਹਿਬ, ਬੈਠੋ। ਅਸ਼ਵਨੀ ਜੀ ਨੂੰ ਕੰਟੀਨਿਊ ਕਰਨ ਦਿਉ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਹੁਣ ਤੁਹਾਡਾ ਬੋਨਸ ਟਾਈਮ ਸ਼ੁਰੂ ਹੋ ਗਿਆ ਹੈ। ਤੁਹਾਨੂੰ ਜਿਹੜਾ ਡਬਲ ਟਾਈਮ ਦੇਣਾ ਸੀ, ਉਹ ਸ਼ੁਰੂ ਹੋ ਗਿਆ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : ਸਰ, ਜਿਹੜਾ ਟਾਈਮ ਇਹ ਖਾ ਗਏ ਹਨ, ਉਸ ਦਾ ਕੀ? (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) (ਸ਼ੋਰ)

**ਮਾਨਯੋਗ ਸਪੀਕਰ** : ਤੁਹਾਨੂੰ ਇਸ ਤੋਂ ਵੀ ਵੱਧ ਦੇ ਦਿਆਂਗੇ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ** : (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਕੀ ਆਪਾਂ ਇਹ ਤੈਅ ਕਰਕੇ ਆਉਂਦੇ ਹਾਂ? ਹੁਣ ਮੈਂ ਤੀਸਰਾ ਪੁਆਇੰਟ ਉਠਾਉਂਦਾ ਹਾਂ।

ਸ.ਸ.–ਅ.ਗ./2:45/11.3.2023

ਜਦੋਂ ਹਿਮਾਚਲ ਦੀ ਚੋਣ ਚੱਲ ਰਹੀ ਸੀ, ਕੈਬਨਿਟ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਓ.ਪੀ.ਐਸ. (ਓਲਡ ਪੈਨਸ਼ਨ ਸਕੀਮ) ਲਾਗੂ ਕਰਾਂਗੇ, ਤੁਹਾਡੇ ਉਸ ਕੈਬਨਿਟ ਦੇ ਨਿਰਨੇ ਦਾ ਕੀ ਬਣਿਆ? ਉਸ ਦਾ ਜ਼ਿਕਰ ਕਿਉਂ ਨਹੀਂ ਹੈ? ਅਸੀਂ ਗੁਮਰਾਹ ਕਿਉਂ ਕਰਨਾ ਚਾਹੁੰਦੇ ਹਾਂ? ਦੂਸਰਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇੰਨੇ ਹੀ ਵਾਅਦੇ ਨਹੀਂ ਕੀਤੇ, ਲੇਕਿਨ ਲੋਕਾਂ ਦਾ ਧਿਆਨ ਹਜ਼ਾਰ ਰੁਪਏ ਵੱਲ ਹੀ ਜਾਂਦਾ ਹੈ ਲੇਕਿਨ ਜਿਹੜਾ ਤੁਸੀਂ ਬਾਕੀ ਕੁਝ ਕੀਤਾ ਹੈ, ਜਿਹੜੀਆਂ ਗਰੰਟੀਆਂ ਵੰਡੀਆਂ ਹਨ। ਤੁਸੀਂ ਕਿਹਾ ਸੀ ਕਿ 16 ਹਜ਼ਾਰ ਮੁਹੱਲਾ ਕਲੀਨਿਕ ਬਣਾਵਾਂਗੇ। ਮੈਂ ਤੁਹਾਡੀ ਗੱਲ ਮੰਨ ਲਈ ਹੈ।

(ਟਰੇਜ਼ਰੀ ਬੈਂਚਿਜ਼ ਵੱਲੋਂ ਅਵਾਜ਼ਾਂ: ਬਣਾਵਾਂਗੇ, ਬਣਾਵਾਂਗੇ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਇਹ ਕੋਈ ਤਰੀਕਾ ਨਹੀਂ ਹੈ।

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਮੈਂ ਕਦੇ ਕਿਸੇ ਦੀ ਗੱਲ ਵਿੱਚ ਨਹੀਂ ਬੋਲਦਾ। ਕੌੜੀ-ਕੌੜੀ ਤੋਂ ਗੱਲ ਵੀ ਕਰਦੇ ਹੋ, ਮੈਂ ਤਾਂ ਵੀ ਨਹੀਂ ਬੋਲਦਾ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ, ਸ਼ਰਮਾ ਜੀ ਬੈਠੋ। ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ, ਹਾਊਸ ਦਾ ਡੈਕੋਰਮ ਬਣਾ ਕੇ ਰੱਖਿਆ ਜਾਵੇ। ਹਾਂ ਜੀ, ਅਸ਼ਵਨੀ ਕੁਮਾਰ ਸ਼ਰਮਾ ਜੀ ਬੋਲੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਜਿਹੜੀ ਸਪੀਡ ਆਪਾਂ ਫੜੀ ਹੈ, ਮੈਂ ਅਜੇ ਇਹ ਚਰਚਾ ਨਹੀਂ ਕਰ ਰਿਹਾ ਕਿ ਮੁਹੱਲਾ ਕਲੀਨਿਕ ਕਿਸ ਤਰੀਕੇ ਨਾਲ ਚੱਲ ਰਹੇ ਹਨ, ਕੀ ਹੋ ਰਿਹਾ ਹੈ ਅਤੇ ਕੀ ਨਹੀਂ ਹੋ ਰਿਹਾ। ਇਨ੍ਹਾਂ ਨੇ ਬਜਟ ਵਿੱਚ ਕਿਹਾ ਹੈ ਕਿ ਤਕਰੀਬਨ 500 ਸਥਾਪਿਤ ਕਰ ਦਿੱਤੇ ਹਨ ਅਤੇ 142 ਹੋਰ ਬਣਾਵਾਂਗੇ ਪਰ ਕੀ ਇਹ 16 ਹਜ਼ਾਰ ਮੁਹੱਲਾ ਕਲੀਨਿਕ ਪੂਰੇ ਕਰ ਪਾਓਗੇ? ਮੇਰਾ ਕੇਵਲ ਇਹ ਕਹਿਣਾ ਹੈ। ਦੂਸਰਾ ਵਿਰੋਧ ਕਰਨ ਨੂੰ ਬਹੁਤ ਕੁਝ ਹੈ ਪਰੰਤੂ ਮੈਂ ਕੁਝ ਸੁਝਾਅ ਵੀ ਦੇਣਾ ਚਾਹੁੰਦਾ ਹਾਂ।

(ਟਰੇਜ਼ਰੀ ਬੈਂਚਿਜ਼ ਵੱਲੋਂ ਅਵਾਜ਼ਾਂ: ਪਹਿਲਾਂ ਤੋਂ ਹੀ ਨੈਗੇਟਿਵ ਗੱਲਾਂ ਕਰਦੇ ਸੀ।)

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਜਿਹੜਾ ਵਿਰੋਧ ਨਹੀਂ ਸੁਣਦਾ, निंदक नियरे राखिए, ਬਿਨਾਂ ਸਾਬਣ ਅਤੇ ਪਾਣੀ ਤੋਂ ਉਹ ਜੀਵਨ ਦਾ ਵਿਕਾਸ ਕਰਦਾ ਹੈ। ਮੇਰਾ ਇਹ ਕਹਿਣਾ ਹੈ ਕਿ ਕੇਂਦਰ ਨੂੰ ਨਿੰਦੀ ਜਾਣਾ ਅਤੇ ਉਸ ਕੋਲੋਂ ਮੰਗੀ ਵੀ ਜਾਣਾ। ਦੋ ਗੱਲਾਂ ਨਹੀਂ ਚੱਲ ਸਕਦੀਆਂ। (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਪਹਿਲਾਂ ਗੱਲ ਸੁਣ ਲਵੋ। ਜੇ ਬੋਲਣ ਨਹੀਂ ਦੇਣਾ, ਫਿਰ ਕੀ ਹੈ? ਅੱਜ ਤੁਹਾਨੂੰ ਕਿਸੇ ਨੂੰ ਪਤਾ ਹੈ ਕਿ 112 ਕਰੋੜ ਰੁਪਏ? (ਵਿਘਨ)(ਸ਼ੋਰ) ਇੱਕ ਮਿੰਟ ਸੁਣ ਲਵੋ। ਮੈਂ ਦੱਸਣ ਲੱਗਿਆ ਹਾਂ ਕਿ

ਅਸੀਂ ਕੀ ਕਰ ਰਹੇ ਹਾਂ, ਥੋੜ੍ਹਾ ਪੰਜਾਬ ਬਾਰੇ ਸੋਚ ਲਈਏ ਖਾਸ ਕਰਕੇ ਮਨਿਸਟਰ ਧਿਆਨ ਦੇਣ। ਕੇਰਲਾ ਵਿੱਚ ਬੀ.ਜੇ.ਪੀ. ਦੀ ਸਰਕਾਰ ਨਹੀਂ ਹੈ, ਕਾਂਗਰਸ ਦੀ ਸਰਕਾਰ ਹੈ ? ਉੱਥੇ ਕਮਿਊਨਸਟਾਂ ਦੀਆਂ ਸਰਕਾਰਾਂ ਹਨ ਲੇਕਿਨ ਜਿਹੜੀਆਂ ਕੇਂਦਰ ਦੀਆਂ ਸਕੀਮਾਂ ਹਨ, ਇੱਥੇ ਸਦਨ ਦੇ ਮੇਜ਼ ਤੇ ਰੱਖੋ ਕਿ ਉਨ੍ਹਾਂ ਸਕੀਮਾਂ ਦਾ ਲਾਭ ਮੇਰੇ ਪੰਜਾਬ ਤੱਕ ਕਿਉਂ ਨਹੀਂ ਜਾ ਰਿਹਾ। ਅਗਰ ਤੁਹਾਡੇ ਨਾਲ ਲੱਗਦੇ ਸੂਬਿਆਂ ਅੰਦਰ ਇੱਕ ਸਾਲ ਦੇ ਵਿੱਚ ਇੱਕ ਲੱਖ ਆਵਾਸ ਯੋਜਨਾ ਦੇ ਤਹਿਤ ਘਰ ਬਣ ਸਕਦੇ ਹਨ। ਤੁਹਾਨੂੰ ਇੱਕ ਲੱਖ 30 ਹਜ਼ਾਰ ਰੁਪਏ ਕੇਂਦਰ ਸਰਕਾਰ ਦੇ ਮੋਦੀ ਸਾਹਿਬ ਤੋਂ ਮਿਲਣਾ ਹੈ, ਤੁਸੀਂ ਕਿਉਂ ਨਹੀਂ ਲੈਣਾ ਚਾਹੁੰਦੇ? ਇਹ ਲੜਾਈ ਇਸ ਗੱਲ ਦੀ ਕਰੋ। ਕੋਈ ਸਕੀਮਾਂ ਉੱਤੇ ਕੰਮ ਕਰਦਾ ਹੀ ਨਹੀਂ ਪਿਆ, ਮੇਰਾ ਇਹ ਕਹਿਣਾ ਹੈ। ਆਪਾਂ ਬੜਾ ਭ੍ਰਿਸ਼ਟਾਚਾਰ-ਭ੍ਰਿਸ਼ਟਾਚਾਰ ਲਗਾਇਆ ਹੈ, ਇੱਕ ਸਾਲ ਹੋ ਗਿਆ ਹੈ, ਕਦੇ ਪਤਾ ਕੀਤਾ ਹੈ ਕਿ ਲੁਧਿਆਣਾ ਦੇ ਸਮਾਰਟ ਸਿਟੀ ਪ੍ਰਾਜੈਕਟ ਵਿੱਚ ਲਗਾਏ ਪੈਸੇ ਦਾ ਪਿਛਲੀ ਸਰਕਾਰ ਨੇ ਕੀ-ਕੀ ਕਰ ਲਿਆ ਹੈ? ਇਵੇਂ ਹੀ ਲੜੀ ਜਾਂਦੇ ਪਏ ਹੋ। ਜਲੰਧਰ ਵਿੱਚ ਜਿਹੜਾ ਪੈਸਾ ਆਇਆ, ਉਸ ਵਿੱਚ ਕਿੰਨੀ ਵੱਡੀ ਗੜਬੜ ਹੋਈ ਹੈ। ਕੀ ਕੇਂਦਰ ਦੇ ਭੇਜੇ ਹੋਏ ਕਰੋੜਾਂ ਰੁਪਏ ਠੀਕ ਲੱਗੇ ਹਨ? ਤੁਹਾਡਾ ਸਵੱਛਤਾ ਮਿਸ਼ਨ ਵਿੱਚ ਪੈਸਾ ਆਇਆ, ਕੀ ਉਹ ਠੀਕ ਜਗ੍ਹਾ ਯੂਟੇਲਾਈਜ਼ ਹੋਇਆ ਹੈ? ਇਸ ਗੱਲ ਦੀ ਚਰਚਾ ਕਰੋ। ਪ੍ਰਧਾਨ ਮੰਤਰੀ ਜਲ ਮਿਸ਼ਨ, ਇੱਥੇ ਸਹੁੰ ਖਾਓ ਕਿ ਪੰਜਾਬ ਦਾ ਕੋਈ ਪਿੰਡ ਅਜਿਹਾ ਨਹੀਂ ਰਹਿਣ ਦੇਵਾਂਗੇ ਜਿਹੜਾ ਜਲ ਮਿਸ਼ਨ ਦੇ ਨਾਲ ਨਹੀਂ ਜੋੜਾਂਗੇ ਅਤੇ ਘਰ-ਘਰ ਨਲਕਾ ਪਹੁੰਚਾਵਾਂਗੇ। ਅੱਜ ਬੜੀ ਚਰਚਾ ਹੋਈ, ਮੈਨੂੰ ਬੜੀ ਖੁਸ਼ੀ ਵੀ ਹੋ ਰਹੀ ਸੀ। ਰਾਜ ਮਾਰਗਾਂ ਦੀ ਗੱਲ ਹੋਈ, ਬੜਿਆਂ ਨੂੰ ਯਾਦ ਕਰਦੇ ਹੋ, ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਨੂੰ ਯਾਦ ਕਰ ਲੈਣਾ ਚਾਹੀਦਾ ਸੀ ਜਿਸ ਨੇ ਚਹੁੰ-ਮੁਖੀ ਰਾਜ ਮਾਰਗਾਂ ਦਾ ਪ੍ਰਾਜੈਕਟ ਦਿੱਤਾ ਔਰ ਸ਼੍ਰੀ ਨਿਤਿਨ ਗਡਕਰੀ ਜੀ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਸੀ, ਅੱਜ ਜਿਹੜੇ ਕਹਿੰਦੇ ਹਨ ਕਿ ਹਾਈਵੇ ਕਰਕੇ 2-3 ਘੰਟੇ ਵਿੱਚ ਇੱਥੇ ਪੁੱਜ ਜਾਂਦੇ ਹਨ, ਇਸ ਲਈ ਸਾਨੂੰ ਹੋਰ ਲਾਭ ਉਠਾਉਣਾ ਚਾਹੀਦਾ ਹੈ। ਤੁਸੀਂ ਪ੍ਰਾਜੈਕਟ ਬਣਾਇਆ ਸੀ, ਮੈਂ ਸੀ.ਐਮ. ਸਾਹਿਬ ਨੂੰ ਅੱਜ ਵੀ ਕਹਿੰਦਾ ਹਾਂ ਕਿ ਜਿਹੜਾ ਤੁਸੀਂ ਕੰਢੀ ਤੋਂ ਲੈ ਕੇ ਪਠਾਨਕੋਟ ਤੱਕ ਰੋਡ ਦੀ ਗੱਲ ਕਰ ਰਹੇ ਹੋ, ਇਹ ਪ੍ਰਾਜੈਕਟ ਕਰੋ, ਮੈਂ ਤੁਹਾਡੇ ਨਾਲ ਜਾਵਾਂਗੇ। ਮੇਰੇ ਪੰਜਾਬ ਦੀ ਬਿਹਤਰੀ ਲਈ ਹਰ ਵੇਲੇ ਕੋਈ ਨੁਕਤਾਚੀਨੀ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਮੇਰੇ ਪੰਜਾਬ ਦਾ ਭਲਾ ਹੋਵੇ। ਸਥਾਨਕ ਸਰਕਾਰ ਮੰਤਰੀ ਬੈਠੇ ਹਨ, ਜਿਹੜੇ ਸ਼ਹਿਰ ਅੰਮ੍ਰਿਤ ਯੋਜਨਾ ਵਿੱਚ ਆਏ ਹਨ, ਕੀ ਉਨ੍ਹਾਂ ਦੀ ਕਦੇ ਸਮੀਖਿਆ ਕੀਤੀ ਹੈ ਕਿ ਇਸ ਸਾਲ ਦਾ ਪੈਸਾ ਕਿਉਂ ਰੁਕ ਗਿਆ? ਸ਼ਹਿਰਾਂ ਦੀ ਹਾਲਤ ਦੇਖੋ, ਸੀਵਰੇਜ ਬੰਦ ਪਏ ਹਨ। ਮੇਰੀ ਕੇਵਲ ਇਤਨੀ ਬੇਨਤੀ ਹੈ ਕਿ ਜੇ ਆਪਾਂ ਸਕਾਰਾਤਮਕ ਸੋਚ ਨਾਲ ਜੋ ਸਕੀਮਾਂ ਨਾਲ ਦੀਆਂ ਸਟੇਟਾਂ ਵਿੱਚ ਹਨ, ਉਨ੍ਹਾਂ ਤੇ ਗੌਰ ਕਰੀਏ। ਸੁਕੰਨਿਆ ਯੋਜਨਾ ਹੈ, ਉਸ ਦੀ ਤੁਲਨਾ ਦੂਜੀਆਂ ਸਟੇਟਾਂ ਨਾਲ ਕਰੀਏ, ਤੁਹਾਨੂੰ ਵੀ ਕਹਿ ਰਿਹਾ ਹਾਂ ਕਿ ਉਨ੍ਹਾਂ ਨਾਲ ਤੁਲਨਾ ਕਰਦੇ ਹਾਂ ਕਿ ਆਵਾਸ

ਯੋਜਨਾ ਵਿੱਚ ਪੰਜਾਬ ਇੱਕ ਨੰਬਰ ਦਾ ਫਾਇਦਾ ਲਵੇਗਾ। ਸੁਕੰਨਿਆ ਯੋਜਨਾ ਨੂੰ ਇੱਕ ਨੰਬਰ ਤੇ ਲੈ ਕੇ ਜਾਵਾਂਗੇ। ਮਾਲ ਮਾਲਕਾਂ ਦਾ ਅਤੇ ਮਸ਼ਹੂਰੀ ਭਾਵੇਂ ਆਪਣੀ ਗੱਲ ਕਰ ਲੈਣਾ ਲੇਕਿਨ ਮੇਰਾ ਇਹ ਕਹਿਣਾ ਹੈ ਕਿ ਅੱਜ ਇਸ ਪਲੈਟਫਾਰਮ ਤੇ ਸਾਰਥਿਕ ਚਰਚਾ ਹੋਣੀ ਚਾਹੀਦੀ ਹੈ।

**ਮ.ਰ. ਹਸਟ./2.50/11.03.2023**

ਦੂਸਰਾ, ਇਸ ਦਾ ਰਾਜਨੀਤੀਕਰਨ ਵੀ ਨਹੀਂ ਕਰਨਾ ਚਾਹੀਦਾ ਹੈ। ਮੈਨੂੰ ਕਿਹੜਾ ਕਿਸੇ ਨੇ ਠੇਕਾ ਦਿੱਤਾ ਹੈ ਕਿ ਕਿਸੇ ਨੂੰ ਭ੍ਰਿਸ਼ਟਾਚਾਰੀ ਅਤੇ ਕਿਸੇ ਨੂੰ ਇਮਾਨਦਾਰ ਨਾ ਕਹਾਂ।ਇਸ ਦੇਸ਼ ਅੰਦਰ ਨਿਆਂਪਾਲਿਕਾ ਹਨ। ਇਸ ਦੇਸ਼ ਅੰਦਰ ਕਾਨੂੰਨ ਹੈ। ਇਹ ਨਹੀਂ ਹੋ ਸਕਦਾ ਕਿ ਤੁਸੀਂ ਕਿਸੇ ਨੂੰ ਕਹੋ ਕਿ ਇਹ ਝੂਠਾ ਹੈ, ਇਹ ਇਮਾਨਦਾਰ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਦਨ ਵਿੱਚ ਜਿਸ ਗੱਲ ਦੀ ਚਰਚਾ ਹੋਣੀ ਚਾਹੀਦੀ ਹੈ, ਉਹ ਕਰਨੀ ਚਾਹੀਦੀ ਹੈ। ਤੁਸੀਂ ਸਾਰਿਆਂ ਨੇ ਧਿਆਨ ਨਾਲ ਸੁਣਿਆ ਤੁਹਾਡਾ ਬਹੁਤ ਬਹੁਤ ਧੰਨਵਾਦ ਅਤੇ ਸਪੀਕਰ ਸਾਹਿਬ, ਤੁਹਾਨੂੰ ਕਹਿਣਾ ਨਹੀਂ ਪਿਆ, ਇਸ ਲਈ ਤੁਹਾਡਾ ਵੀ ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਵਾਹ ਜੀ ਵਾਹ। ਹਾਂ ਜੀ, ਨਛੱਤਰ ਪਾਲ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ) (ਬੈਠੇ-ਬੈਠੇ):** ਕਮਾਲ ਕਰ ਦਿੱਤੀ ਪ੍ਰਧਾਨ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਬੈਠੇ-ਬੈਠੇ):** ਅਸੀਂ ਤਾਂ ਕਹਿੰਦੇ ਹਾਂ ਕਿ ਕੰਮ ਕਰੋ, ਅਸੀਂ ਤੁਹਾਡੇ ਨਾਲ ਚੱਲਾਂਗੇ। ਮੈਂ ਨਾਲ ਜਾਣ ਲਈ ਤਿਆਰ ਹਾਂ।18 ਸਕੀਮਾਂ ਹਨ।

**ਮੰਤਰੀ (ਬੈਠੇ-ਬੈਠੇ):** ਧੰਨਵਾਦ ਜੀ, ਠੀਕ ਹੈ। ਜਿਹੜਾ ਸਾਡਾ ਆਰ.ਡੀ.ਐਫ. ਦਾ ਪੈਸਾ ਰੁਕਿਆ ਪਿਆ ਹੈ, ਉਹ ਹੀ ਦਿਵਾ ਦਿਓ। ਇਹ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਬੈਠੇ-ਬੈਠੇ):** ਪਹਿਲਾਂ ਤੁਹਾਡੇ ਨਾਲ ਬੈਠਾਂਗੇ, ਫਿਰ ਅਸੀਂ ਉਥੇ ਗੱਲ ਕਰਾਂਗੇ। ਅਸੀਂ ਤਾਂ ਕਹਿੰਦੇ ਹਾਂ ਕਿ ਕੰਮ ਕਰੋ, ਅਸੀਂ ਨਾਲ ਚੱਲਾਂਗੇ।

**ਮਾਨਯੋਗ ਸਪੀਕਰ:** ਧਾਲੀਵਾਲ ਸਾਹਿਬ, ਆਪਾਂ ਰਨਿੰਗ ਕੁਮੈਂਟਰੀ ਨਹੀਂ ਕਰਨੀ ਹੈ, ਜੇਕਰ ਕੋਈ ਗੱਲ ਕਰਨੀ ਹੈ ਤਾਂ ਖੜ੍ਹੇ ਹੋ ਕੇ ਬੋਲੋ।ਧਾਲੀਵਾਲ ਸਾਹਿਬ ਦਾ ਮਾਈਕ ਆੱਨ ਕਰੋ।

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵਿੱਚ ਚਲਦੀ ਹੈ। ਜਿਹੜਾ ਸਾਡਾ 32 ਹਜ਼ਾਰ ਕਰੋੜ ਰੁਪਿਆ ਰੂਰਲ ਡਿਵੈਲਪਮੈਂਟ ਫੰਡ ਰੁਕਿਆ ਪਿਆ ਹੈ, ਤੁਹਾਨੂੰ ਬੇਨਤੀ ਹੈ ਕਿ ਪ੍ਰਧਾਨ ਜੀ ਉਹ ਦਿਵਾ ਦੇਣ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਬੈਠੇ-ਬੈਠੇ):** ਮੈਂ ਯਕੀਨ ਦਿਵਾਉਂਦਾ ਹਾਂ ਅਤੇ ਆਪਾਂ ਬੈਠ ਜਾਂਦੇ ਹਾਂ।ਉਸ ਅੰਦਰ ਕਿੱਥੇ ਕੀ ਹੈ, ਦੇਖ ਲਵਾਂਗੇ।

**ਮੰਤਰੀ:** ਪ੍ਰਧਾਨ ਜੀ, ਉਨ੍ਹਾਂ ਨਾਲ ਬੈਠੋ, ਸਾਡੇ ਨਾਲ ਬੈਠ ਕੇ ਕੀ ਕਰਨਾ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਬੈਠੇ-ਬੈਠੇ):** ਤੁਹਾਡੇ ਨਾਲ ਬੈਠ ਕੇ ਹੀ ਗੱਲ ਸਮਝਾਂਗਾ।

**ਮੰਤਰੀ:** ਸਰ, ਪੈਸੇ ਉਨ੍ਹਾਂ ਕੋਲ ਹਨ। ਸਰ, ਸਾਡਾ ਮੰਡੀ ਬੋਰਡ ਦਾ ਸਾਰਾ ਕੰਮ ਰੁਕਿਆ ਹੈ।ਸਾਡੇ ਪੈਸੇ ਦੇ ਦਿਓ, ਕਿਉਂ ਰੋਕ ਕੇ ਬੈਠੇ ਹੋ।

(ਇਸ ਸਮੇਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ, ਸ਼੍ਰੀ ਅਮਨ ਅਰੋੜਾ ਜੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਬੈਠੇ-ਬੈਠੇ):** ਤੁਸੀਂ ਆਓ ਤੇ ਚੱਲ ਪਵਾਂਗੇ। ਮੈਂ ਸਦਨ ਵਿੱਚ ਕਹਿ ਰਿਹਾ ਹਾਂ। ਕਮਾਲ ਹੈ।ਮੈਂ ਚੱਲਾਂਗਾਂ।

**ਮੰਤਰੀ:** ਠੀਕ ਹੈ। ਪੈਸੇ ਦੇ ਦਿਓ, ਕਿਉਂ ਰੋਕ ਕੇ ਬੈਠੇ ਹੋ? ਬਸ ਇਹੀ ਬੇਨਤੀ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਠੀਕ ਹੈ ਜੀ। ਧਾਲੀਵਾਲ ਜੀ, ਬੈਠੋ। ਹਾਂ ਜੀ, ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂਸ਼ਹਿਰ):** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਸਪੀਚ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਕੱਲ੍ਹ ਆਪਣਾ ਬਜਟ ਪੇਸ਼ ਕੀਤਾ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਦਰਜ ਸ੍ਰੀ ਗੁਰੂ ਰਵੀਦਾਸ ਜੀ ਦਾ ਸ਼ਬਦ:

ਬੇਗਮਪੁਰਾ ਸਹਰ ਕੋ ਨਾਉ ॥

ਦੂਖੁ ਅੰਦੋਹੁ ਨਹੀ ਤਿਹਿ ਠਾਉ ॥

ਨਾਂ ਤਸਵੀਸ ਖਿਰਾਜੁ ਨ ਮਾਲੁ ॥

ਖਉਫੁ ਨ ਖਤਾ ਨ ਤਰਸੁ ਜਵਾਲੁ ॥

ਦਾ ਜੋ ਪੂਰਾ ਵੇਰਵਾ ਦਿੱਤਾ ਹੈ, ਜਿਸ ਵਿੱਚ ਲਾਸਟ ਗੁਰੂ ਸਾਹਿਬ ਕਹਿੰਦੇ ਹਨ ਕਿ:

ਕਹਿ ਰਵੀਦਾਸ ਖਲਾਸ ਚਮਾਰਾ ॥

ਜੋ ਹਮ ਸਹਰੀ ਸੁ ਮੀਤੁ ਹਮਾਰਾ ॥

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ,

ਛੋਟ ਬੜੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।।

ਇਹ ਜਿਹੜਾ ਸ਼ਬਦ/ਸਲੋਕ ਕੱਲ੍ਹ ਵਿੱਤ ਮੰਤਰੀ ਸਾਹਿਬ ਨੇ ਪੜ੍ਹਿਆ ਹੈ, ਇਸ ਸ਼ਬਦ ਵਿੱਚ ਹੀ ਸਾਰੇ ਰਾਜ ਪ੍ਰਬੰਧ ਦਾ, ਸਾਰੇ ਰਾਜ ਪ੍ਰਬੰਧ ਵਿੱਚ ਕੀ ਜ਼ਰੂਰਤਾਂ ਹਨ, ਕੋਈ ਦੁਖੀ ਨਾ ਹੋਵੇ, ਕਿਸੇ ਤੇ ਮਾਲੀਆ ਟੈਕਸ ਨਾ ਲੱਗੇ, ਕਿਸੇ ਨੂੰ ਰੋਕਿਆ ਨਾ ਜਾਵੇ, ਉਹ ਆਪਣਾ ਕੰਮ ਕਰ ਸਕੇ। ਉਹ ਆਪਣੇ ਇਲਾਕੇ, ਆਪਣੇ ਦੇਸ਼ ਨੂੰ, ਸਟੇਟ ਨੂੰ ਅੱਗੇ ਵਧਾ ਸਕੇ। ਅੱਜ ਤੋਂ 650 ਸਾਲ ਪਹਿਲਾਂ ਗੁਰੂ ਸਾਹਿਬ ਨੇ ਦੇਸ਼ ਅੰਦਰ ਆਪਣੀ ਗੱਲ ਰੱਖੀ। ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਸਿਹਤ ਸਿੱਖਿਆ ਅਤੇ ਰੁਜ਼ਗਾਰ ਅੰਦਰ ਬਜਟ ਵਧਾਇਆ ਹੈ ਪਰੰਤੂ ਜੋ ਚੀਜ਼ਾਂ ਰਹਿ ਗਈਆਂ ਹਨ, ਉਹ ਸਾਰੀਆਂ ਚੀਜ਼ਾਂ ਮੈਂ ਤੁਹਾਡੇ ਮਾਧਿਆਮ ਵਿੱਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਬਾਬਾ ਅੰਬੇਦਕਰ ਦੀ ਵਿਚਾਰਧਾਰਾ ਕਰਕੇ ਆਪਾਂ ਇੱਥੇ ਪਹੁੰਚੇ ਹਾਂ।

ਬਾਬਾ ਸਾਹਿਬ ਦੀ ਵਿਚਾਰਧਾਰਾ ਦੇਸ਼ਵਾਸੀਆਂ ਨੂੰ ਨਹੀਂ ਪਤਾ ਹੋਣੀ ਸੀ ਜੇ ਪੰਜਾਬ ਦੀ ਧਰਤੀ ਤੋਂ Khawaspur in Punjab's Ropar district ਤੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਪੈਦਾ ਨਾ ਹੁੰਦੇ। ਕੋਨੇ ਕੋਨੇ ਅੰਦਰ ਬਾਬਾ ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਅਤੇ ਫਿਲਾਸਫੀ ਉਨ੍ਹਾਂ ਨੇ ਪਹੁੰਚਾਈ। ਕਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ

ਮਾਨਸ ਕੀ ਜਾਤਿ ਸਬੈ ਏਕੇ ਪਹਿਚਾਨਬੋ ॥

ਇਨ ਗਰੀਬ ਸਿੱਖਨ ਕੋ ਦਯੈ ਪਾਤਸ਼ਾਹੀ ।

ਯੇ ਯਾਦ ਰਖੈਂ ਹਮਰੀ ਗੁਰਿਆਈ ।

ਜਿਹੜਾ ਗੁਰੂ ਸਾਹਿਬ ਦਾ ਥਾੱਟ ਸੀ, ਉਸ ਨੂੰ ਘਰ-ਘਰ ਵਿੱਚ ਜਾ ਕੇ ਪਹੁੰਚਾਇਆ। ਆਮ ਲੋਕਾਂ ਲਈ, ਆਮ ਪਰਿਵਾਰਾਂ ਲਈ ਜਿਨ੍ਹਾਂ ਨੇ ਕਦੇ ਰਾਜਭਾਗ ਦੇ ਅੰਦਰ ਜਾਣ ਦਾ ਸੁਪਨਾ ਨਹੀਂ ਸੀ ਲਿਆ, ਉਨ੍ਹਾਂ ਦੇ ਅੰਦਰ ਚਾਹਤ ਪੈਦਾ ਕੀਤੀ । ਸੋ, ਅਸੀਂ ਕਾਫੀ ਸਾਥੀ ਆਮ ਪਰਿਵਾਰਾਂ ਵਿੱਚੋਂ ਜਿੱਤ ਕੇ ਆਏ ਹਾਂ। ਸਿੱਖਿਆ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਵਿੱਚ ਬਜਟ ਵਾਧਾ ਕਰਨਾ ਚਾਹੀਦਾ ਸੀ, ਪੰਜਾਬ ਦੇ ਅੰਦਰ ਜਿਹੜੀ ਸਿੱਖਿਆ ਨੀਤੀ ਹੈ, ਜਿਸ ਅੰਦਰ Right to Education ਜਿਹੜਾ ਪੂਰੇ ਦੇਸ਼ ਵਿੱਚ ਲਾਗੂ ਹੈ, ਸਾਨੂੰ ਪੰਜਾਬ ਦੇ ਅੰਦਰ ਵਿੱਚ quality of education ਨੂੰ ਅੱਗੇ ਲਿਜਾਉਣ ਲਈ ਉਸ ਨੂੰ ਲਾਗੂ ਕਰਨਾ ਚਾਹੀਦਾ ਹੈ। ਸਕਿੱਲ ਡਿਵੈਲਮੈਂਟ ਲਈ ਰੱਖੇ ਗਏ 163 ਕਰੋੜ ਰੁਪਏ ਵਿੱਚ ਵਾਧਾ ਕਰਨਾ ਚਾਹੀਦਾ ਤਾਂ ਜੋ ਵੱਧ ਤੋਂ ਵੱਧ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਸਕੇ।

GK/HS 2.55 11-3--2023

ਲੋਕਾਂ ਦੇ ਭਲੇ ਲਈ ਕੇਂਦਰ ਦੀ ਭਾਰਤ ਆਯੂਸ਼ਮਾਨ ਯੋਜਨਾ ਵਰਗੀਆਂ ਅਤੇ ਸੂਬੇ ਅੰਦਰ ਭਗਤ ਪੂਰਨ ਸਿੰਘ ਜੀਵਨ ਬੀਮਾ ਯੋਜਨਾ ਵਰਗੀਆਂ ਯੋਜਨਾਵਾਂ ਵੀ ਲਿਆਉਣੀਆਂ ਚਾਹੁੰਦੀਆਂ ਹਨ। ਪੰਜਾਬ ਅੰਦਰ AI ਵਰਕਰਜ ਅਤੇ ਪੰਜਾਬ ਹੋਮ ਗਾਰਡਜ ਦੇ ਪੈਨਸ਼ਨਰ ਪੌਣੇ ਪੰਜ ਸਾਲ ਤੋਂ ਰੋਪੜ ਟੋਲ ਪਲਾਜ਼ੇ ਤੇ ਧਰਨਾ ਲਗਾ ਕੇ ਬੈਠੇ ਹਨ ਉਨ੍ਹਾਂ ਦੀਆਂ ਮੰਗਾਂ ਵੀ ਸੁਣਨੀਆਂ ਚਾਹੀਦੀਆਂ ਹਨ। ਸਰਕਾਰੀ ਮੁਲਾਜ਼ਮਾਂ ਨੂੰ ਜਿਹੜੀ 4-9-14 ਤਹਿਤ ਸਾਲਾਨਾ ਇਨਕਰੀਮੈਂਟ ਲੱਗਦੀ ਹੈ ਉਹ ਵੀ ਲਗਾਈ ਜਾਵੇ। ਹਰੇਕ ਮੁਲਾਜ਼ਮ ਦਾ 200/- ਰੁਪਿਆ ਡਿਵੈਲਪਮੈਂਟ ਫੰਡ ਕੱਟਿਆ ਜਾਂਦਾ ਹੈ ਉਸ ਨੂੰ ਤੁਰੰਤ ਬੰਦ ਕਰਵਾਇਆ ਜਾਣਾ ਚਾਹੀਦਾ ਹੈ। Scheduled Castes Sub Plan ਦੇ ਅੰਦਰ 13878 ਕਰੋੜ ਰੁਪਿਆ ਰੱਖਿਆ ਗਿਆ ਹੈ।ਇਸ ਸਬੰਧੀ ਮੇਰੀ ਇਹੀ ਬੇਨਤੀ ਹੈ ਕਿ ਇਸ ਫੰਡ ਦੀ ਆਉਣ ਵਾਲੇ ਸਮੇਂ ਦੇ ਅੰਦਰ ਡਾਇਵਰਸ਼ਨ ਨਾ ਕੀਤੀ ਜਾਵੇ। ਇਹ ਸਾਰੇ ਪੈਸੇ Scheduled Castes Sub Plan ਤੇ ਹੀ ਖਰਚ ਕੀਤੇ ਜਾਣੇ ਚਾਹੀਦੇ ਹਨ। ਪਛੜੀਆਂ ਸ਼੍ਰੇਣੀਆਂ ਨੂੰ ਸੰਵਿਧਾਨ ਮੁਤਾਬਿਕ ਬਣਦਾ ਰਾਖਵਾਂਕਰਨ ਦਿੱਤਾ ਜਾਣਾ ਚਾਹੀਦਾ ਹੈ। ਲੁਧਿਆਣਾ, ਮੱਤੇਵਾੜਾ, ਰਾਹੋਂ-ਨਵਾਂਸ਼ਹਿਰ, ਸਮਰਾਲਾ, ਮਾਛੀਵਾੜਾ, ਰਾਹੋਂ-ਨਵਾਂਸ਼ਹਿਰ ਦੀਆਂ ਸੜਕਾਂ ਦੀ ਬੇਹੱਦ ਮਾੜੀ ਹਾਲਤ ਨੂੰ ਵੀ ਠੀਕ ਕਰਨਾ ਚਾਹੀਦਾ ਹੈ। ਕੋਆਪ੍ਰੇਟਿਵ ਸੁਸਾਇਟੀਆਂ ਵੱਲੋਂ ਬੇਜ਼ਮੀਨੇ ਲੋਕਾਂ ਦੇ ਕਰਜ਼ੇ ਮਾਫ ਕੀਤੇ ਜਾਣੇ ਚਾਹੀਦੇ ਹਨ। ਦਿਹਾੜੀਦਾਰਾਂ ਦੀ ਦਿਹਾੜੀ ਵਿੱਚ ਵੀ ਵਾਧਾ ਕਰਨਾ ਚਾਹੀਦਾ ਹੈ। ਸਫਾਈ ਕਰਮਚਾਰੀਆਂ ਦੀ ਵੀ ਪੱਕੀ ਭਰਤੀ ਕਰਨੀ ਚਾਹੀਦੀ ਹੈ। ਉਨ੍ਹਾਂ ਦਾ ਇੰਸ਼ੋਰੈਂਸ ਵੀ ਹੋਣਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਆਈ.ਟੀ. ਸਿਟੀ, ਫਿਲਮਸਿਟੀ ਅਤੇ ਮੈਡੀਸਿਟੀ ਅਤੇ ਰਿਲੀਜੀਅਸ ਟੂਰਿਜ਼ਮ ਦਾ ਨਿਰਮਾਣ ਕਰਕੇ ਲੋਕਾਂ ਨੂੰ ਰੁਜ਼ਗਾਰ

ਦਿੱਤਾ ਜਾ ਸਕਦਾ ਹੈ। ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਤੋਂ ਨਾਰਥ ਅਮਰੀਕਾ, ਯੂਰਪ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਨੂੰ ਸਿੱਧੀਆਂ ਫਲਾਇਟਾਂ ਚਾਲੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਐਨ.ਆਰ.ਆਈ. ਭਰਾਵਾਂ ਨੂੰ ਇਹ ਸੁਵਿਧਾ ਮਿਲ ਸਕੇ। ਪਿਛਲੀ ਵਾਰ ਵਿੱਤ ਮੰਤਰੀ ਸਾਹਿਬ ਜਿਹੜੀ ਐਕਸਾਈਜ਼ ਦੀ ਪਾਲਿਸੀ ਲੈ ਕੇ ਆਏ ਸਨ, ਲੋਕਾਂ ਅੰਦਰ ਹਮੇਸ਼ਾ ਉਸ ਦੀ ਚਰਚਾ ਰਹਿੰਦੀ ਹੈ ਕਿ ਇਹ ਪਾਲਿਸੀ ਕਿਸ ਤਰ੍ਹਾਂ ਦੀ ਹੈ। ਕੀ ਇਹ ਮਾੜੀ ਪਾਲਿਸੀ ਹੈ? ਮੈਂ ਕੱਲ੍ਹ ਦੇਖਿਆ ਹੈ ਕਿ ਉਸ ਅੰਦਰ 45% ਦਾ ਵਾਧਾ ਹੋਇਆ ਹੈ। ਹਰ ਰੋਜ਼ ਲੋਕ ਇਹ ਸੋਚਦੇ ਰਹਿੰਦੇ ਹਨ ਕਿ ਅੱਜ ਸੀ.ਬੀ.ਆਈ. ਆ ਗਈ, ਅੱਜ ਈ.ਡੀ. ਆ ਗਈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਇਹ ਅਪੀਲ ਕਰਨੀ ਚਾਹੁੰਦਾ ਹਾਂ ਕਿ ਇਸ ਪਾਲਿਸੀ ਬਾਰੇ ਵਿਸਥਾਰ ਨਾਲ ਦੱਸਿਆ ਜਾਵੇ ਕਿ ਇਹ 45% ਰੈਵੀਨਿਊ ਕਿਸ ਤਰ੍ਹਾਂ ਵਧਿਆ ਹੈ। ਠੇਕੇਦਾਰ ਤਾਂ ਕਹਿ ਰਹੇ ਹਨ ਕਿ ਅਸੀਂ ਬਹੁਤ ਘਾਟੇ ਵਿੱਚ ਜਾ ਰਹੇ ਹਾਂ। ਇਸ ਵਾਰ ਸ਼ਹਿਰਾਂ ਲਈ ਪਿੰਡਾਂ ਨਾਲੋਂ ਘੱਟ ਬਜਟ ਰੱਖਿਆ ਗਿਆ ਹੈ। ਸ਼ਹਿਰਾਂ ਵਿੱਚ ਪਿੰਡਾਂ ਤੋਂ ਉੱਠ ਕੇ ਲੋਕ ਆਏ ਹਨ। ਸਾਨੂੰ ਸ਼ਹਿਰਾਂ ਦੇ ਬਜਟ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਏ.ਜੀ. ਆਫਿਸ ਦੇ ਅੰਦਰ ਅਨੁਸੂਚਿਤ ਜਾਤੀ ਅਫਸਰਾਂ ਦੀਆਂ ਨਿਯੁਕਤੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। 4161 ਮਾਸਟਰ ਕੇਡਰ ਜਿਨ੍ਹਾਂ ਨੂੰ ਸਟੇਸ਼ਨ ਅਲਾਟ ਕੀਤੇ ਜਾਣੇ ਹਨ ਉਹ ਵੀ ਅਲਾਟ ਕੀਤੇ ਜਾਣ। ਜਿਹੜੇ ਟਰੈਕਟਰ ਡੀਲਰ ਲਾਇਸੈਂਸ ਦੀ ਆਰ.ਸੀ. ਆਨਲਾਈਨ ਬਣਾਉਂਦੇ ਸਨ ਉਨ੍ਹਾਂ ਦੀ ਇੱਕ ਲੱਖ ਰੁਪਿਆ ਸਕਿਓਰਟੀ ਸੀ ਅਤੇ ਹੁਣ ਉਹ ਸਿਕਿਓਰਟੀ ਵਧਾ ਕੇ ਚਾਰ ਲੱਖ ਰੁਪਿਆ ਕਰ ਦਿੱਤੀ ਗਈ ਹੈ। ਇਸ ਤੇ ਵੀ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ। ਅੰਮ੍ਰਿਤਸਰ ਅੰਦਰ ਇੱਕ ਡਾਕਟਰ ਕੁੜੀ Pamposh ਚਾਰ ਸਾਲ ਐਮ.ਬੀ.ਬੀ.ਐਸ. ਕਰਨ ਤੋਂ ਬਾਅਦ ਹੁਣ ਟ੍ਰੇਨਿੰਗ ਕਰ ਰਹੀ ਸੀ ਉਹ discrimination of caste ਦਾ ਸ਼ਿਕਾਰ ਹੋ ਗਈ ਹੈ। ਇਸ ਤਰ੍ਹਾਂ ਪੜ੍ਹੇ ਲਿਖੇ ਬੱਚੇ ਕਿਤੇ ਨਾ ਕਿਤੇ ਖੁਦਕੁਸ਼ੀਆਂ ਕਰ ਰਹੇ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਅਪੀਲ ਹੈ ਕਿ ਜਿਹੜੇ ਬੱਚੇ ਪੜ੍ਹ ਲਿਖ ਕੇ ਡਾਕਟਰ ਬਣਦੇ ਹਨ ਉਨ੍ਹਾਂ ਨਾਲ ਜੋ ਹਰਾਸਮੈਂਟ ਹੁੰਦੀ ਹੈ ਉਸ ਨਾਲ ਅਸੀਂ ਬੱਚਿਆਂ ਨੂੰ ਗਵਾ ਰਹੇ ਹਾਂ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਅੱਜ ਦੇ ਇਸ ਮੌਕੇ ਤੇ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ। ਬਜਟ ਵਿੱਚ ਜਿਹੜੀਆਂ ਚੰਗੀਆਂ ਗੱਲਾਂ ਹਨ ਉਸ ਨੂੰ ਅਸੀਂ ਐਪਰੀਸ਼ੀਏਟ ਕਰਦੇ ਹਾਂ। ਜਿਹੜੀਆਂ ਕੁਝ ਗੱਲਾਂ ਰਹਿ ਗਈਆਂ ਹਨ ਉਨ੍ਹਾਂ ਲਈ ਅਸੀਂ ਸੁਝਾਅ ਦਿੰਦੇ ਹਾਂ। ਮੈਂ ਮੰਤਰੀ ਸਾਹਿਬ ਨੂੰ ਇਹੀ ਹੱਥ ਜੋੜ ਕੇ ਅਪੀਲ ਕਰਦਾ ਹਾਂ ਕਿ ਉਨ੍ਹਾਂ ਗੱਲਾਂ ਨੂੰ ਆਉਣ ਵਾਲੇ ਸਮੇਂ ਵਿੱਚ ਬਜਟ ਵਿੱਚ ਜੋੜਿਆ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।ਜੈ ਭੀਮ, ਜੈ ਭਾਰਤ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਮੈਂ ਬਹੁਤ ਹੀ ਸਤਿਕਾਰਯੋਗ ਸਰਦਾਰ ਹਰਪਾਲ ਸਿੰਘ ਚੀਮਾ ਦੁਆਰਾ ਪੇਸ਼ ਕੀਤੇ ਗਏ ਬਜਟ ਤੇ ਬਹਿਸ ਕਰਨ ਦਾ ਮੌਕਾ ਦਿੱਤਾ ਹੈ। ਇਸ ਦੇ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਜਦੋਂ ਮਨਿਸਟਰ ਸਾਹਿਬ ਬਜਟ ਪੜ੍ਹ ਰਹੇ ਸਨ ਅਤੇ ਅਸੀਂ ਸੁਣ ਰਹੇ ਸਨ ਤਾਂ ਉਹ ਸਾਰਾ ਬਜਟ ਸੁਣ ਕੇ ਇਹ ਪ੍ਰਤੀਤ ਹੋਇਆ ਕਿ:

ज़ुल्म की रात बहुत जल्दी ढलेगी अब तो ..आग चूल्हों में

रोज़ जलेगी अब तो

भूख के मारे कोई बच्चा नहीं रोएगा..चैन की नींद

यहाँ हर शख्स य सोयेगा..

नए वादों का जो डाला है, वो जाल अच्छा है.

**दिल को बहलाने के लिए चीमा साहिब यह बजट अच्छा है**

ਸਭ ਤੋਂ ਪਹਿਲਾਂ ਬਜਟ ਵਿੱਚ ਮੁੱਖ ਤੌਰ ਤੇ ਜਿਹੜੀ ਗੱਲ ਆਉਂਦੀ ਹੈ ਜਿਸ ਤੋਂ ਸਾਰਾ ਪੰਜਾਬ ਘਬਰਾਉਂਦਾ ਹੈ ਅਤੇ ਪਹਿਲਾਂ ਵੀ ਘਬਰਾਉਂਦਾ ਰਿਹਾ, ਸਾਡੀ ਸਰਕਾਰ ਦੇ ਸਮੇਂ ਵੀ ਘਬਰਾਉਂਦਾ ਰਿਹਾ ਉਹ ਹੈ debt.

03.00 11.03.2023 Rajneet/Birendra singh

ਜਿਹੜਾ ਪਹਿਲਾਂ ਬਜਟ ਪੇਸ਼ ਹੋਇਆ ਸੀ, ਉਦੋਂ ਵੀ ਸਾਨੂੰ ਉਮੀਦ ਸੀ ਕਿਉਂਕਿ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਘੱਟੋ ਘੱਟ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਉਤਾਰਾਂਗੇ। ਉਲਟਾ, ਇਨ੍ਹਾਂ ਨੇ ਇੱਕ ਸਾਲ ਦੇ ਵਿੱਚ 31 ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ। ਜੇ ਹਾਲਾਤ ਇਹੀ ਰਹੇ ਤਾਂ ਮੈਨੂੰ ਪੂਰੀ ਉਮੀਦ ਹੈ, ਜਿਸ ਤਰ੍ਹਾਂ ਕਿ ਕੇਂਦਰ ਸਰਕਾਰ ਕਹਿੰਦੀ ਹੈ ਕਿ ਉਨ੍ਹਾਂ ਦਾ ਸੁਪਨਾ ਹੈ five trillion economy. ਮੈਨੂੰ ਲਗਦਾ ਹੈ ਕਿ ਪਹਿਲਾਂ ਜਿਹੜਾ ਇਨ੍ਹਾਂ ਦਾ ਵਾਅਦਾ ਸੀ, ਉਸ ਵਿੱਚ ਇਹ ਦਰਜ ਹੋਣਾ ਚਾਹੀਦਾ ਸੀ। ਮੇਰਾ ਖਿਆਲ ਹੈ ਕਿ ਕੋਡ ਆਫ ਕੰਡਕਟ ਲੱਗਣ ਤੋਂ ਪਹਿਲਾਂ ਪੰਜਾਬ ਸਿਰ 5 ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਜੇਕਰ ਅਸੀਂ ਪੰਜਾਬ ਦੀ ਡੈੱਟ ਜੀ.ਡੀ.ਪੀ. ਰੇਸ਼ੋ ਦੀ ਗੱਲ ਕਰੀਏ ਤਾਂ ਇਹ ਪੂਰੇ ਦੇਸ਼ ਦੇ ਵਿੱਚ ਸਭ ਤੋਂ ਜ਼ਿਆਦਾ ਹੈ। ਮੈਨੂੰ ਲਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਹਾਲਾਤ ਸ਼੍ਰੀਲੰਕਾ ਵਰਗੇ ਹੋ ਜਾਣਗੇ।

ਜੇਕਰ ਮੈਂ ਹੈਲਥ ਦੀ ਗੱਲ ਕਰਾਂ ਤਾਂ ਸਿਹਤ ਦੇ ਖੇਤਰ ਸਬੰਧੀ ਇੱਕ ਸੁਝਾਅ ਜ਼ਰੂਰ ਦੇਣਾ ਚਾਹਾਂਗਾ ਕਿਉਂਕਿ ਸਿਹਤ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਏਜੰਡਾ ਹੈ। ਇਸ ਦੇ ਲਈ 4 ਹਜ਼ਾਰ 781 ਕਰੋੜ ਰੁਪਿਆ ਬਜਟ ਦੇ ਵਿੱਚ ਰੱਖਿਆ ਗਿਆ ਹੈ। ਇਸ ਵਿੱਚ ਪਿਛਲੇ ਬਜਟ ਨਾਲੋਂ 11% ਇਨਕ੍ਰੀਜ਼ ਦਿਖਾਇਆ ਹੈ। ਇਸ ਸਬੰਧੀ ਮੇਰਾ ਸੁਝਾਅ ਇਹ ਹੈ ਕਿ 11% ਇਨਕ੍ਰੀਜ਼ ਦਿਖਾਉਣ ਨਾਲੋਂ 10% ਬਜਟ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ। ਇਸ ਲਈ ਘੱਟ ਤੋਂ ਘੱਟ 15 ਹਜ਼ਾਰ ਕਰੋੜ ਰੁਪਿਆ ਸਿਹਤ ਦੇ ਖੇਤਰ ਲਈ ਰੱਖਣਾ ਚਾਹੀਦਾ ਹੈ ਕਿਉਂਕਿ ਸਿਹਤ ਦੇ ਖੇਤਰ ਵਿੱਚ ਹਾਲੇ ਬਹੁਤ ਸਾਰੇ ਕੰਮ ਕਰਨੇ ਬਾਕੀ ਹਨ। ਜਿਸ ਤਰ੍ਹਾਂ ਦਾ ਏਜੰਡਾ ਜਿਵੇਂ ਆਮ ਆਦਮੀ ਕਲੀਨਿਕ ਬਣਾਉਣ ਦਾ ਹੈ, ਜਿਹੜਾ ਐਗਜ਼ਿਸਟਿੰਗ ਹੈਲਥ ਇਨਫਰਾਸਟੱਰਕਚਰ ਹੈ, ਇੱਕ ਸਾਲ ਦੇ ਵਿੱਚ ਉਸ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਆਮ ਆਦਮੀ ਕਲੀਨਿਕ ਜਦੋਂ ਸਹਿਣਾ ਦੇ ਵਿੱਚ ਖੁੱਲ੍ਹਿਆ ਸੀ ਉਦੋਂ ਐਮ.ਐਲ.ਏ. ਸਾਹਿਬ ਸ਼੍ਰੀ ਉਗੋਕੇ ਕਹਿ ਰਹੇ ਸੀ ਕਿ ''ਮਾਰ-ਮਾਰ ਲਫੇੜੇ ਜੇ ਤੈਨੂੰ ਅੰਦਰ ਸੁੱਟਿਆ ਹੁੰਦਾ ਤਾਂ ਤੂੰ ਬੰਦਾ ਬਣ ਜਾਣਾ ਸੀ।'' ਉਹ ਲੋਕ ਚਾਹੁੰਦੇ ਕੀ ਸੀ, ਉਹ ਲੋਕ ਚਾਹੁੰਦੇ ਸੀ ਕਿ ਸਾਨੂੰ ਆਮ ਆਦਮੀ ਕਲੀਨਿਕ ਦੀ ਜ਼ਰੂਰਤ ਨਹੀਂ, ਸਾਡੇ ਜਿਹੜੇ ਸਿਹਤ ਕੇਂਦਰ ਹਨ, ਉਹ ਮਜ਼ਬੂਤ ਕੀਤੇ ਜਾਣ। ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਮੇਰੇ ਹਲਕੇ ਦੇ ਵਿੱਚ ਇੱਕ ਹਰਖੋਵਾਲ ਪਿੰਡ ਹੈ, ਉੱਥੇ 100 ਦੇ ਕਰੀਬ ਓ.ਪੀ.ਡੀ. ਸੀ, ਉੱਥੋਂ ਡਾਕਟਰ ਮੂਵ ਕਰਕੇ ਕਿਸੇ ਹੋਰ ਪਿੰਡ ਚਲਾ ਗਿਆ ਤੇ ਸਰਪੰਚ ਸਾਹਿਬ ਕਹਿੰਦੇ....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਲਾਭ ਸਿੰਘ ਉਗੋਕੇ ਆਪਣੇ ਸੀਟ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.) :** ਸਪੀਕਰ ਸਾਹਿਬ, ਇਹ ਜਿਹੜੀਆਂ ਸਹਿਣੇ ਦੀ ਗੱਲਾਂ ਕਰਦੇ ਹਨ, ਜਦੋਂ ਇਨ੍ਹਾਂ ਦੀ ਸਰਕਾਰ ਰਹੀ ਹੈ ਤਾਂ ਇਨ੍ਹਾਂ ਨੇ ਸਹਿਣੇ ਦੇ ਵਿੱਚ ਕਿਹੜਾ ਹਸਪਤਾਲ ਬਣਾਇਆ ਹੈ? ਮੈਂ ਧੰਨਵਾਦ ਕਰਨਾ ਚਾਹਾਂਗਾ ਕਿ ਸਾਡੇ ਸਾਬਕਾ ਮੁੱਖ ਮੰਤਰੀ ਜੀ ਉੱਥੇ ਚਾਰ ਦਿਨ ਪਹਿਲਾਂ ਜਾ ਕੇ ਆਏ ਹਨ। ਉਹ 26000 ਵੋਟਰਾਂ ਦਾ ਧੰਨਵਾਦ ਤਾਂ ਨਹੀਂ ਕਰਕੇ ਆਏ ਪਰ ਉੱਥੇ ਬੈਠ ਕੇ ਝੂਠ ਜ਼ਰੂਰ ਬੋਲ ਕੇ ਆਏ ਹਨ। ਉਹ ਕਹਿੰਦੇ ਜੀ ਕਿ ਅਸੀਂ ਸਹਿਣੇ ਦੇ ਵਿੱਚ ਆਈ.ਟੀ.ਆਈ. ਪਾਸ ਕਰਵਾ ਦਿੱਤੀ ਸੀ, ਉਸ ਦਾ ਫੰਡ ਰਿਲੀਜ਼ ਹੋ ਗਿਆ ਸੀ, ਉਸ ਦੇ ਲਈ ਜ਼ਮੀਨ ਦੀ ਐਲੋਕੇਸ਼ਨ ਹੋ ਗਈ ਸੀ। ਕਹਿੰਦੇ ਜੀ ਕਿ ਇਹ ਆਈ.ਟੀ.ਆਈ. , ਸਰਕਾਰ ਤੇ ਐਮ.ਐਲ.ਏ. ਚੱਲਣ ਨਹੀਂ ਦੇ ਰਹੇ। ਮੈਂ ਇਸ ਸਬੰਧੀ ਜਦੋਂ ਮਾਨਯੋਗ ਡੀ.ਸੀ. ਬਰਨਾਲਾ ਤੋਂ ਰਿਪੋਰਟ ਮੰਗਵਾਈ ਤਾਂ ਉਨ੍ਹਾਂ ਨੇ ਦੱਸਿਆ ਕਿ ਜਦੋਂ ਆਈ.ਟੀ.ਆਈ. ਦੀ ਅਰਜ਼ੀ ਆਈ ਸੀ ਤਾਂ

ਅਸੀਂ ਨਾਲ ਦੀ ਨਾਲ ਖਾਰਜ ਕਰ ਦਿੱਤੀ ਸੀ। ਔਰ ਸਾਬਕਾ ਮਾਨਯੋਗ ਮੁੱਖ ਮੰਤਰੀ ਇੱਕ ਹੋਰ ਵੱਡਾ ਝੂਠ ਬੋਲ ਕੇ ਆਏ ਹਨ ਕਿ ਮੁੰਡੇ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ 8 ਪਰਚੇ ਦਰਜ ਕਰਵਾ ਦਿੱਤੇ। ਮੈਂ ਤੁਹਾਡੇ ਮਾਧਿਅਮ ਰਾਹੀਂ ਇਸ ਪਵਿੱਤਰ ਸਦਨ ਦੇ ਵਿੱਚ ਖੜ੍ਹ ਕੇ ਕਹਿੰਦਾ ਹਾਂ ਕਿ ਉੱਥੇ ਕੱਲ੍ਹ ਨੂੰ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਆਉਣ ਅਤੇ ਕਹਿਣ ਕਿ ਇੱਕ ਵੀ ਪਰਚਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਲਾਭ ਸਿੰਘ ਉਗੋਕੇ ਨੇ ਕਰਵਾਇਆ ਹੋਵੇ। ਇੱਕ ਵੱਡੀ ਗੱਲ ਇਹ ਬਦਲਾਅ ਦੀ ਕਰਦੇ ਹਨ ਜੀ, ਇਹ ਕਹਿੰਦੇ ਹਨ ਕਿ ਬਦਲਾਅ ਨਹੀਂ ਆਇਆ, ਬਦਲਾਅ ਨਹੀਂ ਆਇਆ। ਕਾਂਗਰਸ ਦੇ 25 ਗੁੰਡਿਆਂ ਨੇ ਵੋਟਾਂ ਵਾਲੇ ਦਿਨ ਜਿਸ ਦਿਨ ਮੈਂ ਬੂਥ ਵਿਜ਼ੀਟ ਕਰ ਰਿਹਾ ਸੀ ਤਾਂ ਸਾਡੀ ਗੱਡੀ ਤੇ ਹਮਲਾ ਕੀਤਾ। ਉਨ੍ਹਾਂ 25 ਗੁੰਡਿਆਂ ਤੇ ਇੱਕ ਵੀ ਕਾਰਵਾਈ ਨਹੀਂ ਕਰਵਾਈ। ਕਿਉਂਕਿ ਨਾ ਤਾਂ ਅਸੀਂ ਪਰਚੇ ਦਰਜ ਕਰਵਾਉਣ ਆਏ ਹਾਂ ਅਤੇ ਨਾ ਹੀ ਸਮਾਂ ਖਰਾਬ ਕਰਨ ਆਏ ਹਾਂ। ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਪੰਜਾਬ ਬਦਲਣ ਆਏ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਕੁ.ਕ/ਬ.ਸ. 03.05 11.03.2023

ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਲੋਕਾਂ ਦੇ ਕੱਪੜੇ ਤੱਕ ਨਹੀਂ ਛੱਡੇ, ਸਾਡੇ ਸ਼ਹੀਦਾਂ ਦੇ ਕਫਨ ਤੱਕ ਨਹੀਂ ਛੱਡੇ। ਅੱਜ ਇੱਥੇ ਖੜ੍ਹ ਕੇ ਗੱਲਾਂ ਕਰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਖਾਧੀ ਹੈ ਕਿ ਪੰਜਾਬ ਨੂੰ ਬਦਲਣਾ ਹੈ ਤੇ ਇਨ੍ਹਾਂ ਲੁੱਟਣ ਵਾਲਿਆਂ ਨੂੰ ਭਾਜੜਾਂ ਪਈਆਂ ਹੋਈਆਂ ਹਨ ਕਿ ਕਿਸੇ ਸਮੇਂ ਵੀ ਇਨ੍ਹਾਂ ਦਾ ਨੰਬਰ ਆ ਸਕਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਪੰਜਾਬ ਬਦਲਣ ਆਏ ਹਾਂ ਅਤੇ ਅਸੀਂ ਬਦਲ ਕੇ ਰਹਾਂਗੇ। ਇਨ੍ਹਾਂ ਨੂੰ ਬਦਲਾਅ ਨਹੀਂ ਦਿਖ ਰਿਹਾ। ਇਹ ਆਪਣੀਆਂ ਅੱਖਾਂ ਤੋਂ ਲੁੱਟਣ ਵਾਲਾ ਚਸ਼ਮਾ ਉਤਾਰ ਲੈਣ। ਅਸੀਂ ਲੁੱਟਣ ਨਹੀਂ ਆਏ, ਅਸੀਂ ਪੰਜਾਬ ਦੇ ਲੋਕਾਂ ਨੂੰ ਬਚਾਉਣ ਆਏ ਹਾਂ।

**Mr. Speaker:** Thank you ji. ਬੈਠ ਜਾਵੋ। ਹਾਂ ਜੀ ਰਾਜ ਕੁਮਾਰ ਜੀ ਤੁਸੀਂ ਬੋਲੋ। **निकलता जा रहा है समय, आहिस्ता-आहिस्ता ।** ਜਲਦੀ ਕਨਕਲੂਡ ਕਰੋ।

**ਡਾਕਟਰ ਰਾਜ ਕੁਮਾਰ :** ਸਰ, ਅਜੇ ਤਾਂ ਸ਼ੁਰੂ ਵੀ ਨਹੀਂ ਹੋਇਆ ਹੈ।

**ਮਾਨਯੋਗ ਸਪੀਕਰ:** ਟਾਈਮ ਤਾਂ ਇੰਨਾ ਹੀ ਹੈ।

**ਡਾਕਟਰ ਰਾਜ ਕੁਮਾਰ:** ਸਰ, ਤੁਸੀਂ ਉਨ੍ਹਾਂ ਦਾ (ਸ਼੍ਰੀ ਲਾਭ ਸਿੰਘ ਉਗੋਕੇ) ਟਾਈਮ ਵੀ ਵਿੱਚ ਹੀ ਗਿਣ ਲਿਆ ਹੈ।

**ਮਾਨਯੋਗ ਸਪੀਕਰ:** ਨਹੀਂ, ਨਹੀਂ ਉਹ ਨਹੀਂ ਵਿੱਚ ਗਿਣਿਆ। ਤੁਹਾਡੇ ਨਾਲ ਤਾਂ ਪੂਰਾ ਲਿਹਾਜ਼ ਹੈ।

**ਸ਼੍ਰੀ ਰਾਜ ਕੁਮਾਰ:** ਸਰ, ਕਿੰਨਾ ਟਾਈਮ ਹੋ ਗਿਆ ਹੈ।

**ਮਾਨਯੋਗ ਸਪੀਕਰ:** ਤੁਹਾਡੇ ਦੋ ਮਿੰਟ ਰਹਿ ਗਏ ਹਨ।

**ਸ਼੍ਰੀ ਰਾਜ ਕੁਮਾਰ:** ਸਰ, ਮੈਂ ਆਪ ਜੀ ਦੇ ਰਾਹੀਂ ਵਿਧਾਇਕ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਬੜੀਆਂ ਗੱਲਾਂ ਕਰ ਲਈਆਂ ਹਨ। ਕਦੀ ਲੋਟੂ ਕਹਿ ਲਿਆ ਹੈ। ਪਹਿਲਾਂ ਤਾਂ ਆਪਣੇ ਮੰਜੇ ਥੱਲੇ ਸੋਟਾ ਮਾਰਨਾ ਚਾਹੀਦਾ ਹੈ। ਆਹ, ਇੱਕ ਸਾਲ ਦੇ ਵਿੱਚ ਤਿੰਨ ਜਾਣੇ ਟੰਗੇ ਗਏ।

(**ਕੁਝ ਆਵਾਜ਼ਾਂ:** ਇਹ ਸਰਕਾਰ ਦੀ ਇਮਾਨਦਾਰੀ ਹੈ।)

**ਡਾਕਟਰ ਰਾਜ ਕੁਮਾਰ:** ਸਪੀਕਰ ਸਾਹਿਬ, ਮੈਂ ਲਫੇੜਿਆਂ ਦੀ ਗੱਲ ਕੀਤੀ ਹੈ। ਮੈਂ ਇਹ ਨਹੀਂ ਚਾਹੁੰਦਾ ਕਿ ਐਮ.ਐਲ.ਏ. ਸਰਪੰਚ ਦੇ ਲਫੇੜੇ ਮਾਰੇ। ਜਿਹੜਾ ਆਮ ਆਦਮੀ ਕਲੀਨਿਕ ਬੰਦ ਹੋਇਆ ਹੈ ਉੱਥੇ ਪਹਿਲਾਂ 100 ਮਰੀਜ਼ ਆਉਂਦਾ ਸੀ। ਉਹ ਸਰਪੰਚ ਕਹਿੰਦਾ ਹੈ ਕਿ ਮੈਂ ਆਪਣੇ ਪਿੰਡ ਦੇ ਕਲੀਨਿਕ ਦਾ ਕੀ ਨਾਂ ਲਿਖਾਂ? ਉਹ ਕਹਿੰਦਾ ਕਿ ਮੈਂ ਹੁਣ ਲਿਖ ਦੇਵਾਂ ਬਦਨਾਮ ਆਦਮੀ ਕਲੀਨਿਕ। ਉਹ ਕਹਿੰਦਾ ਹੈ ਕਿ ਪਹਿਲਾਂ ਉਸ ਕਲੀਨਿਕ ਵਿੱਚ ਬਹੁਤ ਪੇਸ਼ੈਂਟ ਆਉਂਦੇ ਸਨ। ਇਨ੍ਹਾਂ ਨੇ ਡਾਕਟਰ ਹੀ ਬਦਲ ਦਿੱਤਾ ਹੈ। ਸੋ, ਆਮ ਆਦਮੀ ਕਲੀਨਿਕ ਬਣਾਓ। ਮੇਰਾ ਖਿਆਲ ਹੈ ਕਿ ਇੱਕ ਡੋਲ ਵੀ ਰੰਗ ਦਾ ਨਹੀਂ ਲਗਦਾ ਹੋਣਾ, ਕੁੱਚੀ ਮਾਰ ਕੇ ਚਲੇ ਜਾਂਦੇ ਹਨ। ਮੇਰਾ ਖਿਆਲ ਹੈ ਕਿ ਇਸ ਉੱਪਰ 10 ਕਰੋੜ ਰੁਪਿਆ ਲਗਾ ਦਿੱਤਾ ਹੈ। ਮੈਂ ਕਹਿੰਦਾ ਹਾਂ ਕਿ ਸਾਡੇ ਹਲਕੇ ਵਿੱਚ ਹੀ ਚੈੱਕ ਕਰ ਲਵੋ। ਮੇਰਾ ਖਿਆਲ ਹੈ ਕਿ ਉੱਥੇ 10 ਹਜ਼ਾਰ ਰੁਪਿਆ ਵੀ ਲੱਗਣ ਵਾਲਾ ਨਹੀਂ ਸੀ ਔਰ ਉੱਥੇ 10 ਕਰੋੜ ਰੁਪਏ ਦੀ ਜਾਂਚ ਹੋਣੀ ਚਾਹੀਦੀ ਹੈ। ਇਨ੍ਹਾਂ ਨੇ 30 ਕਰੋੜ ਰੁਪਿਆ advertisement ਲਈ ਰੱਖਿਆ ਹੈ। ਮੈਂ Education Minister ਸਾਹਿਬ ਨੂੰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਜਦੋਂ ਸਿਖਲਾਈ ਕਰਵਾਉਣੀ ਹੁੰਦੀ ਹੈ ਜਾਂ ਮੰਨ ਲਵੋ ਪਰਿਵਾਰ ਵਿੱਚ ਜੇਕਰ ਕਿਸੇ ਨੂੰ ਕੋਈ ਬਿਮਾਰੀ ਹੋ ਜਾਂਦੀ ਹੈ ਤਾਂ ਅਸੀਂ ਸਭ ਤੋਂ ਵਧੀਆ ਡਾਕਟਰ ਲੱਭਦੇ ਹਾਂ। ਅਸੀਂ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਭੇਜਿਆ ਹੈ। ਸਾਡਾ ਦੇਸ਼ ਸਿੱਖਿਆ ਦੇ ਖੇਤਰ ਵਿੱਚ 32ਵੇਂ ਨੰਬਰ ਤੇ ਹੈ। ਸਿੰਘਾਪੁਰ 21ਵੇਂ ਨੰਬਰ ਤੇ ਹੈ। ਜਿਹੜਾ ਦੇਸ਼ ਐਜੂਕੇਸ਼ਨ ਦੇ ਖੇਤਰ ਵਿੱਚ 21ਵੇਂ ਨੰਬਰ ਤੇ ਖੜ੍ਹਾ ਹੈ, ਸਾਨੂੰ ਪ੍ਰਿੰਸੀਪਲਾਂ ਨੂੰ ਉੱਥੇ ਭੇਜਣ ਦੀ ਬਜਾਏ ਸਾਨੂੰ ਉਨ੍ਹਾਂ ਨੂੰ United

Kingdom, USA ਜਿਹੜੇ ਦੇਸ਼ ਸਿੱਖਿਆ ਦੇ ਖੇਤਰ ਵਿੱਚ ਪਹਿਲੇ, ਦੂਜੇ, ਤੀਜੇ ਨੰਬਰ ਤੇ ਹਨ। ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਇਨ੍ਹਾਂ ਦੇਸ਼ਾਂ ਵਿੱਚ ਕਿਉਂ ਨਹੀਂ ਭੇਜਿਆ ਗਿਆ?

**Mr. Speaker:** Thank you. Thank you. ਹਾਂ ਜੀ ਸੰਦੀਪ ਜਾਖੜ ਜੀ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ ਧੰਨਵਾਦ ਤੁਸੀਂ ਪਹਿਲੀ ਵਾਰ ਬਜਟ ਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਸਪੈਸ਼ਲੀ ਇਰੀਗੇਸ਼ਨ ਦੇ ਰਿਗਾਰਡਿੰਗ ਕੁਝ ਸੁਝਾਅ ਦੇਣਾ ਚਾਹੁੰਦਾ ਹਾਂ। ਸਾਡੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਸਾਡੀ ਸਾਰੀ ਅਰਥ ਵਿਵਸਥਾ ਅਬੋਹਰ, ਫਾਜ਼ਿਲਕਾ, ਬਲੂੱਆਣਾ, ਜਲਾਲਾਬਾਦ, ਸਾਰਾ ਕੁਝ ਨਹਿਰੀ ਪਾਣੀ ਦੇ ਉੱਪਰ ਨਿਰਭਰ ਕਰਦਾ ਹੈ। ਧਰਤੀ ਹੇਠਲਾ ਪਾਣੀ ਖੇਤੀਯੋਗ ਨਹੀਂ ਹੈ। ਸਰਕਾਰ ਨੇ 800 ਕਰੋੜ ਰੁਪਏ ਦੀ ਵੱਡੀਆਂ ਨਹਿਰਾਂ ਲਈ ਐਲੋਕੇਸ਼ਨ ਕੀਤੀ ਹੈ। ਖਾਲਿਆਂ ਵਾਸਤੇ 110 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਹੈ। ਇਸ ਦੇ ਨਾਲ-ਨਾਲ ਅਸੀਂ ਪਾਣੀ ਬਚਾਉਣ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਅਸੀਂ ਟੇਲਾਂ ਵਾਲੇ ਪਾਣੀ ਦੀ ਕੀਮਤ ਸਮਝਦੇ ਹਾਂ। ਖਾਲਿਆਂ ਦੀ ਹਾਲਤ ਬਹੁਤ ਖਸਤਾ ਹੈ। ਜੇ ਮੈਂ ਇੱਕ-ਇੱਕ ਹਲਕੇ ਦੀ ਖਾਲਿਆਂ ਦੇ ਹਾਲਾਤ ਦੀ ਗੱਲ ਕਰਾਂ ਤਾਂ ਮੇਰਾ ਖਿਆਲ ਹੈ ਕਿ ਇੱਕ ਹਲਕੇ ਨੂੰ ਘੱਟੋ-ਘੱਟ 70-80 ਕਰੋੜ ਰੁਪਿਆ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਇਸ ਨਾਲ ਵੀ 50 ਪਰਸੈਂਟ ਘੱਟ ਹੋਵੇਗਾ। ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਖਾਲਿਆਂ ਵਾਸਤੇ ਜ਼ਰੂਰ ਐਲੋਕੇਸ਼ਨ ਜ਼ਿਆਦਾ ਕੀਤੀ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੁੰਦੇ। ਪਹਿਲਾਂ ਅਪਸਟ੍ਰੀਮ ਵਿੱਚ ਨਰਮਾ ਹੁੰਦਾ ਸੀ। ਸਾਡੇ ਨਰਮਾ ਹੁੰਦਾ ਸੀ। ਹੁਣ ਉੱਥੇ ਝੋਨਾ ਹੋ ਰਿਹਾ ਹੈ। ਅਸੀਂ ਨਰਮੇ ਜੋਗੇ ਨਹੀਂ ਰਹੇ। ਅਸੀਂ ਬਾਗ ਪੁੱਟ ਰਹੇ ਹਾਂ। ਅਸੀਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੁੰਦੇ ਲੇਕਿਨ ਪਿਛਲੇ ਦੋ ਸਾਲ ਪਹਿਲਾਂ ਜਿਹੜਾ ਨਵੀਆਂ ਨਹਿਰਾਂ ਦਾ ਕੰਮ ਸ਼ੁਰੂ ਹੋਇਆ ਸੀ। ਹੁਣ ਤੁਸੀਂ ਵੱਡੀਆਂ ਨਹਿਰਾਂ, ਮਾਈਨਰਾਂ ਦਾ ਕੰਮ ਮੁਕੰਮਲ ਕਰਵਾ ਰਹੇ ਹੋ ਲੇਕਿਨ ਜਿੰਨਾ ਪਾਣੀ ਸਾਨੂੰ ਮਿਲਣਾ ਚਾਹੀਦਾ ਹੈ, ਉਹ ਨਹੀਂ ਮਿਲ ਰਿਹਾ। ਹੁਣ ਮੋਗੇ ਨਵੇਂ ਲੱਗ ਰਹੇ ਹਨ, ਉਹ ਮੀਤ ਜੀ, as per design ਲੱਗਣੇ ਚਾਹੀਦੇ ਹਨ।

ਪ.ਸ਼./ਰ.ਕ/3.10/11.03.2023

ਸਪੀਕਰ ਸਾਹਿਬ, ਨਹਿਰ ਵਿੱਚ fluctuation ਬਹੁਤ ਹੁੰਦੀ ਹੈ, ਇਸ ਲਈ ਮੇਰੀ ਸਰਕਾਰ ਨੂੰ ਇੱਕ ਗੁਜ਼ਾਰਿਸ਼ ਹੈ ਕਿ ਜਿਹੜਾ ਹੈੱਡ ਹੈ, ਜਿੱਥੇ ਇਰੀਗੇਸ਼ਨ ਮਹਿਕਮੇ ਦਾ gauge ਲੱਗਿਆ ਹੈ....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਨਰਿੰਦਰਪਾਲ ਸਿੰਘ ਸਵਨਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸੀ।)

**ਮਾਨਯੋਗ ਸਪੀਕਰ:** ਸਵਨਾ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਨਰਿੰਦਰਪਾਲ ਸਿੰਘ ਸਵਨਾ :** ਜਾਖੜ ਪਰਿਵਾਰ ਸਾਰੀ ਉਮਰ ਰਾਜਨੀਤੀ ਵਿੱਚ ਰਹੇ ਹਨ। ਅਬੋਹਰ ਦੇ ਨਾਲ ਸਾਡਾ ਫਾਜ਼ਿਲਕਾ ਹਲਕਾ ਲੱਗਦਾ ਹੈ। ਇਨ੍ਹਾਂ ਨੇ ਨਹਿਰਾਂ ਤੋੜ ਕੇ ਵੱਡੇ-ਵੱਡੇ ਮੋਗੇ ਬਣਾ ਕੇ ਪਾਣੀ ਚੋਰੀ ਕਰਕੇ ਆਪਣੇ ਖੇਤਾਂ ਵੱਲ ਕੀਤਾ। ਅੱਜ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਮਾਨਯੋਗ ਮੁੱਖ ਮੰਤਰੀ ਜੀ ਦੁਆਰਾ ਕਾਨੂੰਨ/ਡਿਜ਼ਾਈਨ ਅਨੁਸਾਰ ਮੋਗੇ ਸਹੀ ਕਰਵਾਏ ਜਾ ਰਹੇ ਹਨ ਤਾਂ ਅੱਜ ਇਹ ਕਾਂਗਰਸੀ ਦਫਤਰਾਂ ਅੱਗੇ ਜਾ ਕੇ ਧਰਨੇ ਦਿੰਦੇ ਹਨ। ਅੱਜ ਪਾਣੀ ਚੋਰੀ ਹੋਣਾ ਬੰਦ ਹੋਇਆ ਹੈ, ਇਸੇ ਕਰਕੇ ਹੀ ਇਹ ਚੀਕਾਂ ਮਾਰਦੇ ਹਨ। ਟੇਲਾਂ ਤੇ ਕਦੇ ਪਾਣੀ ਨਹੀਂ ਪਹੁੰਚਿਆ ਸੀ, ਅੱਜ ਤੁਸੀਂ ਉੱਥੇ ਜਾ ਕੇ ਵੇਖੋ, ਸਾਡੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨੇ ਟੇਲਾਂ ਤੇ ਵੀ ਪਾਣੀ ਪਹੁੰਚਾ ਦਿੱਤਾ ਹੈ। ਅੱਜ ਸਾਰੇ ਕਿਸਾਨ ਖੁਸ਼ ਹਨ। ਅੱਜ ਇਹ ਖਾਲਿਆਂ ਦੀ ਗੱਲ ਕਰਦੇ ਹਨ, ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਕਿਉਂ ਨਹੀਂ ਕੁਝ ਕੀਤਾ?

**ਮਾਨਯੋਗ ਸਪੀਕਰ:** ਠੀਕ ਹੈ ਜੀ, ਬੈਠੋ। ਹਾਂ ਜੀ, ਸ਼੍ਰੀ ਸੰਦੀਪ ਜਾਖੜ।

**ਸ਼੍ਰੀ ਸੰਦੀਪ ਜਾਖੜ:** ਥੈਂਕ ਯੂ ਸਵਨਾ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਵਨਾ ਸਾਹਿਬ ਅਤੇ ਮੰਤਰੀ ਸਾਹਿਬ ਨੂੰ ਸੱਦਾ ਦਿੰਦਾ ਹਾਂ ਕਿ ਆ ਕੇ ਵੱਡੇ ਮੋਗੇ ਦੇਖ ਲੈਣ। ਮੀਤ ਜੀ, ਜਿਹੜੀ ਮੈਂ ਬੇਨਤੀ ਕਰ ਰਿਹਾ ਸੀ, ਇਰੀਗੇਸ਼ਨ ਡਿਪਾਰਟਮੈਂਟ ਦੇ ਹੈੱਡ ਉੱਤੇ ਜਿਹੜਾ gauge ਹੈ, ਉਸ ਦੀ 15 ਦਿਨ ਦੀ ਕੋਈ ਐਵਰੇਜ ਕਢਾ ਲਓ ਕਿਉਂਕਿ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਨਹਿਰ ਵਿੱਚ fluctuation ਬਹੁਤ ਹੁੰਦੀ ਹੈ ਤਾਂ ਜੋ ਜਿਹੜੇ ਨਵੇਂ ਮੋਗੇ ਲਗ ਰਹੇ ਹਨ, ਉਨ੍ਹਾਂ ਵਿੱਚ ਥੋੜ੍ਹਾ ਜਿਹਾ margin ਦਿੱਤਾ ਜਾਵੇ। ਇਹ ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ। ਮੇਰੀ ਇੱਕ ਹੋਰ ਬੇਨਤੀ ਹੈ ਕਿ ਆਉਣ ਵਾਲੇ ਬਜਟ allocation ਵਿੱਚ, ਕਿਉਂਕਿ ਮੈਂ ਇਸ ਬਜਟ ਵਿੱਚ ਸੋਲਰ, ਡਰਿੱਪ ਇਰੀਗੇਸ਼ਨ ਦਾ ਕੋਈ allocation ਨਹੀਂ ਵੇਖਿਆ, ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਸਪੀਕਰ ਸਾਹਿਬ, ਅਸੀਂ ਵਾਰ-ਵਾਰ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ, ਇਹ ਸਾਰਾ ਮਸਲਾ ਡਾਈਵਰਸੀਫਿਕੇਸ਼ਨ ਨਾਲ ਜੁੜਿਆ ਹੋਇਆ ਹੈ। ਅਸੀਂ ਝੋਨੇ ਦੀ ਫਸਲ ਵਾਸਤੇ ਬਿਜਲੀ ਦਾ ਬੰਦੋਬਸਤ ਕਰਦੇ ਹਾਂ। ਜਦੋਂ ਉਨ੍ਹਾਂ ਨੂੰ 8 ਘੰਟੇ ਬਿਜਲੀ ਦੀ ਲੋੜ ਹੁੰਦੀ ਹੈ ਤਾਂ ਅਸੀਂ ਇੰਡਸਟਰੀ ਵਾਲਿਆਂ ਨੂੰ ਰੋਕ ਕੇ ਝੋਨੇ ਵਾਲੇ ਕਿਸਾਨਾਂ ਨੂੰ ਬਿਜਲੀ ਮੁਹੱਈਆ ਕਰਵਾਉਂਦੇ ਹਾਂ। ਸਾਡਾ ਏਰੀਆ ਕਾਫੀ ਹੱਦ ਤੱਕ ਡਾਈਵਰਸੀਫਿਕੇਸ਼ਨ ਵੱਲ ਜਾ ਚੁੱਕਿਆ ਹੈ, ਬਾਗ ਅਸੀਂ ਲਗਾ ਦਿੱਤੇ ਹਨ। ਜਦੋਂ ਕਿਸਾਨ ਕਿੰਨੂ, ਅਮਰੂਦ, ਨਾਖ ਆਦਿ ਦਾ ਬਾਗ

ਲਗਾਉਂਦਾ ਹੈ ਤਾਂ ਪਹਿਲੇ 05-06 ਸਾਲ ਤਾਂ ਅਸੀਂ ਉਸ ਦੀ ਪਰਵਰਿਸ਼ ਕਰਦੇ ਹਾਂ ਅਤੇ ਜਦੋਂ ਮੌਕੇ ਤੇ ਫਸਲ ਦਾ ਟਾਈਮ ਆਇਆ ਤਾਂ ਪਾਣੀ ਦੀ fluctuation ਅਤੇ ਗਰਮੀ ਦੀ ਵਜ੍ਹਾ ਨਾਲ ਪਾਣੀ ਨਹੀਂ ਮਿਲ ਸਕਿਆ ਅਤੇ ਕਿਸਾਨ ਦੀ ਸਾਰੀ ਫਸਲ ਖਰਾਬ ਹੋ ਗਈ। ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਹਾਰਟੀਕਲਚਰ ਵਿੱਚ ਡਾਈਵਰਸੀਫਿਕੇਸ਼ਨ ਕਰ ਰਹੇ ਹਾਂ, ਉਨ੍ਹਾਂ ਤੇ ਵੀ ਗੌਰ ਕੀਤਾ ਜਾਵੇ। ਨਾਬਾਰਡ ਦੇ ਅੰਦਰ ਫੰਡ ਬਹੁਤ ਹੈ। ਪੰਜਾਬ ਸਰਕਾਰ ਕੋਲ 800 ਕਰੋੜ ਰੁਪਿਆ ਆਇਆ ਹੋਇਆ ਹੈ ਪਰ ਯੂਟੇਲਾਈਜੇਸ਼ਨ ਸਿਰਫ 160 ਕਰੋੜ ਰੁਪਏ ਦੀ ਹੋਈ ਹੈ। ਅਸੀਂ ਗੁੱਡ ਗਵਰਨੈਂਸ ਉਸ ਨੂੰ ਹੀ ਕਹਿੰਦੇ ਹਾਂ ਜੇਕਰ ਅਸੀਂ ਇਨ੍ਹਾਂ ਫੰਡਾਂ ਨੂੰ utelize ਕਰ ਲਈਏ, ਪ੍ਰਾਜੈਕਟਸ ਬਣਾ ਕੇ ਭੇਜੀਏ। ਮੈਂ ਕਰਾਪ ਇੰਸ਼ੋਰੈਂਸ ਦੀ ਗੱਲ ਵੀ ਕਰਾਂਗਾ।

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਸ਼੍ਰੀ ਸੰਦੀਪ ਜਾਖੜ:** ਦੋ ਮਿੰਟ ਪਲੀਜ਼, ਸਪੀਕਰ ਸਾਹਿਬ, ਮੈਂ ਪਹਿਲੀ ਵਾਰ ਬੋਲ ਰਿਹਾ ਹਾਂ। ਅੱਜ ਇੱਕ ਹੈੱਡ ਲਾਈਨ ਸੀ ਕਿ Government announces new Crop Insurance. ਧਾਲੀਵਾਲ ਸਾਹਿਬ, ਅਨਾਊਂਸਮੈਂਟ ਕੀ ਸੀ ਕਿ ਅਸੀਂ ਇਸ ਉੱਤੇ ਵਿਚਾਰ ਕਰਾਂਗੇ। ਮੇਰੀ ਇਸ ਦੇ ਵਿੱਚ ਇੱਕ ਹੋਰ ਗੁਜ਼ਾਰਿਸ਼ ਹੈ ਕਿ ਲੋਕਾਂ/ਕਿਸਾਨਾਂ ਵਿੱਚ ਸ਼ੰਕਾਵਾਂ ਬਹੁਤ ਹਨ ਕਿ ਇਹ ਜਿਹੜੀ ਸਕੀਮ ਅਸੀਂ ਲੈ ਕੇ ਆ ਰਹੇ ਹਾਂ ਕੀ ਇਹ ਸੈਂਟਰ ਦੀ ਸਕੀਮ ਹੈ ਜਾਂ ਸੈਂਟਰ ਅਤੇ ਪੰਜਾਬ ਮਿਲ ਕੇ ਕੋਈ ਸਕੀਮ ਲੈ ਕੇ ਆ ਰਹੀ ਹੈ? ਸਪੀਕਰ ਸਾਹਿਬ, ਗਲੋਬਲ ਵਾਰਮਿੰਗ ਦੀ ਅਸੀਂ ਗੱਲ ਕਰ ਰਹੇ ਹਾਂ। ਉਸ ਦੀ ਵਜ੍ਹਾ ਨਾਲ ਝਾੜ ਘੱਟ ਹੋ ਰਿਹਾ ਹੈ। ਉਸ ਨੂੰ ਵੀ ਅਸੀਂ ਇਸ ਵਿੱਚ include ਕਰਾਂਗੇ। ਕੀ ਪ੍ਰੀਮੀਅਮ ਹੋਵੇਗਾ?

**ਮਾਨਯੋਗ ਸਪੀਕਰ:** ਥੈਂਕ ਯੂ, ਥੈਂਕ ਯੂ। ਤੁਹਾਡੇ ਦੂਜੇ ਸਾਥੀਆਂ ਦਾ ਸਮਾਂ ਚੱਲਿਆ ਜਾਵੇਗਾ। ਹਾਂ ਜੀ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ)**: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਇਸ ਤੋਂ ਪਹਿਲਾਂ ਮੈਂ ਆਪਣੀ ਗੱਲ ਰੱਖਾਂ, ਤੁਹਾਨੂੰ ਇੱਕ ਆਸ਼ਵਾਸਨ ਦੇਣਾ ਪਵੇਗਾ ਕਿ ਜਦੋਂ ਆਪੋਜ਼ੀਸ਼ਨ ਬੈਂਚਿਜ਼ ਤੋਂ ਕੋਈ ਮੈਂਬਰ ਸੈਸ਼ਨ ਦੌਰਾਨ ਬੋਲਦਾ ਹੈ ਤਾਂ ਰੂਲਿੰਗ ਪਾਰਟੀ ਨੂੰ, ਖਾਸ ਕਰਕੇ ਮੁੱਖ ਮੰਤਰੀ ਸਾਹਿਬ ਅਤੇ ਉਨ੍ਹਾਂ ਦੀ ਪੀ.ਆਰ. ਟੀਮ, ਜੇਕਰ ਸਾਡੀ ਕਹੀ ਗੱਲ ਚੰਗੀ ਨਹੀਂ ਲੱਗਦੀ ਤਾਂ ਉਹ ਕਾਪੀ ਰਾਈਟ ਸਟਰਾਈਕ ਯੂਜ਼ ਕਰਕੇ ਸਾਡੇ ਯੂ.ਟਿਊਬ ਚੈਨਲ ਤੋਂ ਵੀਡੀਓ ਜਾਂ ਰਿਕਾਰਡਿੰਗ ਡਿਲੀਟ ਕਰਵਾ ਦਿੰਦੇ ਹਨ। ਇਹ ਮੇਰੇ ਕੇਸ ਵਿੱਚ ਹੋਇਆ ਹੈ ਕਿ ਜਿਹੜੀ ਗੱਲ ਮੈਂ ਸਦਨ ਵਿੱਚ ਰੱਖੀ, ਮੁੱਖ ਮੰਤਰੀ ਸਾਹਿਬ ਵੱਲੋਂ by name ਡਿਲੀਟ ਕਰਵਾਇਆ ਗਿਆ ਹੈ। ਉਥੋਂ ਇਰੇਜ਼ ਕਰਵਾਇਆ ਹੈ।

**ਜਸਪਾਲ/3.15/ਰਜਨੀਸ਼/11.3.2023**

ਇਸ ਦੇ ਨਾਲ ਨਾਲ ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੇ ਬਜਟ ਦੀ ਜਿਹੜੀ ਪੇਸ਼ਕਸ਼ ਹੈ ਉਹ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਲੋਕ ਤੋਂ ਸ਼ੁਰੂ ਕੀਤੀ ਹੈ, ਬਹੁਤ ਅੱਛੀ ਗੱਲ ਹੈ ਔਰ ਬੇਗਮਪੁਰਾ ਦੀ ਜੋ ਕਲਪਨਾ ਸਾਡੇ ਗੁਰੂ ਰਵਿਦਾਸ ਮਹਾਰਾਜ ਜੀ ਨੇ ਜੋ ਸੋਚਿਆ ਸੀ ਅੱਜ ਅਫਸੋਸ ਹੈ ਕਿ ਅੱਜ ਸਾਡੇ ਸੂਬੇ ਦੇ ਵਿੱਚ ਜੋ ਮੌਜੂਦਾ ਹਾਲਾਤ ਹਨ ਉਹ ਬੇਗਮਪੁਰਾ ਤੋਂ ਬਿਲਕੁਲ ਹੀ ਉਲਟ ਹਨ। ਮੇਰੇ ਕਈ ਸਾਥੀਆਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੀ ਇਥੇ ਗੱਲ ਕੀਤੀ ਹੈ, ਕਈਆਂ ਨੇ ਇੱਥੇ ਗੱਲ ਕੀਤੀ, ਐਮ.ਐਲ.ਏ.ਸਾਹਿਬ ਕਰਤਾਰਪੁਰ ਬੈਠੇ ਹਨ, ਇਨ੍ਹਾਂ ਨੇ ਕਿਹਾ ਕਿ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ, ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਿ ਅਸੀਂ ਡੇਰਾ ਬੱਲਾਂ ਨੂੰ 25 ਕਰੋੜ ਰੁਪਿਆ ਕੱਲ੍ਹ ਦੀ ਕੈਬਨਿਟ ਵਿਚ ਸੈਂਕਸ਼ਨ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਇਹ ਪੈਸਾ, ਕੋਈ ਡੇਰੇ ਨੂੰ ਪੈਸਾ ਨਹੀਂ ਚਾਹੀਦਾ ਸੀ, ਇਹ ਪੈਸਾ ਗੁਰੂ ਰਵਿਦਾਸ ਜੀ ਦੀ ਸੋਚ ਨੂੰ ਅੱਗੇ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ, ਰਿਸਰਚ ਸੈਂਟਰ ਬਣਾਉਣ ਵਾਸਤੇ 100 ਏਕੜ ਜ਼ਮੀਨ ਵਾਸਤੇ 50 ਕਰੋੜ ਰੁਪਿਆ ਦਿੱਤਾ ਗਿਆ ਸੀ ਜਿਸ ਦਾ 25 ਕਰੋੜ ਰੁਪਿਆ ਪਿਛਲੀ ਸਾਡੀ ਸਰਕਾਰ ਦੇ ਮੁੱਖ ਮੰਤਰੀ ਉਥੇ ਡੇਰੇ ਵਿਚ ਜਾ ਕੇ ਦੇ ਆਏ ਸੀ ਜਦੋਂ ਸਰਕਾਰ ਬਦਲੀ ਤਾਂ ਤੁਸੀਂ ਉਹ 25 ਕਰੋੜ ਰੁਪਿਆ ਵਾਪਸ ਲੈ ਲਿਆ। ਮੈਂ ਚੀਫ ਮਨਿਸਟਰ ਸਾਹਿਬ ਤੋਂ ਔਰ ਵਿੱਤ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕੱਲ੍ਹ 25 ਕਰੋੜ ਰੁਪਏ ਦੀ ਸੈਂਕਸ਼ਨ ਕੀਤੀ ਹੈ, ਉਹ ਪਿਛਲੀ ਸਰਕਾਰ ਵੱਲੋਂ ਕੀਤੇ ਗਏ 50 ਕਰੋੜ ਰੁਪਏ ਦੀ ਐਡੀਸ਼ਨ ਹੈ ਔਰ ਕੀ ਉਹੀ ਪੈਸਾ ਇਹ ਵਾਪਸ ਡੇਰੇ ਨੂੰ ਦੇ ਰਹੇ ਹਨ ? ਡੇਰਾ is just a custodian ਸਿਰਫ ਉਨ੍ਹਾਂ ਨੇ ਦੇਖ ਰੇਖ ਕਰਨੀ ਹੈ। ਡੇਰੇ ਨੇ ਪੈਸਾ ਸਰਕਾਰ ਦਾ ਕੋਈ ਡੇਰੇ ਨੂੰ ਵਧਾਉਣ ਲਈ ਨਹੀਂ ਕਰਨਾ, ਡੇਰੇ ਦੇ ਨਾਲ ਐਗਜਿਸਟਿੰਗ ਜਿਹੜੀ ਜ਼ਮੀਨ ਹੈ ਉਸ ਨੂੰ ਲੈਣ ਵਾਸਤੇ ਇਹ ਪੈਸਾ ਦਿੱਤਾ ਗਿਆ ਹੈ ਕਿਉਕਿ ਅਸੀਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੋਂ ਆਪਣੀ ਸਪੀਚ ਸ਼ੁਰੂ ਕੀਤੀ ਹੈ। ਮੈਂ ਤੁਹਾਨੂੰ ਇਕ ਇਹ ਵੀ ਬੇਨਤੀ ਕਰਾਂਗਾ ਕਿ ਸਵਰਗੀ ਸੰਤੋਖ ਸਿੰਘ ਚੌਧਰੀ ਜੀ, ਮੈਂਬਰ ਪਾਰਲੀਮੈਂਟ ਜਦੋਂ ਸੀ ਤਾਂ ਉਨ੍ਹਾਂ ਨੇ ਪਿਛਲੀ ਸਰਕਾਰ ਦੇ ਵਿੱਚ (ਵਿਘਨ) ਸਪੀਕਰ ਸਾਹਿਬ, ਮੈਨੂੰ ਵੀ ਟਰੱਸਟ ਦੇ ਮੈਂਬਰਾਂ ਨੇ ਇਹ ਗੱਲ ਕਹੀ ਹੈ ਕਿ ਇਹ ਆਪਣੀ ਫੋਕੀ ਸ਼ੋਹਰਤ ਕਰ ਰਹੇ ਹਨ..(ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਬਲਕਾਰ ਸਿੰਘ ਆਪਣੀ ਸੀਟ ਉਤੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

**ਮਾਨਯੋਗ ਸਪੀਕਰ :** ਸਰਦਾਰ ਬਲਕਾਰ ਸਿੰਘ ਜੀ, ਦੱਸਿਉ ਜ਼ਰਾ । ਇੱਕ ਮਿੰਟ ਵਿਕਰਮਜੀਤ ਸਿੰਘ ਜੀ, ਤੁਸੀਂ ਬੈਠੋ ਜੀ।

**ਸਰਦਾਰ ਬਲਕਾਰ ਸਿੰਘ:** ਸਰ, ਇਹ ਅਜੇ ਵੀ ਝੂਠ ਬੋਲਣ ਤੋਂ ਨਹੀਂ ਹੱਟਦੇ । 25 ਕਰੋੜ ਰੁਪਏ ਦਾ ਜਿਹੜਾ ਚੈੱਕ ਸੀ, ਅਖਬਾਰਾਂ ਵਿੱਚ ਫੋਟੋ ਲੱਗ ਗਈ ਉਸ ਤੋਂ ਬਾਅਦ ਜਦੋਂ ਅਸੀਂ ਸਾਰੇ ਟਰੱਸਟ ਦੇ ਮੈਂਬਰ, ਉਨ੍ਹਾਂ ਨੇ ਜਦੋਂ ਮੈਨੂੰ ਬੁਲਾਇਆ, ਗੱਲਬਾਤ ਕੀਤੀ, ਸੀ.ਐਮ.ਸਾਹਿਬ ਕੋਲ ਆਏ, ਜਦੋਂ ਸਾਰੀ ਗੱਲ ਨੂੰ ਵੈਰੀਫਾਈ ਕੀਤਾ ਤੇ ਕਿਤੇ ਕੋਈ ਚੈੱਕ ਨਹੀਂ ਸੀ । (ਵਿਘਨ) ਇਹ ਨਹੀਂ ਪਤਾ ਕਿ ਉਹ ਕਿਹੜਾ ਚੈੱਕ ਸੀ (ਵਿਘਨ) ਲੇਕਿਨ ਉਸ ਤੋਂ ਬਾਅਦ ਜਦੋਂ ਸਾਰੀ ਗੱਲ ਜਦੋਂ ਹੋਈ ਨਵੇਂ ਸਿਰਿਉਂ।(ਵਿਘਨ)

**ਮਾਨਯੋਗ ਸਪੀਕਰ:** ਚਲੋ ਠੀਕ ਹੈ, ਇਸ ਦੇ ਬਾਰੇ ਆਪਾਂ ਕਲੈਰੀਫਿਕੇਸ਼ਨ ਲੈ ਲਵਾਂਗੇ। ਹਾਂ ਜੀ, ਸ਼੍ਰੀ ਵਿਕਰਮਜੀਤ ਸਿੰਘ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ :** ਇਹ ਟਰੱਸਟ ਦੇ ਮੈਂਬਰਾਂ ਦੀ ਗੱਲ ਕਰ ਰਹੇ ਹਨ, ਮੈਨੂੰ ਵੀ ਟਰੱਸਟ ਦੇ ਮੈਂਬਰਾਂ ਨੇ ਹੀ ਇਹ ਮੁੱਦਾ ਦੱਸਿਆ ਹੈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜਦੋਂ ਅਸੀਂ ਬੋਲ ਰਹੇ ਹਾਂ ਤਾਂ ਇਹ ਇੰਟਰੱਪਟ ਕਰ ਰਹੇ ਹਨ, ਜਦੋਂ ਇਹ ਬੋਲਦੇ ਹਨ ਤਾਂ ਅਸੀਂ ਇਨ੍ਹਾਂ ਨੂੰ ਇੰਟਰੱਪਟ ਨਹੀਂ ਕਰਦੇ।

**ਮਾਨਯੋਗ ਸਪੀਕਰ:** ਤੁਹਾਨੂੰ ਉਸ ਦਾ ਕੰਪਨਸੇਟ ਕਰਾਂਗੇ don't worry. ਵੈਸੇ ਤੁਹਾਡਾ ਟਾਈਮ ਹੋ ਗਿਆ ਹੈ ਪਰੰਤੂ ਤੁਹਾਨੂੰ ਇੱਕ ਮਿੰਟ ਲਈ ਕੰਪਨਸੇਟ ਕੀਤਾ ਜਾਂਦਾ ਹੈ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਵਰਗੀ ਸੰਤੋਖ ਸਿੰਘ ਚੌਧਰੀ ਨੇ ਪਿਛਲੀ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਮੁੱਖ ਮੰਤਰੀ ਉਸ ਵੇਲੇ ਦੇ ਨੂੰ ਬੇਨਤੀ ਕੀਤੀ ਸੀ ਕਿਉਂਕਿ ਇਸ ਦੁਆਬੇ ਦੇ ਇਲਾਕੇ ਦੇ ਵਿੱਚ ਗੁਰੂ ਰਵਿਦਾਸ ਨਾਮ ਲੇਵਾ ਸਾਡੇ ਬਹੁਤ ਸਾਥੀ ਰਹਿੰਦੇ ਹਨ। ਉਨ੍ਹਾਂ ਨੇ ਇਹ ਬੇਨਤੀ ਕੀਤੀ ਸੀ ਕਿ ਇਹ ਜਿਹੜੀ ਆਮਦਪੁਰ ਡੋਮੈਸਟਿਕ ਏਅਰਪੋਰਟ ਸ਼ੁਰੂ ਹੋਈ ਹੈ, ਉਸ ਦਾ ਨਾਂ ਗੁਰੂ ਰਵਿਦਾਸ ਜੀ ਦੇ ਨਾਂ ਉਤੇ ਰੱਖਿਆ ਜਾਵੇ ਜਿਸ ਦਾ ਪਿਛਲੀ ਵਿਧਾਨ ਸਭਾ ਦੇ ਵਿੱਚ, ਪੰਦਰਵੀਂ ਵਿਧਾਨ ਸਭਾ ਦੇ ਵਿੱਚ ਰੈਜ਼ੋਲਿਊਸ਼ਨ ਵੀ ਪਾਸ ਹੋਇਆ ਹੈ। ਮੈਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸ ਮੈਟਰ ਨੂੰ ਗੌਰਮਿੰਟ ਆਫ ਇੰਡੀਆ ਨਾਲ ਟੇਕ ਅੱਪ ਕਰਕੇ ਉਸ ਦੇ ਨਾਲ ਨਾਲ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਦੇ ਨਾਲ ਆਦਮਪੁਰ ਦੀ ਜਗ੍ਹਾ ਜਲੰਧਰ ਜ਼ਰੂਰ ਲਿਖਿਆ ਜਾਵੇ ਕਿਉਂਕਿ ਜਿੰਨੀ ਵੀ ਸਾਡੀ ਜਲੰਧਰ ਦੀ ਸਪੋਰਟ ਇੰਡਸਟਰੀ ਦੀ ਬਹੁਤ ਗੱਲ ਕੀਤੀ..

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਾਡੀ ਜਲੰਧਰ ਦੀ ਸਪੋਰਟਸ ਇੰਡਸਟਰੀ ਦੀ ਸੀ.ਐਮ.ਸਾਹਿਬ ਨੇ ਤੁਹਾਡੇ ਪਿਛੇ ਜਿਹੇ ਇੱਕ ਸਮਿੱਟ ਹੋਇਆ ਹੈ ਉਸ ਵਿਚ ਬਹੁਤ ਗੱਲ ਕੀਤੀ...

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਸਾਡਾ ਟਾਈਮ ਵਧਾਉ।

ਬ.ਕ./ਐਮ./11.3.23/3.20

**ਮਾਨਯੋਗ ਸਪੀਕਰ** : ਤੁਹਾਡਾ ਟਾਈਮ ਵਧਾ ਦਿੱਤਾ ਹੈ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਨਹੀਂ ਜੀ। ਤੁਸੀਂ ਅਕਾਲੀ ਦਲ ਵਾਲਿਆਂ ਦਾ ਟਾਈਮ ਡਬਲ ਕੀਤਾ ਹੈ।

**ਮਾਨਯੋਗ ਸਪੀਕਰ** : ਤੁਸੀਂ ਬੈਠੋ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ।

**Shri Vikramjit Singh Chaudhary** : Speaker Sahib, this is not fair. You are being very partial.

**Mr. Speaker** : No Member can cast aspersions on the Chair. Please sit down.

**Shri Vikramjit Singh Chaudhary** : I am sorry.

**Mr. Speaker** : Please sit down.

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ) :** ਧੰਨਵਾਦ, ਸਪੀਕਰ ਸਾਹਿਬ।

*ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*

ਸਤਿਗੁਰੂ ਰਵਿਦਾਸ ਮਹਾਰਾਜ ਦੇ ਇਸ ਵਿਚਾਰ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਸ ਬਾਰੇ ਗੱਲ ਹੋਈ ਤਾਂ ਮੈਨੂੰ ਆਪਣੇ ਆਪ ਵਿੱਚ ਹੀਣ ਭਾਵਨਾ ਮਹਿਸੂਸ ਹੋਈ ਸੀ ਅਤੇ ਮੈਂ ਸਮਝਦਾ ਹਾਂ ਕਿ ਜਦੋਂ ਮੈਂ ਗੱਲ ਸੁਣਾਵਾਂਗਾ ਤਾਂ ਤੁਹਾਡੇ ਸਾਰਿਆਂ ਵਿੱਚ ਉਹ ਹੀਣ ਭਾਵਨਾ ਆਵੇਗੀ ਕਿ ਅਸੀਂ ਗੁਰੂ ਰਵਿਦਾਸ ਮਹਾਰਾਜ ਦਾ ਸਲੋਕ ਤਾਂ ਕਹਿੰਦੇ ਹਾਂ ਪਰ ਉਸ ਸੋਚ ਤੇ ਕੰਮ ਨਹੀਂ ਕਰਦੇ। ਅੱਜ ਸਾਡੀ ਸੋਚ ਵਿੱਚ ਕਿੰਨੀ ਕੁ ਸੈਂਸੇਟਿਵਟੀ ਹੈ, ਨੇਤਰਹੀਣਾਂ ਵਾਸਤੇ ਲੁਧਿਆਣਾ ਵਿੱਚ ਇਕੋ ਹੀ ਸਰਕਾਰੀ ਸੰਸਥਾ ਹੈ, ਜਿਸ ਵਿੱਚ ਪ੍ਰਮਾਤਮਾ ਦੇ ਸਤਾਏ ਉਹ

ਲੋਕ, ਜਿਨ੍ਹਾਂ ਦਾ ਹਿੱਸਾ ਬਹੁਤ ਥੋੜ੍ਹਾ ਹੈ, ਸ਼ਾਇਦ ਵੋਟਾਂ ਕਰਕੇ ਉਹ ਕਿਸੇ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਕਿਉਂਕਿ ਉਹ ਇਸ ਦੁਨੀਆ ਨੂੰ ਦੇਖ ਨਹੀਂ ਸਕਦੇ। ਸਾਲ 2008 ਤੋਂ ਬਾਅਦ ਉਨ੍ਹਾਂ ਦੇ ਕੋਲ ਕੋਈ ਚੰਗਾ ਸਕੂਲ ਹੈ, ਨਾ ਹੀ ਉਸ ਸਕੂਲ ਵਿੱਚ ਕੋਈ ਅਧਿਆਪਕ ਹੈ ਅਤੇ ਨਾ ਹੀ ਉਨ੍ਹਾਂ ਦੇ ਰਹਿਣ ਮੁਤਾਬਿਕ ਕੋਈ ਹੋਸਟਲ ਹੈ। ਅਸੀਂ ਇੱਥੇ ਸੁਜਾਖਿਆਂ ਨੂੰ ਐਜੂਕੇਸ਼ਨ ਦੇਣ ਦੀਆਂ ਗੱਲਾਂ ਕਰਦੇ ਹਾਂ, ਮੈਂ ਸਮਝਦਾ ਹਾਂ ਕਿ ਜੇਕਰ ਅੱਜ ਸਾਡੇ ਵਿੱਚ ਕੋਈ ਸੈਂਸਟੇਵਿਟੀ ਹੈ ਅਤੇ ਅਸੀਂ ਕਹਿੰਦੇ ਹਾਂ ਕਿ ਗੁਰੂ ਰਵਿਦਾਸ ਮਹਾਰਾਜ ਦਾ ਬੇਗਮਪੁਰਾ ਵਸਾਉਣਾ ਹੈ ਤਾਂ ਅੱਜ ਘੱਟੋ ਘੱਟ ਇਹ ਸੋਚ ਕੇ ਜਾਈਏ ਕਿ ਉਸ ਇੰਸਟੀਚਿਊਟ ਦਾ ਕੀ ਕਰਨਾ ਹੈ?

ਇਹ ਵੱਖਰੀ ਗੱਲ ਹੈ ਕਿ ਅੱਜ ਸੂਬੇ ਸਿਰ 3,47 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਹੈ। ਮੈਂ ਆਪਣੇ ਖਜ਼ਾਨਾ ਮੰਤਰੀ ਸਾਹਿਬ ਤੋਂ ਇਹ ਜ਼ਰੂਰ ਜਾਣਨਾ ਚਾਹੁੰਦਾ ਹਾਂ ਕਿ ਜਿਸ ਸੂਬੇ ਦੀ 40% ਅਬਾਦੀ ਐਸ.ਸੀ ਹੋਵੇ, ਮੈਂ ਸਮਝਦਾ ਹਾਂ ਕਿ ਉਸ ਵਿੱਚ ਐਸ.ਸੀ ਸਬ ਪਲਾਨ ਅਧੀਨ 13,878 ਲੱਖ ਰਕਮ ਰੱਖਣਾ, ਉਨ੍ਹਾਂ ਨਾਲ ਮਜ਼ਾਕ ਹੈ ਅਤੇ ਜਿੱਥੋਂ ਤੱਕ ਮੈਨੂੰ ਲਗਦਾ ਹੈ ਕਿ ਜੇਕਰ ਇਸ ਵਾਸਤੇ ਤੁਸੀਂ 40 ਹਜ਼ਾਰ, 50 ਹਜ਼ਾਰ ਜਾਂ ਇਕ ਕਰੋੜ ਰੁਪਿਆ ਵੀ ਰੱਖਦੇ ਤਾਂ ਉਹ ਤੁਹਾਨੂੰ ਸਾਰੀ ਦੀ ਸਾਰੀ ਸੈਂਟਰ ਸਰਕਾਰ ਤੋਂ ਮਿਲ ਜਾਣੀ ਸੀ। ਕਹਿੰਦੇ ਹਨ ਕਿ ਐਸ.ਸੀ ਸਬ ਪਲਾਨ ਤੇ ਕੋਈ ਕੱਟ ਨਹੀਂ ਲਗਦਾ। ਮੈਂ ਸਮਝਦਾ ਹਾਂ ਕਿ ਫਾਈਨਾਂਸ ਮਨਿਸਟਰ ਨੂੰ ਇਸ ਬਾਰੇ ਦੇਖਣਾ ਚਾਹੀਦਾ ਹੈ।

ਜਿਹੜੇ ਸਰਕਾਰ ਵਲੋਂ ਸਕੂਲ ਆਫ ਐਮੀਨੈਂਸ ਬਣਾਏ ਜਾ ਰਹੇ ਹਨ, ਇਹ ਸਿਰਫ 117 ਬਣਨੇ ਹਨ। ਇਹ ਤੁਸੀਂ ਬਜਟ ਵਿੱਚ ਪੇਸ਼ ਕੀਤਾ ਹੈ ਪਰ ਤੁਸੀਂ ਇਸ ਵਾਸਤੇ ਸਟਾਫ ਕਿੱਥੋਂ ਲੈ ਕੇ ਆਉਣਾ ਹੈ? ਮੈਂ ਸਮਝਦਾ ਹਾਂ ਕਿ ਆਲੇ-ਦੁਆਲੇ ਦੇ ਸਕੂਲਾਂ ਵਿਚੋਂ ਚੰਗੇ ਅਧਿਆਪਕ, ਚੰਗਾ ਸਟਾਫ ਚੁੱਕ ਕੇ ਇਨ੍ਹਾਂ ਸਕੂਲਾਂ ਵਿੱਚ ਫਿੱਟ ਕਰ ਦੇਣਾ ਹੈ। ਇਨ੍ਹਾਂ ਨੇ ਉਨ੍ਹਾਂ ਸਕੂਲਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਕਿ ਜਿਹੜੇ ਹਜ਼ਾਰਾਂ-ਲੱਖਾਂ ਬੱਚੇ ਸਿੰਗਲ ਟੀਚਰ ਸਕੂਲਾਂ ਵਿੱਚ ਪੜ੍ਹਦੇ ਹਨ, ਜਿਨ੍ਹਾਂ ਸਕੂਲਾਂ ਵਾਸਤੇ ਅਸੀਂ ਦੋ-ਦੋ ਟੀਚਰ ਵੀ ਨਹੀਂ ਦੇ ਸਕੇ, ਉਨ੍ਹਾਂ ਸਕੂਲਾਂ ਵਿਚੋਂ ਜੇਕਰ ਟੀਚਰ ਖਿੱਚ ਲਵਾਂਗੇ ਤਾਂ ਉਨ੍ਹਾਂ ਸਕੂਲਾਂ ਦਾ ਬੜਾ ਨੁਕਸਾਨ ਹੋਣਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਕੂਲ ਆਫ ਐਮੀਨੈਂਸ ਜ਼ਰੂਰ ਬਣਾਓ ਪਰ ਜਿਹੜੇ ਚੱਲ ਰਹੇ ਹਨ, ਉਨ੍ਹਾਂ ਵਿੱਚ ਹੋਰ ਅਧਿਆਪਕ ਦੇ ਕੇ ਗਰੀਬ ਬੱਚਿਆਂ ਵਾਸਤੇ ਐਜੂਕੇਸ਼ਨ ਦਾ ਪ੍ਰਬੰਧ ਕਰੋ।

ਮੈਂ ਇਸ ਮੌਕੇ ਇਕ ਗੱਲ ਹੋਰ ਜ਼ਰੂਰ ਕਹਾਂਗਾ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਤਾਂ 350 ਲੱਖ ਬੱਚਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਕਰਕੇ ਪੜ੍ਹਿਆ ਹੈ। ਹਜ਼ਾਰਾਂ ਬੱਚੇ ਡਾਕਟਰ, ਇੰਜੀਨੀਅਰ ਬਣੇ ਹਨ। ਸਾਡੀਆਂ ਬੱਚੀਆਂ ਨਰਸਾਂ ਅਤੇ ਡਾਕਟਰ ਬਣੀਆਂ ਹਨ ਪਰ ਅੱਜ ਇਹ ਗਿਣਤੀ ਇਕ ਲੱਖ ਰਹਿ ਗਈ

ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਬੇਗਮਪੁਰਾ ਵਸੇ ਤਾਂ ਗਰੀਬ ਲੋਕਾਂ ਬਾਰੇ ਜ਼ਰੂਰ ਸੋਚੋ। ਇਹ ਨਹੀਂ ਹੈ ਕਿ ਬੱਚੇ ਘੱਟ ਗਏ ਹਨ, ਸਾਡਾ ਤਰੀਕਾ ਬਦਲ ਗਿਆ ਹੈ। ਅਸੀਂ ਉਨ੍ਹਾਂ ਵਾਸਤੇ ਪੈਸੇ ਨਹੀਂ ਦੇ ਸਕੇ ਹਾਂ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਾਸਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਪੈਸਾ ਸਮੇਂ ਸਿਰ ਦਿੱਤਾ ਜਾਵੇ ਅਤੇ ਜਿਹੜੇ ਨਾ ਦੇਣ ਵਾਸਤੇ ਜ਼ਿੰਮੇਵਾਰ ਹਨ, ਕਾਂਗਰਸ ਸਰਕਾਰ ਵੇਲੇ ਜਿਹੜੀ ਲਾਸਟ ਕੈਬਿਨਟ ਮੀਟਿੰਗ ਹੋਈ ਹੈ, ਉਸ ਵਿੱਚ ਸੀ.ਐਮ ਚੰਨੀ ਸਾਹਿਬ ਏਜੰਡਾ ਆਪ ਲੈ ਕੇ ਆਏ ਸਨ ਅਤੇ 100 ਕਰੋੜ ਰੁਪਿਆ ਉਨ੍ਹਾਂ ਘਰਾਣਿਆਂ ਦਾ ਮਾਫ ਕੀਤਾ ਗਿਆ, ਜਿਨ੍ਹਾਂ ਦਾ ਮਾਫ ਨਹੀਂ ਹੋਣਾ ਚਾਹੀਦਾ ਸੀ। ਬੇਸ਼ੱਕ ਉਹ ਲਵਲੀ ਇੰਸਟੀਚਿਊਟ ਸੀ ਜਾਂ ਦੂਸਰੇ ਅਦਾਰੇ ਸਨ। ਉਹ ਜਿਹੜੀ 100 ਕਰੋੜ ਰੁਪਏ ਦੀ ਹੇਰਾ-ਫੇਰੀ ਹੋਈ ਹੈ, ਜੇਕਰ ਉਹ ਵੀ ਸਾਡੇ ਲੋਕਾਂ ਕੋਲ ਚਲਾ ਜਾਂਦਾ ਤਾਂ ਸਾਡੇ ਬੱਚੇ ਬਹੁਤ ਜ਼ਿਆਦਾ ਗਿਣਤੀ ਵਿੱਚ ਪੜ੍ਹ ਸਕਦੇ ਸੀ, ਉਸ ਬਾਰੇ ਵੀ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ।

ਬਜਟ ਵਿੱਚ ਹੈਲਥ ਬਾਰੇ ਗੱਲ ਹੋਈ ਹੈ। ਆਮ ਆਦਮੀ ਕਲੀਨਿਕ ਖੁੱਲ੍ਹ ਰਹੇ ਹਨ, ਤੁਸੀਂ ਇਹ ਜਿੰਨੇ ਮਰਜ਼ੀ ਖੋਲ੍ਹੋ, ਇਸ ਨਾਲ ਓ.ਪੀ.ਡੀ ਸਰਵਿਸਿਜ਼ ਇੰਪਰੂਵ ਹੋਣਗੀਆਂ ਪਰ ਜਿਹੜੇ ਤੁਸੀਂ ਆਪ ਕਹਿ ਰਹੇ ਹੋ, ਜਿਹੜੀਆਂ ਸੈਕੰਡਰੀ ਸਿਹਤ ਸਹੂਲਤਾਂ ਹਨ, ਉਨ੍ਹਾਂ ਦਾ ਕੀ ਕਰੋਗੇ?

kk Ms 11.3.2023 3.25

ਜੇਕਰ ਤੁਸੀਂ ਉਨ੍ਹਾਂ ਲਈ ਸਿਰਫ 39 ਕਰੋੜ ਰੁਪਿਆ ਬਜਟ ਵਿਚ ਰੱਖੋਗੇ, ਇਸ 39 ਕਰੋੜ ਰੁਪਏ ਨਾਲ ਇੱਕ ਜ਼ਿਲ੍ਹੇ ਵਿੱਚ ਵੀ ਸੀ.ਟੀ. ਸਕੈਨ, ਐਮ.ਆਰ.ਆਈ. ਮਸ਼ੀਨਾਂ ਨਹੀਂ ਲਗਵਾ ਸਕਦੇ, ਫਿਰ ਤੁਸੀਂ ਆਪਣੇ ਬਾਕੀ ਦੇ ਜ਼ਿਲ੍ਹਿਆਂ ਵਿੱਚ ਫਿਰ ਕੀ ਕਰੋਗੇ? ਕਦੋਂ ਤੁਸੀਂ Cath Lab ਬਣਾਉਗੇ? ਮੇਰੇ ਕਹਿਣ ਦਾ ਮਤਲਬ ਹੈ ਕਿ ਤੁਸੀਂ ਦੂਜੀਆਂ ਸਹੂਲਤਾਂ ਲੋਕਾਂ ਨੂੰ ਕਦੋਂ ਦਿਉਗੇ?

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਇੱਕ ਮਿੰਟ ਪਲੀਜ਼। ਮੈਂ ਬੇਨਤੀ ਕਰਦਾ ਹਾਂ ਕਿ ਇਸ 39 ਕਰੋੜ ਰੁਪਏ ਨਾਲ ਗੱਲ ਨਹੀਂ ਬਣਨੀ। ਇਸ ਰਾਸ਼ੀ ਨੂੰ ਹੋਰ ਵਧਾਉ ਤਾਂ ਕਿ ਅਸੀਂ ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇ ਸਕੀਏ। ਅੱਜ ਵੀ ਲੋਕ ਤੁਹਾਡੇ ਤੋਂ ਆਸ ਕਰਦੇ ਹਨ, ਖਾਸ ਕਰਕੇ ਬੀਬੀਆਂ-ਭੈਣਾਂ ਉਡੀਕ ਵਿੱਚ ਹਨ ਕਿ ਤੁਸੀਂ 1000 ਰੁਪਿਆ ਕਦੋਂ ਦੇਣਾ ਸ਼ੁਰੂ ਕਰੋਗੇ? ਤੁਸੀਂ ਪੈਨਸ਼ਨ ਸਕੀਮ ਤਹਿਤ ਕਦੋਂ 1500 ਰੁਪਏ ਤੋਂ ਵਧਾ ਕੇ 2500 ਸ਼ੁਰੂ ਕਰੋਗੇ। ਮੈਂ ਲਾਸਟ ਵਿੱਚ ਇੱਕ ਗੱਲ ਜ਼ਰੂਰ ਕਹਿਣੀ ਹੈ, ਮੈਂ ਜਿਥੋਂ ਆਪਣੀ ਗੱਲ ਸ਼ੁਰੂ ਕੀਤੀ ਸੀ, ਕਿ ਜਿਹੜੇ ਨੇਤਰਹੀਣ ਬੱਚੇ ਹਨ, ਉਨ੍ਹਾਂ ਲਈ ਤੁਸੀਂ ਅੱਜ ਹੀ ਬਿਆਨ ਦੇ ਦਿਉ, ਕਿਉਂਕਿ ਆਪਾਂ

ਇੱਥੇ ਹਰ ਗੱਲ ਤੇ ਖੜ੍ਹੇ ਹੋ ਕੇ ਇਵੇਂ ਅੰਗੂਠੇ (ਇਸ਼ਾਰਾ ਕਰਕੇ ਦੱਸਦੇ ਹੋਏ) ਕਰਦੇ ਹਾਂ, ਅੱਜ ਉਠ ਕੇ ਇਸ ਗੱਲ ਤੇ ਵੀ ਬਿਆਨ ਦੇ ਦਿਉ ਕਿ ਜਿਹੜਾ 5-4 ਕਰੋੜ ਰੁਪਿਆ ਖਰਚਣਾ ਹੈ, ਉਹ ਖਰਚ ਦਿਆਂਗੇ। ਉਨ੍ਹਾਂ ਦੇ ਲਈ ਮੇਰੀ ਲਾਸਟ ਬੇਨਤੀ ਹੈ (ਵਿਘਨ) ਤੁਸੀਂ ਬਾਅਦ ਵਿੱਚ ਬੋਲ ਲੈਣਾ ਜੀ। ਪਹਿਲਾਂ ਮੈਨੂੰ ਗੱਲ ਪੂਰੀ ਕਰ ਲੈਣ ਦਿਉ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸਿੱਧੂ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਕੁਲਵੰਤ ਸਿੰਘ ਸਿੱਧੂ:** ਸਪੀਕਰ ਸਾਹਿਬ, ਇਹ ਸਕੂਲ ਵਿੱਚ ਕਿੱਥੇ ਹੈ, ਮੈਂ ਅੱਜ ਵੀ ਜ਼ਿੰਮੇਵਾਰੀ ਲੈਂਦਾ ਹਾਂ, ਮੈਂ ਤੁਹਾਡੇ ਧਿਆਨ ਵਿੱਚ ਲਿਆ ਕੇ, ਉਥੇ ਜਾ ਕੇ ਸਾਰਾ ਕੰਮ ਕਰਵਾ ਦਿਆਂਗਾ।

**ਮਾਨਯੋਗ ਸਪੀਕਰ:** ਥੈਂਕਿਉ ਜੀ।

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਇਹ ਸਕੂਲ ਵਧੀਆ ਚੱਲ ਰਿਹਾ ਹੈ ਜੀ। ਉਥੇ ਕੋਈ ਪ੍ਰਾਬਲਮ ਨਹੀਂ ਹੈ। ਕਿਸੇ ਪੁਰਾਣੇ ਐਮ.ਐਲ.ਏ. ਸਾਹਿਬ ਨੇ ਜਾਂ ਅਕਾਲੀ ਦਲ ਦੇ ਪੁਰਾਣੇ ਕੌਂਸਲਰ ਸਾਹਿਬ ਨੇ ਫੋਨ ਕਰਵਾ ਦਿੱਤਾ ਹੋਣਾ ਹੈ ਪਰ ਤੁਸੀਂ ਜਾ ਕੇ ਕਲੀਅਰ ਪਤਾ ਕਰ ਲਵੋ, ਮੈਂ ਤੁਹਾਨੂੰ ਸਕੂਲ ਦੇ ਬੱਚਿਆਂ ਬਾਰੇ ਦੱਸ ਸਕਦਾ ਹਾਂ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਮੈਂ ਹਾਊਸ ਨੂੰ ਗੁੰਮਰਾਹ ਨਹੀਂ ਕਰਨਾ ਚਾਹੁੰਦਾ। ਉਥੇ ਇੱਕ ਟੀਚਰ ਮਿਊਜ਼ਕ ਦਾ ਹੈ। ਮੈਨੂੰ ਰਾਤ ਤੱਕ ਵੀ ਪਤਾ ਨਹੀਂ ਸੀ, ਕੱਲ੍ਹ ਮੈਨੂੰ ਉਥੋਂ ਸਕੂਲ ਤੋਂ ਮੈਸੇਜ ਆਇਆ। ਮੈਨੂੰ ਕਿਹਾ ਗਿਆ ਕਿ ਤੁਸੀਂ ਜਾ ਕੇ ਚੈੱਕ ਕਰੋ, ਉਹ ਲੋਕ ਤੁਹਾਡੇ ਵੱਲ ਆਸ ਰੱਖਦੇ ਹਨ ਕਿ ਤੁਸੀਂ ਉਨ੍ਹਾਂ ਨੂੰ ਕੁਝ ਦਿਉਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਹਰਦੀਪ ਸਿੰਘ ਮੁੰਡੀਆਂ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਮਾਈਕ ਆੱਨ ਨਾ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮਾਨਯੋਗ ਸਪੀਕਰ:** ਮੁੰਡੀਆਂ ਜੀ, ਬੈਠੋ। ਬੈਠੋ ਜੀ। ਪਲੀਜ਼, ਵਿੱਚੋਂ ਡਿਸਟਰਬ ਨਾ ਕਰੋ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਜਾਂ ਤਾਂ ਇਹ ਮੈਂਬਰ ਸਾਹਿਬ ਉਥੇ ਕਦੇ ਜਾਂਦੇ ਨਹੀਂ, ਜੇ ਉਥੇ ਮਾੜੀ ਮੋਟੀ necessity ਹੈ, ਮੇਰੀ ਗੱਲ ਦਾ ਸੱਚ ਬੇਸ਼ੱਕ ਨਾ ਵੀ ਮੰਨੋ ਪਰ ਉਥੇ ਇੱਕ ਵਾਰ ਜਾ ਕੇ ਤਾਂ ਦੇਖ ਲਵੋ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਤੁਸੀਂ ਚੇਅਰ ਨੂੰ ਐਡਰੈੱਸ ਕਰੋ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਇੱਕ ਮਿੰਟ ਪਲੀਜ਼। ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿੱਥੇ ਆਪਾਂ ਬਾਕੀ ਹੈਂਡੀਕੈਪਡਜ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੰਦੇ ਹਾਂ ਤਾਂ ਨੇਤਰਹੀਣਾਂ ਵਾਸਤੇ ਖਾਸ ਤੌਰ ਤੇ ਘੱਟ ਤੋਂ ਘੱਟ 5000 ਰੁਪਿਆ ਪ੍ਰਤੀ ਮਹੀਨਾ ਪੈਨਸ਼ਨ ਕੀਤੀ ਜਾਵੇ ਤਾਂ ਕਿ ਉਹ ਆਪਣੀ ਚੰਗੀ ਜ਼ਿੰਦਗੀ ਬਸਰ ਕਰ ਸਕਣ। ਧੰਨਵਾਦ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਕਿਉਂਕਿ ਸਮੇਂ ਦੀ ਘਾਟ ਹੈ, ਮੈਂ ਹੋਰ ਕੋਈ ਇੱਧਰ ਉਧਰ ਦੀ ਗੱਲ ਨਹੀਂ ਕਰਨੀ ਚਾਹੁੰਦਾ। ਅਸੀਂ ਬਹੁਤ ਉਮੀਦ ਲੈ ਕੇ ਅਤੇ ਜਿੱਤ ਕੇ ਪੰਜਾਬ ਦੀ ਵਿਧਾਨ ਸਭਾ ਦੇ ਅੰਦਰ ਆਏ ਸੀ। ਜਿਨ੍ਹਾਂ ਉਮੀਦਾਂ ਦੀ ਗੱਲ ਸਰਕਾਰ ਵੱਲੋਂ ਕੀਤੀ ਗਈ ਸੀ ਕਿ ਪੰਜਾਬ ਨੂੰ ਬਹੁਤ ਖੂਬਸੂਰਤ ਅਤੇ ਖੁਸ਼ਹਾਲ ਬਣਾਉਣਾ ਹੈ, ਮੈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ ਕਿ ਵਾਹਿਗੁਰੂ ਕਿਰਪਾ ਕਰਨ ਕਿ ਯਤਨਾਂ ਦੇ ਨਾਲ ਪੰਜਾਬ ਬਿਲਕੁਲ ਖੁਸ਼ਹਾਲ ਅਤੇ ਰੰਗਲਾ ਪੰਜਾਬ ਬਣੇ ਜਿਸ ਦੇ ਨਾਲ ਅਸੀਂ ਅਤੇ ਆਉਣ ਵਾਲੀ ਜੈਨਰੇਸ਼ਨ ਜੋ ਹੈ, ਉਹ ਪੰਜਾਬ ਤੋਂ ਅਤੇ ਖਾਸ ਕਰਕੇ ਇਸ ਸਰਕਾਰ ਤੋਂ ਇੱਕ ਚੰਗੀ ਖੁਸ਼ੀ ਲੈ ਕੇ ਜਾਵੇ ਜਿ ਲੋਕਾਂ ਦੇ ਨਾਲ ਜਿਹੜੇ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਹਨ।

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ:** ਇੱਕ ਮਿੰਟ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦਾ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

(ਅਵਾਜ਼ਾਂ: ਹਾਂ ਜੀ, ਵਧਾ ਲਵੋ ਜੀ।)

**ਮਾਨਯੋਗ ਸਪੀਕਰ :** ਸਦਨ ਦਾ ਸਮਾਂ ਅੱਜ ਦਾ ਕੰਮ-ਕਾਰ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ। ਹਾਂ ਜੀ, ਸੁਖਵਿੰਦਰ ਜੀ।

----

## GENERAL DISCUSSION ON THE BUDGET ESTIMATES FOR THE YEAR 2023-24 (*Resumption*)

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ਮੈਂ ਖੁਸ਼ੀ ਜ਼ਾਹਿਰ ਕਰਦਾ ਹਾਂ ਕਿ ਪੰਜਾਬ ਬਿਲਕੁਲ ਖੁਸ਼ਹਾਲ ਹੋਵੇ। ਮੈਂ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਮਾਜ ਭਲਾਈ ਮਹਿਕਮੇ ਦੇ ਤਹਿਤ ਜਿਹੜਾ ਐਸ.ਸੀ. ਕਾਰਪੋਰੇਸ਼ਨ ਚਲਾਈ ਜਾਂਦੀ ਹੈ, ਉਸ ਦੇ ਅੰਦਰ ਗਰੀਬਾਂ ਨੂੰ ਅਤੇ ਛੋਟੇ ਦੁਕਾਨਦਾਰਾਂ ਨੂੰ ਸਮਾਲ ਸਕੇਲ ਇੰਡਸਟਰੀ ਲਗਾਉਣ ਲਈ ਪੈਸਾ ਦਿੱਤਾ ਜਾਂਦਾ ਹੈ ਪਰ ਪਿਛਲੇ ਸਮੇਂ ਦੇ ਅੰਦਰ, ਮੈਂ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਿਆਂ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਫੰਡ ਨਹੀਂ ਰੱਖਿਆ ਗਿਆ। ਮੈਂ ਸਮਾਜ ਭਲਾਈ ਕਮੇਟੀ ਮੈਂਬਰ ਹਾਂ। ਉਥੇ ਜਦੋਂ ਵੀ ਕੋਈ ਅਧਿਕਾਰੀ ਆਉਂਦੇ ਸੀ ਤਾਂ ਸਕੀਮਾਂ ਦੀ ਲਿਸਟ ਤਾਂ ਦਿੱਤੀ ਜਾਂਦੀ ਸੀ ਪਰ ਉਹ ਕਹਿ ਦਿੰਦੇ ਸਨ ਕਿ ਸਾਡੇ ਕੋਲ ਫੰਡਜ਼ ਨਾ ਹੋਣ ਕਰਕੇ ਇਹ ਕੰਮ ਅਧੂਰਾ ਹੈ। ਮੈਂ ਉਸ ਦੇ ਲਈ ਬੇਨਤੀ ਕਰਾਂਗਾ, ਖਾਸ ਤੌਰ ਤੇ ਐਸ.ਸੀ. ਕਾਰਪੋਰੇਸ਼ਨ ਨੂੰ ਮਜ਼ਬੂਤ ਕਰਨ ਯੋਗ ਉਪਰਾਲਾ ਕੀਤਾ ਜਾਵੇ। ਦੂਸਰਾ, ਜਿਹੜਾ ਸਰਕਾਰ ਨੇ ਕਿਹਾ ਸੀ ਕਿ ਅਸੀਂ ਗਰੀਬਾਂ ਨੂੰ, ਦਲਿਤਾਂ ਨੂੰ ਪੱਕੇ ਘਰ ਬਣਾ ਕੇ ਦੇਣੇ ਹਨ। ਮਾਨਯੋਗ ਫਾਈਨਾਂਸ ਮੰਤਰੀ ਸਾਹਿਬ ਇਸ ਬਜਟ ਦੇ ਅੰਦਰ ਉਸ ਵਾਸਤੇ ਕੋਈ ਖਾਸ ਪ੍ਰਾਵਧਾਨ ਨਹੀਂ ਕੀਤਾ ਗਿਆ। ਜਿੰਨੀ ਲੋੜੀਂਦੀ ਰਕਮ ਹੈ, ਮੈਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਨੀ ਉਪਲਬਧ ਕਰਵਾ ਕੇ ਗਰੀਬਾਂ ਨੂੰ ਜ਼ਰੂਰ ਸਹੂਲਤ ਦਿੱਤੀ ਜਾਵੇ। 60 ਕਰੋੜ ਰੁਪਿਆ ਐਸ.ਸੀ. ਵਿਦਿਆਰਥੀਆਂ ਲਈ ਅਤੇ ਬੀ.ਬੀ. ਵਿਦਿਆਰਥੀਆਂ ਲਈ ਜਿਹੜਾ 18 ਕਰੋੜ ਰੁਪਿਆ ਰੱਖਿਆ ਗਿਆ ਹੈ, ਉਹ ਪੰਜ ਲੱਖ ਵਿਦਿਆਰਥੀਆਂ ਲਈ ਕੋਈ ਲੋੜੀਂਦਾ ਫੰਡ ਨਹੀਂ ਹੈ। ਇਹ ਬਿਲਕੁਲ ਘੱਟ ਹੈ। ਫਾਈਨਾਂਸ ਮਨਿਸਟਰ ਸਾਹਿਬ, ਇਸ ਨਾਲ ਸਿੱਖਿਆ ਦੇ ਖੇਤਰ ਨੂੰ ਅੱਗੇ ਨਹੀਂ ਚਲਾਇਆ ਜਾ ਸਕਦਾ।

ਹਰਪ੍ਰੀਤ ਸਿੰਘ/ਸ਼ੁਭਮ ਜੈਨ/03.30/11.03.2023

ਜਦੋਂ ਸਕੂਲਾਂ ਦੇ ਸੈਸ਼ਨ ਸ਼ੁਰੂ ਹੁੰਦੇ ਹਨ ਤਾਂ ਬੱਚਿਆਂ ਨੂੰ ਸਮੇਂ ਸਿਰ ਕਿਤਾਬਾਂ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਐਸ.ਸੀ. ਵੈਲਫੇਅਰ ਡਿਪਾਰਟਮੈਂਟ ਕਹਿ ਦਿੰਦਾ ਹੈ ਕਿ ਸਾਡੇ ਕੋਲ ਫੰਡ ਨਹੀਂ ਹਨ। ਸੋ, ਕ੍ਰਿਪਾ ਕਰਕੇ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਮਾਨਯੋਗ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਕਈ ਨਵੇਂ ਵਿੱਦਿਅਕ ਕਾਲਜ ਖੋਲਾਂਗੇ ਤਾਂ ਮੈਂ ਬੇਨਤੀ ਕਰਾਂਗਾ ਕਿ ਸਾਡੇ ਹਲਕੇ ਆਦਮਪੁਰ ਵਿਚ ਖੁੱਲਣ ਵਾਲੇ ਵਿੱਦਿਅਕ ਕਾਲਜ ਦੀ ਤਜਵੀਜ਼ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਸ਼੍ਰੀ ਅਵਤਾਰ ਸਿੰਘ ਜੂਨੀਅਰ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਇਨ੍ਹਾਂ ਨੂੰ ਬੋਲ ਲੈਣ ਦਿਓ, this is his maiden speech.

**Mr. Speaker:** No, No, this is not his maiden speech, I know English. ਤੁਸੀਂ ਬੋਲੋ, ਨਹੀਂ ਤਾਂ ਤੁਹਾਡਾ ਹੀ ਸਮਾਂ ਜਾ ਰਿਹਾ ਹੈ। ਉਹ ਤੁਹਾਡਾ ਸਮਾਂ ਲੈਣਗੇ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਦੇ ਦਿਓ ਜੀ।ਮੈਨੂੰ ਵੀ ਸਮਾਂ ਦੇ ਦੇਣਾ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਕ ਸਾਲ ਹੋ ਗਿਆ ਹੈ ਪਰ ਸ਼ਗਨ ਸਕੀਮ ਦੀਆਂ ਬਕਾਇਆ ਰਕਮਾਂ ਨਹੀਂ ਮਿਲੀਆਂ, ਸੋ, ਇਹ ਪੈਸਾ ਜ਼ਰੂਰ ਜਾਰੀ ਕੀਤਾ ਜਾਵੇ। ਜਿਹੜਾ 25 ਕਰੋੜ ਰੁਪਿਆ ਗੁਰੂ ਰਵਿਦਾਸ ਅਧਿਐਨ ਸੈਂਟਰ ਵਾਸਤੇ ਦਿੱਤਾ ਗਿਆ ਹੈ, ਇਸ ਲਈ ਮੈਂ ਕੋਈ ਕਿੰਤੂ ਪ੍ਰਤੂ ਨਹੀਂ ਕਰਨਾ ਚਾਹੁੰਦਾ, ਮੈਂ ਇਸ ਲਈ ਧੰਨਵਾਦ ਕਰਦਾ ਹਾਂ ਪਰ ਇਹ ਉਹੀ 25 ਕਰੋੜ ਰੁਪਿਆ ਹੈ, ਜੋ ਤੁਸੀਂ ਵਾਪਸ ਲੈ ਲਿਆ ਸੀ, ਮੇਰੇ ਕੋਲ ਇਸ ਸਬੰਧੀ ਡਿਪਟੀ ਕਮਿਸ਼ਨਰ ਦਾ ਪੱਤਰ ਵੀ ਹੈ। ਸੋ, ਇਸ ਨਾਲ ਹੋਰ 25 ਕਰੋੜ ਰੁਪਿਆ ਰਿਲੀਜ਼ ਕਰੋ ਤਾਂ ਕਿ ਉੱਥੇ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਮ ਤੇ ਬਣਨ ਵਾਲਾ ਅਧਿਐਨ ਸੈਂਟਰ ਵਧੀਆ ਤਰੀਕੇ ਨਾਲ ਬਣ ਸਕੇ। ਬੁਢਾਪਾ ਪੈਨਸ਼ਨਾਂ ਅਤੇ ਵਿਧਵਾ ਪੈਨਸ਼ਨਾਂ ਸਰਕਾਰ ਵੱਲੋਂ 2500 ਰੁਪਿਆ ਕਰਨ ਬਾਰੇ ਕਿਹਾ ਗਿਆ ਸੀ, ਉਸ ਲਈ ਵੀ ਲੋੜੀਂਦੇ ਫੰਡ ਨਹੀਂ ਰੱਖੇ ਗਏ, ਇਸੇ ਕਾਰਨ ਇਨ੍ਹਾਂ ਪੈਨਸ਼ਨਾਂ ਵਿਚ ਵਾਧਾ ਨਹੀਂ ਹੋ ਸਕਿਆ। ਸਿੱਖਿਆ ਦੇ ਖੇਤਰ ਵਿਚ ਆਈਲੈਟਸ ਦੇ ਸਕੂਲ ਅਤੇ ਕਾਲਜ ਖੁੱਲ ਰਹੇ ਹਨ। ਸਾਡੇ ਵਿਦਿਆਰਥੀ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ, ਉਨ੍ਹਾਂ ਤੇ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ। ਮਾਨਯੋਗ ਮੁੱਖ ਮੰਤਰੀ ਜੀ ਨੇ ਜਿਹੜੀ ਗੱਲ ਕਹੀ ਸੀ ਕਿ 40 ਹਜ਼ਾਰ ਕਰੋੜ ਦੇ ਨਿਵੇਸ਼ ਨਾਲ ਪੰਜਾਬ ਖੁਸ਼ਹਾਲ ਬਣੇਗਾ ਤੇ ਢਾਈ ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ ।ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਢਾਈ ਲੱਖ ਨੌਕਰੀਆਂ ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਦਿੱਤੀਆਂ ਜਾਣ, ਬਾਹਰ ਵਾਲਿਆਂ ਨੂੰ ਬਾਅਦ ਵਿਚ ਦਿੱਤੀਆਂ ਜਾਣ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀਂ ਇਸ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਤੁਸੀਂ ਸਿਰਮੌਰ ਹੋ, ਤੁਸੀਂ ਸਾਡੇ ਸਿਰ ਦਾ ਤਾਜ ਹੋ। ਬੋਲਣ ਤੋਂ ਪਹਿਲਾਂ ਮੈਨੂੰ ਦੱਸ ਦਿਓ ਕਿ ਮੇਰਾ ਸਮਾਂ ਕਿੰਨਾ ਹੈ ਕਿਉਂਕਿ ਮੈਂ ਇਸ ਪਾਰਟੀ ਦਾ ਆਖਰੀ ਬੁਲਾਰਾ ਹਾਂ।

**ਮਾਨਯੋਗ ਸਪੀਕਰ:** ਤੁਹਾਡੀ ਪਾਰਟੀ ਦਾ ਸਮਾਂ ਹੋ ਚੁੱਕਿਆ ਹੈ ਪਰ ਤੁਹਾਡੇ 6 ਮਿੰਟ ਮੰਗੇ ਹੋਏ ਹਨ, ਮੈਂ ਤੁਹਾਨੂੰ 6 ਮਿੰਟ ਦੇ ਰਿਹਾ ਹਾਂ, ਉਹ ਵੀ ਇੱਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਕੱਟ ਕੇ ਦੇ ਰਿਹਾ ਹਾਂ।

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਬੈਠੇ ਬੈਠੇ ਮਾਨਯੋਗ ਸਪੀਕਰ ਸਾਹਿਬ ਨੂੰ ਸ਼੍ਰੀ ਅਵਤਾਰ ਸਿੰਘ ਜੂਨੀਅਰ ਨੂੰ ਬੋਲਣ ਲਈ ਹੋਰ ਸਮਾਂ ਦੇਣ ਦੀ ਬੇਨਤੀ ਕਰ ਰਹੇ ਸਨ।)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਸੀਂ ਸਾਡੇ ਸਿਰ ਦੇ ਤਾਜ ਹੋ। ਥੋੜ੍ਹਾ ਜਿਹਾ ਸਮਾਂ ਵਧਾ ਦਿਓ। ਸਪੀਕਰ ਸਾਹਿਬ, ਪਹਿਲੀ ਵਾਰ ਪੰਚਾਇਤ ਮੰਤਰੀ ਜੀ ਨੇ ਮੇਰੀ ਤਸਦੀਕ ਕੀਤੀ ਹੈ, ਹੁਣ ਤਾਂ ਦੋ-ਦੋ ਮੰਤਰੀ ਸਾਹਿਬਾਨ ਮੇਰੀ ਤਸਦੀਕ ਕਰ ਰਹੇ ਹਨ।

**ਮਾਨਯੋਗ ਸਪੀਕਰ:** ਤੁਸੀਂ ਕੰਟੀਨਿਊ ਕਰੋ।ਸਪੀਕਰ ਵੀ ਤੁਹਾਡੀ ਤਸਦੀਕ ਕਰਦਾ ਹੈ, ਤੁਸੀਂ ਬੋਲੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਬਹੁਤ ਸ਼ੁਕਰੀਆ। ਅੱਜ ਬੜਾ ਮੁਕੱਦਸ ਦਿਹਾੜਾ ਹੈ। ਮੈਂ ਵਿੱਤ ਮੰਤਰੀ ਜੀ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦਾ ਪਹਿਲਾ ਪੂਰਾ ਬਜਟ ਪੇਸ਼ ਕੀਤਾ ਹੈ। ਪੰਜਾਬ ਦੇ ਲੋਕਾਂ ਨੂੰ ਵੀ ਮੁਬਾਰਕਬਾਦ। ਮੈਂ ਬੜੇ ਸੰਖੇਪ ਚ ਗੱਲ ਕਰਾਂਗਾ। ਕੇਂਦਰ ਸਰਕਾਰ ਨੇ ਸਾਲ 2003 ਵਿਚ ਇਕ Fiscal Responsibility and Budget Management Act ਪਾਸ ਕੀਤਾ ਸੀ।

aman-shubham/3.35/11.3.23

ਸਰ, ਉਸ ਤਰਜ਼ ਤੇ ਇਸ ਮੁਕੱਦਸ ਵਿਧਾਨ ਸਭਾ ਦੇ ਵਿਚ ਵੀ ਪੰਜਾਬ ਦੇ ਐਮ.ਐਲ.ਏ. ਸਾਹਿਬਾਨ ਨੇ ਇਹ ਐਕਟ ਪਾਸ ਕੀਤਾ ਹੈ, ਜਿਸ ਦੇ ਵਿੱਚ ਸਪਸ਼ਟ ਤੌਰ ਤੇ ਲਿਖਿਆ ਗਿਆ ਸੀ ਕਿ ਕਦੇ ਵੀ fiscal deficit, GSDP ਦਾ 3% ਤੋਂ ਉੱਪਰ ਨਹੀਂ ਹੋ ਸਕਦਾ। ਜੇਕਰ ਆਪਾਂ ਅੰਕੜਿਆਂ ਨੂੰ ਦੇਖੀਏ ਤਾਂ ਜਿਹੜਾ ਪਿਛਲੇ ਸਾਲ ਦਾ budgeted ਸੀ ਉਹ 3.8% ਸੀ। ਸਰ, ਪਿਛਲੇ ਸਾਲ ਕੋਵਿਡ ਕਰਕੇ ਪਾਰਲੀਮੈਂਟ ਨੇ ਇਹ ਵਾਧਾ ਦਿੱਤਾ ਸੀ ਕਿ 3.5% ਅਸੀਂ GSDP ਦਾ ਦੇ ਸਕਦੇ ਹਾਂ ਪਲੱਸ .5% ਵੀ ਦੇ ਸਕਦੇ ਹਾਂ, ਉਹ ਵੀ ਸੈਂਟਰ ਦੀ ਅਨੁਮਤੀ ਦੇ ਨਾਲ ਅਗਰ ਉਸ ਦੇ ਵਿੱਚ power reforms or urban reforms ਕਰੀਏ। ਚਲੋ, ਇਹ ਵੀ ਮੰਨ ਲੈਂਦੇ ਹਾਂ ਕਿ ਇਹ ਵੀ ਅਲਾਓ ਕਰ ਦੇਣਗੇ ਲੇਕਿਨ ਮੈਨੂੰ ਬੜੀ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਹੜਾ ਹੁਣ revised ਆਇਆ ਹੈ ਉਹ 5.2% ਆਇਆ ਹੈ। ਕੀ ਇਸ ਹਾਊਸ ਦਾ ਜਿਹੜਾ ਪਾਸ ਕੀਤਾ

ਹੋਇਆ ਐਕਟ ਹੈ, ਅਸੀਂ ਉਸ ਨੂੰ ਅਣਗੌਲਿਆ ਕਰਾਂਗੇ? ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਿੱਤ ਮੰਤਰੀ ਤੋਂ ਇਸ ਦੀ ਕਲੈਰੀਫਿਕੇਸ਼ਨ ਜ਼ਰੂਰ ਮੰਗਣਾ ਚਾਹੁੰਦਾ ਹਾਂ। ਇਸ ਤਰਜ ਦੇ ਉੱਤੇ ਜਿਹੜਾ ਇਸ ਸਾਲ ਦਾ ਅਨੁਮਾਣਿਤ fiscal deficit ਹੈ, ਉਹ 5% ਰੱਖਿਆ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਿੱਤ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਤਕੀ ਤਾਂ ਸਿਰਫ 3% fiscal deficit ਰੱਖਣ ਦੀ ਅਨੁਮਤੀ ਸੀ ਪਲੱਸ ਪੁਆਇੰਟ 5% again if power reform or urban reform ਕੀਤਾ ਜਾਵੇ। ਸਰ, ਅਸੀਂ ਇਸ ਐਕਟ ਨੂੰ ਅਣਗੌਲਿਆ ਕੀਤਾ ਹੈ, ਕੀ ਵਿੱਤ ਮੰਤਰੀ ਸਾਹਿਬ ਇਸ ਦਾ ਸਪਸ਼ਟੀਕਰਨ ਦੇ ਸਕਦੇ ਹਨ। ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗਾ। ਮੈਂ ਪੈਰ੍ਹਾ 98 Employment Generation and Skill development ਦੇ ਬਾਰੇ ਗੱਲ ਕਰਨੀ ਚਾਹੁੰਦੀ ਹਾਂ। ਮੈਂ ਸੀ.ਐਮ ਸਾਹਿਬ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਆਪਣੀ ਯੋਗ ਅਗਵਾਈ ਦੇ ਵਿੱਚ 40 ਹਜ਼ਾਰ ਕਰੋੜ ਰੁਪਏ ਦਾ ਨਵਾਂ ਨਿਵੇਸ਼ ਪੰਜਾਬ ਦੇ ਵਿੱਚ ਆਉਣਾ ਹੈ, ਉਸ ਬਾਰੇ ਸਾਰੇ ਪੰਜਾਬੀਆਂ ਨੂੰ ਵਿਸਥਾਰ ਦੇ ਨਾਲ ਦੱਸਿਆ ਗਿਆ ਹੈ। ਇਸ ਸਦਨ ਦੀ ਇਹ ਪਰੰਪਰਾ ਹੈ ਕਿ ਹਰ ਕੋਈ ਆਪਣੇ ਹਲਕੇ ਲਈ ਕੁਝ ਨਾ ਕੁਝ ਮੰਗਦਾ ਹੈ। ਮੇਰੀ ਬੇਨਤੀ ਹੈ ਕਿ ਜਿਹੜਾ ਬੀ.ਐਮ.ਡਬਲਿਊ ਦਾ ਪਲਾਂਟ ਪੰਜਾਬ ਦੇ ਵਿੱਚ ਆਉਣਾ ਹੈ, ਉਸ ਨੂੰ ਜਲੰਧਰ ਦੇ ਖੇਤਰ ਦੇ ਵਿੱਚ ਜ਼ਰੂਰ ਲਗਾਇਆ ਜਾਵੇ। ਉਸ ਦਾ ਰੀਜ਼ਨ ਇਹ ਹੈ ਕਿ ਰੇਲਵੇ ਦਾ ਪਲਾਂਟ ਕਪੂਰਥਲਾ ਦੇ ਵਿੱਚ ਹੈ, ਸੋਨਾਲੀਕਾ ਹੁਸ਼ਿਆਰਪੁਰ ਦੇ ਵਿੱਚ ਹੈ, ਸਾਡੀ ਇੰਡਸਟਰੀ ਆਲਰੈਡੀ ਹੈ ਇਸ ਕਰਕੇ ਜਲੰਧਰ ਦੇ ਵਿੱਚ ਉਹ ਪਲਾਂਟ ਲਗਾਇਆ ਜਾਵੇ। ਮੈਨੂੰ ਇਸ ਹਾਊਸ ਨੂੰ ਦੱਸਦੇ ਹੋਏ ਬੜੀ ਸ਼ਰਮਿੰਦਗੀ ਹੁੰਦੀ ਹੈ ਕਿ skill development ਵਾਸਤੇ ਇਸ ਬਜਟ ਦੇ ਵਿੱਚ 231 ਕਰੋੜ ਰੁਪਿਆ ਰੱਖਿਆ ਗਿਆ। ਟੋਟਲ ਬਜਟ ਦਾ 0.017% ਹੈ। ਇੱਕ United Nation Development Programme ਦੀ ਰਿਪੋਰਟ ਆਈ ਹੈ। ਹਿੰਦੋਸਤਾਨ ਦੀ skilled labour force 21.2% ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਸਾਡੀ Sudan, Ivory Coast, Libya, Cameron ਜਿਹੀ countries ਦੇ ਨਾਲ ਤੁਲਨਾ ਹੁੰਦੀ ਹੈ। ਸਾਡੇ ਸਾਰੇ ਗੁਆਂਢੀ ਦੇਸ਼ Nepal, Sri Lanka ਦੇ ਵਿੱਚ 40% skilled ਹਨ. Myanmar 28.1%, Pakistan 27.8%, Bangladesh 25.8% ਦੇ ਵਿੱਚ skilled labour ਹੈ। ਅਗਰ 40 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕਰਕੇ ਇੱਥੇ ਜਦੋਂ ਇੰਡਸਟਰੀ ਆਵੇਗੀ ਪਰ ਜਦ ਉਸ ਸਮੇਂ ਅਸੀਂ ਉਸ ਨੂੰ skilled labour ਨਹੀਂ ਦੇ ਸਕਾਂਗੇ ਤਾਂ ਫਿਰ ਕੌਣ ਪੰਜਾਬ ਦੇ ਵਿੱਚ ਨਿਵੇਸ਼ ਕਰੇਗਾ? ਜਾਪਾਨ ਦੇ ਵਿੱਚ 99.9% skilled labour ਹੈ। It is 96% in Belarus, U.S.A, Lithuania, Russia.

ਇਸ ਦੇ ਨਾਲ ਬਜਟ ਸਪੀਚ ਵਿੱਚ ਇੰਡਸਟਰੀ ਤੇ ਕਾਮਰਸ ਦਾ ਪੈਰ੍ਹਾ 103 ਹੈ, ਉਸ ਦੇ ਵਿੱਚ ਪੰਜਾਬ ਦੇ ਵਿੱਚ ਵਿਕਸਤ ਫੋਕਲ ਪੁਆਇੰਟਾਂ ਦਾ ਜ਼ਿਕਰ ਹੈ। ਸਾਡੇ ਮਾਨਯੋਗ ਐਮ.ਐਲ.ਏ ਗੋਗੀ ਜੀ ਇੱਥੇ ਬੈਠੇ ਨਹੀਂ ਹਨ, ਉਨ੍ਹਾਂ ਨੇ ਇੱਕ ਨਵਾਂ ਫੋਕਲ ਪੁਆਇੰਟ ਮੰਗਿਆ ਹੈ। ਸਰ, ਮੇਰੇ ਤੁਸੀਂ ਸਿਰਮੌਰ ਹੋ, ਸਿਰਫ 2 ਮਿੰਟ ਹੋਰ ਲਵਾਂਗਾ। ਸਪੀਕਰ ਸਾਹਿਬ, ਫੋਕਲ ਪੁਆਇੰਟਸ ਵਾਸਤੇ ਸਿਰਫ 50 ਕਰੋੜ ਰੁਪਿਆ ਰੱਖਿਆ ਗਿਆ। ਸਪੀਕਰ ਸਾਹਿਬ ਜੇਕਰ ਅਸੀਂ 40 ਹਜ਼ਾਰ ਕਰੋੜ ਰੁਪਏ ਦੀ ਇੰਡਸਟਰੀ ਨਿਵੇਸ਼ ਪੰਜਾਬ ਦੇ ਵਿੱਚ ਭਾਲਦੇ ਹਾਂ ਤੇ 50 ਕਰੋੜ ਰੁਪਏ ਦੇ ਨਾਲ ਜੇਕਰ ਅਸੀਂ ਫੋਕਲ ਪੁਆਇੰਟ ਬਣਾਂਵਾਂਗੇ ਤਾਂ 4 ਕਰੋੜ ਵਾਲੀ ਵੀ ਮੁਸ਼ਕਲ ਹੀ ਆਵੇਗੀ।

ਤ.ਸ. / ਅ.ਗ. / 3.40 / 11.03.2023

ਸਰ, ਮੇਰੀ ਅਖੀਰ ਵਿੱਚ ਇੱਕ ਬੇਨਤੀ ਹੈ। Capital subsidy to Industry ਲਈ ਸਿਰਫ 75 ਕਰੋੜ ਦਾ ਬਜਟ ਅਨੁਮਾਨ ਰੱਖਿਆ ਗਿਆ ਹੈ। ਸਰ, ਮੇਰੀ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਮੈਂ ਜਲੰਧਰ ਨੂੰ ਰਿਪਰਜ਼ੈਂਟ ਕਰਦਾ ਹਾਂ। ਮੈਂ ਇਸ ਹਾਊਸ ਨੂੰ ਸਟੇਟ ਜੀ.ਐਸ.ਟੀ. ਅਤੇ ਸੈਂਟਰ ਜੀ.ਐਸ.ਟੀ. ਵਿੱਚ ਇੱਕ ਫਰਕ ਦੱਸਣਾ ਚਾਹੁੰਦਾ ਹਾਂ। ਵਿੱਤ ਮੰਤਰੀ ਸਾਹਿਬ ਤਾਂ ਬਾਦਸਤੂਰ ਜਾਣਦੇ ਹਨ ਕਿ ਇੱਕ ਇੰਡਸਟਰੀਅਲਿਸਟ ਦੇ ਦੋ ਯੂਨਿਟ ਹਨ। (ਵਿਘਨ) ਮੇਰੀ ਬੇਨਤੀ ਹੈ ਕਿ ਉਸ ਇੰਡਸਟਰੀਅਲਿਸਟ ਦੇ ਦੋ ਯੂਨਿਟ ਹਨ, ਇੱਕ ਸਟੇਟ ਜੀ.ਐਸ.ਟੀ. ਨਾਲ ਰਜਿਸਟਰਡ ਹੈ ਅਤੇ ਇੱਕ ਸੈਂਟਰ ਜੀ.ਐਸ.ਟੀ. ਨਾਲ ਰਜਿਸਟਰਡ ਹੈ। ਉਨ੍ਹਾਂ ਨੇ ਦੋਨਾਂ ਵਿੱਚੋਂ 50 ਲੱਖ ਰੁਪਏ ਵਾਪਸ ਲੈਣੇ ਸਨ।ਸਟੇਟ ਜੀ.ਐਸ.ਟੀ. ਵਾਲਿਆਂ ਨੇ ਉਨ੍ਹਾਂ ਨੂੰ 90 ਦਿਨਾਂ ਤੋਂ ਬਾਅਦ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਸੈਂਟਰ ਜੀ.ਐਸ.ਟੀ. ਨੇ ਉਨ੍ਹਾਂ ਦਾ ਬਣਦਾ ਹੋਇਆ 50 ਲੱਖ ਰੁਪਏ ਦਾ ਬਕਾਇਆ ਵਾਪਸ ਕਰ ਦਿੱਤਾ। ਪੰਜਾਬ ਵਿੱਚ ਡਿਪਾਰਟਮੈਂਟ ਦਾ ਇੱਕ ਮਾਫੀਆ ਬਣਿਆ ਹੋਇਆ ਹੈ। ਅੱਜ ਜੀ.ਐਸ.ਟੀ. ਤਹਿਤ ਦੁਨਾਕਦਾਰ ਵੀ ਡਰਿਆ ਹੋਇਆ ਹੈ ਅਤੇ ਇੰਡਸਟਰੀ ਵੀ ਡਰੀ ਹੋਈ ਹੈ।

**ਮਾਨਯੋਗ ਸਪੀਕਰ** : ਧੰਨਵਾਦ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਹੁਣ ਤੁਹਾਡਾ ਧੰਨਵਾਦ ਹੀ ਕਰਨਾ ਹੈ।

**ਮਾਨਯੋਗ ਸਪੀਕਰ** : ਹੋ ਗਿਆ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਅਗਲਾ ਸ਼ਬਦ ਨਹੀਂ ਬੋਲਾਂਗਾ। ਮੈਂ ਫਿਰ ਤੋਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੇਰੀ ਫਿਰ ਤੋਂ ਇਹੋ ਬੇਨਤੀ ਹੈ ਕਿ ਬੀ.ਐਮ.ਡਬਲਿਯੂ. ਦਾ ਪਲਾਂਟ ਜਲੰਧਰ ਸ਼ਹਿਰ ਵਿੱਚ ਲਗਵਾਇਆ ਜਾਵੇ।

**ਮਾਨਯੋਗ ਸਪੀਕਰ** : ਧੰਨਵਾਦ। ਹੁਣ ਰਾਣਾ ਇੰਦਰ ਪ੍ਰਤਾਪ ਸਿੰਘ ਬੋਲਣਗੇ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੇਰੀ ਗਿਣਤੀ ਡਸਿਪਲਿਨਡ ਬੰਦਿਆਂ ਵਿੱਚ ਹੈ?

**ਮਾਨਯੋਗ ਸਪੀਕਰ** : ਇਹ ਤਾਂ ਤੁਸੀਂ ਦੱਸਣਾ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ** : ਜੇਕਰ ਤਾਂ ਡਸਿਪਲਿਨਡ ਵਿੱਚ ਹੈ ਤਾਂ ਮੇਰਾ ਟਾਈਮ ਡਬਲ ਹੋਣਾ ਚਾਹੀਦਾ ਹੈ, ਜਿਵੇਂ ਤੁਸੀਂ ਕਿਹਾ ਸੀ।

**ਮਾਨਯੋਗ ਸਪੀਕਰ** : ਤੁਸੀਂ ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸੋ, ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਨੂੰ ਬਜਟ ਤੇ ਬੋਲਣ ਦਾ ਮੌਕਾ ਪਹਿਲੀ ਵਾਰ ਮਿਲਿਆ ਹੈ। ਸਰਕਾਰ ਨੇ ਜੋ ਪਹਿਲਾ ਬਜਟ ਪਿਛਲੇ ਸਾਲ ਦਿੱਤਾ ਸੀ, ਲੋਕਾਂ ਤੋਂ ਬਹੁਤ ਸੁਜੈਸ਼ਨਜ਼ ਲਏ ਸਨ। ਸਾਰੇ ਵਰਗ ਦੇ ਲੋਕਾਂ ਤੋਂ, ਜ਼ਿੰਮੀਦਾਰਾਂ ਤੋਂ, ਇੰਡਸਟਰੀ ਤੋਂ, ਸਰਵਿਸ ਸੈਕਟਰ ਆਦਿ ਤੋਂ ਸੁਜੈਸ਼ਨਜ਼ ਲਏ ਸਨ ਪਰ ਐਤਕੀਂ ਇਸ ਬਜਟ ਵਿੱਚ ਸੁਜੈਸ਼ਨ ਲੈਣੇ ਭੁੱਲ ਗਏ। ਪਹਿਲੇ ਸਾਲ ਹੀ ਜਨਤਾ ਨੂੰ ਭੁੱਲ ਗਏ। ਚਲੋ, ਕੋਈ ਗੱਲ ਨਹੀਂ।

ਮੈਂ ਬਜਟ ਪੈਰਾਮੀਟਰਾਂ ਦੀ ਗੱਲ ਕਰਦਾ ਹਾਂ। ਬਜਟ ਵਿੱਚ ਜਿਹੜਾ ਕੈਪੀਟਲ ਐਕਸਪੈਂਡੀਚਰ ਹੈ, ਬਜਟਿਡ ਅਮਾਊਂਟ ਸੀ 10981 ਕਰੋੜ ਰੁਪਿਆ ਅਤੇ ਇਨਫਰਾਸਟਰੱਕਚਰ ਤੇ ਐਕਚੂਅਲ ਕੈਪੀਟਲ ਐਕਸਪੈਂਡੀਚਰ 8513 ਕਰੋੜ ਰੁਪਿਆ ਲੱਗਾ ਹੈ। ਸਰ, 2400 ਕਰੋੜ ਰੁਪਿਆ ਘੱਟ ਲੱਗਿਆ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ 2400 ਕਰੋੜ ਰੁਪਿਆ ਨਹੀਂ ਲੱਗ ਸਕਿਆ? ਕੀ ਸਰਕਾਰ ਕੋਲ ਪੈਸੇ ਨਹੀਂ ਸਨ ਜਾਂ ਪੈਸਾ ਲਗਾਉਣਾ ਨਹੀਂ ਆਇਆ?

ਜੇਕਰ ਰੈਵੇਨਿਊ ਡੈਫੀਸਿਟ ਦੀ ਗੱਲ ਕਰੀਏ ਤਾਂ 12000 ਕਰੋੜ ਰੁਪਿਆ ਪ੍ਰਾਜੈਕਟ ਕੀਤਾ ਸੀ ਪਰੰਤੂ 24000 ਕਰੋੜ ਹੋਇਆ। ਫਿਸਕਲ ਡੈਫੀਸਿਟ ਦੀ ਗੱਲ ਕਰੀਏ ਤਾਂ 23000 ਕਰੋੜ ਪ੍ਰਾਜੈਕਟ ਕੀਤਾ ਸੀ ਪਰੰਤੂ

33000 ਕਰੋੜ ਹੋਇਆ। 10-10, 15-15 ਹਜ਼ਾਰ ਕਰੋੜ ਦਾ ਫਰਕ ਹੈ। ਜਨਾਬ, ਅਗਲੇ ਸਾਲ ਦਾ ਫਿਸਕਲ ਡੈਫੀਸਿਟ 4.98% ਟਾਰਗੈਟ ਕੀਤਾ ਗਿਆ ਹੈ। ਸਰ, ਇਸ ਸਾਲ ਦਾ 5.21% ਹੈ ਤਾਂ ਅਗਲੇ ਸਾਲ ਦਾ 4.98% ਕਿਵੇਂ ਹੋ ਸਕਦਾ ਹੈ? ਮੈਂ ਮਹਿਸੂਸ ਕਰਦਾ ਹਾਂ ਕਿ ਇਹ 6% ਤੋਂ ਜ਼ਿਆਦਾ ਹੋਵੇਗਾ। ਇਸ ਦਾ ਮੇਨ ਕਾਰਨ ਇਹ ਹੈ ਕਿ additional resource mobilization ਨਹੀਂ ਹੋ ਰਹੀ ਹੈ। ਬਜਟ ਵਿੱਚ ਵੀ ਸਰਕਾਰ ਨੇ ਕਿਤੇ ਨਹੀਂ ਦੱਸਿਆ ਕਿ ਸੂਬੇ ਦੀਆਂ ਦੇਣਦਾਰੀਆਂ or liabilities ਕੀ ਹਨ।ਸਰ, 93000 ਕਰੋੜ ਰੁਪਿਆ ਟੈਕਸ ਅਤੇ ਨਾਨ ਟੈਕਸ ਰੈਵੇਨਿਊ ਤੋਂ ਇਕੱਠਾ ਹੋਇਆ ਅਤੇ ਸਰਕਾਰ ਨੇ debt and ways and means ਤੋਂ 90000 ਕਰੋੜ ਰੁਪਏ ਦਾ ਕਰਜ਼ਾ ਲਿਆ। ਫਿਕਸਡ ਐਕਸਪੈਂਡੀਚਰ ਦੀ ਗੱਲ ਕਰੀਏ, ਜਿਵੇਂ ਕਿ ਤਨਖਾਹਾਂ, ਪੈਨਸ਼ਨ, ਇੰਟਰਸਟ ਜਾਂ ਪਾਵਰ ਅਤੇ ਅਦਰ ਰੈਵੇਨਿਊ ਐਕਪੈਂਡੀਚਰ 1 ਲੱਖ 17 ਹਜ਼ਾਰ ਕਰੋੜ ਰੁਪਏ ਹੋਇਆ ਹੈ। ਇਸ ਵਿੱਚ ਰੀ-ਪੇਅਮੈਂਟ 56000 ਕਰੋੜ ਹੋਈ ਹੈ। 1 ਲੱਖ 73 ਹਜ਼ਾਰ ਕਰੋੜ ਰੁਪਿਆ ਇਕੱਠਾ ਹੋ ਗਿਆ ਪਰੰਤੂ ਸਿਰਫ 10000 ਕਰੋੜ ਹੀ ਬਚਿਆ। ਕੀ ਸਰਕਾਰ ਇੰਨੀਆਂ ਸਾਰੀਆਂ ਸਕੀਮਾਂ 10000 ਕਰੋੜ ਵਿੱਚ ਇੰਪਲੀਮੈਂਟ ਕਰ ਸਕਦੀ ਹੈ? ਜਨਾਬ, ਪੰਜਾਬ ਦਾ ਡੈੱਟ ਪਿਛਲੇ ਸਾਲ ਨਾਲੋਂ 34000 ਕਰੋੜ ਰੁਪਏ ਵਧਾ ਦਿੱਤਾ ਗਿਆ ਹੈ।

ਜੇ ਬਾਕੀ ਖੇਤਰਾਂ ਦੀ ਗੱਲ ਕਰਾਂ, ਜਿਵੇਂ ਕਿ ਐਜੂਕੇਸ਼ਨ ਖੇਤਰ ਦੀ ਗੱਲ ਕਰਾਂ ਤਾਂ ਸਰਕਾਰ ਨੇ ਬਹੁਤ ਜ਼ੋਰ ਲਗਾਇਆ ਅਤੇ ਬਹੁਤ ਵਾਅਦੇ ਕੀਤੇ ਪਰ ਪੰਜਾਬ ਇੱਕ ਪੇਂਡੂ ਸੂਬਾ ਹੈ ਅਤੇ ਪੰਜਾਬ ਦੇ 75% ਬੱਚੇ ਪਿੰਡਾਂ ਵਿੱਚ ਪੜ੍ਹਦੇ ਹਨ। ਪਹਿਲੀ ਗੱਲ ਹੈ ਕਿ ਐਜੂਕੇਸ਼ਨ ਤਾਂ ਹੀ ਮਿਲ ਸਕਦੀ ਹੈ ਜੇਕਰ ਸਾਡੇ ਕੋਲ ਪ੍ਰਾਪਰ ਟੀਚਰ ਹੋਣਗੇ।

ਸ.ਸ.-ਅ.ਗ./3:45/11.3.2023.

ਪਿੰਡਾਂ ਵਿੱਚ ਟੀਚਰਾਂ ਦੀ ਘਾਟ ਹੈ। ਜਿਹੜਾ ਉਨ੍ਹਾਂ ਨੂੰ 6% ਰੂਰਲ ਅਲਾਉਂਸ ਮਿਲਦਾ ਸੀ, ਉਹ ਸਰਕਾਰ ਨੇ ਬੰਦ ਕਰ ਦਿੱਤਾ ਹੈ। ਟੀਚਰ ਪਿੰਡਾਂ ਵਿੱਚ ਘੱਟ ਕੰਮ ਕਰਨਾ ਚਾਹੁੰਦੇ ਹਨ, ਉਹ ਸ਼ਹਿਰਾਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਵਿਚਾਰ ਕੀਤਾ ਜਾਵੇ।

ਸਰ, ਡਿਜ਼ਾਸਟਰ ਮੈਨੇਜਮੈਂਟ ਤੇ 125 ਕਰੋੜ ਰੁਪਏ ਡਿਸਬਰਸ ਕੀਤਾ ਗਿਆ, ਮੇਰੇ ਇਲਾਕੇ ਦੇ ਲੋਕ ਪਿਛਲੇ ਸਾਲ ਦੇ ਹੜ੍ਹਾਂ ਦੇ ਪੈਸੇ ਵੀ ਉਡੀਕਦੇ ਪਏ ਹਨ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਨਾਲ ਵਿਤਕਰਾ ਕਿਉਂ ਕੀਤਾ ਗਿਆ? ਜੇ ਬਾਕੀ ਪੰਜਾਬ ਨੂੰ ਦਿੱਤੇ ਹਨ ਤਾਂ ਕਾਈਂਡਲੀ ਸਾਡੇ ਇਲਾਕੇ ਨੂੰ ਵੀ ਦਿੱਤੇ ਜਾਣ।

ਸਰ, ਪਾਵਰ ਸਬਸਿਡੀ ਦੀ ਗੱਲ ਕਰਾਂ, 20 ਹਜ਼ਾਰ ਕਰੋੜ ਰੁਪਏ ਦੀ ਪਾਵਰ ਸਬਸਿਡੀ ਪਲਾਨ ਕੀਤੀ ਗਈ ਹੈ। ਪਾਵਰ ਲਈ ਸਾਡੀ ਮੈਕਸੀਮਮ ਡਿਮਾਂਡ 14,300 ਮੈਗਾਵਾਟ ਸੀ, ਐਤਕੀਂ 16,000 ਮੈਗਾਵਾਟ ਹੋ ਜਾਣੀ ਹੈ। ਬਾਹਰੋਂ ਪਾਵਰ ਲਿਆਉਣ ਦੀ ਐਕਚੁਅਲ ਟਰਾਂਸਮਿਸ਼ਨ ਕਪੈਸਿਟੀ ਸਿਰਫ 8,500 ਮੈਗਾਵਾਟ ਹੈ। ਜੇਕਰ ਸਾਰਾ ਇਕੱਠਾ ਕਰ ਦੇਈਏ ਤਾਂ ਸਾਡੇ ਕੋਲ ਅੱਜ ਵੀ 1,000 ਮੈਗਾਵਾਟ ਪਲੱਸ ਸ਼ਾਰਟਫਾਲ ਰਹਿਣੀ ਹੈ ਅਤੇ ਲੋਕਾਂ ਨੂੰ ਬਿਜਲੀ ਨਹੀਂ ਮਿਲ ਪਾਵੇਗੀ। ਇਸ ਬਾਰੇ ਸਰਕਾਰ ਦਾ ਕੀ ਵਿਚਾਰ ਹੈ? ਜੇ ਆਪਾਂ ਬਾਹਰੋਂ ਬਿਜਲੀ ਖਰੀਦਣੀ ਹੈ, ਉਸ ਦੀ ਜਿਹੜੀ ਪ੍ਰੋਜੈਕਸ਼ਨ ਹੈ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਮੇਰੇ 7 ਮਿੰਟ ਪੂਰੇ ਨਹੀਂ ਹੋਏ। ਮੇਰੀ ਬੇਨਤੀ ਹੈ ਕਿ 3.5 ਨੂੰ ਦੋ ਨਾਲ ਗੁਣਾ ਕਰਕੇ 7 ਮਿੰਟ ਬਣਦੇ ਹਨ। ਸਰ, ਤਿੰਨ ਮਿੰਟ ਰਹਿੰਦੇ ਹਨ, ਮੈਂ ਤਿੰਨ ਮਿੰਟ ਵਿੱਚ ਕਨਕਲੂਡ ਕਰ ਦਿੰਦਾ ਹਾਂ। ਸਰ, 5.40/- ਰੁਪਏ ਪ੍ਰਤੀ ਯੂਨਿਟ ਪ੍ਰਾਜੈਕਟ ਕੀਤੀ ਸੀ, ਜਨਵਰੀ ਵਿੱਚ 6.32/- ਰੁਪਏ ਪ੍ਰਤੀ ਯੂਨਿਟ ਖਰੀਦੀ ਗਈ, ਐਕਚੁਅਲੀ 7.50/- ਰੁਪਏ ਪ੍ਰਤੀ ਯੂਨਿਟ ਤੋਂ ਉੱਤੇ ਹੈ, ਹੁਣ ਇਸ ਉੱਤੇ ਸਰਕਾਰ ਵਿਚਾਰ ਕਰੇ।

ਖੇਤੀਬਾੜੀ ਵਾਸਤੇ "ਭਾਵ ਅੰਤਰ ਭੁਗਤਾਨ ਯੋਜਨਾ", ਹਾਰਟੀਕਲਚਰ ਕਰਾਪਸ ਲਈ 15 ਕਰੋੜ ਰੁਪਏ ਰੱਖਿਆ ਗਿਆ, ਇਸ ਵਿੱਚ ਫਰੂਟਸ ਅਤੇ ਵੈਜੀਟੇਬਲਜ਼ ਆ ਜਾਂਦੀਆਂ ਹਨ। ਇਸ ਦਾ ਏਰੀਆ 10 ਲੱਖ ਏਕੜ ਹੈ। 10 ਹਜ਼ਾਰ ਕਰੋੜ ਰੁਪਏ ਦਾ ਟੋਟਲ ਰੈਵੇਨਿਊ ਹੈ ਪਰ ਇਸ ਲਈ ਸਿਰਫ 15 ਕਰੋੜ ਰੁਪਏ ਰੱਖਿਆ ਗਿਆ। 150/- ਰੁਪਏ ਪ੍ਰਤੀ ਏਕੜ ਆਉਂਦਾ ਹੈ, ਕੀ ਇਸ ਨਾਲ ਅਸੀਂ ਡਾਈਵਰਸੀਫਿਕੇਸ਼ਨ ਕਰ ਸਕਦੇ ਹਾਂ?

ਸਰ, ਕਰਾਪ ਇੰਸ਼ੋਰੈਂਸ ਸਕੀਮ ਬਾਰੇ ਦੱਸਿਆ ਹੀ ਨਹੀਂ ਗਿਆ ਕਿ ਇਹ ਕਿਵੇਂ ਇੰਪਲੀਮੈਂਟ ਹੋਵੇਗੀ ਅਤੇ ਇਸ ਲਈ ਕਿੰਨਾ ਬਜਟ ਹੋਵੇਗਾ।

ਸਰ, ਮੇਰਾ ਲਾਸਟ ਪੁਆਇੰਟ ਐਕਸਾਈਜ਼ ਰੈਵੇਨਿਊ ਬਾਰੇ ਹੈ। ਸਰਕਾਰ ਨੇ 8896 ਕਰੋੜ ਰੁਪਏ ਵਧਾਇਆ ਹੈ, 2641 ਕਰੋੜ ਰੁਪਏ ਇਨਕਰੀਜ਼ ਹੋਈ ਹੈ। ਮੈਂ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ, 42% ਇਨਕਰੀਜ਼ ਹੋਇਆ। ਅਗਲੇ ਸਾਲ ਦਾ 1,000 ਕਰੋੜ ਰੁਪਏ ਇਨਕਰੀਜ਼ ਹੋਇਆ ਹੈ। ਤੁਹਾਡੇ ਰਾਹੀਂ ਮੈਂ ਮੰਤਰੀ ਸਾਹਿਬ ਨੂੰ ਇੱਕ ਗੱਲ ਕਹਾਂਗਾ, ਮੈਂ ਕੋਈ ਨਿੰਦਿਆ ਨਹੀਂ ਕਰਦਾ ਪਰ ਇੱਕ ਸੁਜੈਸ਼ਨ ਹੈ ਕਿ ਆਪਾਂ

ਇਹ ਭੁੱਲ ਗਏ ਰੈਵੇਨਿਊ 42% ਇਨਕਰੀਜ਼ ਹੋ ਗਿਆ ਪਰੰਤੂ ਸ਼ਰਾਬ ਦੀਆਂ ਬੋਤਲਾਂ ਕਿੰਨੀਆਂ ਵਿਕੀਆਂ। ਪਿਛਲੇ ਸਾਲ ਆਈ.ਐਮ.ਐਫ.ਐਲ. ਸ਼ਰਾਬ ਦੀਆਂ 40 ਲੱਖ ਪੇਟੀਆਂ ਵਿਕੀਆਂ ਸੀ, ਇਸ ਸਾਲ 80 ਲੱਖ ਪੇਟੀਆਂ ਵਿਕੀਆਂ ਹਨ। ਕੀ ਪੰਜਾਬ ਦੇ ਲੋਕਾਂ ਨੇ ਉਹ ਸ਼ਰਾਬ ਪੀਤੀ? ਜੇ ਦੁੱਗਣੀ ਪੀਤੀ ਹੈ ਤਾਂ ਸਰਕਾਰ ਦੀ ਖੁਸ਼ੀ ਜਾਂ ਹੁਣ ਗਮ ਵਿੱਚ ਪੀ ਰਹੇ ਹਨ। ਅਸਲੀਅਤ ਵਿੱਚ ਇਹ ਸ਼ਰਾਬ ਪੰਜਾਬ ਤੋਂ ਨੌਜਵਾਨ ਬਾਕੀ ਸੂਬਿਆਂ ਵਿੱਚ ਲੈ ਕੇ ਜਾ ਰਹੇ ਹਨ, ਚਾਹੇ ਉਹ ਰਾਜਸਥਾਨ, ਯੂ.ਪੀ., ਬਿਹਾਰ ਹੋਵੇ, ਅਸੀਂ ਆਪਣੀ ਨੌਜਵਾਨੀ ਨੂੰ ਸਿਰਫ 1,000-2,000 ਕਰੋੜ ਰੁਪਏ ਪਿੱਛੇ ਸਮਗਲਰ ਬਣਾ ਰਹੇ ਹਾਂ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਉੱਤੇ ਵਿਚਾਰ ਕੀਤਾ ਜਾਵੇ ਕਿਉਂਕਿ ਜਦੋਂ ਅਕਾਲੀ ਦਲ ਦਾ ਰਾਜ ਸੀ ਤਾਂ ਉਨ੍ਹਾਂ ਨੇ 70 ਹਜ਼ਾਰ ਬੰਦਾ ਸ਼ਰਾਬ ਸਬੰਧੀ ਕੇਸਾਂ ਵਿੱਚ ਫੜ ਕੇ ਅੰਦਰ ਕੀਤਾ ਸੀ ਅਤੇ ਉਨ੍ਹਾਂ ਤੇ ਚਿੱਟਾ ਤੇ ਨਸ਼ੇ ਦੀਆਂ ਗੋਲੀਆਂ ਵਾਲੇ ਕੇਸ ਪਾਏ ਸੀ। ਉਹ ਬਾਹਰ ਨਿਕਲ ਕੇ ਚਿੱਟੇ ਦੇ ਵਪਾਰੀ ਬਣ ਗਏ। ਇਹ ਬੰਦੇ/ਸਮਗਲਰ ਅੱਜ ਸ਼ਰਾਬ ਦੇ ਵਪਾਰ ਵਿੱਚ ਟਰੇਂਡ ਹੋ ਜਾਣਗੇ, ਕੱਲ੍ਹ ਨੂੰ ਇਨ੍ਹਾਂ ਨੇ ਆ ਕੇ ਪੰਜਾਬ ਵਿੱਚ ਚਿੱਟਾ ਵੇਚਣਾ ਹੈ। ਮੈਂ ਪਟਨਾ ਸਾਹਿਬ ਮੱਥਾ ਟੇਕਣ ਗਿਆ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਉੱਥੇ ਮੈਨੂੰ ਇੱਕ ਬੜਾ ਵੱਡਾ ਅਫਸਰ ਮਿਲਿਆ, ਉਹ ਕਹਿੰਦਾ ਕਿ ਇੱਥੇ ਪੰਜਾਬ ਦੇ ਇੰਨੇ ਯੰਗ ਬੱਚੇ ਜੇਲ੍ਹਾਂ ਵਿੱਚ ਬੰਦ ਹਨ ਕਿ ਚਾਹੇ ਸਾਡੀ ਜੇਲ੍ਹ ਵਿੱਚ ਗੁਰਦੁਆਰਾ ਸਾਹਿਬ ਖੋਲ੍ਹ ਲਵੋ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਇਸ ਉੱਤੇ ਵਿਚਾਰ ਕੀਤਾ ਜਾਵੇ। ਧੰਨਵਾਦ ਜੀ।

**ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):** ਸਪੀਕਰ ਸਾਹਿਬ, ਆਪ ਜੀ ਨੇ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ, ਬਹੁਤ ਬਹੁਤ ਧੰਨਵਾਦ। ਕੁਝ ਆਪੋਜ਼ੀਸ਼ਨ ਮੈਂਬਰ ਸਾਹਿਬਾਨ ਇਹ ਕਹਿੰਦੇ ਹਨ ਕਿ ਕੁਝ ਵਾਅਦੇ ਅਤੇ ਗਰੰਟੀਆਂ ਸਰਕਾਰ ਨੇ ਪੂਰੀਆਂ ਨਹੀਂ ਕੀਤੀਆਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਘਰ ਦਾ ਸਿਆਣਾ ਮੁਖੀ ਹੁੰਦਾ ਹੈ, ਉਹ ਪਰਿਵਾਰ ਨੂੰ ਕਿਵੇਂ ਤੋਰਦਾ ਹੈ? ਜਿਵੇਂ ਕਿਸੇ ਘਰ ਦੇ ਮੁਖੀ ਦੇ 2-3 ਪੁੱਤ ਹੁੰਦੇ ਹਨ, ਉਹ ਹੌਲੀ-ਹੌਲੀ ਘਰ ਬਣਾ ਕੇ ਦਿੰਦਾ ਹੈ। ਨੀਂਹਾਂ ਭਰਦਾ ਹੈ, ਅਗਲੀ ਫਸਲ ਵਿਕਣ ਤੇ ਛੱਤ ਤੱਕ ਬਣਾ ਲੈਂਦਾ ਹੈ। ਤੀਜੀ, ਚੌਥੀ ਫਸਲ ਵਿਕਣ ਤੇ ਦਰਵਾਜ਼ੇ ਵਗੈਰਾ ਲਗਾ ਕੇ ਘਰ ਪੂਰਾ ਕਰਦਾ ਹੈ। ਜਿਹੜੇ ਵਾਅਦੇ ਤੁਸੀਂ ਆਖੇ ਹਨ, ਉਹ ਵਾਅਦੇ ਸਾਡੇ ਮੁਖੀ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਪੂਰੇ ਕਰਨਗੇ।

ਅਗਲੀ ਬਜਟ ਦੀ ਗੱਲ ਕਰਦੇ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2023-24 ਲਈ 1,96,462 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ।

**ਮ.ਰ. ਹਸਟ./3.50/11.03.2023**

ਪਿਛਲੇ ਸਾਲ ਨਾਲੋਂ ਇਹ ਬਜਟ 26 ਪਰਸੈਂਟ ਵੱਧ ਰੱਖਿਆ ਗਿਆ। ਇਸ ਲਈ ਮੈਂ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਵਧਾਈ ਵੀ ਦਿੰਦਾ ਹੈ। ਇਸ ਬਜਟ ਵਿੱਚ ਖੇਤੀਬਾੜੀ ਲਈ 20 ਪ੍ਰਤੀਸ਼ਤ, 12 ਪ੍ਰਤੀਸ਼ਤ ਸਿੱਖਿਆ, 42 ਪ੍ਰਤੀਸ਼ਤ ਟਰਾਂਸਪੋਰਟ, 36 ਪ੍ਰਤੀਸ਼ਤ ਰੁਜ਼ਗਾਰ ਅਤੇ ਹੁਨਰ ਵਿਕਾਸ, 11 ਪ੍ਰਤੀਸ਼ਤ ਸਿਹਤ ਤੇ ਪਰਿਵਾਰ ਭਲਾਈ ਆਦਿ ਵਿੱਚ ਵਾਧਾ ਕੀਤਾ ਹੈ। ਸਪੀਕਰ ਸਾਹਿਬ, ਜਿੱਥੇ 117 ਐਮੀਨੈਂਸ ਸਕੂਲਾਂ ਦੀ ਸਥਾਪਨਾ ਲਈ ਦੋ ਸੌ ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ, ਉਥੇ 17 ਹਜ਼ਾਰ 72 ਕਰੋੜ ਰੁਪਿਆ ਸਕੂਲਾਂ ਤੇ ਉਚੇਰੀ ਸਿੱਖਿਆ ਲਈ ਵੀ ਰੱਖਿਆ ਗਿਆ ਹੈ। ਇਹ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਇੱਥੇ ਮੈਂ ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਇਸ ਨਾਲ ਆਮ ਘਰਾਂ ਅਤੇ ਗਰੀਬ ਪਰਿਵਾਰਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਪੜ੍ਹ ਕੇ, ਉੱਚ ਵਿੱਦਿਆ ਲੈ ਕੇ ਆਪਣਾ ਸੁਪਨਾ ਪੂਰਾ ਕਰਨਗੇ। ਇਸ ਲਈ ਵੀ ਮੈਂ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਚੋਣਾਂ ਤੋਂ ਦੋ-ਤਿੰਨ ਮਹੀਨੇ ਪਹਿਲਾਂ ਆਪਣੇ ਕੀਤੇ ਹੋਏ ਵਾਅਦੇ ਪੂਰੇ ਨਹੀਂ ਕਰ ਪਾਉਂਦੇ ਅਤੇ ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਲੈ ਲੈਂਦੇ ਸਨ ਪਰ ਸਾਡੀ ਸਰਕਾਰ ਨੇ ਸਰਕਾਰ ਬਣਦਿਆਂ ਸਾਰ ਹੀ 26797 ਨੌਕਰੀਆਂ ਦੇ ਕੇ, ਜਿੱਥੇ ਵਿਦੇਸ਼ਾਂ ਵਿੱਚ ਜਾਣ ਤੋਂ ਬੱਚੇ ਰੋਕੇ, ਉਥੇ ਪੰਜਾਬ ਲਈ ਚੰਗਾ ਕੰਮ ਕੀਤਾ। ਸਪੀਕਰ ਸਾਹਿਬ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਤੀਜੀ ਫਸਲ ਮੂੰਗੀ ਉੱਤੇ ਐਮ.ਐਸ.ਪੀ. ਦੇ ਕੇ ਕਿਸਾਨਾਂ ਨੂੰ ਪਰ ਏਕੜ 30-35 ਹਜ਼ਾਰ ਦਾ ਵਾਧਾ ਕੀਤਾ ਅਤੇ ਮੂੰਗੀ ਦੀ ਫਸਲ ਲਈ 79 ਕਰੋੜ ਤੋਂ ਵਧਾ ਕੇ 125 ਕਰੋੜ ਰੁਪਿਆ ਬਜਟ ਵਿੱਚ ਵੀ ਲਿਆਂਦਾ ਹੈ। ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ 2219 ਕਰੋੜ ਰੁਪਏ ਦਾ ਬਜਟ ਰੱਖਿਆ। ਸਪੀਕਰ ਸਾਹਿਬ, ਇਸ ਬਜਟ ਵਿੱਚ ਖੇਤੀਬਾੜੀ ਲਈ 20 ਪ੍ਰਤੀਸ਼ਤ ਬਜਟ ਦਾ ਵਾਧਾ ਕੀਤਾ ਹੈ, ਜੋ ਕਿ ਬਹੁਤ ਹੀ ਕਾਬਿਲ-ਏ-ਤਾਰੀਫ ਹੈ। ਇੱਕ ਹਜ਼ਾਰ ਕਰੋੜ ਨਰਮਾ ਬੈਲਟ ਲਈ ਸਬਸਿਡੀ ਦਿੱਤੀ ਗਈ, ਇਹ ਵੀ ਇੱਕ ਸ਼ਲਾਘਾਯੋਗ ਕਦਮ ਹੈ ਅਤੇ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ।

ਪਿਛਲੀਆਂ ਸਰਕਾਰਾਂ ਦੇ ਅਖੌਤੀ ਲੀਡਰਾਂ ਨੇ ਜਾਅਲੀ ਬੀਜ ਦੇ ਕੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾਇਆ, ਉਥੇ ਸਾਡੀ ਸਰਕਾਰ ਨੇ 33 ਪ੍ਰਤੀਸ਼ਤ ਬੀਜਾਂ ਲਈ ਸਬਸਿਡੀ ਦੇ ਕੇ ਕਿਸਾਨਾਂ ਨੂੰ ਚੰਗੀ ਰਾਹਤ ਦਿੱਤੀ ਹੈ। ਸਪੀਕਰ ਸਾਹਿਬ, ਜਿੱਥੇ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕੀਤੀਆਂ, ਉਥੇ 258 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ, ਜਿਸ ਵਿੱਚ 55 ਪ੍ਰਤੀਸ਼ਤ ਵਾਧਾ ਕੀਤਾ ਗਿਆ, ਇਸ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ।

ਸਪੀਕਰ ਸਾਹਿਬ, ਮੈਂ ਇਸ ਬਜਟ ਦੇ ਪੇਸ਼ ਹੋਣ ਨਾਲ ਜਿੱਥੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕਰਦਾ ਹਾਂ ਅਤੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੀਆਂ ਜੋ ਗਾਰੰਟੀਆਂ ਰਹਿੰਦੀਆਂ ਹਨ, ਉਹ ਵੀ ਪੂਰੀਆਂ ਕਰੇਗੀ, ਇਸ ਦੀ ਮੈਨੂੰ ਪੂਰੀ ਆਸ ਹੈ। ਅੱਜ ਇੱਥੇ ਪੂਰੇ ਪੰਜਾਬ ਦੇ ੮੮ ਪ੍ਰਤੀਸ਼ਤ ਲੋਕਾਂ ਦੇ ਘਰਾਂ ਦੇ ਬਿਜਲੀ ਦਾ ਬਿਲ ਜ਼ੀਰੋ ਆਇਆ ਹੈ, ਇਸ ਲਈ ਵੀ ਸਰਕਾਰ ਵਧਾਈ ਦੀ ਪਾਤਰ ਹੈ। ਉਹ ਦਿਨ ਦੂਰ ਨਹੀਂ ਜਿੱਥੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਸੁਪਨਾ ਰੰਗਲਾ ਪੰਜਾਬ ਬਣਾਉਣ ਦਾ ਪੂਰਾ ਹੋਵੇਗਾ। ਧੰਨਵਾਦ ਜੀ। ਸ਼ੁਕਰੀਆ ਸਪੀਕਰ ਸਾਹਿਬ।

**ਸ਼੍ਰੀ ਸ਼ੀਤਲ ਅੰਗੁਰਾਲ (ਜਲੰਧਰ ਪੱਛਮੀ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਬਜਟ ਸਪੀਚ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ ਅਤੇ ਜਿਹੜਾ ਫਾਈਨਾਂਸ ਮਨਿਸਟਰ ਸਾਹਿਬ ਬਜਟ ਲੈ ਕੇ ਆਏ ਹਨ, ਉਸ ਲਈ ਵੀ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਖਾਸ ਕਰਕੇ ਮੈਂ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਪੰਜਾਬ ਨੂੰ ਇੱਕ ਰੰਗਲਾ ਪੰਜਾਬ ਬਣਾਉਣ ਦੀ ਕਸਮ ਖਾਧੀ ਸੀ ਅਤੇ ਉਸ ਨੂੰ ਪੂਰਾ ਕਰਨ ਲਈ ਉਹ ਦਿਨ-ਰਾਤ ਕੰਮ ਕਰ ਰਹੇ ਹਨ। ਜੇਕਰ ਦਲਿਤ ਪਰਿਵਾਰਾਂ ਦੀ ਗੱਲ ਕੀਤੀ ਜਾਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਅੱਜ ਦਲਿਤ ਪਰਿਵਾਰਾਂ ਦੇ ਬੱਚਿਆਂ ਨੂੰ ਇਨਸਾਫ ਮਿਲ ਰਿਹਾ ਹੈ ਅਤੇ ਇਸ ਬਜਟ ਨੂੰ ਦੇਖਦੇ ਹੋਏ ਮੈਨੂੰ ਬੜਾ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿਉਂਕਿ ਮੈਂ ਉਸ ਹਲਕੇ ਤੋਂ ਚੁਣ ਕੇ ਆਇਆ ਹਾਂ, ਜਿੱਥੇ ਬਹੁਤ ਜ਼ਿਆਦਾ ਦਲਿਤ ਆਬਾਦੀ ਹੈ। ਉਥੇ ਕੁਝ ਬੱਚਿਆਂ ਨੂੰ ਜਿਹੜੀਆਂ ਸਕਾਲਰਸ਼ਿਪ ਨਾਂ ਦੀਆਂ ਸਕੀਮਾਂ ਮਿਲਦੀਆਂ ਸਨ, ਉਨ੍ਹਾਂ ਦੇ ਮਾਪਿਆਂ ਨੇ ਬੜੀਆਂ ਉਮੀਦਾਂ ਲਾਈਆਂ ਸਨ ਅਤੇ ਉਨ੍ਹਾਂ ਦੇ ਬੱਚੇ ਕਾਲਜਾਂ ਵਿੱਚ ਪੜ੍ਹਦੇ ਸਨ, ਹੁਣੇ ਹੁਣੇ ਮੈਂਬਰ ਸਾਹਿਬ ਕਹਿ ਕੇ ਗਏ ਹਨ ਕਿ ਤਕਰੀਬਨ ਚਾਰ ਲੱਖ ਬੱਚਾ ਸਕਾਲਰਸ਼ਿਪ ਸਕੀਮਾਂ ਦਾ ਲਾਭ ਲੈਂਦਾ ਸੀ ਪਰੰਤੂ ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਬੱਚਿਆਂ ਨੂੰ ਸਕਾਲਰਸ਼ਿਪ ਸਕੀਮ ਦੀ ਬਣਦੀ ਰਾਸ਼ੀ ਨਹੀਂ ਦਿੱਤੀ ਅਤੇ ਉਨ੍ਹਾਂ ਬੱਚਿਆਂ ਨੂੰ ਲਾਸਟ ਪੇਪਰ ਵਿੱਚ ਜਾਣ ਦਾ ਮੌਕਾ ਵੀ ਨਹੀਂ ਮਿਲਿਆ।

GK/HS 3.55 11-3--2023

ਉਨ੍ਹਾਂ ਬੱਚਿਆਂ ਨੂੰ ਲਾਸਟ ਪੇਪਰ ਵਿੱਚ ਜਾਣ ਦਾ ਮੌਕਾ ਨਹੀਂ ਮਿਲਿਆ, ਕਈਆਂ ਨੂੰ ਸਰਟੀਫਿਕੇਟ ਲੈਣ ਦਾ ਮੌਕਾ ਨਹੀਂ ਮਿਲਿਆ। ਅੱਜ ਸਾਡੀ ਸਰਕਾਰ, ਸਾਡੇ ਵਿੱਤ ਮੰਤਰੀ ਸਾਹਿਬ ਨੇ ਪਿਛਲੇ ਸਾਲ ਸਕਾਲਰਸ਼ਿਪ ਦੇ ਕੇ ਉਨ੍ਹਾਂ ਨੂੰ ਪੜ੍ਹਾਈ ਦਾ ਮੌਕਾ ਦਿੱਤਾ। ਅੱਜ ਉਹ ਬੱਚੇ ਆਪਣੇ ਆਪ ਤੇ ਬਹੁਤ ਫ਼ਖ਼ਰ ਮਹਿਸੂਸ ਕਰ ਰਹੇ ਹਨ।

ਦੁਆਬੇ ਨੂੰ ਇੱਕ ਹੋਰ ਬਹੁਤ ਵੱਡੀ ਦੇਣ ਮਿਲਣ ਜਾ ਰਹੀ ਹੈ। ਦੁਆਬੇ ਨੂੰ ਦੋ ਮੈਡੀਕਲ ਕਾਲਜ ਹੁਸ਼ਿਆਪੁਰ ਅਤੇ ਕਪੂਰਥਲਾ ਵਿੱਚ ਦਿੱਤੇ ਗਏ ਹਨ। ਉਨ੍ਹਾਂ ਦੋ ਮੈਡੀਕਲ ਕਾਲਜਾਂ ਨਾਲ ਬਹੁਤ ਵੱਡਾ ਬੈਨੀਫਿਟ ਹੋਵੇਗਾ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ (ਬੈਠੇ –ਬੈਠੇ):** ਪਿਮਸ ਬਾਰੇ ਵੀ ਗੱਲ ਕਰ ਲਵੋ।

**ਸ਼੍ਰੀ ਸ਼ੀਤਲ ਅੰਗੁਰਾਲ:** ਪਿਮਸ ਸਾਡੀ ਸਰਕਾਰ ਵਿੱਚ ਨਹੀਂ ਬਣਿਆ। ਪਿਛਲੇ ਪੰਜ ਸਾਲਾਂ ਵਿੱਚ ਜਿਹੜੇ ਮੈਂਬਰ ਇੱਥੇ ਬੈਠੇ ਕੇ ਗਏ ਹਨ ਕੀ ਉਦੋਂ ਉਹ ਸੁੱਤੇ ਪਏ ਸਨ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਨ੍ਹਾਂ ਨੇ ਉਦੋਂ ਕੀ ਕੀਤਾ? ਉਨ੍ਹਾਂ ਨੇ ਪ੍ਰਾਈਵੇਟ ਹਸਪਤਾਲਾਂ ਕੋਲੋਂ ਆਪਣੇ ਹਫਤੇ ਲਗਵਾਏ। ਪਿਮਸ ਦੀ ਕਿਸੇ ਨੇ ਰਖਵਾਲੀ ਨਹੀਂ ਕੀਤੀ। ਅੱਜ ਉਹ ਆਪਣੀਆਂ ਪ੍ਰਾਪਰਟੀਆਂ ਵੇਚ ਰਹੇ ਹਨ। ਕਈ ਲੋਕ ਆਪਣੇ ਪੈਸੇ ਇਕੱਠੇ ਕਰ ਰਹੇ ਹਨ ਅਤੇ ਨਵੇਂ ਨਵੇਂ ਸੁਪਨੇ ਲੈ ਰਹੇ ਹਨ ਕਿ ਸ਼ਾਇਦ ਅਸੀਂ ਫਿਰ ਪਾਰਲੀਮੈਂਟ ਸੀਟ ਤੇ ਇਲੈਕਸ਼ਨ ਲੜ ਲਈਏ ਪਰ ਉਨ੍ਹਾਂ ਦੇ ਸੁਪਨੇ ਪੂਰੇ ਨਹੀਂ ਹੋਣਗੇ। ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਧਿਆਨ ਵਿੱਚ ਪਿਮਸ ਦਾ ਮੈਟਰ ਆਇਆ ਹੈ। ਇਹ ਬਹੁਤ ਵੱਡਾ ਕਾਲਜ ਹੈ। ਦੁਆਬੇ ਨੂੰ ਇਸ ਦਾ ਬਹੁਤ ਬੈਨੀਫਿਟ ਮਿਲੇਗਾ। ਮੈਂ ਅੱਜ ਕੈਬਨਿਟ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦੇ ਲਿਆਂਦੇ ਗਏ ਬਜਟ ਤੇ ਬੋਲ ਰਿਹਾ ਹਾਂ। ਪੰਜਾਬ ਦੇ ਲੋਕ ਕਿੰਨੀ ਉਮੀਦ ਨਾਲ ਰੰਗਲਾ ਪੰਜਾਬ ਦੇਖਣਾ ਚਾਹੁੰਦੇ ਸਨ। ਮੈਂ ਉਸ ਰੰਗਲੇ ਪੰਜਾਬ ਦੀ ਗੱਲ ਕਰ ਰਿਹਾ ਹਾਂ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ ਪੁਆਇੰਟ ਆਫ ਆਰਡਰ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਵਿਕਰਮ ਜੀ ਕੁਝ ਕਹਿਣਾ ਚਾਹੁੰਦੇ ਹਨ। ਤੁਹਾਡਾ ਕਿਸ ਗੱਲ ਤੇ ਪੁਆਇੰਟ ਆਫ ਆਰਡਰ ਹੈ?

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਪੁਆਇੰਟ ਆਫ ਆਰਡਰ ਇਸ ਗੱਲ ਤੇ ਹੈ ਕਿ ਤੁਸੀਂ ਨਵੇਂ ਮੈਡੀਕਲ ਕਾਲਜ ਅਤੇ ਇੰਸਟੀਚਿਊਟ ਖੋਲ੍ਹਣ ਦੀ ਗੱਲ ਕਰ ਰਹੇ ਹੋ। ਜੋ ਸ਼ਹੀਦ ਬੇਅੰਤ ਸਿੰਘ ਜੀ ਨੇ ਆਪਣੀ ਟੈਨਿਓਰ ਵੇਲੇ ਸਾਡੇ ਜਲੰਧਰ ਵਿੱਚ ਬਣਾਇਆ ਉਸ ਨੂੰ ਵਾਪਸ ਲੈਣ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਮਿਲ ਕੇ ਚਿੱਠੀ ਵੀ ਦਿੱਤੀ ਸੀ। ਮੁੱਖ ਮੰਤਰੀ ਸਾਹਿਬ ਨੇ ਆਸ਼ਵਾਸਨ ਵੀ ਦਿੱਤਾ ਸੀ ਕਿ 60 ਦਿਨਾਂ ਦੇ ਅੰਦਰ ਅੰਦਰ ਇਸ ਤੇ ਫੈਸਲਾ ਲਿਆ ਜਾਵੇਗਾ। 60 ਦਿਨ ਦੇ ਅੰਦਰ ਇਸ ਤੇ ਫੈਸਲਾ ਤਾਂ ਨਹੀਂ ਹੋਇਆ ਪਰ ਜਿਹੜੀ ਕਰੋੜਾਂ ਰੁਪਏ ਨਾਲ ਬਿਲਡਿੰਗ ਬਣਾਈ ਗਈ ਹੈ ਤੁਸੀਂ ਉਸ ਤੇ ਲੈ ਲਵੋ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ।

**ਸ਼੍ਰੀ ਸ਼ੀਤਲ ਅੰਗੁਰਾਲ:** ਸਰ, ਜਿਹੜੇ 15 ਸਾਲਾਂ ਦੇ ਕੰਢੇ ਬੀਜੇ ਗਏ ਹਨ ਉਹ 60 ਦਿਨ ਵਿੱਚ ਨਹੀਂ ਨਿਕਲ ਸਕਦੇ। ਅਸੀਂ ਵੀ ਇਸ ਤੇ ਸੀ.ਐਮ. ਸਾਹਿਬ ਨੂੰ ਚਿੱਠੀ ਦਿੱਤੀ ਹੋਈ ਹੈ। ਦੁਆਬੇ ਦੇ ਲੋਕਾਂ ਨੂੰ ਬਹੁਤ ਜਲਦੀ ਇਸ ਦਾ ਬੈਨੀਫਿਟ ਮਿਲੇਗਾ। ਮੈਂ ਇਸ ਗੱਲ ਦੀ ਗਰੰਟੀ ਦਿੰਦਾ ਹਾਂ ਕਿ ਇਸੇ ਸਰਕਾਰ ਵਿੱਚ ਪਿਮਸ ਵਾਪਿਸ ਲਵਾਂਗੇ। ਮੈਨੂੰ ਆਪਣੀ ਸਰਕਾਰ ਤੋਂ ਉਮੀਦ ਹੈ। ਅੱਜ ਲੋਕਾਂ ਨੂੰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਤੋਂ ਜੋ ਉਮੀਦਾਂ ਹਨ, ਜਿਸ ਉਮੀਦਾਂ ਨਾਲ ਅਸੀਂ ਲੋਕਾਂ ਵਿੱਚ ਗਏ ਸਨ, ਮੈਂ ਅੱਜ ਉਸ ਤੇ ਹੀ ਗੱਲ ਕਰ ਰਿਹਾ ਹਾਂ। ਅੱਜ ਗਰੰਟੀਆਂ ਦੀ ਗੱਲ ਕੀਤੀ ਜਾ ਰਹੀ ਹੈ। ਮੈਂ ਉਨ੍ਹਾਂ ਬਸਤੀਆਂ ਵਿੱਚੋਂ ਆਉਂਦਾ ਹਾਂ ਜਿੱਥੇ ਬਹੁਤ ਗਰੀਬ ਬੱਚੇ ਰਹਿੰਦੇ ਹਨ। ਜਿਸ ਦਿਨ ਪੂਰੇ ਪੰਜਾਬ ਵਿੱਚ 117 ਸਕੂਲ ਖੁੱਲ੍ਹਣਗੇ ਅਤੇ School of Eminence ਦਾ ਜੋ ਬੈਨੀਫਿਟ ਮਿਲੇਗਾ ਉਹ ਐਸ.ਸੀਜ਼ ਦੇ ਬੱਚਿਆਂ ਨੂੰ ਬਹੁਤ ਜ਼ਿਆਦਾ ਮਿਲੇਗਾ ਕਿਉਂਕਿ ਉਨ੍ਹਾਂ ਦੇ ਸੁਪਨੇ ਸੀ ਅਤੇ ਮਾਂ-ਬਾਪ ਨੇ ਕਦੇ ਨਹੀਂ ਸੋਚਿਆ ਸੀ ਕਿ ਉਨ੍ਹਾਂ ਦੇ ਬੱਚੇ ਵੀ ਵਧੀਆ ਸਕੂਲਾਂ ਵਿੱਚ ਜਾ ਸਕਣਗੇ। ਕਈ ਲੋਕ ਆਪਣੇ ਬੱਚੇ ਵੱਡੇ-ਵੱਡੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਰਹੇ ਹਨ। ਜਦੋਂ ਇੱਕ ਮੁਹੱਲੇ ਵਿੱਚੋਂ ਇੱਕ ਬੱਚਾ ਮਹਿੰਗੇ ਸਕੂਲ ਵਿੱਚ ਪੜ੍ਹਦਾ ਹੈ ਤਾਂ ਬਾਕੀ ਮੁਹੱਲੇ ਦੇ ਬੱਚੇ ਉਸ ਬੱਚੇ ਨੂੰ ਦੇਖਦਾ ਹੈ ਅਤੇ ਆਪਣੇ ਮਨ ਵਿੱਚ ਸੋਚਦੇ ਹਨ ਕਿ ਅਸੀਂ ਕਦੋਂ ਇਸ ਵਧੀਆ ਸਕੂਲ ਵਿੱਚ ਜਾਵਾਂਗੇ। ਜਿੱਥੇ ਖੇਲ੍ਹ ਗਰਾਊਂਡ ਵੀ ਹੋਵੇਗੀ, ਜਿੱਥੇ ਲੈਬਾਂ ਹੋਣਗੀਆਂ ਅਤੇ ਜਿੱਥੇ ਜਾ ਕੇ ਮੇਰਾ ਕੋਈ ਭਵਿੱਖ ਬਣੇਗਾ। ਅੱਜ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਬਹੁਤ ਵੱਡਾ ਕਦਮ ਉਠਾਇਆ ਹੈ। ਅੱਜ 117 ਸਕੂਲ ਖੁੱਲ੍ਹਣ ਜਾ ਰਹੇ ਹਨ। ਮੈਨੂੰ ਲੱਗਦਾ ਹੈ ਕਿ ਸਭ ਤੋਂ ਪਹਿਲਾ ਸਕੂਲ ਮੇਰੇ ਹਲਕੇ ਵਿੱਚ ਖੁੱਲ੍ਹਣ ਜਾ ਰਿਹਾ ਹੈ ਜਿਸ ਦਾ ਮੁੱਖ ਮੰਤਰੀ ਸਾਹਿਬ ਬਹੁਤ ਜਲਦੀ ਉਦਘਾਟਨ ਕਰਨ ਵਾਲੇ ਹਨ। ਮੈਂ ਉਸ ਦਾ ਕੰਮ ਚਾਲੂ ਕਰਵਾ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਬੱਚਿਆਂ ਦੀ ਉਮੀਦ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਬਣ ਕੇ ਆਏ ਹਨ ਕਿਉਂਕਿ ਉਨ੍ਹਾਂ ਗਰੀਬ ਬੱਚਿਆਂ ਨੇ ਕਦੇ ਨਹੀਂ ਸੋਚਿਆ ਸੀ ਕਿ ਵਧੀਆ ਸਕੂਲਾਂ ਵਿੱਚ ਕੀ ਪੜ੍ਹਾਈ ਹੈ ਅਤੇ ਇਨ੍ਹਾਂ ਵਿੱਚ ਕੀ ਫਰਕ ਹੁੰਦਾ ਹੈ ਅਤੇ ਅਸੀਂ ਉੱਥੇ ਜਾ ਕੇ ਕੀ ਦੇਖ ਸਕਦੇ ਹਾਂ। ਜਦੋਂ ਉਹ ਵਧੀਆ ਸਕੂਲਾਂ ਵਿੱਚ ਜਾ ਕੇ ਪੜ੍ਹਨਗੇ ਉਨ੍ਹਾਂ ਨੂੰ ਇਸ ਚੀਜ਼ ਦਾ ਫਰਕ ਲੱਗੇਗਾ। ਅੱਜ ਦਲਿਤ ਦਾ ਬੱਚਾ ਆਪਣੇ ਆਪ ਨੂੰ ਬਹੁਤ ਸੇਫ ਮਹਿਸੂਸ ਕਰ ਰਿਹਾ ਹੈ। ਜਦੋਂ ਦਲਿਤ ਪਰਿਵਾਰ ਦੇ ਬੱਚੇ ਕਿਸੇ ਹਸਪਤਾਲ ਵਿੱਚ ਜਾਂਦੇ ਹਨ ਅਤੇ ਕਿਸੇ ਮੁਹੱਲਾ ਕਲੀਨਿਕ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਰਾਹਤ ਮਿਲਦੀ ਹੈ। ਮੇਰੇ ਹਲਕੇ ਵਿੱਚ 6 ਮੁਹੱਲਾ ਕਲੀਨਿਕ ਖੁੱਲ੍ਹੇ ਹਨ। ਅੱਜ 10 ਲੱਖ ਦੇ ਕਰੀਬ ਪਰਿਵਾਰਾਂ ਨੂੰ ਬੈਨੀਫਿਟ ਮਿਲ ਚੁੱਕਾ ਹੈ। ਜਿਸ ਟਾਈਮ ਉੱਥੇ ਕੋਈ ਮਾਂ ਜਾਂਦੀ ਹੈ ਜਾਂ ਫਿਰ ਮੇਰਾ ਕੋਈ ਬਜ਼ੁਰਗ ਬਾਪ ਜਾਂਦਾ ਹੈ ਅਤੇ ਹਫਤੇ ਦੀ ਦਵਾਈ ਫਰੀ ਲੈਂਦਾ ਹੈ, ਜਿਸ ਸਮੇਂ ਉਸ ਦਾ 700 ਰੁਪਿਆ ਹਫਤਾ ਬਚਦਾ ਹੈ ਉਹ ਉਸ ਦਿਨ ਆਪਣੇ ਪੰਜਾਬ ਦੇ ਮੁੱਖ ਮੰਤਰੀ, ਪੰਜਾਬੀਅਤ ਦੀ ਰੱਖਿਆ ਕਰਨ ਵਾਲੇ, ਪੰਜਾਬ ਦੇ ਪੁੱਤ ਸਰਦਾਰ ਭਗਵੰਤ

ਸਿੰਘ ਮਾਨ ਨੂੰ ਬਹੁਤ ਅਸੀਸਾਂ ਦਿੰਦਾ ਹੈ। ਉਸ ਨੂੰ ਪੁੱਛੋ ਜਿਸ ਦੇ ਟੈਸਟ ਫਰੀ ਹੁੰਦੇ ਹਨ। ਜਿਸ ਦਾ 41 ਟੈਸਟਾਂ ਦਾ ਕੋਈ ਪੈਸਾ ਨਹੀਂ ਲੱਗਦਾ। ਕਿਉਂਕਿ ਉਨ੍ਹਾਂ ਪਰਿਵਾਰਾਂ ਨੂੰ ਪੁੱਛਣ ਦਾ ਕੋਈ ਫਾਇਦਾ ਨਹੀਂ ਜਿਨ੍ਹਾਂ ਨੇ ਚੰਡੀਗੜ੍ਹ, ਦਿੱਲੀ ਅਤੇ ਲੁਧਿਆਣਾ ਵਰਗੇ ਵੱਡੇ-ਵੱਡੇ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣਾ ਹੁੰਦਾ ਹੈ। ਉਨ੍ਹਾਂ ਨੂੰ ਇਸ ਦਾ ਕੋਈ ਬੈਨੀਫਿਟ ਨਹੀਂ ਮਿਲਣਾ। ਮੁਹੱਲਾ ਕਲੀਨਿਕ ਦਾ ਬੈਨੀਫਿਟ ਆਮ ਆਦਮੀ ਨੂੰ ਮਿਲਣਾ ਹੈ, ਆਮ ਬੰਦੇ ਨੂੰ ਮਿਲਣਾ ਹੈ।

04.00 11.03.2023 Rajneet/Birendra singh

**ਮਾਨਯੋਗ ਸਪੀਕਰ :** ਕਨਕਲੂਡ ਕਰ ਦਿਓ।

**ਸ਼੍ਰੀ ਸ਼ੀਤਲ ਅੰਗੁਰਾਲ :** ਸਰ, ਬਸ ਮੇਰਾ ਲਾਸਟ ਪੁਆਇੰਟ ਹੈ। ਮੈਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਇੱਕ ਵਾਰ ਫਿਰ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹੜਾ ਕਿ 600 ਯੂਨਿਟਾਂ ਦਾ ਬਿਜਲੀ ਦਾ ਬਿਲ ਮੁਆਫ ਕੀਤਾ ਗਿਆ। ਮਿਤੀ 5 ਫਰਵਰੀ ਨੂੰ ਜਿਸ ਦਿਨ ਅਸੀਂ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜਨਮ ਦਿਹਾੜਾ ਮਨਾ ਰਹੇ ਸੀ। ਅਸੀਂ ਲੰਗਰ ਲਗਾਇਆ, ਸਾਡੀ ਸਾਰੀ ਗੁਰੂ ਰਵਿਦਾਸ ਸਭਾ ਦੇ ਮੈਂਬਰ ਅਤੇ ਸਾਰੇ ਸਾਥੀ ਸੇਵਾ ਕਰ ਰਹੇ ਸੀ। ਉੱਥੇ ਇੱਕ ਮਾਤਾ ਆਪਣੇ ਪੋਤਰੇ ਨਾਲ ਆਈ, ਉਸ ਨੇ 500 ਰੁਪਿਆ ਆਪਣੀ ਜੇਬ ਵਿਚੋਂ ਕੱਢ ਕੇ ਗੁਰੂ ਘਰ ਦੀ ਸੇਵਾ ਵਿੱਚ ਦਿੱਤਾ। ਉਹ ਕਹਿੰਦੀ ਕਿ ਮੈਂ ਲੰਗਰ ਦੇ ਵਿੱਚ ਸੇਵਾ ਪਾਉਣ ਲਈ ਆਈ ਹਾਂ, ਉਦੋਂ ਮੇਰਾ ਮਨ ਬਹੁਤ ਭਾਵੁਕ ਹੋਇਆ। ਮੈਂ ਕਿਹਾ ਕਿ ਮਾਂ ਤੇਰਾ ਤਾਂ ਪਹਿਲਾਂ ਹੀ ਇਲਾਜ ਸਹੀ ਨਹੀਂ ਹੋ ਰਿਹਾ। ਤੂੰ ਇਹ ਪੈਸੇ ਕਿੱਥੋਂ ਲੈ ਕੇ ਆਈ ਹੈਂ? ਉਸ ਨੇ ਮੇਰੇ ਨਾਲ ਬੜੀ ਖੁਸ਼ੀ ਦੇ ਨਾਲ ਗੱਲ ਕੀਤੀ ਅਤੇ ਕਹਿੰਦੀ ਕਿ ਮੈਂ ਵੱਡੇ ਸਾਬ੍ਹ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ। ਮੈਂ ਕਿਹਾ ਕਿ ਕਿਹੜੇ ਵੱਡੇ ਸਾਬ੍ਹ ਦਾ? ਉਹ ਕਹਿੰਦੀ ਕਿ ਪੰਜਾਬ ਦਾ ਪੁੱਤਰ ਜਿਹੜਾ ਟੀ.ਵੀ. ਤੇ ਆਉਂਦਾ ਸੀ, ਇਹ ਉਸ ਮਾਂ ਦੇ ਲਫਜ਼ ਹਨ। ਉਸ ਗੁਰੂ ਘਰ ਦੇ ਵਿੱਚ ਖੜ੍ਹੇ ਹੋ ਕੇ ਜੋ ਉਸ ਮਾਂ ਨੇ ਮੈਨੂੰ ਗੱਲ ਕਹੀ, ਮੈਂ ਉਹ ਦੱਸ ਰਿਹਾ ਹਾਂ। ਉਹ ਕਹਿੰਦੀ ਕਿ ਮੈਂ 6500 ਰੁਪਿਆ ਆਪਣੀ ਪੋਤਰੀ ਦੇ ਵਿਆਹ ਲਈ ਜੋੜ ਲਿਆ ਹੈ ਕਿਉਂਕਿ ਮੇਰੇ ਘਰ ਬਿਜਲੀ ਦਾ ਬਿਲ ਨਹੀਂ ਆਇਆ। ਉਸ ਭਗਵੰਤ ਮਾਨ ਨੇ ਮੁਹੱਲਾ ਕਲੀਨਿਕ ਦੀ ਸੁਵਿਧਾ ਦਿੱਤੀ ਅਤੇ ਜਿਹੜਾ ਬਿਜਲੀ ਦਾ ਬਿਲ ਮੁਆਫ ਕੀਤਾ ਹੈ, ਜਿਹੜਾ ਬਿਲ ਬਚ ਰਿਹਾ ਹੈ, ਉਸ ਵਿਚੋਂ ਇਹ 6500 ਰੁਪਿਆ ਜੋੜਿਆ ਹੈ। ਉਸ ਮਾਂ ਨੇ ਗੁਰਦੁਆਰੇ ਵਿੱਚ ਖੜ੍ਹ ਕੇ ਜੋ ਅਰਦਾਸ ਕੀਤੀ, ਮੈਂ ਇਸੇ ਕਰਕੇ ਇਸ ਪਵਿੱਤਰ ਸਦਨ ਵਿੱਚ ਉਸ ਮਾਂ ਦਾ ਨਾਂਅ ਲੈ ਰਿਹਾ ਹਾਂ ਕਿਉਂਕਿ ਇਹ ਗੱਲ ਗੁਰੂ ਘਰ ਦੇ ਵਿੱਚ ਖੜ੍ਹ ਕੇ ਕੀਤੀ ਸੀ। ਬਾਕੀ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਇਹ ਜਿਹੜਾ ਬਜਟ ਹੈ, ਇਹ

ਆਮ ਆਦਮੀ ਦਾ ਹੈ, ਗਰੀਬ ਘਰ ਦਾ ਬਜਟ ਹੈ। ਜਿਸ ਸਮੇਂ ਇਹ ਬਜਟ ਸ਼ੁਰੂ ਕੀਤਾ ਗਿਆ ਤਾਂ ਪੰਜਾਬ ਦੇ ਵਿੱਤ ਮੰਤਰੀ ਸਾਹਿਬ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਬਚਨਾਂ ਨਾਲ ਸ਼ੁਰੂ ਕੀਤਾ।

ਪੰਜਾਬ ਦੇ ਵਿੱਚ 5 ਫਰਵਰੀ ਨੂੰ ਇੱਕ ਬਹੁਤ ਵੱਡੀ ਘਟਨਾ ਹੋਈ ਹੈ। ਇਹ ਸੱਚ ਹੈ ਜਾਂ ਝੂਠ ਹੈ, ਮੈਂ ਇਹ ਤੁਹਾਡੇ ਅੱਗੇ ਅਰਜ਼ ਲੈ ਕੇ ਆਇਆ ਹਾਂ। ਜਿਹੜੇ ਦਲਿਤ ਸਮਾਜ ਦੇ ਲੋਕ ਬਾਹਰ ਬੈਠੇ ਹੋਏ ਹਨ, ਉਹ ਆਪਣੇ ਮਨ ਨੂੰ ਬਹੁਤ ਛੋਟਾ ਕਰਕੇ ਬੈਠੇ ਹੋਏ ਹਨ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਮਿਤੀ 5 ਫਰਵਰੀ ਨੂੰ ਪ੍ਰਗਟ ਦਿਵਸ ਮਨਾਇਆ ਗਿਆ ਸੀ। ਉਸ ਦਿਨ ਡੇਰਾ ਸੱਚਾ ਸੌਦਾ ਸਿਰਸਾ ਦੇ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਉੱਤੇ ਬੜੀ ਗਲਤ ਟਿੱਪਣੀ ਕੀਤੀ ਗਈ। ਇਸ ਨੂੰ ਕਦੇ ਵੀ ਦਲਿਤ ਸਮਾਜ ਬਰਦਾਸ਼ਤ ਨਹੀਂ ਕਰੇਗਾ। ਇਸ ਸਬੰਧੀ ਜਲੰਧਰ ਜ਼ਿਲ੍ਹੇ ਦੇ ਵਿੱਚ ਮਿਤੀ 7 ਫਰਵਰੀ ਨੂੰ ਐਫ.ਆਈ.ਆਰ. ਦਰਜ ਹੋ ਚੁੱਕੀ ਹੈ। ਤੁਸੀਂ ਇਹ ਜਾਂਚ ਕਰਕੇ ਦੱਸੋ ਕਿ ਜਿਹੜੀ ਇਹ ਵੀਡੀਓ ਵਾਇਰਲ ਹੋ ਰਹੀ ਹੈ, ਉਹ ਸੱਚੀ ਹੈ ਜਾਂ ਝੂਠੀ ਹੈ। ਜੇਕਰ ਇਹ ਲੋਕ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਬਾਰੇ ਬੋਲਣਗੇ ਦਲਿਤ ਸਮਾਜ ਉਨ੍ਹਾਂ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ। ਮੈਂ ਸਾਰੀਆਂ ਪਾਰਟੀਆਂ ਅੱਗੇ ਬੇਨਤੀ ਕਰਾਂਗਾ ਕਿ ਜੇਕਰ ਕੋਈ ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਇਸ ਤਰ੍ਹਾਂ ਬੋਲੇਗਾ ਤਾਂ ਕਦੀ ਵੀ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੈਂ ਇੱਕ ਵਾਰ ਫਿਰ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਹ ਗਰੀਬਾਂ ਅਤੇ ਪੰਜਾਬ ਦੇ ਹਿੱਤ ਵਿੱਚ ਬਜਟ ਲੈ ਕੇ ਆਏ। ਇਹ ਆਮ ਆਦਮੀ ਦਾ ਬਜਟ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.) :** ਸਰ, ਧੰਨਵਾਦ। ਸਪੀਕਰ ਸਾਹਿਬ, ਅੰਗੁਰਾਲ ਸਾਹਿਬ ਨੇ ਆਪਣੇ ਭਾਸ਼ਣ ਦੌਰਾਨ ਦਲਿਤ ਸਮਾਜ ਦੀ ਕਾਫੀ ਚਿੰਤਾ ਕੀਤੀ ਹੈ, ਮੈਂ ਆਪ ਜੀ ਰਾਹੀਂ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਆਪ ਜੀ ਰਾਹੀਂ ਮੈਂ ਵਿੱਤ ਮੰਤਰੀ ਸਾਹਿਬ ਨੂੰ ਜ਼ਰੂਰ ਕਹਿਣਾ ਚਾਹਾਂਗਾ ਕਿ ਹਾਲੇ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ 1600 ਕਰੋੜ ਰੁਪਿਆ ਬਕਾਇਆ ਹੈ। ਇਨ੍ਹਾਂ ਨੇ ਕਿਹਾ ਸੀ ਕਿ ਸਾਡੀ ਸਰਕਾਰ ਆਉਣ ਤੋਂ ਬਾਅਦ ਇਹ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਜੀ। ਹਾਂ ਜੀ, ਮੰਤਰੀ ਜੀ, ਸਰਦਾਰ ਹਰਭਜਨ ਸਿੰਘ।

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਤਾਂ ਮੈਂ ਡਾਕਟਰ ਬੀ.ਆਰ. ਅੰਬੇਦਕਰ ਜੀ ਨੂੰ ਸਿਜਦਾ ਕਰਦਾ ਹਾਂ ਜਿਨ੍ਹਾਂ ਦੇ ਸਦਕਾ ਅੱਜ ਅਸੀਂ ਸਾਰੇ ਇੱਥੇ ਬੈਠੇ ਹਾਂ ਔਰ ਖਾਸ ਤੌਰ ਤੇ ਇਹ ਜਿਹੜਾ ਬਜਟ ਸੈਸ਼ਨ ਹੈ, ਹੋ ਰਿਹਾ ਹੈ ਕਿਉਂਕਿ ਬਜਟ ਸੈਸ਼ਨ ਦੇ ਸ਼ੁਰੂ ਵਿੱਚ ਹੀ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ

ਅਤੇ ਪੰਜਾਬ ਸਰਕਾਰ ਉਸ ਵਿਰੁੱਧ ਸੁਪਰੀਮ ਕੋਰਟ ਵਿੱਚ ਗਈ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਧਾਰਾ ਤਹਿਤ ਅਸੀਂ ਸੁਪਰੀਮ ਕੋਰਟ ਦੇ ਵਿੱਚ ਗਏ ਸੀ, ਉਸ ਧਾਰਾ ਨੂੰ ਡਾਕਟਰ ਬੀ.ਆਰ. ਅੰਬੇਦਕਰ ਜੀ ਨੇ ਸੰਵਿਧਾਨ ਦੀ ਆਤਮਾ ਤੇ ਸੰਵਿਧਾਨ ਦਾ ਦਿਲ ਕਿਹਾ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਕ੍ਰ.ਕ/ਬ.ਸ. 04.05. 11.03.2023

ਉਨ੍ਹਾਂ ਨੇ ਕਿਹਾ ਸੀ ਕਿ ਇਹ ਭਾਰਤੀ ਸੰਵਿਧਾਨ ਦਾ ਬੈੱਸਟ ਆਰਟੀਕਲ ਹੈ। ਜਿਹੜਾ ਭਾਰਤ ਦੇ ਲੋਕਤੰਤਰ ਨੂੰ ਬਚਾਉਣ ਵਿੱਚ ਯੋਗਦਾਨ ਪਾਵੇਗਾ। ਅੱਜ ਕਿੰਨੇ ਸਾਲ ਬਾਅਦ ਸਾਲ 2023 ਦੇ ਵਿੱਚ ਉਨ੍ਹਾਂ ਦੀ ਉਸ ਵੇਲੇ ਦੀ ਸੋਚ ਸਾਡੇ ਅੱਜ ਕੰਮ ਆਈ ਹੈ ਕਿ ਅਸੀਂ ਇਸ ਬਜਟ ਸੈਸ਼ਨ ਦੇ ਵਿੱਚ ਸਾਰੇ ਬੈਠੇ ਹੋਏ ਹਾਂ। ਸਪੀਕਰ ਸਾਹਿਬ, ਮੈਂ ਅੱਜ ਇਸ ਬਜਟ ਦੀ ਗੱਲ ਕਰਨੀ ਚਾਹਾਂਗਾ ਜਿਹੜਾ ਕਿ ਸਾਡੇ ਬਹੁਤ ਹੀ ਮਾਨਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਨੇ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੇਸ਼ ਕੀਤਾ ਹੈ। ਇਸ ਬਜਟ ਦੀਆਂ ਮੱਦਾਂ ਉੱਤੇ ਕਾਫੀ ਵਿਚਾਰ ਹੋ ਚੁੱਕਾ ਹੈ। ਮੈਂ ਕੁਝ ਕੁ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਤਾਂ ਮੈਂ ਬਿਜਲੀ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ। ਬਿਜਲੀ ਦੇ ਖੇਤਰ ਵਿੱਚ ਪੰਜਾਬ ਨੇ ਪਿਛਲੇ ਝੋਨੇ ਦੇ ਸੀਜ਼ਨ ਦੌਰਾਨ ਸਭ ਤੋਂ ਵੱਧ ਬਿਜਲੀ ਕਿਸਾਨ ਭਰਾਵਾਂ ਨੂੰ ਦਿੱਤੀ ਹੈ। 14,311 ਮੈਗਾਵਾਟ ਬਿਜਲੀ ਪਿਛਲੇ ਸਾਲ ਕਿਸਾਨਾਂ ਨੂੰ ਦਿੱਤੀ ਗਈ ਹੈ। ਉਸ ਤੋਂ ਪਿਛਲੇ ਸਮੇਂ ਨਾਲੋਂ 13 ਪਰਸੈਂਟ ਜ਼ਿਆਦਾ ਸੀ। ਇਸ ਵਾਰ ਵੀ ਅਸੀਂ ਕਿਸਾਨਾਂ ਲਈ 9331 ਕਰੋੜ ਰੁਪਏ ਦੀ ਰਾਸ਼ੀ ਸਬਸਿਡੀ ਲਈ ਰੱਖੀ ਹੈ। ਘਰੇਲੂ ਖੇਤਰ ਲਈ 600 ਯੂਨਿਟ ਬਿਜਲੀ ਦਾ ਫਰੀ ਦਿੱਤਾ ਜਾ ਰਿਹਾ ਹੈ। ਉਸ ਲਈ 7780 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਇੰਡਸਟਰੀ ਲਈ ਜੋ ਸਬਸਿਡੀ ਦਿੱਤੀ ਜਾ ਰਹੀ ਹੈ, ਉਸ ਨੂੰ ਉਸੇ ਤਰ੍ਹਾਂ ਹੀ continue ਕਰਦੇ ਹੋਏ 3133 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡੇ ਮਾਨਯੋਗ ਮੈਂਬਰ ਇਆਲੀ ਸਾਹਿਬ ਬੋਲ ਰਹੇ ਸਨ ਕਿ ਪਾਵਰਕਾਮ ਘਾਟੇ ਵਿੱਚ ਜਾ ਰਿਹਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਕਾਲੀ ਗੌਰਮਿੰਟ ਸਾਲ 2012-17 ਤੱਕ ਸੀ, ਉਸ ਸਮੇਂ 2342 ਕਰੋੜ ਰੁਪਏ ਦੀ ਸਬਸਿਡੀ ਪੀ.ਐਸ.ਪੀ.ਸੀ.ਐਲ. ਨੂੰ ਦੇਣ ਵਾਲੀ ਸੀ। ਉਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਆ ਗਈ। ਸਾਲ 2017-22 ਤੱਕ ਪੀ.ਐਸ.ਪੀ.ਸੀ.ਐਲ. ਨੂੰ ਦੇਣ ਵਾਲੀ ਸਬਸਿਡੀ ਦੀ ਰਕਮ ਵਧ ਕੇ 9 ਹਜ਼ਾਰ 20 ਕਰੋੜ ਰੁਪਏ ਹੋ ਗਈ ਸੀ। ਅੱਜ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ ਕਿ ਪੀ.ਐਸ.ਪੀ.ਸੀ.ਐੱਲ. ਘਾਟੇ ਵਿੱਚ ਜਾ ਰਿਹਾ ਹੈ। ਮਾਨਯੋਗ ਸਪੀਕਰ ਸਾਹਿਬ, ਅਸੀਂ ਜੋ ਘਰੇਲੂ ਬਿਜਲੀ ਫਰੀ ਦਿੱਤੀ ਹੈ, ਉਸ ਲਈ ਪੂਰੀ ਸਬਸਿਡੀ ਦਿੱਤੀ ਗਈ ਹੈ। ਐਗਰੀਕਲਚਰ ਦੀ ਬਿਜਲੀ ਲਈ ਪੂਰੀ ਸਬਸਿਡੀ

ਪੀ.ਐਸ.ਪੀ.ਸੀ.ਐੱਲ. ਨੂੰ ਦਿੱਤੀ ਹੈ। ਇੰਡਸਟਰੀ ਨੂੰ ਦਿੱਤੀ ਜਾਣ ਵਾਲੀ ਬਿਜਲੀ ਲਈ ਅਸੀਂ ਪੂਰੀ ਸਬਸਿਡੀ ਪੀ.ਐਸ.ਪੀ.ਸੀ.ਐਲ. ਨੂੰ ਦਿੱਤੀ ਹੈ। ਇਸ ਦੇ ਨਾਲ-ਨਾਲ ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ 9 ਹਜ਼ਾਰ 20 ਕਰੋੜ ਰੁਪਏ ਦੀ ਸਬਸਿਡੀ ਪਿਛਲੀਆਂ ਸਰਕਾਰਾਂ ਛੱਡ ਕੇ ਗਈਆਂ ਸਨ, ਉਸ ਦੀਆਂ ਵੀ ਅਸੀਂ 5 ਕਿਸ਼ਤਾਂ ਕਰ ਲਈਆਂ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਪੰਜ ਕਿਸ਼ਤਾਂ ਵਿੱਚੋਂ 1804 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਅਤੇ 664 ਕਰੋੜ ਰੁਪਏ ਦਾ ਵਿਆਜ ਅਸੀਂ ਇਸ ਵਾਰ ਪੇਅ ਕੀਤਾ ਹੈ। ਆਉਣ ਵਾਲੇ ਪੰਜਾਂ ਸਾਲਾਂ ਵਿੱਚ ਅਸੀਂ ਇਨ੍ਹਾਂ ਦੁਆਰਾ ਛੱਡੀ ਗਈ ਸਬਸਿਡੀ ਪੀ.ਐਸ.ਪੀ.ਸੀ.ਐਲ ਨੂੰ ਪੇਅ ਕਰ ਦੇਵਾਂਗੇ।

ਸਰ, ਅੱਜ ਇਆਲੀ ਸਾਹਿਬ ਨੇ ਗੱਲ ਕੀਤੀ ਹੈ ਕਿ 200 ਯੂਨਿਟ ਉਨ੍ਹਾਂ ਦੀ ਸਰਕਾਰ ਵੇਲੇ ਵੀ ਮੁਆਫ ਸੀ। ਮਾਨਯੋਗ ਸਪੀਕਰ ਸਾਹਿਬ, ਉਹ ਸਿਰਫ ਕੁਝ ਵਰਗਾਂ ਲਈ ਮੁਆਫ ਸੀ ਔਰ ਉਹ ਵੀ ਇੱਕ ਕਿਲੋਵਾਟ ਤੱਕ ਮੁਆਫ ਸੀ। ਇੱਕ ਕਿਲੋਵਾਟ ਦੀ ਲਿਮਟ ਦਿੰਦੇ ਸੀ। ਸਾਡੇ ਬਿਜਲੀ ਮੁਲਾਜ਼ਮ, ਜੇ.ਈ., ਐਸ.ਡੀ.ਓ., ਲੋਕਾਂ ਦੇ ਘਰਾਂ ਵਿੱਚ ਜਾ ਕੇ ਤੰਗ-ਪਰੇਸ਼ਾਨ ਕਰਦੇ ਸੀ। ਜੇਕਰ ਕਿਸੇ ਦਾ ਇੱਕ ਕਿਲੋਵਾਟ ਤੋਂ ਵੱਧ ਲੋਡ ਹੁੰਦਾ ਸੀ ਤਾਂ ਉਸ ਦੀ ਬਿਜਲੀ ਸਬਸਿਡੀ ਬੰਦ ਕਰ ਦਿੱਤੀ ਜਾਂਦੀ ਸੀ। ਅੱਜ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੀ ਸਰਕਾਰ ਨੇ ਮੁਫਤ ਬਿਜਲੀ ਸਬੰਧੀ ਕੋਈ ਵੀ ਲੋਡ ਦੀ ਕੰਡੀਸ਼ਨ ਨਹੀਂ ਰੱਖੀ ਹੈ। (ਥੰਪਿੰਗ) ਇਹ ਅੱਜ ਕਹਿੰਦੇ ਹਨ ਕਿ ਤਬਦੀਲੀ ਕੀ ਹੈ? ਸਪੀਕਰ ਸਾਹਿਬ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੀ ਤਬਦੀਲੀ ਹੈ। ਆਮ ਆਦਮੀ ਪਾਰਟੀ, ਇੱਕ ਰਾਜਨੀਤਿਕ ਪਾਰਟੀ ਤੋਂ ਵੱਧ ਕੇ ਤਬਦੀਲੀ ਲਈ ਆਈ ਹੋਈ ਪਾਰਟੀ ਹੈ। ਅਸੀਂ ਕੋਈ ਸੱਤਾ ਪਰਿਵਰਤਨ ਲਈ ਨਹੀਂ ਆਏ ਹਾਂ। ਸੱਤਾ ਪਰਿਵਰਤਨ ਤਾਂ ਪਹਿਲਾਂ ਵੀ ਬੜੀ ਵਾਰ ਹੁੰਦਾ ਰਿਹਾ ਹੈ। ਸੱਤਾ ਇੱਕ ਧਿਰ ਤੋਂ ਦੂਜੀ ਧਿਰ ਦੇ ਵਿੱਚ ਹੀ ਜਾਂਦੀ ਰਹੀ ਹੈ। ਅਸੀਂ ਸਿਸਟਮ ਪਰਿਵਰਤਨ ਲਈ ਆਏ ਹਾਂ। ਬਿਜਲੀ ਦੇ ਵਿੱਚ ਸਿਸਟਮ ਦਾ ਜੋ ਪਰਿਵਰਤਨ ਆਇਆ ਹੈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ ਸਾਹਿਬ:** ਇੱਕ ਮਿੰਟ ਮੰਤਰੀ ਜੀ। ਹਾਂ ਜੀ ਰਾਜਾ ਜੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ? ਪੁਆਇੰਟ ਆਫ ਆਰਡਰ।

ਪ.ਸ਼./ਰ.ਕ/4.10/11.03.2023

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਸਰ, ਇਨ੍ਹਾਂ ਨੇ ਕਿਹਾ ਹੈ ਕਿ 200 ਯੂਨਿਟ ਬਿਜਲੀ ਕਿਹੜੇ ਵਰਗਾਂ ਨੂੰ ਵੰਡੀ ਜਾਂਦੀ ਸੀ, ਕੁਝ ਵਰਗਾਂ ਨੂੰ ਹੀ ਵੰਡੀ ਜਾਂਦੀ ਸੀ। ਲੇਕਿਨ ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਸੱਤ ਕਿੱਲੋਵਾਟ ਵਾਲਿਆਂ ਨੂੰ, ਭਾਵੇਂ ਉਹ ਕਿਸੇ ਵੀ ਜਾਤੀ ਨਾਲ ਸਬੰਧ ਰੱਖਦੇ ਸਨ, ਉਨ੍ਹਾਂ ਨੂੰ ਅਸੀਂ ਤਿੰਨ ਰੁਪਏ ਬਿਜਲੀ ਸਸਤੀ ਦਿੰਦੇ ਸਨ। ਉਹ ਜਿਹੜੀ ਬਿਜਲੀ ਅਸੀਂ ਸਸਤੀ ਦਿੰਦੇ ਸੀ, ਉਸ ਦਾ ਤੁਸੀਂ ਕੀ ਕੀਤਾ?

**ਮਾਨਯੋਗ ਸਪੀਕਰ:** ਥੈਂਕ ਯੂ। ਹਾਂ ਜੀ, ਮੰਤਰੀ ਜੀ ਦੱਸਿਉ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਸੱਤ ਕਿੱਲੋਵਾਟ ਤੱਕ ਵਾਲਿਆਂ ਨੂੰ ਜਿਹੜੀ ਤਿੰਨ ਰੁਪਏ ਸਬਸਿਡੀ ਮਿਲਦੀ ਸੀ, ਉਹ ਅੱਜ ਵੀ ਉਸੇ ਤਰ੍ਹਾਂ ਹੀ ਜਾਰੀ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਉਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਟੌਤੀ ਨਹੀਂ ਕੀਤੀ ਗਈ। ਜਿਹੜੀ ਇਹ 200 ਯੂਨਿਟ ਬਿਜਲੀ ਫ੍ਰੀ ਦਿੰਦੇ ਸੀ, ਉਸ ਦੇ ਲਈ ਬਿਜਲੀ ਘਰਾਂ ਦੇ ਬਾਹਰ ਲਾਈਨਾਂ ਲੱਗੀਆਂ ਹੁੰਦੀਆਂ ਸਨ। ਕਦੇ ਕਹਿੰਦੇ ਸੀ ਕਿ ਆਹ ਫਾਰਮ ਭਰੋ, ਕਾਸਟ ਦਾ ਸਰਟੀਫਿਕੇਟ ਲੈ ਕੇ ਆਉ ਅਤੇ ਕਦੇ ਕਹਿੰਦੇ ਸੀ ਕਿ ਕਿਸੇ ਸਰਪੰਚ ਜਾਂ ਲੰਬਰਦਾਰ ਦੀ ਮੋਹਰ ਲਗਵਾ ਕੇ ਲਿਆਉ। ਸਰ, ਵੱਡੀਆਂ ਵੱਡੀਆਂ ਲਾਈਨਾਂ ਬਿਜਲੀ ਘਰਾਂ ਦੇ ਬਾਹਰ ਲੱਗੀਆਂ ਹੁੰਦੀਆਂ ਸੀ। ਇਹ ਮਾਨ ਸਾਹਿਬ ਜੀ ਦੀ ਸਰਕਾਰ ਹੈ, ਜਿਨ੍ਹਾਂ ਸਮੇਂ 90 ਪਰਸੈਂਟ ਪੰਜਾਬ ਦੇ ਲੋਕਾਂ ਦੇ ਬਿੱਲ ਜ਼ੀਰੋ ਆਏ ਹਨ। ਜੇਕਰ ਕਿਸੇ ਵੀ ਬੰਦੇ ਨੂੰ ਇਸ ਲਈ ਕਿਸੇ ਵੀ ਬਿਜਲੀ ਘਰ ਵਿੱਚ ਜਾਣਾ ਪਿਆ ਹੈ ਤਾਂ ਉਹ ਮੈਨੂੰ ਆ ਕੇ ਦੱਸ ਸਕਦਾ ਹੈ। ਕੋਈ ਕੁਰੱਪਸ਼ਨ ਨਹੀਂ ਹੋਈ। ਕਿਸੇ ਮੈਂਬਰ ਜਾਂ ਸਰਪੰਚ ਦੀ ਮੋਹਰ ਨਹੀਂ ਲਗਵਾਉਣੀ ਪਈ। ਕਿਸੇ ਨੂੰ ਜਾ ਕੇ ਕਾਸਟ ਸਰਟੀਫਿਕੇਟ ਨਹੀਂ ਦੇਣੇ ਪਏ। ਸਰ, ਇਹ ਹੀ ਤਬਦੀਲੀ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਤਬਦੀਲੀ ਮਾਨ ਸਾਹਿਬ ਨੇ ਸ਼ੁਰੂ ਕੀਤੀ ਹੈ, ਜਿਸ ਦੀ ਅਸੀਂ ਚੋਣ ਪ੍ਰਚਾਰ ਦੇ ਵਿੱਚ ਗੱਲ ਕਰਦੇ ਸੀ, ਇਹ ਉਹ ਹੀ ਤਬਦੀਲੀ ਹੈ, ਜਿਸ ਕਰਕੇ ਲੋਕਾਂ ਦੇ ਘਰਾਂ ਵਿੱਚ ਬੈਠਿਆਂ ਦੇ ਬਿੱਲ ਜ਼ੀਰੋ ਆਏ ਹਨ। ਮਾਨਯੋਗ ਸਪੀਕਰ ਸਾਹਿਬ, ਸੋਸ਼ਲ ਵੈੱਲਫੇਅਰ ਵਾਸਤੇ 7678 ਕਰੋੜ ਰੁਪਏ, ਅਨੁਸੂਚਿਤ ਜਾਤੀਆਂ ਵਾਸਤੇ 13878 ਕਰੋੜ ਰੁਪਏ ਰੱਖੇ ਗਏ ਹਨ। ਮਾਨਯੋਗ ਮੈਂਬਰ ਸੁੱਖੀ ਜੀ ਕਹਿ ਰਹੇ ਸਨ ਕਿ ਇਹ ਪੈਸਾ ਥੋੜ੍ਹਾ ਹੈ ਪਰ ਮੈਂ ਮਾਨਯੋਗ ਸਪੀਕਰ ਸਾਹਿਬ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ 13878 ਰੁਪਏ ਨੂੰ ਘੱਟ ਕਹਿੰਦੇ ਹਨ ਪਰ ਇਹ ਇੱਕ ਇੱਕ ਪੈਸਾ, ਇੱਕ ਇੱਕ ਗਲੀ ਵਿੱਚ ਇੱਕ ਇੱਕ ਬੰਦੇ ਕੋਲ ਜਾਵੇਗਾ। ਇਸ ਵਿੱਚ ਇਹ ਨਹੀਂ ਹੋਵੇਗਾ ਕਿ 64 ਕਰੋੜ ਰੁਪਿਆ ਫਲਾਣਾ ਖਾ ਗਿਆ(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਾਨੂੰ ਪਤਾ ਹੈ ਕਿ ਜਦੋਂ ਸਵੇਰ ਨੂੰ ਸਾਡੇ ਭਰਾ ਮੋਢਿਆਂ ਤੇ ਪਰਨੇ ਰੱਖ ਕੇ ਦਿਹਾੜੀਆਂ ਲੱਭਣ ਜਾਂਦੇ ਹਨ ਅਤੇ ਦੁਪਹਿਰ ਤੱਕ ਦਿਹਾੜੀ ਨਹੀਂ ਲੱਭਦੀ ਤਾਂ ਫਿਰ ਜੋ ਰੋਟੀ ਪੋਣੇ ਵਿੱਚ ਬੰਨ੍ਹੀ ਹੁੰਦੀ ਹੈ, ਉਸ ਨੂੰ ਖਾ ਕੇ ਘਰ ਵਾਪਸ ਆ ਜਾਂਦੇ ਹਨ। ਘਰ

ਉਨ੍ਹਾਂ ਦੀਆਂ ਮਾਂਵਾਂ ਅਤੇ ਭੈਣਾਂ ਉਡੀਕ ਕਰ ਰਹੀਆਂ ਹੁੰਦੀਆਂ ਹਨ ਕਿ ਮੇਰਾ ਪੁੱਤ, ਮੇਰਾ ਭਰਾ ਦਿਹਾੜੀ ਲਗਾਉਣ ਗਿਆ ਹੈ ਅਤੇ ਉਹ ਪੈਸਾ ਲੈ ਕੇ ਆਵੇਗਾ ਤੇ ਘਰ ਦੇ ਵਿੱਚ ਚੁੱਲ੍ਹਾ ਬਾਲਾਂਗੇ। ਅੱਜ ਹਾਲਾਤ ਇਸ ਹੱਦ ਤੱਕ ਹੋ ਗਏ ਹਨ ਕਿ ਇਹ ਜਿਹੜੇ ਪੈਸੇ ਬਜਟ ਵਿੱਚ ਦਿੰਦੇ ਸਨ, ਉਹ ਪਹੁੰਚਦਾ ਕਿੰਨਾ ਸੀ, ਇਸ ਚੀਜ਼ ਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਮਾਨ ਸਾਹਿਬ ਜੀ ਦੀ ਸਰਕਾਰ ਇੱਕ ਮਿਸ਼ਨ ਤੇ ਹੈ, ਕਮਿਸ਼ਨ ਤੇ ਨਹੀਂ ਹੈ, ਜੋ ਪਹਿਲੀਆਂ ਸਰਕਾਰਾਂ ਦੇ ਵਿੱਚ ਹੁੰਦਾ ਸੀ। ਹੁਣ ਕੋਈ ਕਮਿਸ਼ਨ ਨਹੀਂ ਖਾਧੀ ਜਾਵੇਗੀ। ਇੱਕ ਇੱਕ ਪੈਸਾ, ਇੱਕ ਇੱਕ ਗੱਲੀ ਵਿੱਚ ਇੱਕ ਇੱਕ ਬੰਦੇ ਕੋਲ ਪਹੁੰਚੇਗਾ। ਅੱਜ ਓ.ਬੀ.ਸੀ. ਵਾਸਤੇ 18 ਕਰੋੜ ਰੁਪਿਆ ਅਤੇ ਐਸ.ਸੀ. ਵਾਸਤੇ 660 ਕਰੋੜ ਰੁਪਿਆ(ਪ੍ਰੀ-ਮੈਟ੍ਰਿਕ), 850 ਕਰੋੜ ਰੁਪਏ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਵਾਸਤੇ ਰੱਖਿਆ ਗਿਆ ਹੈ। ਮਾਨਯੋਗ ਸਪੀਕਰ ਸਾਹਿਬ, ਡਾਕਟਰ ਬੀ.ਆਰ. ਅੰਬੇਦਕਰ ਜੀ ਨੇ ਲੋਕਾਂ ਨੂੰ ਕਿਹਾ ਸੀ ਕਿ educate, agitate and organise. ਸਭ ਤੋਂ ਪਹਿਲਾਂ educate ਕਰਨ ਬਾਰੇ ਗੱਲ ਕੀਤੀ ਸੀ। ਸਰ, ਅੱਜ ਮਾਨ ਸਾਹਿਬ ਜੀ ਦੀ ਸਰਕਾਰ ਇਕੱਲੇ ਇਕੱਲੇ ਦਲਿਤ ਦਾ ਬੱਚਾ ਪੜ੍ਹਾਉਣ ਲਈ ਤਿਆਰ-ਬਰ-ਤਿਆਰ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅਸੀਂ ਹਰ ਇੱਕ ਦਲਿਤ ਦਾ ਬੱਚਾ ਪੜ੍ਹਾਵਾਂਗੇ। ਅੱਜ ਐਜੂਕੇਸ਼ਨ ਵਾਸਤੇ 12 ਪਰਸੈਂਟ ਬਜਟ ਵਧਾਇਆ ਹੈ। ਸਰਕਾਰੀ ਸਕੂਲਾਂ ਵਿੱਚ ਜ਼ਿਆਦਾਤਰ ਗਰੀਬਾਂ, ਦਲਿਤਾਂ ਅਤੇ ਓ.ਬੀ.ਸੀ. ਦੇ ਬੱਚੇ ਪੜ੍ਹਦੇ ਹਨ। ਸਰ, ਉਨ੍ਹਾਂ ਵਾਸਤੇ ਅੱਜ 200 ਕਰੋੜ ਰੁਪਿਆ ਸਕੂਲ ਆਫ ਐਮੀਨੈਂਸ ਵਾਸਤੇ ਰੱਖਿਆ ਗਿਆ ਹੈ, ਇਹ ਜਿਹੜੀ ਸੱਚੀ ਸੋਚ ਡਾਕਟਰ ਬੀ.ਆਰ. ਅੰਬੇਦਕਰ ਜੀ ਦੀ ਦਲਿਤ ਬੱਚਿਆਂ ਨੂੰ ਐਜੂਕੇਟ ਕਰਨ ਦੀ ਹੈ, ਉਸ ਵਾਸਤੇ ਰੱਖਿਆ ਗਿਆ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯੁਵਾ ਪੁਰਸਕਾਰ ਤਹਿਤ ਹਰ ਜ਼ਿਲ੍ਹੇ ਵਿੱਚ 51 ਹਜ਼ਾਰ ਰੁਪਿਆ ਉਨ੍ਹਾਂ ਨੂੰ ਦਿੱਤਾ ਜਾਣਾ ਹੈ।

**4.15/ਜਸਪਾਲ/ਰਜਨੀਸ਼/11.3.2023**

ਸਰ, ਜਿਹੜੀ ਮਾਨ ਸਾਹਿਬ ਦੀ ਸਰਕਾਰ ਹੈ, ਅੱਜ ਸ਼ਹੀਦ ਏ ਆਜ਼ਮ, ਸਰਦਾਰ ਭਗਤ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਉਤੇ ਚੱਲ ਰਹੀ ਹੈ। ਸਰ, ਅਖੀਰ ਵਿਚ ਸਮਾਂ ਘੱਟ ਹੈ ਪਰ ਮੈਂ ਤੁਹਾਨੂੰ ਇੱਕ ਰਾਬਰਟ ਫਰਾਸਟ ਅਮਰੀਕਨ ਪੋਇਟ ਹਨ।ਉਨ੍ਹਾਂ ਨੇ ਇੱਕ poem ਲਿਖੀ ਹੈ Stopping by woods on a snowy evening ਉਸ ਤੋਂ ਮੈਂ ਸੇਧ ਲੈਂਦਾ ਹੋਇਆ ਆਪਣੀ ਗੱਲ ਕਹਿ ਕੇ ਆਪਣੀ ਗੱਲ ਖਤਮ ਕਰਾਂਗਾ:

the woods are lovely, dark and deep,
but we have promises to keep and

miles to go before Bhagwant Mann's Government sleeps.

**ਮਾਨਯੋਗ ਸਪੀਕਰ :** ਹੈਨਰੀ ਜੀ, ਮੈਂ ਇਨ੍ਹਾਂ ਦਾ ਟਾਈਮ ਕੱਟ ਕੇ ਪਹਿਲਾਂ ਤੁਹਾਨੂੰ ਦਿੱਤਾ ਸੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੈਂ ਸਿਰਫ ਕਲੈਰੀਫਿਕੇਸ਼ਨ ਹੀ ਲੈਣੀ ਹੈ । ਸਰ, ਤੁਹਾਡਾ ਫਿਰ ਤੋਂ ਬਹੁਤ ਬਹੁਤ ਧੰਨਵਾਦ । ਮੈਂ ਸਿਰਫ ਪਾਵਰ ਵਜ਼ੀਰ ਸਾਹਿਬ ਤੋਂ ਇਹ ਕਲੈਰੀਫਿਕੇਸ਼ਨ ਲੈਣੀ ਹੈ ਕਿ ਇਨ੍ਹਾਂ ਦੀ ਵੈਬਸਾਈਟ ਉਤੇ, ਪੀ.ਐਸ.ਪੀ.ਸੀ.ਐਲ. ਦੇ ਪੋਰਟਲ ਦੇ ਉਤੇ 10 ਤਰੀਕ ਨੂੰ ਕੱਲ੍ਹ ਦੇ ਦਿਹਾੜੇ ਦੇ ਵਿੱਚ ਇੱਕ ਕਲੈਰਿਟੀ ਸੀ ਕਿ ਪਾਵਰ ਜੈਨਰੇਟਰਜ਼ ਜਿਹੜੇ ਹਨ ਜਿਨ੍ਹਾਂ ਤੋਂ ਪੀ.ਐਸ.ਪੀ.ਸੀ.ਐਲ.ਬਿਜਲੀ ਖਰੀਦਦੀ ਹੈ, 2416 ਕਰੋੜ ਰੁਪਿਆ ਉਨ੍ਹਾਂ ਦਾ ਬਕਾਇਆ ਹੈ, ਦੂਜਾ 564 ਕਰੋੜ ਰੁਪਏ ਦਾ ਅਸੀਂ ਡਿਫਾਲਟ ਕਰ ਦਿੱਤਾ ਹੈ, ਜਿਸ ਦੇ ਉਤੇ ਹੁਣ ਸਾਨੂੰ ਵਿਆਜ ਵੀ ਦੇਣਾ ਪੈਣਾ ਹੈ। ਕੀ ਇਹ ਹੋਇਆ ਹੈ? ਸਰ, ਮੰਤਰੀ ਜੀ, ਇਸ ਦੇ ਉਤੇ ਕਲੈਰੀਫਿਕੇਸ਼ਨ ਦੇ ਦੇਣ।

**ਮਾਨਯੋਗ ਸਪੀਕਰ :** ਧੰਨਵਾਦ ਜੀ, ਤੁਸੀਂ ਬੈਠੋ ਜੀ। ਹਾਂ ਜੀ, ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ।

(ਇਸ ਸਮੇਂ ਸਬੰਧਿਤ ਮੈਂਬਰ ਸਦਨ ਵਿਚ ਹਾਜ਼ਰ ਨਹੀਂ ਸਨ।)

**ਮਾਨਯੋਗ ਸਪੀਕਰ :** ਸਰਦਾਰ ਦਲਵੀਰ ਸਿੰਘ ਟੌਂਗ ਜੀ। (ਵਿਘਨ)

**ਸਰਦਾਰ ਦਲਵੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਮੈਂ ਅੱਜ ਪਹਿਲੀ ਵਾਰ ਇਸ ਬਜਟ ਉਤੇ ਬੋਲ ਰਿਹਾ ਹਾਂ। ਮੈਂ ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਬਹੁਤ ਬਹੁਤ ਧੰਨਵਾਦ । ਮਾਨਯੋਗ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਜੋ ਯੋਗ ਅਗਵਾਈ ਹੇਠ ਸਾਡੇ ਮਾਨਯੋਗ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦੀ ਦਿਨ ਰਾਤ ਦੀ ਸਖਤ ਮਿਹਨਤ ਨਾਲ ਤਿਆਰ ਕੀਤਾ ਗਿਆ ਬਜਟ, ਜਿਹੜਾ ਹਰ ਪੰਜਾਬ ਦੇ ਵੱਸਦੇ ਪੰਜਾਬੀਆਂ ਦੇ ਵਰਗ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਤਿਆਰ ਕੀਤਾ ਗਿਆ ਹੈ, ਬੜਾ ਸ਼ਲਾਘਾਯੋਗ ਹੈ। ਜਿਹੜਾ ਬਜਟ ਆਮ ਲੋਕਾਂ ਦੇ ਜਿਹੜਾ ਇਹ ਬਜਟ ਹੈ ਇਹ ਆਮ ਲੋਕਾਂ ਨਾਲ ਜੋ ਵਾਅਦਾ ਕਰਕੇ ਪੰਜਾਬ ਦੇ ਲੋਕਾਂ ਤੋਂ ਵੋਟਾਂ ਲਈਆਂ ਸੀ, ਉਨ੍ਹਾਂ ਲੋਕਾਂ ਦਾ ਬਜਟ ਇਹ ਪੇਸ਼ ਕੀਤਾ ਹੈ, ਮੈਂ ਇਸ ਗੱਲ ਦੀ ਸਾਰੇ ਸਦਨ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਸਾਰਿਆਂ ਨੂੰ ਇਸ ਬਜਟ ਦੀ ਆਮ ਲੋਕਾਂ ਨੂੰ ਮੁਬਾਰਕਬਾਦ ਦਿੰਦਾ ਹਾਂ । ਇਸ ਬਜਟ ਦੇ ਵਿੱਚ ਹਰ ਇਕ ਵਰਗ ਦਾ ਧਿਆਨ ਰੱਖਿਆ ਗਿਆ ਹੈ, ਹਰ ਇੱਕ ਵਰਗ ਨੂੰ ਉਨ੍ਹਾਂ ਦਾ ਜਿਹੜਾ ਬਣਦਾ ਇਸ ਬਜਟ ਦੇ ਵਿੱਚ ਮਾਣ ਸਤਿਕਾਰ ਮਿਲਿਆ ਹੈ। ਜਿਵੇਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਨ ਸਰਕਾਰ ਨੇ ਸਿਹਤ ਅਤੇ ਸਿੱਖਿਆ ਨੂੰ ਇੱਕ

ਨੰਬਰ ਦੇ ਉਤੇ ਖੜਨ ਦਾ ਜਿਹੜਾ ਉਪਰਾਲਾ, ਜਿਹੜਾ ਵਾਅਦਾ ਲੋਕਾਂ ਨਾਲ ਕੀਤਾ ਹੈ ਉਸ ਦੇ ਉਤੇ ਖਰਾ ਉਤਰਦਿਆਂ ਹੋਇਆਂ 117 ਸਕੂਲ ਆਫ ਐਮੀਨੈਂਸ ਖੋਲ੍ਹਣ ਦਾ ਕੰਮ ਕੀਤਾ ਹੈ, ਉਹ ਬੜਾ ਇੱਕ ਸ਼ਲਾਘਾਯੋਗ ਕਦਮ ਹੈ ਜਿਸ ਵਿਚ ਆਮ ਘਰਾਂ ਦੇ ਵਿਚੋਂ, ਜਿਹੜੇ ਬਹੁਤ ਗਰੀਬ ਲੋਕਾਂ ਬੱਚੇ ਜਿਹੜੇ ਪ੍ਰਾਈਵੇਟ ਸਕੂਲਾਂ ਦੀਆਂ ਵੱਡੀਆਂ ਵੱਡੀਆਂ ਫੀਸਾਂ ਪੇਅ ਨਹੀਂ ਕਰ ਸਕਦੇ ਉਨ੍ਹਾਂ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਾਲਾ ਜਿਹੜਾ ਸਿਸਟਮ ਹੈ ਉਨ੍ਹਾਂ ਨੂੰ ਇਨ੍ਹਾਂ ਸਕੂਲਾਂ ਵਿਚ ਮਿਲੇਗਾ। ਸਪੀਕਰ ਸਾਹਿਬ, ਮੈਂ ਆਪ ਇੱਕ ਸਰਕਾਰੀ ਸਕੂਲ ਦੇ ਵਿੱਚ ਪੜ੍ਹ ਕੇ ਇਸ ਪਵਿੱਤਰ ਸਦਨ ਦੇ ਵਿਚ ਆਇਆ ਹੈ। ਸਾਨੂੰ ਪਤਾ ਹੈ ਕਿ ਪੁਰਾਣੀਆਂ ਸਰਕਾਰਾਂ ਨੇ ਜੋ ਸਰਕਾਰੀ ਸਕੂਲਾਂ ਦੇ ਹਾਲਾਤ ਕੀਤੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਆਪਣੀ, ਮਾਨ ਸਾਹਿਬ ਦੀ ਸਰਕਾਰ ਨੇ ਇਹ ਕਦਮ ਚੁੱਕਿਆ ਹੈ, ਇਹ ਬੜਾ ਇੱਕ ਸ਼ਲਾਘਾਯੋਗ ਕਦਮ ਹੈ। ਇਸ ਤੋਂ ਦੂਸਰਾ ਸਰਕਾਰੀ ਹਸਪਤਾਲਾਂ ਦੀ ਗੱਲ ਕਰਦੇ ਹਾਂ, ਜਿਹੜੇ ਮੁਹੱਲਾ ਕਲੀਨਿਕ ਹਨ, ਸਪੀਕਰ ਸਾਹਿਬ, ਮੁਹੱਲਾ ਕਲੀਨਿਕਾਂ ਦੀ ਜਿਹੜੀ ਪਹੁੰਚ ਹੈ, ਉਹ ਆਮ ਗਰੀਬ ਲੋਕਾਂ ਦੀ ਹੈ, ਪ੍ਰਾਈਵੇਟ ਹਸਪਤਾਲਾਂ ਦੇ ਵਿੱਚ ਗਰੀਬ ਲੋਕਾਂ ਦੇ ਕੋਲ ਦਵਾਈ ਲਈ ਕੀ, ਟੈਸਟ ਲਈ ਕੀ, ਕਿਸੇ ਕੰਮ ਲਈ ਪੈਸਾ ਨਹੀਂ ਹੁੰਦਾ ਪਰ ਹੁਣ ਜਿਹੜੇ ਸਾਡੇ ਮੁਹੱਲਾ ਕਲੀਨਿਕਾਂ ਦੇ ਵਿਚੋਂ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਦਵਾਈ ਦਿੱਤੀ ਜਾ ਰਹੀ ਹੈ। ਮੇਰੇ ਹਲਕੇ ਦੇ ਵਿੱਚ ਤਿੰਨ ਮੁਹੱਲਾ ਕਲੀਨਿਕ ਬਣੇ ਹਨ, ਤਿੰਨੇ ਪਿੰਡਾਂ ਦੇ ਵਿੱਚ ਬਣੇ ਹਨ ਅਤੇ ਆਮ ਲੋਕ ਜਿਹੜੇ ਪ੍ਰਾਈਵੇਟ ਹਸਪਤਾਲਾਂ ਤੋਂ ਦਵਾਈ ਨਹੀਂ ਲੈ ਸਕਦੇ, ਜਿਹੜੇ ਮੁੱਲ ਦਵਾਈ ਨਹੀਂ ਲੈ ਸਕਦੇ, ਹੁਣ ਉਹ ਆਪਣੀ ਦਵਾਈ ਫਰੀ ਲੈ ਕੇ ਇਸ ਸਕੀਮ ਦਾ ਲਾਭ ਲੈ ਰਹੇ ਹਨ । ਮੈਂ ਜ਼ਿਅਦਾ ਸਮਾਂ ਨਾ ਲੈਂਦਾ ਹੋਇਆ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਜਿਹੜਾ ਬਜਟ ਪੇਸ਼ ਹੋਇਆ ਹੈ ਉਸ ਵਿੱਚ ਕਿਸਾਨਾਂ ਵਾਸਤੇ ਜਿਹੜਾ ਬਜਟ ਰੱਖਿਆ ਗਿਆ ਹੈ, ਬਹੁਤ ਸ਼ਲਾਘਾਯੋਗ ਹੈ। ਮੈਂ ਅੱਜ ਦਾ ਇੰਨਾ ਹੀ ਟਾਈਮ ਲੈਂਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ। ਅਤੇ ਇਸ ਪਵਿੱਤਰ ਸਦਨ ਵਿੱਚ ਸਾਰਿਆਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਅਤੇ ਮਾਨ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਬ.ਕ./ਐਮ./11.3.23/4.20

**ਸਰਦਾਰ ਕਰਮਬੀਰ ਸਿੰਘ (ਦਸੂਹਾ)** : ਸਪੀਕਰ ਸਾਹਿਬ, ਧੰਨਵਾਦ। ਮੈਂ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਦੂਰ-ਅੰਦੇਸ਼ ਸੋਚ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਸਾਡੇ ਫਾਈਨਾਂਸ ਮੰਤਰੀ, ਜਿਨ੍ਹਾਂ ਦੀ ਯੋਗ ਅਗਵਾਈ ਵਿੱਚ ਕਲ੍ਹ ਦਾ ਬਜਟ ਪੇਸ਼ ਹੋਇਆ ਹੈ, ਉਸ ਵਾਸਤੇ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਦਿਨ ਦੀਆਂ ਗਹਿਰਾਈਆਂ ਤੋਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਫਾਈਨਾਂਸ ਮੰਤਰੀ ਨੇ 26% ਵਾਧੇ ਵਾਲਾ ਬਜਟ ਪੇਸ਼ ਕੀਤਾ

ਹੋਵੇ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਬਜਟ ਦੇ ਨਾਲ ਇਕ single penny ਦਾ ਵੀ ਆਮ ਲੋਕਾਂ ਤੇ ਬੋਝ ਨਹੀਂ ਪਿਆ ਹੈ। ਇਕ ਪੈਸੇ ਦਾ ਟੈਕਸ ਵੀ ਲੋਕਾਂ ਤੇ ਨਹੀਂ ਲਗਾਇਆ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡੇ ਦੁਆਬੇ ਵਿੱਚ ਅਤੇ ਖਾਸ ਕਰਕੇ ਸਾਡੇ ਜ਼ਿਲ੍ਹੇ ਨੂੰ ਇਸ ਬਜਟ ਵਿੱਚ ਬਹੁਤ ਮਾਣ-ਸਤਿਕਾਰ ਮਿਲਿਆ ਹੈ। ਸਾਡੇ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ ਮੈਡੀਕਲ ਕਾਲਜ ਬਣਾਉਣ ਵਾਸਤੇ 422 ਕਰੋੜ ਰੁਪਏ ਦਾ ਬਜਟ ਇਸ ਵਿੱਚ ਰੱਖਿਆ ਗਿਆ ਹੈ। ਮੈਂ ਆਪਣੇ ਵਲੋਂ, ਆਪਣੇ ਮਾਨਯੋਗ ਮੰਤਰੀ ਸਾਹਿਬ ਵਲੋਂ, ਸਾਡੇ ਡਿਪਟੀ ਸਪੀਕਰ ਸਾਹਿਬ ਅਤੇ ਐਮ.ਐਲ.ਏ ਸਾਹਿਬਾਨ ਵਲੋਂ ਦਿਲ ਦੀਆਂ ਗਹਿਰਾਈਆਂ ਤੋਂ ਵਿਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ।

ਇਸ ਬਜਟ ਵਿੱਚ ਕਿਸਾਨੀ ਵਾਸਤੇ, ਮਜ਼ਦੂਰਾਂ ਵਾਸਤੇ, ਵਪਾਰੀ ਵਰਗ ਵਾਸਤੇ, ਮੁਲਾਜ਼ਮਾਂ ਵਾਸਤੇ ਭਾਵ ਹਰ ਵਰਗ ਦਾ ਖਿਆਲ ਰੱਖਿਆ ਗਿਆ ਹੈ। ਇਸ ਵਾਸਤੇ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਫਾਈਨਾਂਸ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਜਦੋਂ ਸਾਡੀ ਸਰਕਾਰ ਬਣੀ ਹੈ ਅਤੇ ਆਮ ਲੋਕਾਂ ਦੇ ਧੀਆਂ-ਪੁੱਤ ਇਸ ਪਵਿੱਤਰ ਸਦਨ ਵਿੱਚ ਆਏ ਹਨ ਤਾਂ ਇਹ ਸਾਡੇ ਵਾਸਤੇ ਬਹੁਤ ਵੱਡੀ ਗੱਲ ਸੀ। ਜਿਹੜੇ ਇੱਧਰਲੇ (ਟਰੇਜ਼ਰੀ ਬੈਂਚਿਜ਼) ਪਾਸੇ ਬੈਠੇ ਹਨ, ਇਨ੍ਹਾਂ ਵਿਚੋਂ 50% ਬੰਦਿਆਂ ਨੇ ਸੋਚਿਆ ਨਹੀਂ ਹੋਵੇਗਾ ਕਿ ਅਸੀਂ ਐਮ.ਐਲ.ਏ ਬਣਾਂਗੇ। ਇਹ ਸਾਡੇ ਵਾਸਤੇ ਬੜੇ ਮਾਣ ਵਾਲੀ ਗੱਲ ਹੈ ਕਿ ਤਿੰਨ ਕਰੋੜ ਲੋਕਾਂ ਵਿਚੋਂ ਚੁਣ ਕੇ ਅਸੀਂ 117 ਬੰਦੇ ਇੱਥੇ ਪੰਜਾਬ ਦਾ ਭਵਿੱਖ ਸਿਰਜਣ ਵਾਸਤੇ ਪਹੁੰਚੇ ਹਾਂ। ਇਹ ਬਹੁਤ ਵੱਡੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਨੇ ਸਾਡੇ ਹੱਥ ਵਾਗਡੋਰ ਫੜਾਈ ਹੈ। ਮੈਂ ਆਪਣੇ ਵਲੋਂ ਇਹ ਯਕੀਨ ਦਿਵਾਉਂਦਾ ਹਾਂ ਕਿ ਜਿੰਨਾ ਚਿਰ ਗੁਰੂ ਸਾਹਿਬ ਸਾਨੂੰ ਸੇਵਾ ਕਰਨ ਦਾ ਮੌਕਾ ਦੇਣਗੇ, ਅਸੀਂ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਦਾ ਯਤਨ ਕਰਾਂਗੇ।

ਸਾਡੀ ਸਰਕਾਰ ਨੇ ਪਿਛਲੇ ਸਾਲ 16 ਮਾਰਚ ਨੂੰ ਸਹੁੰ ਚੁੱਕੀ ਸੀ, ਹੁਣ ਇਕ ਸਾਲ ਹੋਣ ਜਾ ਰਿਹਾ ਹੈ। ਸਾਡੀ ਸਰਕਾਰ ਬਣਨ ਤੋਂ ਪਹਿਲਾਂ ਜਿਹੜੀਆਂ ਗਰੰਟੀਆਂ ਅਸੀਂ ਲੋਕਾਂ ਨੂੰ ਦਿੰਦੇ ਸੀ, ਉਸ ਵਿੱਚ ਸਭ ਤੋਂ ਵੱਡੀ ਗਰੰਟੀ 600 ਯੂਨਿਟ ਬਿਜਲੀ ਮਾਫੀ ਦੀ ਸੀ। ਜਿੱਥੇ ਐਸ.ਸੀ ਪਰਿਵਾਰਾਂ ਨੂੰ 200 ਯੂਨਿਟ ਬਿਜਲੀ ਮਾਫੀ ਮਿਲਦੀ ਸੀ, ਉਥੇ ਹੁਣ 300 ਯੂਨਿਟ per month ਮਾਫ ਹੋਈ ਹੈ। ਇਸ ਤੋਂ ਇਲਾਵਾ ਕਿਸੇ ਜਨਰਲ ਵਰਗ ਦੇ ਪਰਿਵਾਰ ਨੂੰ ਇਹ ਸਹੂਲਤ ਨਹੀਂ ਮਿਲੀ ਸੀ, ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਨੇ ਜਨਰਲ ਵਰਗ ਵਾਸਤੇ 600 ਯੂਨਿਟ ਬਿਜਲੀ ਮਾਫ ਕੀਤੀ ਹੈ, ਜੋ ਕਿ ਬੜਾ ਵੱਡਾ ਫੈਸਲਾ ਹੈ।(ਥੰਪਿੰਗ) ਵਿਰੋਧੀ ਧਿਰ ਇਹ ਕਹਿੰਦੀ ਸੀ ਕਿ ਇਕ ਮਹੀਨੇ ਦਾ ਬਿਲ ਮਾਫ ਹੋਣਾ ਹੈ। ਮੈਂ ਕਹਿ ਸਕਦਾ ਹਾਂ ਕਿ ਹੁਣ ਤੱਕ ਤਿੰਨ ਲੋਕਾਂ ਦੇ ਮਾਫ ਹੋਏ ਹਨ ਅਤੇ ਇਹ ਬਹੁਤ ਵੱਡੀ ਗੱਲ ਹੋਈ ਹੈ।

ਸਾਡੇ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਸਰਕਾਰੀ ਨੌਕਰੀਆਂ ਦੀ ਸੀ। ਸਾਡੀ ਸਰਕਾਰ ਨੇ 26,797 ਨੌਕਰੀਆਂ ਦਿੱਤੀਆਂ ਹਨ ਅਤੇ ਕਿਸੇ ਇਕ ਬੰਦੇ ਕੋਲੋਂ ਵੀ ਪੈਸਾ ਨਹੀਂ ਲਿਆ ਗਿਆ ਹੈ। ਨਾ ਹੀ ਕੋਈ ਸਿਫਾਰਸ਼ ਚੱਲੀ ਹੈ। On merit ਨੌਕਰੀਆਂ ਪੰਜਾਬ ਦੇ ਧੀਆਂ-ਪੁੱਤਾਂ ਨੂੰ ਮਿਲੀਆਂ ਹਨ। ਮੈਂ ਕਹਿ ਸਕਦਾ ਹਾਂ ਕਿ ਇਹ ਬਹੁਤ ਵੱਡੀ ਗੱਲ ਅਤੇ ਸ਼ਲਾਘਾਯੋਗ ਕਦਮ ਸਰਕਾਰ ਵਲੋਂ ਚੁੱਕਿਆ ਗਿਆ ਹੈ। ਸਾਡੇ ਆਪੋਜ਼ੀਸ਼ਨ ਦੇ ਸਾਥੀ ਭਰਾ ਇੱਥੇ ਲੰਬਾ ਲੰਬਾ ਸਮਾਂ ਬੋਲ ਕੇ ਗਏ ਹਨ। ਜਿਹੜੀ ਡਿਮਾਂਡ ਇਹ ਸਾਡੇ ਮੰਤਰੀ ਸਾਹਿਬਾਨਾਂ ਤੋਂ ਮੰਗ ਰਹੇ ਸਨ, ਕੋਈ ਮੰਗ ਰਿਹਾ ਸੀ ਕਿ ਵੈਟਰਨਰੀ ਹਸਪਤਾਲ ਵਿੱਚ ਡਾਕਟਰ ਨਹੀਂ ਹਨ, ਕੋਈ ਕਹਿੰਦਾ ਸੀ ਕਿ ਦੂਜੇ ਹਸਪਤਾਲਾਂ ਵਿੱਚ ਡਾਕਟਰ ਨਹੀਂ ਹਨ, ਕੋਈ ਕਹਿ ਰਿਹਾ ਸੀ ਕਿ ਪਟਵਾਰੀ ਨਹੀਂ ਹਨ ਜਾਂ ਕੋਈ ਹੋਰ ਕੁਝ ਕਹਿ ਰਿਹਾ ਸੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰਾ ਕੁਝ ਇਕ ਸਾਲ ਵਿੱਚ ਤਾਂ ਨਹੀਂ ਘੱਟ ਗਿਆ? ਇਨ੍ਹਾਂ ਦੀਆਂ ਸਰਕਾਰਾਂ ਨੇ ਸਾਡੇ ਲੋਕਾਂ ਤੇ ਲੰਬਾ ਸਮਾਂ ਰਾਜ ਕੀਤਾ ਹੈ ਅਤੇ ਇਨ੍ਹਾਂ ਦੀਆਂ ਨਾਕਾਮੀਆਂ ਕਰਕੇ ਅੱਜ ਸਾਨੂੰ ਮੌਕਾ ਮਿਲਿਆ ਹੈ। ਇਨ੍ਹਾਂ ਨੇ ਕੁਝ ਨਹੀਂ ਕੀਤਾ, ਜਿਸ ਕਰਕੇ ਅੱਜ ਲੋਕਾਂ ਨੇ ਸਾਨੂੰ ਚੁਣ ਕੇ ਇੱਥੇ ਭੇਜਿਆ ਹੈ।

**ਮਾਨਯੋਗ ਸਪੀਕਰ** : ਕਨਕਲੂਡ ਕਰ ਲਓ ਜੀ।

**ਸਰਦਾਰ ਕਰਮਬੀਰ ਸਿੰਘ** : ਬਿਲਕੁਲ ਜੀ। ਸਿਰਫ ਦੋ ਮਿੰਟਾਂ ਵਿੱਚ ਸਮਾਪਤੀ ਕਰ ਰਿਹਾ ਹਾਂ ਜੀ।

ਇਸ ਤੋਂ ਇਲਾਵਾ 8 ਘੰਟੇ ਬਿਜਲੀ ਖੇਤਾਂ ਵਾਸਤੇ ਲੋਕਾਂ ਨੂੰ ਮੁਹੱਈਆ ਕਰਵਾਈ ਗਈ ਹੈ, ਜਿਸ ਕਾਰਨ ਜ਼ਿੰਮੀਦਾਰ ਨੂੰ ਵਾਰ ਵਾਰ ਮੋਟਰ ਬੰਦ ਕਰਨ ਦੀ ਲੋੜ ਨਹੀਂ ਪਈ। ਸਾਰੇ ਲੋਕਾਂ ਦੇ ਖੇਤਾਂ ਨੂੰ ਪਾਣੀ ਮਿਲਿਆ ਹੈ।

kk Ms 11.3.2023 4.25

ਸਾਡੇ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਸਾਹਿਬ ਇੱਥੇ ਬੈਠੇ ਹਨ ਜਿਨ੍ਹਾਂ ਨੇ ਕਿਸਾਨਾਂ ਦੀ ਬਾਂਹ ਫੜੀ ਹੈ। ਇਹ ਕਿਸਾਲਾਂ ਦੇ ਹਰ ਮਸਲੇ ਵਿੱਚ ਹਿੱਕ ਡਾਹ ਕੇ ਖੜ੍ਹੇ ਹੋਏ ਹਨ ਔਰ ਇਨ੍ਹਾਂ ਨੇ 380 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਰੇਟ ਦਿੱਤਾ ਹੈ। ਇਸ ਵਾਸਤੇ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਵਧਾਈ ਦੇ ਪਾਤਰ ਹਨ। ਇਸਤੋਂ ਇਲਾਵਾ ਮੈਂ ਆਪਣੇ ਹਲਕੇ ਦੀ ਗੱਲ ਕਰਾਂ। ਕੋਈ ਵੀ ਸਾਥੀ ਮੇਰੇ ਹਲਕੇ ਵਿੱਚ ਆ ਕੇ ਡਿਵੈਲਪਮੈਂਟ ਦੇ ਕੰਮ ਆ ਕੇ ਵੇਖ ਸਕਦਾ ਹੈ। ਜਿਸ ਤਰ੍ਹਾਂ ਸਾਡੇ ਜਲ ਸਰੋਤ ਮੰਤਰੀ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਸਾਡੇ ਹਲਕੇ ਵਿੱਚ ਗਏ ਸੀ।

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਕਰਮਬੀਰ ਸਿੰਘ ਘੁੰਮਣ:** ਸਪੀਕਰ ਸਾਹਿਬ, ਮੈਂ ਦੋ ਮਿੰਟ ਵਿੱਚ ਸਮਾਪਤੀ ਕਰ ਦੇਣੀ ਹੈ ਜੀ। ਬੱਸ ਆਪਣੇ ਹਲਕੇ ਬਾਰੇ ਦੱਸ ਕੇ ਬੈਠ ਜਾਵਾਂਗਾ ।

**ਮਾਨਯੋਗ ਸਪੀਕਰ:** ਕੀ ਤੁਹਾਡੀ ਘੜੀ ਖੜ੍ਹੀ ਹੈ? (ਹਾਸਾ)

**ਸਰਦਾਰ ਕਰਮਬੀਰ ਸਿੰਘ:** ਸਪੀਕਰ ਸਾਹਿਬ, ਨਹੀਂ ਜੀ, ਚਲਦੀ ਹੈ ਜੀ। ਜਿਵੇਂ ਇਆਲੀ ਸਾਹਿਬ ਕਹਿ ਰਹੇ ਸੀ ਕਿ 10 ਪਾਰਕ ਹਰ ਹਲਕੇ ਵਿੱਚ ਬਣਨੇ ਚਾਹੀਦੇ ਹਨ, ਮੇਰੇ ਹਲਕੇ ਵਿੱਚ ਉਹ 10 ਪਾਰਕ ਬਣ ਰਹੇ ਹਨ ਜਿਨ੍ਹਾਂ ਵਿੱਚੋਂ ਦੋ ਪਾਰਕਾਂ ਦਾ ਇਸੇ ਮਹੀਨੇ ਵਿੱਚ ਮਾਨਯੋਗ ਮੰਤਰੀ ਸਾਹਿਬ ਉਦਘਾਟਨ ਕਰਨਗੇ। (ਥੰਪਿੰਗ)। 80 ਲੱਖ ਰੁਪਏ ਦੀ ਲਾਗਤ ਨਾਲ ਟੂਰਿਜ਼ਮ ਦਾ ਕੰਮ ਵੀ ਸਾਡੇ ਹਲਕੇ ਵਿੱਚ ਚੱਲ ਰਿਹਾ ਹੈ। ਇਸ ਦੇ ਟੈਂਡਰ ਲੱਗ ਕੇ ਦਸੰਬਰ ਵਿੱਚ ਕੰਮ ਸ਼ੁਰੂ ਹੋਣਗੇ ਜਿਸ ਵਿੱਚ ਪਹਾੜੀ ਖੇਤਰ ਵਿੱਚ ਟੂਰਿਜਮ ਦੀਆਂ ਹੱਟਾਂ ਬਣਨਗੀਆਂ। ਸਪੀਕਰ ਸਾਹਿਬ, ਤੁਸੀਂ ਵੀ ਉਥੇ ਜਾ ਕੇ ਆਏ ਸੀ, ਆਪਾਂ ਗੜ੍ਹਦੀਵਾਲਾ ਦੇ ਨੇੜੇ ਗਏ ਸੀ। ਸੇਮ ਉਸੇ ਪੈਟਰਨ ਤੇ ਉਹ ਚੀਜ਼ਾਂ ਬਣ ਰਹੀਆਂ ਹਨ।

ਇਸ ਤੋਂ ਇਲਾਵਾ 225 ਕਰੋੜ ਰੁਪਏ ਦੀ ਲਾਗਤ ਨਾਲ ਨਹਿਰ ਵਿਚੋਂ ਪਾਣੀ ਚੁੱਕ ਕੇ ਲੋਕਾਂ ਦੇ ਘਰਾਂ ਤੱਕ ਪਹੁੰਚਾਉਣਾ ਹੈ, ਸਾਡੇ ਕੰਢੀ ਦੇ ਇਲਾਕੇ ਦੀ ਪੀਣ ਵਾਲੇ ਪਾਣੀ ਵਾਸਤੇ ਬੜੇ ਲੰਬੇ ਸਮੇਂ ਤੋਂ ਮੰਗ ਸੀ , ਇਹ ਪੀਣ ਵਾਲਾ ਪਾਣੀ ਸਾਡੇ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਅਸੀਂ ਪਿਛਲੇ ਮਹੀਨੇ ਤੋਂ ਇਸ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਅਤੇ ਇਹ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ।

**ਮਾਨਯੋਗ ਸਪੀਕਰ:** ਸ਼੍ਰੀ ਵਿਕਰਮਜੀਤ ਸਿੰਘ ਚੌਧਰੀ ਜੀ, ਕੁਝ ਕਹਿਣਾ ਚਾਹੁੰਦੇ ਹੋ? ਦੱਸੋ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ** **

**ਮਾਨਯੋਗ ਸਪੀਕਰ:** ਕੀ ਇਸ ਤਰ੍ਹਾਂ ਦੀਆਂ ਗੱਲਾਂ ਪੌਸੀਬਲ ਹਨ? ਵੀਡੀਓਜ਼ ਤਾਂ ਬੜੀਆਂ ਆਉਂਦੀਆਂ ਹਨ। ਤੁਸੀਂ ਬੈਠੋ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ** ** **(ਵਿਘਨ)(ਸ਼ੋਰ)**

**ਮਾਨਯੋਗ ਸਪੀਕਰ:** ਵੀਡਿਓਜ਼ ਬਹੁਤ ਆਉਂਦੀਆਂ ਹਨ। Let his complete. (Interruptions)

**ਸਰਦਾਰ ਕਰਮਬੀਰ ਸਿੰਘ:** ਮੈਂਬਰ ਸਾਹਿਬ, ਕੀ ਕੋਈ ਐਸ.ਡੀ.ਐਮ. ਦੋ ਲੱਖ ਦੀ ਨੌਕਰੀ ਦੇ ਸਕਦਾ ਹੈ? ਤੁਸੀਂ ਪੜ੍ਹੇ ਲਿਖੇ ਹੋ। (ਵਿਘਨ)(ਸ਼ੋਰ) ਕੀ ਕੋਈ ਦੋ ਲੱਖ ਦੀ ਨੌਕਰੀ ਐਸ.ਡੀ.ਐਮ. ਦੇ ਸਕਦਾ ਹੈ? It is hearsay.

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈੱਸ ਕਰੋ ਜੀ। ਕੰਪਲੀਟ ਕਰੋ ਜੀ।

**ਸਰਦਾਰ ਕਰਮਬੀਰ ਸਿੰਘ:** ਇਹ ਸਾਰੀਆਂ ਗੱਲਾਂ hearsay ਹਨ। (ਵਿਘਨ)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਨੋ ਪੁਆਇੰਟ ਆਫ ਆਰਡਰ ਜੀ। Sit down (Interruptions)

**ਸਰਦਾਰ ਕਰਮਬੀਰ ਸਿੰਘ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਸਾਡੇ ਐਜੂਕੇਸ਼ਨ ਮੰਤਰੀ ਸਾਹਿਬ ਨੇ ਸਾਡੇ ਤਲਵਾੜੇ ਦੇ ਗੌਰਮਿੰਟ ਕਾਲਜ ਵਾਸਤੇ 61 ਲੱਖ ਰੁਪਿਆ ਰੁਪਿਆ ਭੇਜਿਆ ਹੈ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਦੂਸਰਾ, ਸਾਡੇ ਚਾਰ ਆਮ ਆਦਮੀ ਕਲੀਨਿਕ ਖੁੱਲ੍ਹੇ ਹਨ। ਮੇਰਾ ਕੰਢੀ ਦਾ ਇਲਾਕਾ ਹੈ। ਇਹ ਬਿਲਕੁਲ ਗਰੀਬ ਇਲਾਕਾ ਹੈ। ਇਨ੍ਹਾਂ ਲੋਕਾਂ ਨੂੰ ਸ਼ਾਇਦ ਕਦਰ ਨਾ ਹੋਵੇ ਕਿਉਂਕਿ ਜਿਨ੍ਹਾਂ ਦੀਆਂ ਜੇਬਾਂ ਵਿੱਚ ਪੈਸੇ ਹਨ, ਉਹ ਵੱਡੇ ਹਸਪਤਾਲਾਂ ਵਿੱਚ ਇਲਾਜ ਕਰਵਾ ਸਕਦੇ ਹਨ ਪਰ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਵਾਸਤੇ ਮੁਹੱਲਾ ਕਲੀਨਿਕ, ਜੋ ਆਮ ਆਦਮੀ ਕਲੀਨਿਕ ਅਸੀਂ ਬਣਾਏ ਹਨ, ਇਹ ਇੱਕ ਵਰਦਾਨ ਸਾਬਤ ਹੋ ਰਹੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਫਾਈਨਾਂਸ ਮੰਤਰੀ ਸਾਹਿਬ ਨੂੰ ਇੱਕ ਰਿਕੁਐਸਟ ਕਰਨੀ ਚਾਹੁੰਦਾ ਹਾਂ, ਭਾਵੇਂ ਇਸ ਨੂੰ ਅਗਲੇ ਬਜਟ ਵਿੱਚ ਰੱਖ ਲੈਣਾ, ਪਿਛਲੀ ਸਰਕਾਰ ਵੇਲੇ ਇੱਥੇ ਸੈਸ਼ਨ ਵਿੱਚ ਇੱਕ ਗੌਰਮਿੰਟ ਕਾਲਜ ਪਾਸ ਹੋਇਆ ਸੀ। ਮੇਰੀ ਬੇਨਤੀ ਹੈ ਕਿ ਮੈਂ ਪੰਜ ਸਾਲਾਂ ਦੌਰਾਨ ਹੋਰ ਕੁਝ ਨਹੀਂ ਮੰਗਾਂਗਾ। ਸਾਡੇ ਦਸੂਹੇ ਵਿੱਚ ਇੱਕ ਗੌਰਮਿੰਟ ਕਾਲਜ ਤੁਸੀਂ ਬਣਾ ਦਿਉ। ਸਰ, ਅਸੀਂ ਤੁਹਾਡੇ ਰਿਣੀ ਰਹਾਂਗੇ। ਇਸ ਤੋਂ ਇਲਾਵਾ, ਇੱਕ ਕੰਢੀ ਵਿਕਾਸ ਬੋਰਡ ਬਣਾ ਦਿਉ। ਧੰਨਵਾਦ ਜੀ। ਬਹੁਤ ਮੇਹਰਬਾਨੀ ਜੀ।

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ (ਮਲੇਰਕੋਟਲਾ):** (ਥੰਪਿੰਗ) ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਸਾਲ 2023-24 ਦੇ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇੱਕ ਸ਼ੇਅਰ ਹੈ:

तम्मना है के इस दुनिया में कोई काम कर जायूँ

अगर कुछ हो सके तो खिदमत ऐ इंसान कर जायूँ (ਥੰਪਿੰਗ)

**माननीय स्पीकर :** क्या बात है, क्या बात है । (ਥੰਪਿੰਗ)

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ:** ਸਪੀਕਰ ਸਾਹਿਬ, ਸਾਲ 2023-24 ਦਾ ਇਹ ਬਜਟ ਜੋ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਮਾਨਯੋਗ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਪੇਸ਼ ਕੀਤਾ ਹੈ, ਇਹ ਬੜਾ ਦੂਰ-ਅੰਦੇਸ਼ੀ ਵਾਲਾ ਬਜਟ ਹੈ। ਇਹ ਲੋਕ ਪੱਖੀ ਬਜਟ ਹੈ। ਪ੍ਰੋਗਰੈਸਿਵ ਬਜਟ ਹੈ, ਬੈਲੰਸ਼ਡ ਬਜਟ ਹੈ ਅਤੇ ਕਲਿਆਣਕਾਰੀ ਬਜਟ ਹੈ। ਇਹ ਸਰਬੱਤ ਦੇ ਭਲੇ ਵਾਲਾ ਬਜਟ ਹੈ।

**हैं वही लोग जहाँ में अच्छे**

**आते हैं जो काम दूसरों के**

ਹਰਪ੍ਰੀਤ ਸਿੰਘ/ਸ਼ੁਭਮ ਜੈਨ/04.30/11.03.2023

ਪਿਛਲੀਆਂ ਸਰਕਾਰਾਂ ਦੇ ਸਮੇਂ ਜੋ ਬਜਟ ਪੇਸ਼ ਹੁੰਦੇ ਰਹੇ ਹਨ ਜਾਂ ਜੋ ਵੀ ਨੀਤੀਆਂ ਸਰਕਾਰਾਂ ਬਣਾ ਕੇ ਚਲਦੀਆਂ ਰਹੀਆਂ, ਉਨ੍ਹਾਂ ਦੀ ਪੇਸ਼-ਏ-ਨਜ਼ਰ ਸਿਰਫ਼ ਆਪਣੇ ਘਰ ਭਰਨਾ, ਆਪਣੀਆਂ ਜਾਇਦਾਦਾਂ ਵਧਾਉਣਾ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨਾ ਸੀ, ਜਦੋਂ ਕਿ ਆਮ ਆਦਮੀ ਪਾਰਟੀ ਜੋ ਕਿ ਇਕ ਇਨਕਲਾਬ ਦੀ ਮੂਵਮੈਂਟ ਵਿਚੋਂ ਨਿਕਲ ਕੇ ਆਈ ਹੈ, ਸਾਡੀ ਸਰਕਾਰ ਪੰਜਾਬ ਦੇ ਅਵਾਮ ਦੀ, ਪੰਜਾਬ ਦੀ ਜਨਤਾ ਦੀ ਰਖਵਾਲੀ ਅਤੇ ਬਿਹਤਰੀ ਲਈ ਕੰਮ ਕਰਦੀ ਹੈ।

**तुझे अपने गम से मतलब है**<br>**मुझे गम है दूसरों का**<br>**तेरे सामने है नशेमन**<br>**मेरे सामने चमन है** (ਥੰਪਿੰਗ)

ਆਮ ਆਦਮੀ ਪਾਰਟੀ ਪੂਰੇ ਪੰਜਾਬ ਦੇ ਲੋਕਾਂ ਦਾ ਭਲਾ ਚਾਹੁੰਦੀ ਹੈ, ਸਮਾਜ ਦੇ ਸਾਰੇ ਵਰਗਾਂ ਦਾ ਭਲਾ ਚਾਹੁੰਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਪੂਰੇ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਇਕ ਅੱਖ ਨਾਲ ਵੇਖਦੀ ਹੈ ਅਤੇ ਪੂਰੇ ਪੰਜਾਬ ਦੇ ਅੰਦਰ ਹਰ ਖੇਤਰ ਵਿਚ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿਚ ਕੰਮ ਹੋ ਰਿਹਾ ਹੈ।

**सितारों से आगे जहाँ और भी हैं**

अभी इश्क़ के इम्तिहाँ और भी हैं
क़नाअत न कर आलम-ए-रंग-ओ-बू पर
चमन और भी आशियाँ और भी हैं

*4.31 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਅਜੇ ਤਾਂ ਸਾਨੂੰ ਇਕ ਸਾਲ ਹੀ ਹੋਇਆ ਹੈ। ਆਉਣ ਵਾਲੇ ਚਾਰ ਸਾਲਾਂ ਵਿਚ ਸਾਡੇ ਮੁੱਖ ਮੰਤਰੀ ਜੀ ਦੀ ਯੋਗ ਅਗਵਾਈ ਵਿਚ ਪੂਰੇ ਪੰਜਾਬ ਦੇ ਅੰਦਰ ਵੱਡੇ ਪੱਧਰ ਤੇ ਹਰ ਖੇਤਰ ਵਿਚ ਵਿਕਾਸ ਹੋਵੇਗਾ। ਤੁਸੀਂ ਖੇਤੀਬਾੜੀ ਦੀ ਗੱਲ ਕਰ ਲਓ, ਕਿਸਾਨ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਰਕੇ ਖੁਦਕੁਸ਼ੀ ਦੇ ਰਾਹ ਤੇ ਚੱਲੇ ਹੋਏ ਸੀ। ਅੱਜ ਸਿਰਫ਼ ਇਕ ਸਾਲ ਹੋਇਆ ਹੈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਔਰ ਸਾਡੀ ਸਰਕਾਰ ਨੇ ਕਿਸਾਨ ਹਿਤੈਸ਼ੀ ਨੀਤੀਆਂ ਬਣਾਈਆਂ ਹਨ। ਪਿਛਲੀਆਂ ਸਰਕਾਰਾਂ ਕਿਸਾਨ ਹਿਤੈਸ਼ੀ ਹੋਣ ਦਾ ਸਿਰਫ਼ ਦਾਅਵਾ ਕਰਦੀਆਂ ਸੀ ਪਰ ਅਸੀਂ ਪ੍ਰੈਕਟੀਕਲੀ ਕਿਸਾਨ ਹਿਤੈਸ਼ੀ ਹਾਂ। ਲੰਬੇ ਸਮੇਂ ਤੋਂ ਗੰਨੇ ਦੀਆਂ ਬਕਾਇਆ ਵੱਡੀਆਂ ਵੱਡੀਆਂ ਰਕਮਾਂ ਦੀ ਅਦਾਇਗੀਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਕੀਤੀਆਂ ਹਨ। ਸਾਡੇ ਸੂਏ ਜਿਹੜੇ ਲੰਬੇ ਸਮੇਂ ਤੋਂ ਬੰਦ ਸੀ, ਨਹਿਰਾਂ ਜਿਹੜੀਆਂ ਲੰਬੇ ਸਮੇਂ ਤੋਂ ਬੰਦ ਪਈਆਂ ਸਨ। ਮੇਰੇ ਆਪਣੇ ਹਲਕੇ ਵਿਚ ਤਿੰਨ ਸੂਏ ਹਨ। ਲੋਕਾਂ ਨੇ ਉਹ ਬੰਦ ਕਰਕੇ ਆਪਣੇ ਆਪਣੇ ਖੇਤਾਂ ਵਿਚ ਮਿਲਾ ਲਏ ਸੀ, ਉੱਥੇ ਬਕਾਇਦਾ ਫਸਲਾਂ ਉੱਗ ਰਹੀਆਂ ਹਨ। ਮੈਂ ਮੁੱਖ ਮੰਤਰੀ ਜੀ ਦੀ ਦੂਰ ਅੰਦੇਸ਼ੀ ਸੋਚ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਅੱਜ ਉਹ ਸੂਏ ਪੱਟੇ ਜਾ ਰਹੇ ਹਨ ਅਤੇ ਪੱਕੇ ਕੀਤੇ ਜਾ ਰਹੇ ਹਨ। ਅਜੇ ਤਾਂ ਵੀਰੋ ਇਕ ਸਾਲ ਹੋਇਆ ਹੈ। ਮਾਨ ਸਾਹਿਬ ਸਾਡੇ ਪੰਜਾਬ ਦੇ ਲੋਕਾਂ ਨਾਲ ਪਿਆਰ ਕਰਦੇ ਹਨ, ਉਹ ਪੰਜਾਬ ਦੇ ਲੋਕਾਂ ਦੇ ਦਿਲਾਂ ਦੀ ਧੜਕਣ ਹਨ। ਸੱਚਾਈ ਅਤੇ ਇਮਾਨਦਾਰੀ ਦੀ ਮਿਸਾਲ ਹਨ। ਉਨ੍ਹਾਂ ਨੇ ਹਮੇਸ਼ਾਂ ਹੱਕ ਅਤੇ ਸੱਚ ਲਈ ਅਵਾਜ਼ ਬੁਲੰਦ ਕੀਤੀ ਹੈ। ਮੈਂ ਗੱਲ ਕੀਤੀ ਸੀ ਉਰਦੂ ਅਕਾਦਮੀ ਦੀ। ਮਾਨਯੋਗ ਮੁੱਖ ਮੰਤਰੀ ਜੀ ਦੇ ਆਦੇਸ਼ ਤੇ ਸਾਡੇ ਵਿੱਤ ਮੰਤਰੀ ਜੀ ਨੇ ਇਸ ਬਜਟ ਦੇ ਵਿਚ ਉਰਦੂ ਅਕਾਦਮੀ ਲਈ ਦੋ ਕਰੋੜ ਰੁਪਏ ਦੀ ਪ੍ਰੋਵੀਜ਼ਨ ਕਰਕੇ ਪੰਜਾਬ ਦੇ ਉਰਦੂ ਪ੍ਰੇਮੀਆਂ ਤੇ ਅਹਿਸਾਨ ਕੀਤਾ ਹੈ। (ਥੰਪਿੰਗ) ਇਸ ਲਈ ਮੈਂ ਸਾਰੇ ਉਰਦੂ ਪ੍ਰੇਮੀਆਂ ਵੱਲੋਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਅਤੇ ਮਾਨਯੋਗ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ (ਬੈਠੇ ਬੈਠੇ):** ਮਾਈਨਾਰੀਟੀਜ਼ ਵਿਚੋਂ ਵੀ ਕੋਈ ਮੰਤਰੀ ਬਣਾਉਣ ਲਈ ਕਹੋ।

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ**: ਜਨਾਬ ਸਾਨੂੰ ਮੰਤਰੀਆਂ ਤੋਂ ਵੱਧ ਪਾਵਰਾਂ ਦਿੱਤੀਆਂ ਹੋਈਆਂ ਹਨ। (ਥੰਪਿੰਗ)

हो गए न बरहम
क्यों कहा न था मैंने
लोग रूठ जाते हैं
आईना दिखाने से (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ:** ਹੋਰ ਲਓ ਪੰਗੇ। (ਹਾਸਾ)

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ**: तुंदी-ए-बाद-ए-मुख़ालिफ़ से न घबरा ऐ उक़ाब

ये तो चलती है तुझे ऊँचा उड़ाने के लिए

aman-shubham/4.35/11.3.23

ਇਨ੍ਹਾਂ ਦੀਆਂ ਤਾਂ ਸਦਰਾਂ ਇੰਨੀਆਂ ਸੀ, ਖਾਹਸ਼ਾਂ ਇੰਨੀਆਂ ਸੀ ਕਿ ਪੂਰੀਆਂ ਨਹੀਂ ਹੋਈਆਂ। ਹੁਣ ਇਨ੍ਹਾਂ ਵਿਚਾਰਿਆਂ ਦੇ ਦਿਲ ਟੁੱਟੇ ਪਏ ਹਨ।

"हजारोँ ख्वाहिशें ऐसी कि हर ख्वाहिश पे दम निकले,

बहुत निकले मेरे अरमान, राजा जी फिर भी कम निकले,

निकलना खुलद से आदम का सुनते आएं है,

लेकिन बडे बेआबरू हो के मेरे कूचे से तुम निकले"

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਆਮ ਆਦਮੀ ਪਾਰਟੀ ਇਨਕਲਾਬੀ ਮੂਵਮੈਂਟ ਦੇ ਵਿੱਚੋਂ ਨਿਕਲੀ ਹੋਈ ਪਾਰਟੀ ਹੈ। ਸਾਡੇ ਜਿਹੜੇ ਲੀਡਰ ਸ਼੍ਰੀ ਅਰਵਿੰਦ ਕੇਜਰੀਵਾਲ ਸਾਹਿਬ ਹਨ, ਉਨ੍ਹਾਂ ਨੇ ਦੇਖਿਆ ਕਿ ਵੱਡੇ ਪੱਧਰ ਤੇ corrupt system ਲਾਗੂ ਹੈ, ਉਨ੍ਹਾਂ ਨੇ corrupt system ਨੂੰ ਬਦਲਣ ਦੀ ਯੋਜਨਾ ਬਣਾਈ ਅਤੇ ਉਸ ਯੋਜਨਾਬੰਦੀ ਦੇ ਤਹਿਤ ਇਹ ਪਾਰਟੀ ਬਣਾਈ ਗਈ। ਸਾਡੇ ਲੀਡਰ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਸਾਹਿਬ ਇੱਕ ਐਸੇ ਲੀਡਰ ਹਨ ਜਿਨ੍ਹਾਂ ਦੇ ਬਾਰੇ ਮੈਂ ਕਹਿ ਸਕਦਾ ਹਾਂ ਕਿ

"निगाह बुलंद जाँ पुरसोज सुखम दिलनिवाज

यही है रखत-ए-सफर, मीर-ए-कारवाँ के लीए"

ਇੱਕ ਵਧੀਆ ਲੀਡਰ ਦੇ ਲਈ ਤਿੰਨ ਖੂਬੀਆਂ ਹੋਣੀਆਂ ਜ਼ਰੂਰੀ ਹਨ। ਇੱਕ ਤਾਂ ਉਸ ਦੀ ਨਿਗ੍ਹਾ ਦੂਰ-ਅਦੇਸ਼ੀ ਵਾਲੀ ਹੋਣੀ ਚਾਹੀਦੀ ਹੈ, ਉਸ ਦੀ ਸੋਚ ਉੱਚੀ ਹੋਣੀ ਚਾਹੀਦੀ ਹੈ ਜਾਂ ਪੁਰਸੋਜ਼ ਮਤਲਬ ਉਸ ਦੇ ਸੀਨੇ ਦੇ ਵਿੱਚ ਗਰੀਬ ਲੋਕਾਂ ਲਈ ਆਮ ਲੋਕਾਂ ਲਈ ਦਰਦ ਹੋਣਾ ਚਾਹੀਦਾ ਹੈ ਅਤੇ ਉਸ ਦੀ ਬੋਲੀ ਦਿਲਾਂ ਦੇ ਉਪਰ ਅਸਰ ਕਰਨ ਵਾਲੀ ਹੋਣੀ ਚਾਹੀਦੀ ਹੈ। ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਸਾਹਿਬ ਦੇ ਅੰਦਰ ਇਹ ਤਿੰਨੋਂ ਖੂਬੀਆਂ ਬੜੇ ਆਲਾ ਦਰਜੇ ਦੀਆਂ ਮੌਜੂਦ ਹਨ। ਸਾਨੂੰ ਇਸ ਗੱਲ ਦਾ ਫ਼ਖ਼ਰ ਹੈ। ਜੋ ਬਜਟ ਜਿਸ ਤੇ ਅੱਜ ਅਸੀਂ ਬਹਿਸ ਕਰ ਰਹੇ ਹਾਂ, ਪੇਸ਼ ਕੀਤਾ ਗਿਆ ਹੈ, ਇਸ ਦੇ ਨਾਲ ਸਮਾਜ ਦੇ ਸਾਰੇ ਵਰਗਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਰਹੀ ਹੈ। ਪੰਜਾਬ ਦੇ ਸਾਰੇ ਲੋਕ ਖੁਸ਼ ਹਨ, ਸਾਡੇ ਇੰਡਸਟਰੀਲਿਸਟ ਖੁਸ਼ ਹਨ, ਬਿਜ਼ਨਸਮੈਨ ਖੁਸ਼ ਹਨ, ਮਜ਼ਦੂਰ ਖੁਸ਼ ਹਨ ਅਤੇ ਮੁਲਾਜ਼ਮ ਖੁਸ਼ ਹਨ। ਮੈਂ ਸਮਝਦਾ ਹਾਂ ਕਿ ਐਸਾ ਬਜਟ ਪਹਿਲੀ ਵਾਰ ਆਇਆ ਹੈ ਅਤੇ ਇਹ ਟੈਕਸ ਫਰੀ ਬਜਟ ਹੈ। ਪਿਛਲੀਆਂ ਸਰਕਾਰਾਂ ਦੇ ਵਿੱਚ ਮੈਂ ਦੇਖਿਆ ਕਿ ਵਿੱਤ ਮੰਤਰੀ ਮੂੰਹ ਤੇ ਹੱਥ ਫੇਰ ਕੇ ਕਹਿੰਦੇ ਰਹਿੰਦੇ ਸੀ ਕਿ ਮਜਬੂਰੀ ਦੀ ਹਾਲਤ ਵਿੱਚ ਮੈਨੂੰ ਟੈਕਸ ਵਧਾਉਣਾ ਪੈ ਰਿਹਾ ਹੈ। ਇਹ ਜਿਹੜਾ ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਇਹ ਟੈਕਸ ਫਰੀ ਬਜਟ ਹੈ। ਸਾਡੇ ਲਈ ਬੜੀ ਖੁਸ਼ੀ ਦੀ ਗੱਲ ਹੈ। ਅੱਜ ਇੰਸਪੈਕਟਰੀ ਰਾਜ ਲਾਗੂ ਨਹੀਂ ਹੈ ਕਿ ਜਿਸ ਤੋਂ ਡਰ ਕੇ ਸਾਡੇ ਇੰਡਸਟਰੀਲਿਸਟ ਜਾਂ ਬਿਜ਼ਨਸਮੈਨ ਕੰਮ ਕਰਦੇ ਹੋਣ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ :** ਸਪੀਕਰ ਸਾਹਿਬ, ਮੈਂ ਇੰਸਪੈਕਟਰੀ ਰਾਜ ਤੇ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਨਹੀਂ, ਤੁਸੀਂ ਬੈਠੋ, ਤੁਸੀਂ ਜ਼ਮੀਲ ਜੀ ਬੋਲੋ।

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ:** ਡਿਪਟੀ ਸਪੀਕਰ ਸਾਹਿਬ,

"इस राज़ को कया जाने, साहिल के तमाशाई,

हम डूब के समझे हैँ, दरिया तेरी गहराई।

लम्हों ने खता की थी, सदीयोँ ना सज़ा पाई"

ਜੇ ਅਸੀਂ ਪਿਛੋਕੜ ਦੇਖੀਏ ਪੂਰੇ ਹਿੰਦੁਸਤਾਨ ਦੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਫਸਾਦ ਕਰਵਾ ਕੇ ਘੱਟ ਗਿਣਤੀਆਂ ਦਾ ਘਾਣ ਕੀਤਾ। ਭੀਵੰਡੀ ਦੇ ਵਿੱਚ ਫਸਾਦ ਹੋਇਆ, ਅਲੀਗੜ੍ਹ ਦੇ ਵਿੱਚ ਫਸਾਦ ਹੋਇਆ, ਹਾਸ਼ਮਪੁਰਾ ਦੇ ਵਿੱਚ ਹੋਇਆ, ਭਾਗਲਪੁਰ ਦੇ ਵਿੱਚ ਹੋਇਆ, ਸਿੱਖਾਂ ਦੇ ਗਲੇ ਵਿੱਚ ਟਾਇਰ ਪਾ ਕੇ ਸਾੜੇ ਗਏ।

ਬਿਦਰ ਦੇ ਵਿੱਚ ਕਾਨਪੁਰ ਦੇ ਵਿੱਚ ਅਤੇ ਦਿੱਲੀ ਦੇ ਵਿੱਚ ਵੱਡੇ ਪੱਧਰ ਤੇ ਫਸਾਦ ਹੋਏ। ਚੱਕੀ ਦੇ ਵਿੱਚ ਇਨਸਾਨਾਂ ਨੂੰ ਪੀਸੀਆ ਗਿਆ।

(ਵਿਘਨ)(ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਡਿਪਟੀ ਸਪੀਕਰ:** ਗੱਲ ਪੂਰੀ ਹੋ ਲੈਣ ਦਿਓ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (**ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲਦੇ ਹੋਏ)**:** ਜ਼ਮੀਲ ਜੀ, ਤੁਸੀਂ ਗਲਤ ਗੱਲ ਨਾ ਕਰੋ। ਬਹੁਤ ਚੰਗਾ ਮਾਹੌਲ ਬਣਿਆ ਹੋਇਆ ਹੈ।

(ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਜ਼ਮੀਲ ਜੀ, ਤੁਸੀਂ continue ਕਰੋ ਅਤੇ ਟਾਈਮ ਦੇ according conclude ਕਰ ਲਵੋ।

**ਡਾਕਟਰ ਮੁਹੰਮਦ ਜ਼ਮੀਲ ਉਰ ਰਹਿਮਾਨ:** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਬਜਟ ਬਹੁਤ ਹੀ ਮੁਫੀਕ ਬਜਟ ਹੈ।

ਤ.ਸ. / ਅ.ਗ. / 4.40 / 11.03.2023

**ਮਾਨਯੋਗ ਡਿਪਟੀ ਸਪੀਕਰ** : ਰਹਿਮਾਨ ਸਾਹਿਬ, ਕਹਿਣ ਨੂੰ ਦਿਲ ਨਹੀਂ ਕਰ ਰਿਹਾ ਪਰ ਤੁਸੀਂ ਸਮੇਂ ਸਿਰ ਕਨਕਲੂਡ ਕਰ ਦਿਉ। (ਸ਼ੋਰ)

**ਡਾਕਟਰ ਮੁਹੰਮਦ ਜ਼ਮੀਲ ਉਰ ਰਹਿਮਾਨ** : ਇਹ ਬਜਟ ਬਹੁਤ ਹੀ ਮੌਫੀਕ ਬਜਟ ਹੈ। ਇਸ ਵਿੱਚ ਐਜੂਕੇਸ਼ਨ ਨੂੰ ਬੜ੍ਹਾਵਾ ਦੇਣ ਲਈ ਅਤੇ ਸਾਡੀਆਂ ਨਵੀਆਂ ਨਸਲਾਂ ਨੂੰ ਵਧੀਆ ਐਜੂਕੇਸ਼ਨ ਪ੍ਰੋਵਾਈਡ ਕਰਨ ਲਈ ਜੋ ਰਕਮ ਰੱਖੀ ਗਈ ਹੈ, ਉਸ ਵਿੱਚ ਪਿਛਲੇ ਸਾਲ ਨਾਲੋਂ ਕਾਫੀ ਵਾਧਾ ਕੀਤਾ ਗਿਆ ਹੈ।

**ਮਾਨਯੋਗ ਡਿਪਟੀ ਸਪੀਕਰ** : ਧੰਨਵਾਦ ਜੀ।

**ਡਾਕਟਰ ਮੁਹੰਮਦ ਜ਼ਮੀਲ ਉਰ ਰਹਿਮਾਨ** : ਇਸੇ ਤਰ੍ਹਾਂ ਖੇਤੀਬਾੜੀ ਨੂੰ ਪ੍ਰਫੁੱਲਤ ਕਰਨ ਲਈ ਜੋ ਰਕਮ ਮਖਸੂਸ ਕੀਤੀ ਗਈ ਹੈ, ਉਸ ਵਿੱਚ ਵੀ ਕਾਫੀ ਵਾਧਾ ਕੀਤਾ ਗਿਆ ਹੈ। ਸਾਡੀਆਂ ਹੈਲਥ ਸਰਵਿਸਿਜ਼, ਜਿਸ ਦਾ ਅਸੀਂ ਵਾਅਦਾ ਕੀਤਾ ਸੀ, ਉਸ ਤਾਅਲੁਕ ਨਾਲ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ ਅਤੇ ਬਜਟ ਵਿੱਚ ਵੀ ਪਹਿਲਾਂ ਨਾਲੋਂ ਜ਼ਿਆਦਾ ਰਕਮ ਰੱਖ ਕੇ ਹੋਰ ਜ਼ਿਆਦਾ ਇਫੈਕਟਿਵ ਬਣਾਉਣ ਲਈ ਪ੍ਰੋਵੀਜ਼ਨ ਕੀਤੀ ਗਈ ਹੈ।

ਮੈਂ ਇਸ ਲਈ ਮੁੱਖ ਮੰਤਰੀ ਸਾਹਿਬ ਦਾ ਅਤੇ ਹਰਪਾਲ ਚੀਮਾ, ਵਿੱਤ ਮੰਤਰੀ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਉਰਦੂ ਅਕਾਦਮੀ ਲਈ ਜੋ 2 ਕਰੋੜ ਰੁਪਏ ਦੀ ਰਾਸ਼ੀ ਮਖਸੂਸ ਕੀਤੀ ਹੈ, ਉਸ ਲਈ ਇੱਕ ਵਾਰ ਫਿਰ ਮੈਂ ਸ਼ੁਕਰੀਆ ਅਦਾ ਕਰਦਾ ਹਾਂ। ਜੈ ਹਿੰਦ। (ਥੰਪਿੰਗ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ)** : ਡਿਪਟੀ ਸਪੀਕਰ ਸਾਹਿਬ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦੇਣ ਲਈ ਧੰਨਵਾਦ। ਪੰਜਾਬ ਕਿਸਾਨੀ ਪ੍ਰਧਾਨ ਸੂਬਾ ਹੈ। ਮੈਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਜੀ ਦਾ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇੱਕ ਵੱਡੀ ਅਮਾਊਂਟ ਜੋ ਕਿ 13808 ਕਰੋੜ ਰੁਪਿਆ, ਇਸ ਬਜਟ ਵਿੱਚ ਕਿਸਾਨਾਂ ਲਈ ਤਜਵੀਜ਼ਤ ਕੀਤਾ ਹੈ। ਇਹ ਪਿਛਲੇ ਸਾਲ ਨਾਲੋਂ ਤਕਰੀਬਨ 20% ਜ਼ਿਆਦਾ ਹੈ। ਪੰਜਾਬ ਗੁਰਾਂ ਦੇ ਨਾਂ ਤੇ ਵਸਦਾ ਹੈ, ਲੋਕੀਂ ਆਪਣੇ ਹੱਥੀ ਕਿਰਤ ਕਮਾਈ ਕਰਦੇ ਹਨ ਅਤੇ ਜਿਹੜੇ ਪੰਜਾਬ ਦੇ ਮੁੱਖ ਮੰਤਰੀ ਹਨ, ਉਹ ਕਿਸਾਨੀ ਪਿਛੋਕੜ ਦੇ ਹਨ। ਮੈਂ ਖੁਦ ਇੱਕ ਕਿਸਾਨ ਪਰਿਵਾਰ ਤੋਂ ਹਾਂ। ਇਹ ਜਿਹੜਾ ਬਜਟ ਬਣਿਆ ਹੈ, ਇਹ ਦਫ਼ਤਰਾਂ ਵਿੱਚ ਏ.ਸੀ. ਕਮਰਿਆਂ ਵਿੱਚ ਨਹੀਂ ਬਣਿਆ। ਜਦੋਂ ਇਹ ਬਜਟ ਬਣਨਾ ਸੀ ਤਾਂ ਉਸ ਤੋਂ ਪਹਿਲਾਂ ਲੁਧਿਆਣਾ ਵਿੱਚ ਇੱਕ ਕਿਸਾਨ ਮਿਲਣੀ ਕਰਵਾਈ ਗਈ। ਕਿਸਾਨਾਂ ਤੋਂ ਵੱਖ ਵੱਖ ਵਿਚਾਰ ਲਏ ਗਏ। ਸਾਡੇ ਮੁੱਖ ਮੰਤਰੀ ਸਾਹਿਬ ਅਤੇ ਖੇਤੀਬਾੜੀ ਮੰਤਰੀ ਜੀ ਉਥੇ ਪਹੁੰਚੇ। ਇਕੱਲੀ ਇਕੱਲੀ ਸਟਾਲ ਤੇ ਗਏ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਪੁੱਛੀਆਂ। ਜਦੋਂ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਪੁੱਛਿਆ ਤਾਂ ਸਭ ਤੋਂ ਵੱਡੀ ਮੁਸ਼ਕਲ ਡਾਈਵਰਸਿਫੇਕਸ਼ਨ ਦੀ ਸਾਹਮਣੇ ਆਈ। ਡਿਪਟੀ ਸਪੀਕਰ ਸਾਹਿਬ, ਪਿਛਲੀਆਂ ਸਰਕਾਰ ਨੇ ਬਹੁਤ ਗੱਲਾਂ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਝੋਨਾ ਬੰਦ ਕਰ ਦਿਉ, ਕਣਕ ਬੰਦ ਕਰ ਦਿਉ, ਪਰ ਉਸ ਲਈ ਕੋਈ ਚੰਗਾ ਸੁਝਾਅ ਨਹੀਂ ਦਿੱਤਾ। ਜਦੋਂ ਮਾਨ ਸਰਕਾਰ ਬਣੀ ਤਾਂ ਸਭ ਤੋਂ ਪਹਿਲਾਂ ਸਿੱਧੀ ਬਿਜਾਈ ਨੂੰ ਪ੍ਰਫੁੱਲਿਤ ਕਰਨ ਲਈ 1500 ਰੁਪਏ ਪ੍ਰਤੀ ਏਕੜ ਮਦਦ ਕੀਤੀ ਗਈ ਅਤੇ ਇਸ ਲਈ ਕੁੱਲ 25 ਕਰੋੜ ਰੁਪਿਆ ਕਿਸਾਨਾਂ ਦੇ ਖਾਤੇ ਵਿੱਚ ਟਰਾਂਸਫਰ ਕੀਤਾ ਗਿਆ। 2023-24 ਦੇ ਇਸ ਬਜਟ ਵਿੱਚ ਇਸ ਤੋਂ ਵੀ ਦੁੱਗਣੀ ਰਾਸ਼ੀ ਤਜਵੀਜ਼ ਕੀਤੀ ਗਈ ਹੈ। ਜੇਕਰ ਆਪਾਂ ਖੇਤੀ ਵਿਭਿੰਨਤਾ ਦੀ ਗੱਲ ਕਰਾਂਗੇ ਤਾਂ ਸਾਨੂੰ ਉਸ ਲਈ ਬਾਕੀ ਫਸਲਾਂ ਦਾ ਵੀ ਖਿਆਲ ਕਰਨਾ ਪਵੇਗਾ। ਸਾਡੀ ਸਰਕਾਰ ਨੇ ਮੂੰਗੀ ਤੇ ਐਮ.ਐਸ.ਪੀ. ਦਿੱਤੀ। ਪਿਛਲੇ ਦਿਨੀਂ ਮੇਰੇ ਇੱਕ ਭਰਾ ਨੇ, ਇਸੇ ਸਦਨ ਦੇ ਇੱਕ ਮੈਂਬਰ ਨੇ ਪੁੱਛਿਆ ਸੀ ਕਿ ਕਿੰਨੇ ਲੋਕਾਂ ਨੂੰ ਇਸ ਦਾ ਲਾਭ ਪਹੁੰਚਿਆ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ 20898 ਕਿਸਾਨਾਂ ਨੂੰ ਇਸ ਦਾ ਸਿੱਧਾ ਲਾਭ ਪਹੁੰਚਿਆ ਹੈ ਅਤੇ 79 ਕਰੋੜ ਰੁਪਿਆ ਚਾਲੂ ਸਾਲ ਵਿੱਚ ਕਿਸਾਨਾਂ

ਦੇ ਖਾਤੇ ਵਿੱਚ ਗਿਆ ਹੈ। ਜਿਹੜਾ ਅਗਲਾ ਵਰ੍ਹਾ ਹੈ, ਉਸ ਵਾਸਤੇ 125 ਕਰੋੜ ਰੁਪਿਆ ਮੂੰਗੀ ਦੀ ਐਮ.ਐਸ.ਪੀ. ਵਾਸਤੇ ਰੱਖਿਆ ਗਿਆ ਹੈ।

ਇਸ ਤੋਂ ਬਾਅਦ ਨਰਮੇ ਦੇ ਬੀਜਾਂ ਦੀ ਗੱਲ ਕਰਦਾ ਹਾਂ। ਮੈਂ ਮਾਲਵੇ ਤੋਂ ਬਿਲੌਂਗ ਕਰਦਾ ਹਾਂ। ਸਾਡੇ ਏਰੀਏ ਵਿੱਚ ਨਰਮਾ ਬਹੁਤ ਹੁੰਦਾ ਹੈ। ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਰਕੇ ਨਰਮੇ ਨੂੰ ਮਾਰ ਪਈ ਹੈ, ਕਦੇ ਚਿੱਟੀ ਸੁੰਡੀ ਆਈ, ਕਦੇ ਗੁਲਾਬੀ ਸੁੰਡੀ ਆਈ ਪਰ ਇਸ ਵਾਰ ਸਾਡੀ ਸਰਕਾਰ, ਮਾਨ ਸਰਕਾਰ ਨੇ ਪੱਕਾ ਕਰ ਦਿੱਤਾ ਹੈ ਕਿ ਸਿਰਫ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਤੋਂ ਪ੍ਰਵਾਨਿਤ ਨਰਮੇ ਦੇ ਬੀਜ ਹੀ ਬੀਜੇ ਜਾਣਗੇ। (ਘੰਟੀ) ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਇਸ ਨਾਲ ਨਰਮੇ ਦੇ ਕਿਸਾਨਾਂ ਨੂੰ ਰਾਹਤ ਮਿਲੇਗੀ। ਪਰਾਲੀ ਜੋ ਕਿ ਪਿਛਲੇ ਸਮੇਂ ਵਿੱਚ ਬੜਾ ਵੱਡਾ ਮੁੱਦਾ ਬਣਦਾ ਸੀ ਅਤੇ ਪਿਛਲੀਆਂ ਸਰਕਾਰਾਂ ਵੱਲੋਂ ਕੋਈ ਠੋਸ ਹੱਲ ਨਹੀਂ ਕੱਢਿਆ ਗਿਆ ਸੀ।

ਸ.ਸ.-ਅ.ਗ./4:45/11.3.2023

ਪਰ ਮਾਨ ਸਰਕਾਰ ਹੁਣ ਨੋਟੀਫਾਈ ਕਰ ਰਹੀ ਹੈ ਕਿ 2500 ਭੱਠਿਆਂ ਉੱਤੇ ਜ਼ਰੂਰੀ ਕਰ ਦਿੱਤਾ ਹੈ ਕਿ ਫਿਊਲ ਵਾਸਤੇ 20% ਪਰਾਲੀ ਵਰਤੀ ਜਾਵੇ। ਸੋ, ਇਸੇ ਤਰ੍ਹਾਂ ਸਹਿਕਾਰਤਾ ਕਿਸਾਨੀ ਦੀ ਰੀੜ੍ਹ ਦੀ ਹੱਡੀ ਹੈ, ਇਸ ਤੋਂ ਬਿਨਾਂ ਕਿਸਾਨ ਅੱਗੇ ਨਹੀਂ ਵੱਧ ਸਕਦਾ। ਜਿਹੜੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਹੈ ਕਿਉਂਕਿ ਪਿਛਲੀਆਂ ਸਰਕਾਰ ਨੇ ਇਹ ਅਦਾਰੇ ਇਹੋ-ਜਿਹੇ ਕੰਗਾਲੀ ਦੇ ਕੰਢੇ ਤੇ ਲਿਆ ਦਿੱਤੇ ਕਿ ਇਨ੍ਹਾਂ ਕੋਲ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ ਸੀ ਪਰ ਇਸ ਸਰਕਾਰ ਨੇ 885 ਕਰੋੜ ਰੁਪਏ ਦੇ ਕੇ ਇਨ੍ਹਾਂ ਅਦਾਰਿਆਂ ਨੂੰ ਮੁੜ ਸੁਰਜੀਤ ਕੀਤਾ ਅਤੇ ਉਨ੍ਹਾਂ ਕਰਮਚਾਰੀਆਂ ਦੇ ਘਰਾਂ ਵਿੱਚ ਰੌਣਕਾਂ ਲਿਆਉਂਦੀਆਂ ਜਿਹੜੇ ਕਿ ਕਈ ਸਾਲਾਂ ਤੋਂ ਆਪਣੀਆਂ ਤਨਖਾਹਾਂ ਦਾ ਇੰਤਜ਼ਾਰ ਕਰ ਰਹੇ ਸਨ।

ਸਰ, ਮਿਲਕਫੈੱਡ ਨੂੰ ਸੁਰਜੀਤ ਕਰਨ ਵਾਸਤੇ ਇਸ ਬਜਟ ਵਿੱਚ 36 ਕਰੋੜ ਰੁਪਏ ਦਿੱਤਾ ਗਿਆ ਹੈ। ਪੰਜਾਬ ਵਿੱਚ ਜੋ ਗੰਨੇ ਦਾ ਰੇਟ ਹੈ, ਇਹ ਭਾਰਤ ਵਿੱਚ ਸਭ ਤੋਂ ਵੱਧ ਰੇਟ ਹੈ। ਸਾਨੂੰ ਸੈਂਟਰ ਸਰਕਾਰ ਸਿਰਫ 305/- ਰੁਪਏ ਪ੍ਰਤੀ ਕੁਇੰਟਲ ਦਿੰਦੀ ਹੈ ਤੇ 75/- ਰੁਪਏ ਪ੍ਰਤੀ ਕੁਇੰਟਲ ਪੰਜਾਬ ਸਰਕਾਰ ਆਪਣੇ ਕੋਲੋਂ ਪਾ ਕੇ 380/- ਰੁਪਏ ਪ੍ਰਤੀ ਕੁਇੰਟਲ ਕਾਸ਼ਤਕਾਰਾਂ ਨੂੰ ਦੇ ਰਹੀ ਹੈ ਜਦ ਕਿ ਗੁਆਂਢੀ ਸੂਬਾ ਹਰਿਆਣਾ ਵਿੱਚ 372/- ਰੁਪਏ ਪ੍ਰਤੀ ਕੁਇੰਟਲ ਰੇਟ ਹੈ।

ਜੇ ਮੈਂ ਸ਼ੂਗਰਫੈੱਡ ਦੀ ਗੱਲ ਕਰਾਂ, ਪਿਛਲੇ ਸਮੇਂ ਵਿੱਚ ਸ਼ੂਗਰ ਮਿੱਲਾਂ ਦੀਆਂ ਦੇਣਦਾਰੀਆਂ ਸਨ, ਤੁਸੀਂ ਦੇਖਿਆ ਹੋਣਾ ਕਿ ਕਿਵੇਂ ਧਰਨੇ ਲੱਗੇ ਰਹਿੰਦੇ ਸੀ। ਸਾਡੀ ਸਰਕਾਰ ਨੇ ਆਉਂਦਿਆਂ ਹੀ 400 ਕਰੋੜ ਰੁਪਏ ਦੀ

ਸਹਾਇਤਾ ਦਿੱਤੀ ਸੀ। ਜ਼ਿਮੀਂਦਾਰਾਂ ਦੇ ਮਿੱਲਾਂ ਵੱਲ ਬਕਾਏ ਕਲੀਅਰ ਕੀਤੇ ਗਏ ਅਤੇ ਆਉਣ ਵਾਲੇ ਅਗਲੇ ਸਾਲ ਲਈ ਉਨ੍ਹਾਂ ਵਾਸਤੇ 250 ਕਰੋੜ ਰੁਪਏ ਸਪੈਸ਼ਲ ਰੱਖਿਆ ਗਿਆ।

ਸਰ, ਮਾਰਕਫੈੱਡ ਦੀ ਗੱਲ ਕਰਾਂ ਤਾਂ ਇਸ ਬਜਟ ਵਿੱਚ 13 ਨਵੇਂ ਗੁਦਾਮ ਆਏ ਹਨ, ਉਹ 80 ਕਰੋੜ ਰੁਪਏ ਨਾਲ ਬਣਨੇ ਹਨ। ਆਉਣ ਵਾਲੇ ਵਰ੍ਹੇ ਵਿੱਚ ਉਨ੍ਹਾਂ ਵਾਸਤੇ 100 ਕਰੋੜ ਰੁਪਏ ਰੱਖਿਆ ਗਿਆ ਹੈ।

ਸਰ, ਜੇ ਮੈਂ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਵਾਸਤੇ ਗੱਲ ਕਰਾਂ ਕਿਉਂਕਿ ਜੇ ਪੰਜਾਬ ਵਿੱਚ ਫਸਲੀ ਚੱਕਰ ਤੋਂ ਨਿਕਲਾਂਗੇ ਤਾਂ ਹੀ ਅਸੀਂ ਕਾਮਯਾਬ ਹੋ ਸਕਦੇ ਹਾਂ। ਸਾਡੀ ਸਰਕਾਰ ਗੰਨੇ ਦੀ ਖੇਤੀ ਲਈ ਲੋਕਾਂ ਨੂੰ ਉਤਸ਼ਾਹਿਤ ਕਰ ਰਹੀ ਹੈ, ਜਿਵੇਂ ਕੱਲ੍ਹ ਸਾਡੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਵਾਸਤੇ ਜੇ ਹੋਰ ਮਿੱਲਾਂ ਪੰਜਾਬ ਵਿੱਚ ਲਗਾਉਣੀਆਂ ਪਈਆਂ ਤਾਂ ਅਸੀਂ ਲਗਾਵਾਂਗੇ। ਅਖੀਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਜਟ ਕਿਸਾਨ-ਪੱਖੀ ਆਇਆ ਹੈ ਅਤੇ ਮੈਂ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਸਾਨਾਂ ਦੇ ਹਾਲਾਤ ਸੁਧਾਰਨ ਲਈ ਬੜਾ ਵੱਡਾ ਕਦਮ ਚੁੱਕਿਆ ਹੈ। ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸਰਦਾਰ ਰੁਪਿੰਦਰ ਸਿੰਘ ਹੈਪੀ ਜੀ ਤੁਹਾਡੇ ਦੋ ਮਿੰਟ ਹਨ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ):** ਬਹੁਤ ਬਹੁਤ ਧੰਨਵਾਦ, ਮਾਨਯੋਗ ਡਿਪਟੀ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦਾ ਬਜਟ ਸਾਲ 2023-24 ਪੇਸ਼ ਹੋ ਚੁੱਕਿਆ ਹੈ। ਵਿੱਤ ਮੰਤਰੀ ਸਾਹਿਬ ਵੱਲੋਂ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਬੜੇ ਵਧੀਆ ਤਰੀਕੇ ਨਾਲ ਬਜਟ ਨੂੰ ਬਣਾਇਆ ਗਿਆ ਹੈ। ਮੈਂ ਤਸੱਲੀ ਪ੍ਰਗਟ ਕਰਦਾ ਹਾਂ ਕਿ ਇਹ ਬਜਟ ਤਿੰਨ ਕਰੋੜ ਪੰਜਾਬੀਆਂ ਦੀਆਂ ਉਮੀਦਾਂ ਤੇ ਖਰਾ ਉਤਰਦਾ ਹੈ ਅਤੇ ਰੰਗਲਾ ਪੰਜਾਬ ਸਿਰਜਣ ਲਈ ਇੱਕ ਚੰਗਾ ਕਦਮ ਹੈ।

ਡਿਪਟੀ ਸਪੀਕਰ ਸਾਹਿਬ, ਮਾਨ ਸਾਹਿਬ ਨੇ ਸ਼ੁਰੂ ਵਿੱਚ ਹੀ ਕਿਹਾ ਸੀ ਕਿ ਇਮਾਨਦਾਰੀ ਨਾਲ ਕੰਮ ਕਰਨਾ ਹੈ ਅਤੇ ਆਮ ਲੋਕਾਂ ਲਈ ਕੰਮ ਕਰਨਾ ਹੈ। ਅੱਜ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਪੂਰੇ ਤਿੰਨ ਕਰੋੜ ਪੰਜਾਬੀਆਂ ਦੇ ਪਰਿਵਾਰਾਂ ਦੇ ਮੁਖੀ ਹਨ। ਇਹ ਮੁਖੀ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਆਪਣੇ ਪਰਿਵਾਰ ਦਾ ਧਿਆਨ ਰੱਖਣਾ ਹੈ। ਉਸ ਲਈ ਉਨ੍ਹਾਂ ਨੇ ਸਿੱਖਿਆ, ਸਿਹਤ, ਕਿਸਾਨੀ ਅਤੇ ਸਹਿਕਾਰਤਾ ਦੇ ਅੰਕੜੇ ਸਾਰਿਆਂ ਨੂੰ ਦੱਸ ਦਿੱਤੇ ਹਨ। ਸਾਰੀਆਂ ਚੀਜ਼ਾਂ ਦਾ ਧਿਆਨ ਰੱਖਿਆ ਹੈ। ਪਿੱਛੇ ਜਿਹੇ ਤੁਸੀਂ ਦੇਖਿਆ ਹੋਵੇਗਾ ਕਿ

ਸਿੱਖਿਆ ਨੂੰ ਸੁਧਾਰਨ ਲਈ ਪਹਿਲਕਦਮੀ ਕੀਤੀ ਗਈ, ਪ੍ਰਿੰਸੀਪਲਾਂ ਨੂੰ ਬਾਹਰ ਭੇਜਿਆ ਗਿਆ, ਸਕੂਲ ਆਫ ਐਮੀਨੈਂਸ ਖੋਲ੍ਹੇ ਗਏ, ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ ਹੋ ਗਈ ਹੈ, ਜਿਹੜੀਆਂ ਗੱਲਾਂ ਅਸੀਂ ਕਹਿ ਕੇ ਆਏ ਸੀ। ਅੱਜ ਇੱਕ ਤਸੱਲੀ ਹੁੰਦੀ ਹੈ, ਜਦੋਂ ਵੀ ਪਿੰਡਾਂ ਵਿੱਚ ਕਿਸੇ ਵਿਆਹ ਜਾਂ ਫੰਕਸ਼ਨ ਵਿੱਚ ਜਾਂਦੇ ਹਾਂ ਤਾਂ ਲੋਕ ਤਸੱਲੀ ਪ੍ਰਗਟ ਕਰਦੇ ਹਨ ਕਿ ਤੁਹਾਡੀ ਸਰਕਾਰ ਚੰਗਾ ਕੰਮ ਕਰਦੀ ਹੈ। (ਥੰਪਿੰਗ)

**ਮ.ਰ. ਹਸਟ./4.50/11.03.2023**

ਜਦੋਂ ਬਿਜਲੀ ਮੁਫਤ ਦੀ ਗੱਲ ਹੁੰਦੀ ਹੈ, ਉਦੋਂ ਕਈ ਸਾਥੀ ਕਹਿੰਦੇ ਹਨ ਕਿ ਤੁਹਾਡੀ ਸਰਕਾਰ ਚੰਗਾ ਕੰਮ ਕਰਦੀ ਹੈ। ਪਿੱਛੇ ਜਿਹੇ ਇੱਕ ਮੈਨੂੰ ਪੁਰਾਣੇ ਸਾਥੀ ਮਿਲੇ, ਉਹ ਲੰਮਾ ਸਮਾਂ ਤਕਰੀਬਨ 40 ਸਾਲ ਕਾਂਗਰਸ ਵਿੱਚ ਰਹੇ। ਮੈਨੂੰ ਕਹਿੰਦੇ ਕਿ ਹੈਪੀ ਜੀ ਇੱਕ ਗੱਲ ਦੱਸਾਂ ਕਿ ਬਿਲ ਤਾਂ ਮੇਰਾ ਵੀ ਜ਼ੀਰੋ ਆਇਆ ਹੈ। (ਹਾਸਾ) (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਕਿਹਾ ਕਿ ਤੁਸੀਂ ਲਾਈਵ ਹੋ ਕੇ ਸੀ.ਐਮ. ਸਾਹਿਬ ਦਾ ਧੰਨਵਾਦ ਤਾਂ ਕਰੋ। ਅੱਜ ਤੱਕ ਜਿਹੜਾ ਕੰਮ ਨਹੀਂ ਹੋਇਆ ਸੀ, ਉਹ ਹੋਇਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਕੰਮ ਵੀ ਕਰ ਰਹੀ ਹੈ। ਸਰਕਾਰ ਲੋਕਾਂ ਨੇ ਚੁਣੀ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਅੰਕੜੇ ਪਹਿਲਾਂ ਸਾਰੇ ਸਾਥੀਆਂ ਨੇ ਦੱਸ ਦਿੱਤੇ ਹਨ। ਬਜਟ ਵਾਧੇ ਵਾਲਾ ਪੇਸ਼ ਹੋਇਆ। ਨੌਜਵਾਨਾਂ ਲਈ ਰੁਜ਼ਗਾਰ ਦਾ ਪ੍ਰਬੰਧ ਕੀਤਾ ਗਿਆ ਹੈ। ਖੇਡਾਂ ਵਤਨ ਪੰਜਾਬ ਦੀਆਂ ਤਹਿਤ ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੰਮ ਕੀਤਾ ਗਿਆ ਹੈ। ਮੈਂ ਵੀ ਆਪਣੇ ਹਲਕੇ ਦੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਤਕਰੀਬਨ 30 ਦੇ ਕਰੀਬ ਗਰਾਊਂਡ ਸ਼ੁਰੂ ਕੀਤੇ ਹੋਏ ਹਨ। ਇਸ ਨਾਲ ਆਪਾਂ ਬੱਚਿਆਂ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ ਵੱਲ ਅਤੇ ਗਰਾਊਂਡਾਂ ਵੱਲ ਲੈ ਕੇ ਜਾਵਾਂਗੇ ਤਾਂ ਕਿ ਉਨ੍ਹਾਂ ਦਾ ਧਿਆਨ ਸਿਹਤ ਵੱਲ ਲੱਗ ਸਕੇ। ਸੋ, ਮੈਂ ਆਪੋਜ਼ੀਸ਼ਨ ਵਾਲੇ ਸਾਥੀਆਂ ਦਾ ਧੰਨਵਾਦ ਵੀ ਕਰਦਾ ਹਾਂ, ਜਿਹੜੇ ਬੈਠ ਕੇ ਸੁਣ ਰਹੇ ਹਨ। ਇਹ ਵਧੀਆ ਗੱਲ ਹੈ ਪਰੰਤੂ ਮੇਰੇ ਸਾਥੀ ਕਹਿੰਦੇ ਹਨ ਕਿ ਸਾਡੇ ਪਰਿਵਾਰ ਦਾ ਮੁਖੀ ਨਹੀਂ ਹੈ ਪਰ ਮੈਂ ਕਹਾਂਗਾ ਕਿ ਬਜਟ ਤੁਹਾਡੇ ਹਲਕੇ ਲਈ ਵੀ ਉੱਨਾ ਹੀ ਰੱਖਿਆ ਹੈ, ਜਿੰਨਾ ਸਾਡੇ ਲਈ ਰੱਖਿਆ ਹੈ। ਸਕੂਲ ਤੁਹਾਡੇ ਵੀ ਬਣਨੇ ਹਨ, ਮੁਹੱਲਾ ਕਲੀਨਿਕ ਤੁਹਾਡੇ ਵੀ ਬਣਨੇ ਹਨ (ਥੰਪਿਗ) ਪਰ ਇਹ ਕੰਮ ਤੁਹਾਡੇ ਲਈ ਮਾਇਨੇ ਨਹੀਂ ਰੱਖਦੇ ਕਿਉਂਕਿ ਤੁਸੀਂ ਲੋਕ ਉਸ ਕਲਾਸ ਤੋਂ ਬਹੁਤ ਉੱਪਰ ਉੱਠ ਚੁੱਕੇ ਹੋ, ਤੁਹਾਨੂੰ ਮੁਹੱਲਾ ਕਲੀਨਿਕਾਂ ਦੀ ਲੋੜ ਨਹੀਂ।ਨਾ ਤੁਹਾਨੂੰ ਸਰਕਾਰੀ ਸਕੂਲਾਂ ਦੀ ਲੋੜ ਹੈ ਅਤੇ ਨਾ ਹੀ ਤੁਹਾਨੂੰ ਮੁਫਤ ਬਿਜਲੀ ਦੀ ਲੋੜ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਰੁਪਿੰਦਰ ਸਿੰਘ ਨਾਲ ਬਹਿਸ ਰਹੇ ਸਨ।)

ਚੌਧਰੀ ਸਾਹਿਬ, ਇੱਕ ਮਿੰਟ ਸੁਣ ਲਓ। ਇਹ ਉਨ੍ਹਾਂ ਲੋਕਾਂ ਲਈ ਹੈ, ਜੋ ਬਦਲਾਅ ਚਾਹੁੰਦੇ ਹਨ। ਉਹ ਆਮ ਲੋਕ ਜਿਨ੍ਹਾਂ ਨੂੰ ਹੁਣ ਬਦਲਾਅ ਦੀ ਲੋੜ ਸੀ। ਜਿਨ੍ਹਾਂ ਨੂੰ ਨਵੀਂ ਸਰਕਾਰ ਦੀ ਲੋੜ ਸੀ। ਸੋ, ਮਾਨਯੋਗ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਸਾਹਿਬ ਨੇ ਇਹ ਬਜਟ ਆਮ ਲੋਕਾਂ ਨੂੰ ਮੱਦੇਨਜ਼ਰ ਰੱਖ ਕੇ ਲਿਆਂਦਾ ਹੈ। ਸੋ, ਬਹੁਤ-ਬਹੁਤ ਧੰਨਵਾਦ ਜੀ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ):** ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਦਾ ਦਿਨ ਸਾਡੇ ਲਈ ਬਹੁਤ ਹੀ ਸੁਭਾਗਾ ਦਿਨ ਸੀ ਕਿ ਜੋ ਅਸੀਂ ਸਾਰੇ ਹੀ ਇਸ ਪਵਿੱਤਰ ਸਦਨ ਵਿੱਚ ਬੈਠੇ ਹਾਂ, ਇਸ ਪਵਿੱਤਰ ਸਦਨ ਦੇ ਮੈਂਬਰ ਬਣੇ। ਕੱਲ੍ਹ ਦੇ ਦਿਨ ਮਾਨਯੋਗ ਵਿੱਤ ਮੰਤਰੀ ਜੀ ਵੱਲੋਂ ਵਿਧਾਨ ਸਭਾ ਵਿੱਚ ਲੋਕ ਹਿੱਤ ਵਾਲਾ ਬਜਟ ਪੇਸ਼ ਕੀਤਾ ਗਿਆ, ਜਿਸ ਵਿੱਚ ਹਰ ਵਰਗ ਦੇ ਪੰਜਾਬੀਆਂ ਨਾਲ ਸਬੰਧਿਤ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਮੇਰੇ ਕੋਲ ਦੋ Social Justice, Empowerment and Minorities and Social Security Women and Child Development Departments ਹਨ।

**4.53 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)**

ਮੇਰੇ ਦੋਨੋਂ ਹੀ ਡਿਪਾਰਟਮੈਂਟ ਇਸ ਤਰ੍ਹਾਂ ਦੇ ਡਿਪਾਰਟਮੈਂਟ ਹਨ, ਜੋ ਹਰ ਘਰ ਦੇ ਵਿੱਚ ਅਤੇ ਹਰ ਵਿਅਕਤੀ ਤੱਕ ਪਹੁੰਚ ਕਰਦੇ ਹਨ। ਜੇਕਰ ਮੈਂ ਸੋਸ਼ਲ ਜਸਟਿਸ ਡਿਪਾਰਟਮੈਂਟ ਦੀ ਗੱਲ ਕਰਾਂ ਤਾਂ Social Justice is a department which is working for the segment of the society of India, which had remained confined to only one step of the step ladders since centuries from which they cannot move up and down with their own wish. So, Social Justice Department has the ability to break the barriers if it is working under responsive governance. ਸੋ, ਮੈਂ ਕਹਾਂਗੀ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਸੋਸ਼ਲ ਜਸਟਿਸ ਡਿਪਾਰਟਮੈਂਟ ਨੇ ਆਪਣੇ ਵੱਲੋਂ ਲੋਕਾਂ ਨੂੰ ਪੂਰਨ ਤੌਰ ਤੇ ਜਸਟਿਸ ਦਿਵਾਉਣ ਵਾਲਾ ਕੰਮ ਇੱਕ ਸਾਲ ਦੌਰਾਨ ਕੀਤਾ ਹੈ।

GK/HS 4.55 11-3--2023

ਮਾਨਯੋਗ ਸਪੀਕਰ ਸਾਹਿਬ, ਜਦੋਂ ਅਸੀਂ ਗਰੀਬੀ ਦੀ ਗੱਲ ਕਰਦੇ ਹਾਂ ਤਾਂ ਮੈਂ ਕਹਾਂਗੀ ਕਿ ਗਰੀਬ ਉਹ ਨਹੀਂ ਹੁੰਦੇ ਜੋ ਭੁੱਖੇ ਹੁੰਦੇ ਹਨ ਜਾਂ ਜਿਨ੍ਹਾਂ ਕੋਲ ਘਰ ਨਹੀਂ ਹੁੰਦੇ ਜਾਂ ਜਿਨ੍ਹਾਂ ਕੋਲ ਕੱਪੜੇ ਨਹੀਂ ਹੁੰਦੇ। ਸਭ ਤੋਂ ਵੱਧ ਗਰੀਬ ਲੋਕ ਉਹ ਹੁੰਦੇ ਹਨ ਜੋ ਆਪਣੇ ਆਪ ਨੂੰ unwanted feel ਕਰਦੇ ਹਨ ਜਾਂ uncared feel ਕਰਦੇ ਹਨ। ਸੋ, ਉਸ ਜਗ੍ਹਾ ਤੇ ਅਸੀਂ ਕਹਾਂਗੇ ਕਿ opposite of poverty is not wealth, opposite of poverty is justice ਸੋ, ਸੋਸ਼ਲ ਜਸਟਿਸ ਡਿਪਾਰਟਮੈਂਟ ਨੇ ਇਸ ਸਾਲ ਦੌਰਾਨ ਜਿੰਨਾ ਕੁ ਕੰਮ ਕੀਤਾ ਹੈ ਉਹ ਮੈਂ ਇੱਥੇ ਸ਼ੇਅਰ ਕਰਨਾ ਚਾਹੁੰਦੀ ਹਾਂ। ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਗੱਲ ਕਰਨੀ ਚਾਹੁੰਦੀ ਹਾਂ ਜੋ ਪਿਛਲੇ ਕਈ ਸਾਲਾਂ ਤੋਂ ਵਿਵਾਦਾਂ ਦੇ ਘੇਰੇ ਵਿੱਚ ਰਹੀ। ਕਦੇ ਗਰੀਬ ਬੱਚਿਆਂ ਦੇ ਸਕਾਲਰਸ਼ਿਪ ਖਾਣ ਸਬੰਧੀ ਤੇ ਕਦੇ ਗਰੀਬ ਬੱਚਿਆਂ ਨੂੰ ਡਿਗਰੀਆਂ ਨਾ ਮਿਲਣ ਕਰਕੇ ਵਿਵਾਦਾਂ ਵਿੱਚ ਰਹੀ। ਸੋ, ਇਸ ਵਿਭਾਗ ਨੇ, ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦੀ ਅਗਵਾਈ ਵਿੱਚ ਇਸ ਸਕੀਮ ਨੂੰ ਪੂਰੀ ਟ੍ਰਾਂਸਪੇਰੈਂਸੀ ਨਾਲ ਬੱਚਿਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਸੀਂ ਉਨ੍ਹਾਂ ਬੱਚਿਆਂ ਲਈ ਬੀ.ਆਰ. ਅੰਬੇਦਕਰ ਪੋਰਟਲ ਖੋਲ੍ਹਿਆ ਤਾਂ ਕਿ ਉਹ ਆਨਲਾਈਨ ਅਪਲਾਈ ਕਰ ਸਕਣ। ਇਹ ਪੋਰਟਲ ਸਾਰਾ ਸਾਲ ਖੁੱਲ੍ਹਾ ਰਿਹਾ ਅਤੇ ਜਿਹੜੀ ਸਕੀਮ ਪਿਛਲੇ ਸਾਲਾਂ ਦੌਰਾਨ ਡੁੱਬਦੀ ਨਜ਼ਰ ਆ ਰਹੀ ਸੀ ਅਤੇ ਕਿਹਾ ਜਾ ਰਿਹਾ ਸੀ ਕਿ ਵਿਦਿਆਰਥੀਆਂ ਦੀ ਗਿਣਤੀ ਡੇਢ ਲੱਖ ਤੱਕ ਪਹੁੰਚ ਗਈ। ਸਾਡੇ ਬੱਚੇ ਪੜ੍ਹਨ ਨਹੀਂ ਸੀ ਆ ਰਹੇ। ਸਾਡੇ ਬੱਚਿਆਂ ਨੂੰ ਡਿਗਰੀਆਂ ਨਹੀਂ ਮਿਲ ਰਹੀਆਂ ਸਨ ਕਿਉਂਕਿ ਉਨ੍ਹਾਂ ਦਾ ਵਜ਼ੀਫਾ ਨਹੀਂ ਪੈਂਦਾ ਸੀ। ਉਹ ਵਜ਼ੀਫਾ ਕਿੱਥੇ ਜਾਂਦਾ ਸੀ ਇਹ ਕੁਝ ਦਿਨ ਪਹਿਲਾਂ ਹੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਕਾਰਵਾਈ ਕੀਤੀ ਗਈ ਹੈ ਅਤੇ ਦੱਸਿਆ ਗਿਆ ਕਿ ਉਹ ਵਜ਼ੀਫਾ ਕਿੱਥੇ ਜਾਂਦਾ ਸੀ। ਉਹ ਜਿਨ੍ਹਾਂ ਲੋਕਾਂ ਕੋਲ ਜਾਂਦਾ ਸੀ ਉਨ੍ਹਾਂ ਦੀ ਜੋ ਹਾਲਤ ਹੋਈ ਹੈ ਉਹ ਸਾਰੇ ਪੰਜਾਬ ਦੇ ਸਾਹਮਣੇ ਹੈ। ਅੱਜ ਸਾਡੇ ਕੋਲ ਤਕਰੀਬਨ 2 ਲੱਖ 20 ਹਜਾਰ ਤੋਂ ਉੱਪਰ ਵਿਦਿਆਰਥੀ ਇਸ ਪੋਰਟਲ ਤੇ ਰਜਿਸਟਰ ਹੋ ਚੁੱਕੇ ਹਨ ਅਤੇ ਸਕਾਲਰਸ਼ਿਪ ਸਕੀਮ ਵਿੱਚ ਪੂਰੇ ਭਾਰਤ ਵਿੱਚ ਪਹਿਲੇ ਪੰਜ ਰਾਜਾਂ ਵਿੱਚ ਸਟੈਂਡ ਕਰਦੇ ਹਾਂ। ਪੋਸਟ ਮੈਟ੍ਰਿਕ ਸਕੀਮ, ਅਸ਼ੀਰਵਾਦ ਸਕੀਮ, ਆਦਰਸ਼ ਗ੍ਰਾਮ ਯੋਜਨਾਵਾਂ ਵੀ ਹਨ। ਅਸ਼ੀਰਵਾਦ ਸਕੀਮ ਲਈ ਬਹੁਤ ਕੁਝ ਕਿਹਾ ਗਿਆ। ਇਸ ਤੇ ਮੈਂ ਵੀ ਥੋੜ੍ਹੀ ਜਿਹੀ ਗੱਲ ਕਰਾਂਗੀ ਕਿ ਜਦੋਂ ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਸੀ ਤਾਂ ਜਿਹੜੀ ਸਕੀਮ ਦੇ ਅਧੀਨ ਜੁਲਾਈ ਵਿੱਚ ਅਸ਼ੀਰਵਾਦ ਸਕੀਮ ਵਿੱਚ 51,000/- ਰੁਪਿਆ ਕੀਤਾ ਗਿਆ ਸੀ ਤਾਂ ਉਸ ਤੋਂ ਬਾਅਦ ਸਿਰਫ ਦੋ ਮਹੀਨਿਆਂ ਤੱਕ ਉਨ੍ਹਾਂ ਬੱਚੀਆਂ ਨੂੰ ਅਸ਼ੀਰਵਾਦ ਸਕੀਮ ਦਾ ਲਾਭ ਮਿਲਿਆ। ਉਸ ਤੋਂ ਬਾਅਦ ਸਾਡੇ ਕੋਲ 35 ਹਜਾਰ ਤੋਂ ਉੱਪਰ ਅਜਿਹੀਆਂ ਬੱਚੀਆਂ ਸਨ ਜਿਨ੍ਹਾਂ ਨੂੰ ਅਸ਼ੀਰਵਾਦ ਸਕੀਮ ਦਾ ਲਾਭ ਨਹੀਂ ਮਿਲਿਆ

ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਉਂਦਿਆਂ ਹੀ ਉਨ੍ਹਾਂ ਬੱਚੀਆਂ ਲਈ 175 ਕਰੋੜ ਰੁਪਏ ਦੀ ਰਾਸ਼ੀ ਜਾਰ ਕੀਤੀ ਸੀ। ਸੋ, ਅਸੀਂ ਹਮੇਸ਼ਾ ਆਪਣੀਆਂ ਬੱਚੀਆਂ ਨਾਲ ਹਾਂ ਅਤੇ ਜਿਹੜੀ ਰਾਸ਼ੀ ਬਾਕੀ ਰਹਿੰਦੀ ਹੈ ਉਹ ਵੀ ਬਹੁਤ ਜਲਦ ਜਾਰੀ ਕਰ ਦਿੱਤੀ ਜਾਵੇਗੀ। ਮੈਂ ਵਿੱਤ ਮੰਤਰੀ ਸਾਹਿਬ ਦੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਸਾਲ ਲਈ 850 ਕਰੋੜ ਰੁਪਏ ਦਾ ਪ੍ਰਸਤਾਵ ਪੋਸਟ ਮੈਟ੍ਰਿਕ, ਅਸ਼ੀਰਵਾਦ ਅਤੇ ਆਦਰਸ਼ ਗ੍ਰਾਮ ਯੋਜਨਾ ਲਈ ਰੱਖਿਆ ਹੈ। ਆਦਰਸ਼ ਗ੍ਰਾਮ ਯੋਜਨਾ ਜਿੱਥੇ ਅਸੀਂ ਉਨ੍ਹਾਂ ਪਿੰਡਾਂ ਵਿੱਚ ਸਹੂਲਤਾਂ ਪ੍ਰਦਾਨ ਕਰਦੇ ਹਾਂ ਜਿਨ੍ਹਾਂ ਪਿੰਡਾਂ ਵਿੱਚ 50% ਤੋਂ ਉੱਪਰ ਐਸ.ਸੀ. ਪਾਪੁਲੇਸ਼ਨ ਦੀ ਆਬਾਦੀ ਹੈ। ਸੈਂਟਰ ਗੌਰਮਿੰਟ ਵੱਲੋਂ ਵੀ ਇਹ 40% ਪਾਪੁਲੇਸ਼ਨ ਕਰ ਦਿੱਤੀ ਗਈ ਹੈ ਔਰ ਮੈਂ ਆਪਣੇ ਪੱਧਰ ਤੇ ਵੀ ਰਿਕੁਐਸਟ ਕਰਕੇ ਆਈ ਸੀ ਕਿ ਇਨ੍ਹਾਂ ਪਿੰਡਾਂ ਨੂੰ ਚੁਨਣ ਦਾ ਅਧਿਕਾਰ ਸਟੇਟਸ ਨੂੰ ਦਿੱਤਾ ਜਾਵੇ। ਜਦੋਂ ਮਹਿਲਾਵਾਂ ਦੀ ਗੱਲ ਹੁੰਦੀ ਹੈ ਤਾਂ ਪੰਜਾਬ ਦੀ ਧਰਤੀ ਤੇ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਸਾਰੀਆਂ ਅਣਗਿਣਤ ਮਹਿਲਾਵਾਂ ਹਨ, ਜਿਨ੍ਹਾਂ ਦੀਆਂ ਉੱਚੀਆਂ ਉਪਲਬਧੀਆਂ ਰਹੀਆਂ। ਮੈਂ ਕਹਾਂਗੀ ਕਿ ਮਾਈ ਭਾਗੋ ਤੋਂ ਸ਼ੁਰੂ ਹੋ ਕੇ ਜੇ ਅਸੀਂ ਨਾਮ ਗਿਣਨ ਲੱਗ ਜਾਈਏ ਤਾਂ ਸਾਡੇ ਕੋਲ ਲਿਸਟ ਬਹੁਤ ਲੰਬੀ ਹੋ ਜਾਵੇਗੀ, ਅੰਮ੍ਰਿਤਾ ਪ੍ਰੀਤਮ ਅਤੇ ਸੁਰਿੰਦਰ ਕੌਰ ਵਰਗੀਆਂ ਆਰਟਿਸਟ ਮਹਿਲਾਵਾਂ ਤੇ ਹਰ ਘਰ ਦੇ ਵਿੱਚ ਹਰ ਲੈਵਲ ਉੱਪਰ ਕਿਰਤ ਕਰਦੀਆਂ ਮਹਿਲਾਵਾਂ, ਉਹ ਸਾਰੀਆਂ ਹੀ ਪੰਜਾਬ ਦੀਆਂ ਉਪਲਬਧੀ ਵਾਲੀਆਂ ਮਹਿਲਾਵਾਂ ਹਨ। ਅੱਜ ਦੇ ਦਿਨ ਕੁਝ ਕੁ ਲਾਈਨਾਂ ਹਾਊਸ ਅੱਗੇ ਰੱਖਣਾ ਚਾਹਾਂਗੀ।

05.00 11.03.2023 Rajneet/Birendra singh

**ਮਾਨਯੋਗ ਸਪੀਕਰ :** ਮੰਤਰੀ ਜੀ, ਤੁਸੀਂ ਕਨਕਲੂਡ ਕਰ ਲਵੋ। ਜਲਦੀ ਕਰੋ।

**ਮੰਤਰੀ :** ਸਰ, ਮੈਂ ਤੁਹਾਡੇ ਦੋ ਕੁ ਮਿੰਟ ਹੀ ਲਵਾਂਗੀ। ਮੈਨੂੰ ਲਗਦਾ ਹੈ ਕਿ ਇਹ ਦੱਸਣਾ ਜ਼ਰੂਰੀ ਹੈ ਕਿ ਅਸੀਂ ਮਹਿਲਾਵਾਂ ਲਈ ਕੀ ਕਰ ਰਹੇ ਹਾਂ। ਸ਼੍ਰੀਮਤੀ ਸੁਖਵਿੰਦਰ ਅੰਮ੍ਰਿਤ ਜੋ ਕਿ ਸਾਹਿਤ ਅਕੈਡਮੀ ਐਵਾਰਡ ਵਿਨਰ ਹਨ। ਮੈਂ ਉਨ੍ਹਾਂ ਦੀਆਂ ਕੁਝ ਲਾਈਨਾਂ ਜ਼ਰੂਰ ਬੋਲ ਕੇ ਜਾਵਾਂਗੀ।

'ਹਰ ਯੁੱਗ ਵਿੱਚ ਮਾਵਾਂ ਆਪਣੀਆਂ ਧੀਆਂ ਨੂੰ ਕੁਝ ਨਾ ਕੁਝ ਜ਼ਰੂਰ ਆਖਦੀਆਂ ਨੇ,
ਜੋ ਜ਼ਿੰਦਗੀ ਵਿੱਚ ਉਨ੍ਹਾਂ ਦੇ ਕੰਮ ਆਵੇ, ਉਨ੍ਹਾਂ ਦੇ ਰਾਹ ਰੁਸ਼ਨਾਵੇ।
ਮੇਰੀ ਮਾਂ ਨੇ ਵੀ ਮੈਨੂੰ ਬਹੁਤ ਕੁਝ ਆਖਿਆ ਸੀ
ਕਿ ਸਿਆਣੀਆਂ ਕੁੜੀਆਂ ਲੁਕ-ਲੁਕ ਕੇ ਰਹਿੰਦੀਆਂ,
ਧੁਖ-ਧੁਖ ਕੇ ਜਿਊਂਦੀਆਂ, ਝੁਕ-ਝੁਕ ਕੇ ਤੁਰਦੀਆਂ।

ਨਾ ਉੱਚਾ ਬੋਲਦੀਆਂ, ਨਾ ਉੱਚਾ ਹੱਸਦੀਆਂ,

ਕੁੜੀਆਂ ਤਾਂ ਨਿਰੀਆਂ ਗਊਆਂ ਹੁੰਦੀਆਂ।

ਜਿਹੜੇ ਕਿੱਲੇ ਨਾਲ ਬੰਨ੍ਹ ਦਿਓ, ਬੱਝੀਆਂ ਰਹਿੰਦੀਆਂ।

ਮੇਰੀ ਮਾਂ ਦੇ ਆਖੇ ਇਹ ਬੋਲ ਮੇਰੇ ਕਿਸੇ ਕੰਮ ਨਾ ਆਏ

ਤੇ ਉਸ ਦਾ ਹਰ ਇੱਕ ਵਾਕ ਮੇਰੇ ਰਾਹ ਵਿੱਚ ਦੀਵਾਰ ਬਣ ਕੇ ਉਸਰ ਆਇਆ

ਤੇ ਉਸ ਤੋਂ ਬਾਅਦ ਮੈਂ ਵੀ ਆਪਣੀ ਧੀ ਨੂੰ ਸਮਝਾਇਆ

ਕਿ ਕਦਮ ਕਦਮ ਤੇ ਦੀਵਾਰਾਂ ਨਾਲ ਸਮਝੌਤੇ ਨਾ ਕਰੀਂ।

ਆਪਣੀਆਂ ਉਡਾਰੀਆਂ ਨੂੰ ਪਿੰਜਰਿਆਂ ਕੋਲ ਗਹਿਣੇ ਨਾ ਧਰੀਂ।

ਤੂੰ ਆਪਣੇ ਰੁਤਬੇ ਨੂੰ ਏਨਾ ਬੁਲੰਦ ਤੇ ਏਨਾ ਰੌਸ਼ਨ ਕਰੀਂ

ਕਿ ਹਰ ਹਨੇਰਾ ਤੈਨੂੰ ਵੇਖ ਕੇ ਤ੍ਰਭਕ ਜਾਵੇ, ਹਰ ਦੀਵਾਰ ਤੈਨੂੰ ਵੇਖ ਕੇ ਤ੍ਰਭਕ ਜਾਵੇ।

ਹਰ ਜੰਜ਼ੀਰ ਤੈਨੂੰ ਵੇਖ ਕੇ ਮੜਕ ਜਾਵੇ। ਮਾਣ ਨਾਲ ਜਿਊਈਂ ਤੇ ਮਾਣ ਨਾਲ ਮਰੀਂ।

ਦੀਵਾਰਾਂ ਨਾਲ ਸਮਝੌਤੇ ਹਰਗਿਜ਼ ਨਾ ਕਰੀਂ। (ਥੰਪਿੰਗ)

ਸੋ, ਭਗਵੰਤ ਮਾਨ ਦੀ ਸਰਕਾਰ ਵੀ ਆਪਣੀਆਂ ਪੰਜਾਬ ਦੀਆਂ ਬੇਟੀਆਂ ਨੂੰ ਇਹੀ ਸੁਨੇਹਾ ਦੇਵੇਗੀ। ਆਪਣੀਆਂ ਪੰਜਾਬ ਦੀਆਂ ਮਹਿਲਾਵਾਂ ਨੂੰ ਇਹੀ ਸੁਨੇਹਾ ਦੇਵੇਗੀ ਕਿ ਦੀਵਾਰਾਂ ਨਾਲ ਸਮਝੌਤੇ ਨਹੀਂ ਕਰਨੇ ਅਤੇ ਨਾ ਹੀ ਕਰਨ ਦੇਵਾਂਗੇ। ਸੋ, ਵਿੱਤ ਮੰਤਰੀ ਜੀ ਵੱਲੋਂ ਔਰਤ ਦੇ ਸ਼ਸ਼ਕਤੀਕਰਨ ਲਈ ਜੋ ਗ੍ਰਾਂਟ ਰਿਲੀਜ਼ ਕੀਤੀ ਗਈ ਹੈ, ਕਿਹਾ ਜਾ ਰਿਹਾ ਸੀ ਕਿ ਔਰਤਾਂ ਨਾਲ ਧੋਖਾ ਹੋ ਗਿਆ। ਮੈਂ ਕਹਾਂਗੀ ਕਿ ਆਂਗਨਵਾੜੀ ਵਰਕਰ ਜੋ ਕਿ ਮੇਰੇ ਡਿਪਾਰਟਮੈਂਟ ਦਾ ਬਹੁਤ ਹੀ ਇੰਪਾਰਟੈਂਟ ਵਿਭਾਗ, ਆਂਗਨਵਾੜੀ ਵਰਕਰਜ਼ ਨਾਲ ਜੁੜਿਆ ਹੋਇਆ ਹੈ। ਸੋ, 5700 ਦੇ ਕਰੀਬ ਆਂਗਨਵਾੜੀ ਵਰਕਰਜ਼ ਦੀ ਭਰਤੀ ਚੱਲ ਰਹੀ ਹੈ। ਮੈਂ ਦੱਸ ਦਿਆਂ ਕਿ ਪਿਛਲੇ 20 ਸਾਲਾਂ ਤੋਂ ਉਨ੍ਹਾਂ ਦੀਆਂ ਬਦਲੀਆਂ ਨਹੀਂ ਹੁੰਦੀਆਂ ਸਨ, ਇਹ ਇੱਕ ਬਹੁਤ ਵੱਡੀ ਪ੍ਰਾਬਲਮ ਸੀ। ਜਿਹੜੀਆਂ ਲੇਡੀਜ਼ 150-200 ਕਿਲੋਮੀਟਰ ਘਰ ਤੋਂ ਦੂਰ ਜਾ ਕੇ ਨੌਕਰੀਆਂ ਕਰਦੀਆਂ ਸੀ। ਜਿਨ੍ਹਾਂ ਦਾ ਵਿਆਹ ਹੋ ਜਾਂਦਾ ਸੀ ਤੇ ਉਨ੍ਹਾਂ ਨੂੰ ਫੇਰ ਸਹੁਰੇ ਘਰ ਤੋਂ ਪੇਕੇ ਘਰ ਨੌਕਰੀ ਕਰਨੀ ਪੈਂਦੀ ਸੀ। ਸੋ, ਇਨ੍ਹਾਂ 20 ਸਾਲਾਂ ਦੌਰਾਨ ਬਦਲੀਆਂ ਸਬੰਧੀ ਪੁਰਾਣੀਆਂ ਸਰਕਾਰਾਂ ਨੇ ਕੋਈ ਵੀ ਪਾਲਿਸੀ ਨਹੀਂ ਬਣਾਈ ਸੀ ਕਿ ਉਨ੍ਹਾਂ ਦੀਆਂ ਬਦਲੀਆਂ ਹੋ ਜਾਣ। ਸੋ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਉਂਦੇ ਸਾਰ ਹੀ ਪਹਿਲਾ ਕੰਮ ਪਾਲਿਸੀ ਬਣਾਉਣ ਦਾ

ਕੀਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅੱਜ ਉਹ ਵਰਕਰਜ਼ ਆਪਣੇ ਘਰਾਂ ਦੇ ਨੇੜੇ ਜਾ ਕੇ ਬੈਠੀਆਂ ਹਨ। ਸੋ, ਅਸੀਂ ਹਮੇਸ਼ਾ ਔਰਤਾਂ ਦੇ ਨਾਲ ਹਾਂ।

ਦੂਸਰੀ ਗੱਲ, ਸਾਨੂੰ ਇਹ ਹਮੇਸ਼ਾ ਲਗਦਾ ਸੀ ਕਿ ਅਸੀਂ ਬਾਬਾ ਸਾਹਿਬ ਅੰਬੇਦਕਰ ਦੀ ਵਿਚਾਰਧਾਰਾ ਤੋਂ ਪਾਸੇ ਜਾ ਰਹੇ ਹਾਂ ਲੇਕਿਨ ਮੈਂ ਇਹ ਵੀ ਦੱਸ ਦਿਆਂ ਕਿ ਆਂਗਨਵਾੜੀ ਵਰਕਰਜ਼ ਦੀ ਭਰਤੀ ਆਨਰੇਰੀਅਮ ਬੇਸਡ ਹੈ। ਜੇਕਰ ਅਸੀਂ ਰਿਜ਼ਰਵੇਸ਼ਨ ਐਕਟ, 2006 ਦੀ ਗੱਲ ਕਰੀਏ ਤਾਂ ਅਸੀਂ ਹਰ ਭਰਤੀ ਦੇ ਵਿੱਚ ਰਿਜ਼ਰਵੇਸ਼ਨ ਦੇਣੀ ਹੁੰਦੀ ਹੈ। ਇੰਨੇ ਸਾਲਾਂ ਤੋਂ ਚੱਲੀ ਆ ਰਹੀ ਸਕੀਮ ਦੇ ਵਿੱਚ ਅੱਜ ਤੱਕ ਕਿਸੇ ਨੇ ਰਿਜ਼ਰਵੇਸ਼ਨ ਨਹੀਂ ਦਿੱਤੀ। ਸੋ, 47 ਸਾਲਾਂ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਪਹਿਲੀ ਸਰਕਾਰ ਹੈ ਜਿਸ ਨੇ ਆਂਗਨਵਾੜੀ ਵਰਕਰਜ਼ ਦੀ ਭਰਤੀ ਵਿੱਚ ਰਿਜ਼ਰਵੇਸ਼ਨ ਲਾਗੂ ਕੀਤੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਕੁ.ਕ/ਬ.ਸ. 05.05 11.03.2023

ਮੈਂ ਮਾਨਯੋਗ ਵਿੱਤ ਮੰਤਰੀ ਸਾਹਿਬ ਅਤੇ ਮਾਨਯੋਗ ਮੁੱਖ ਮੰਤਰੀ ਜੀ ਦਾ ਬਹੁਤ ਹੀ ਧੰਨਵਾਦ ਕਰਦੀ ਹਾਂ ਜੋ ਕਿ ਇੱਕ ਨਵੀਂ ਸਕੀਮ ਬਜਟ ਵਿੱਚ ਲੈ ਕੇ ਆਏ ਹਨ ਜੋ ਕਿ ਸ਼ਾਇਦ ਕੱਲ੍ਹ ਨਹੀਂ ਦੱਸੀ ਗਈ। ਉਹ ਸਕੀਮ gender equality ਨੂੰ ਇੰਪਾਰਟੈਂਸ ਦੇਣ ਲਈ ਹੈ। Gender ਬਜਟ ਪਹਿਲੀ ਵਾਰ ਪੰਜਾਬ ਵਿੱਚ ਲਿਆਂਦਾ ਗਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਸ ਲਈ 7 ਹਜ਼ਾਰ 172 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਮੈਂ gender budget ਸਬੰਧੀ ਥੋੜ੍ਹਾ ਜਿਹਾ ਜ਼ਰੂਰ ਦੱਸਣਾ ਚਾਹੁੰਦੀ ਹਾਂ। ਅਸੀਂ ਕਈ ਸਕੀਮਾਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਸਾਨੂੰ ਲਗਦਾ ਹੈ ਕਿ ਮਹਿਲਾਵਾਂ ਨੂੰ ਕੋਈ ਬਹੁਤਾ ਲਾਭ ਨਹੀਂ ਮਿਲ ਰਿਹਾ ਹੈ, ਕੁਝ ਸਕੀਮਾਂ ਅਜਿਹੀਆਂ ਹਨ ਜਿਹੜੀਆਂ ਲਗਦੀਆਂ ਹਨ ਕਿ ਮਹਿਲਾਵਾਂ ਲਈ ਹੀ ਬਣੀਆਂ ਹਨ। ਜਿਵੇਂ ਕਿ ਵਿਧਵਾ ਪੈਨਸ਼ਨ ਸਕੀਮ ਹੈ, ਬੱਸਾਂ ਦਾ ਫਰੀ ਸਫਰ ਕਹਿ ਲਈਏ। ਬਹੁਤੀਆਂ ਸਕੀਮਾਂ ਅਜਿਹੀਆਂ ਹਨ ਜਿੱਥੇ ਮਹਿਲਾਵਾਂ ਨੂੰ ਬਹੁਤਾ ਲਾਭ ਨਹੀਂ ਮਿਲ ਰਿਹਾ ਹੈ। ਉਦਾਹਰਨ ਦੇ ਤੌਰ ਤੇ ਜੇ ਮੈਂ ਪਿੰਡਾਂ ਵਿੱਚ ਲੱਗ ਰਹੀਆਂ ਸੋਲਰ ਲਾਈਟਾਂ ਦੀ ਗੱਲ ਕਰਾਂ ਕਿ ਇਸ ਵਿੱਚ ਮਹਿਲਾਵਾਂ ਨੂੰ ਕੀ ਲਾਭ ਹੈ। ਸੋ, ਸਾਡਾ ਵਿਭਾਗ ਜਿਸ ਨੂੰ ਮੁੱਖ ਮੰਤਰੀ ਜੀ ਨੇ ਨੋਡਲ ਡਿਪਾਰਟਮੈਂਟ ਬਣਾਇਆ ਹੈ, ਇਹ ਪਾਲਿਸੀ ਬਣਾਏਗਾ ਕਿ ਜੇਕਰ ਪਿੰਡ ਵਿੱਚ ਸੋਲਰ ਲਾਈਟਾਂ ਲੱਗ ਰਹੀਆਂ ਹਨ ਤਾਂ ਉਸ ਪਿੰਡ ਵਿੱਚ ਜੇਕਰ ਕੋਈ ਔਰਤ needy ਹੈ, ਜੇ ਕੋਈ ਔਰਤ ਵਿਧਵਾ ਹੈ ਅਤੇ ਇਕੱਲੀ ਰਹਿ ਰਹੀ ਹੈ ਤਾਂ ਉਹ ਸੋਲਰ ਲਾਈਟ ਉਸ ਦੇ ਘਰ ਕੋਲ ਲੱਗਣੀ ਚਾਹੀਦੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਲਈ ਅਸੀਂ ਸ਼ੁਰੂ ਵਿੱਚ ਚਾਰ ਡਿਪਾਰਟਮੈਂਟਾਂ ਨੂੰ ਲਿਆ ਹੈ। ਜਿਸ ਵਿੱਚ ਸੋਸ਼ਲ ਜਸਟਿਸ, ਸੋਸ਼ਲ ਸਕਿਉਰਟੀ, ਲੇਬਰ ਡਿਪਾਰਟਮੈਂਟ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਡਿਪਾਰਟਮੈਂਟ ਹਨ।

ਇਨ੍ਹਾਂ ਚਾਰੇ ਡਿਪਾਰਟਮੈਂਟਾਂ ਵਿੱਚ ਅਸੀਂ ਸਾਰੀਆਂ ਸਕੀਮਾਂ ਵਿੱਚ 50 ਪਰਸੈਂਟ ਨਿਵੇਸ਼ ਔਰਤਾਂ ਦੀ ਭਲਾਈ ਲਈ ਲੈ ਕੇ ਆਵਾਂਗੇ। ਹਰ ਸਕੀਮ ਵਿੱਚ ਅਸੀਂ ਇਹ modification ਕਰਾਂਗੇ। ਸੋ, ਇਹ ਪਾਲਿਸੀਆਂ ਦੇ ਵਿੱਚ ਬਹੁਤ ਵੱਡਾ ਨਵੀਨੀਕਰਨ ਹੈ ਔਰ ਖਾਸ ਕਰਕੇ ਔਰਤਾਂ ਦੇ ਲਈ। ਸੋ, ਮੈਂ gender budgeting ਲਈ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦੀ ਹਾਂ ਕਿ ਉਨ੍ਹਾਂ ਨੇ ਪਹਿਲੀ ਵਾਰ ਪੰਜਾਬ ਵਿੱਚ gender budget ਲਾਗੂ ਕੀਤਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਸਿਰਫ ਇਨ੍ਹਾਂ ਚਾਰ ਡਿਪਾਰਟਮੈਂਟਾਂ ਤੱਕ ਹੀ ਨਹੀਂ, ਅਸੀਂ ਹੌਲੀ-ਹੌਲੀ ਸਾਰੇ ਡਿਪਾਰਟਮੈਂਟਾਂ ਦੇ ਵਿੱਚ gender budget ਸ਼ੁਰੂ ਕਰ ਲਵਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਮੰਤਰੀ:** ਬੀਬੀ ਜੀ, ਕਨਕਲੂਡ ਕਰੋ।

**ਮੰਤਰੀ:** ਹਾਂ ਜੀ, ਮੈਂ ਖਤਮ ਕਰਨ ਲੱਗੀ ਹਾਂ। ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਪਹਿਲਾਂ ਵੀ ਕੈਂਪਸ ਲਗਾ ਕੇ ਢਾਈ ਲੱਖ ਤੋਂ ਉੱਪਰ ਪੈਨਸ਼ਨਰਜ਼ ਐਡ ਕਰ ਲਏ ਸੀ। ਉਨ੍ਹਾਂ ਨੂੰ ਵੀ ਮੌਕੇ ਤੇ ਪੈਨਸ਼ਨਾਂ ਦਵਾਈਆਂ। ਇਸ ਤੋਂ ਬਾਅਦ ਜਿਹੜਾ ਨੈਕਸਟ ਬਜਟ ਹੈ, ਉਸ ਵਿੱਚ ਵੀ 22 ਪਰਸੈਂਟ ਬਜਟ ਵਧਾ ਕੇ ਸਾਨੂੰ ਦਿੱਤਾ ਹੈ। ਸੋ, ਇਸ ਲਈ ਮੈਂ ਬਹੁਤ-ਬਹੁਤ ਧੰਨਵਾਦ ਕਰਦੀ ਹਾਂ। ਸੋ, ਆਖਰ ਦੇ ਵਿੱਚ ਬਾਬਾ ਸਾਹਿਬ ਅੰਬੇਦਕਰ ਦੀਆਂ ਲਾਈਨਾਂ ਨਾਲ ਕਨਕਲੂਡ ਕਰਦੀ ਹਾਂ:

> *However good the Constitution may be, the people who are implementing it, if they are not good it may be proven bad.*

ਸੋ, ਸਾਡੀ ਸਾਰੀ ਟੀਮ ਇਸ ਤੇ ਪੂਰੀ ਤਰ੍ਹਾਂ ਅਮਲ ਕਰੇਗੀ ਕਿ ਬਾਬਾ ਸਾਹਿਬ ਅੰਬੇਦਕਰ ਦਾ ਸੰਵਿਧਾਨ ਪੂਰੀ ਦੁਨੀਆਂ ਵਿੱਚ ਅਸੀਂ ਵਧੀਆ ਸੰਵਿਧਾਨ ਸਾਬਤ ਕਰ ਸਕੀਏ। ਬਹੁਤ-ਬਹੁਤ ਧੰਨਵਾਦ।

**Mr. Speaker:** Thank you. ਰਾਜਾ ਵੜਿੰਗ ਜੀ। ਰਾਜਾ ਜੀ, ਤੁਹਾਡੀ ਪਾਰਟੀ ਦਾ ਸਮਾਂ ਉੱਪਰ ਹੋ ਚੁੱਕਿਆ ਹੈ। ਤੁਹਾਨੂੰ ਪੰਜ ਮਿੰਟ ਦਿੱਤੇ ਜਾਂਦੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਪੰਜਾਂ ਮਿੰਟਾਂ ਵਿੱਚ ਤਾਂ ਗੱਲ ਹੀ ਨਹੀਂ ਰੱਖੀ ਜਾਣੀ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਰੱਖ ਲਵੋ। ਵੱਡੀ ਤੋਂ ਵੱਡੀ ਗੱਲ ਵੀ ਦੋ ਮਿੰਟ ਵਿੱਚ ਰੱਖੀ ਜਾਂਦੀ ਹੈ। ਤੁਸੀਂ ਆਪਣੀ ਗੱਲ ਰੱਖ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਅੱਛਾ ਜੀ।

**ਮਾਨਯੋਗ ਸਪੀਕਰ:** ਜੀ, yes.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਸੁਖਵਿੰਦਰ ਕੁਮਾਰ ਸੁੱਖੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਡਾਕਟਰ ਸਾਹਿਬ ਹੋ ਗਿਆ ਹੈ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਅੱਧਾ ਕੁ ਮਿੰਟ ਹੀ ਲੈਣਾ ਹੈ ਜੀ।

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਨੇ ਤਾਂ ਤੁਹਾਨੂੰ ਡਬਲ ਟਾਈਮ ਦਿਵਾ ਦਿੱਤਾ ਸੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਮੈਨੂੰ ਤਾਂ ਦੋ ਮਿੰਟ ਹੀ ਮਿਲੇ ਸਨ।

**ਮਾਨਯੋਗ ਸਪੀਕਰ:** ਨਹੀਂ, ਨਹੀਂ। ਤੁਸੀਂ ਤਾਂ ਸਮਾਂ ਲੈ ਕੇ ਸਾਹਮਣੇ ਹੀ ਮੁੱਕਰੀ ਜਾਂਦੇ ਹੋ।

**ਸ਼੍ਰੀ ਸੁਖਵਿੰਦਰ ਕੁਮਾਰ ਸੁੱਖੀ:** ਸਰ, ਮੈਂ ਤਾਂ ਧੰਨਵਾਦ ਹੀ ਕਰਨਾ ਹੈ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਮੈਨੂੰ ਸਿਰਫ ਪੰਜ ਮਿੰਟ ਹੀ ਦਿੱਤੇ ਹਨ। ਪੰਜਾਂ ਮਿੰਟਾਂ ਵਿੱਚ ਮੈਂ ਕੀ ਬੋਲਾਂਗਾ ਜੀ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ ਤੁਸੀਂ ਬੈਠੋ, ਰਾਜਾ ਜੀ ਤੁਸੀਂ ਬੋਲੋ।

ਪ.ਸ਼./ਰ.ਕ/5.10/11.03.2023

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਡਮ ਬਲਬੀਰ ਕੌਰ, ਜਿਨ੍ਹਾਂ ਨੇ ਬਹੁਤ ਸੁਹਣਾ, ਸਾਫ ਅਤੇ ਸ਼ੁੱਧ ਲਫਜ਼ਾਂ ਵਿੱਚ ਭਾਸ਼ਣ ਦਿੱਤਾ ਹੈ ਅਤੇ ਮੈਂ ਕਹਿੰਦਾ ਹਾਂ ਕਿ ਜੇਕਰ ਅਸੀਂ ਇਸ ਤਰ੍ਹਾਂ ਹਾਊਸ ਚਲਾਈਏ ਤਾਂ ਬਿਹਤਰੀਨ ਹੋਵੇਗਾ। ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਬਹੁਤ ਚੰਗਾ ਬੋਲੇ ਪਰ ਮੈਂ ਮੁਆਫੀ ਚਾਹਾਂਗਾ ਕਿ ਜਿਹੜੀਆਂ ਕੁਝ ਗੱਲਾਂ ਬਜਟ ਵਿੱਚ ਨਹੀਂ ਰੱਖੀਆਂ ਗਈਆਂ, ਜਿਨ੍ਹਾਂ ਬਾਰੇ ਮੈਂ ਲੋਕਾਂ ਨੂੰ ਚਾਨਣਾ ਪਾਉਣਾ ਚਾਹੁੰਦਾ ਹਾਂ। ਰਹਿਮਾਨ ਜੀ ਤੁਸੀਂ ਬਹੁਤ ਚੰਗਾ ਬੋਲੇ ਹੋ, ਮੈਂ ਤੁਹਾਡੇ ਵਰਗੀ ਸ਼ਾਇਰੋ ਸ਼ਾਇਰੀ ਤਾਂ ਨਹੀਂ ਕਰ ਸਕਦਾ। ਕਿਸੇ ਨੇ ਕਿਹਾ ਹੈ ਕਿ:

तालीम का जोर इतना, तालीम का जोर इतना,

तहजीब का शोर इतना,

बरकत क्यों नहीं होती तुम्हारी नीयत में खराबी है।

ਸੋ, ਬਜਟ ਵਿੱਚ ਕੁਝ ਚੰਗੀਆਂ ਗੱਲਾਂ ਵੀ ਹੋਈਆਂ। ਮੈਨੂੰ ਯਾਦ ਹੈ ਕਿ ਪਿਛਲੀ ਵਾਰੀ ਬਜਟ ਵਿੱਚ ਇੱਕ ਨਵੀਂ ਸਕੀਮ "ਫਰਿਸ਼ਤੇ" ਲੈ ਕੇ ਆਏ ਸੀ। ਇਸ ਵਾਰੀ ਉਸ ਸਕੀਮ ਦਾ ਜ਼ਿਕਰ ਹੀ ਨਹੀਂ ਕੀਤਾ

ਗਿਆ। ਸਰਕਾਰ ਜੇ ਕੋਈ ਚੰਗੀ ਗੱਲ ਕਰੇ ਤਾਂ ਉਸ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਬਹੁਤ ਸਾਰੀਆਂ ਗੱਲਾਂ ਕੀਤੀਆਂ ਗਈਆਂ। ਮੈਂ ਇੱਥੇ ਇੱਕ ਗੱਲ ਇਹ ਵੀ ਕਹਿਣੀ ਚਾਹਾਂਗਾ ਕਿ ਅਸੀਂ ਪਿਛਲੀ ਸਰਕਾਰ ਵੇਲੇ ਪੰਜ ਸਾਲਾਂ ਵਿੱਚ ਤਕਰੀਬਨ 73 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਔਰ ਸਾਡੀ ਸਰਕਾਰ ਨੇ, ਹੁਣ ਵਾਲੀ ਸਰਕਾਰ ਨੇ 31 ਹਜ਼ਾਰ ਕਰੋੜ ਰੁਪਏ ਦਾ ਕਰਜ਼ ਪਹਿਲੇ ਸਾਲ ਵਿੱਚ ਹੀ ਲੈ ਲਿਆ ਔਰ ਨਾਲ ਹੀ ਇਹ ਵੀ ਤਜਵੀਜ਼ ਰੱਖ ਦਿੱਤੀ ਗਈ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ 35 ਹਜ਼ਾਰ ਕਰੋੜ ਰੁਪਿਆ ਦਾ ਕਰਜ਼ਾ ਹੋਰ ਲੈ ਸਕਦੇ ਹਾਂ, ਯਾਨੀ ਕਿ ਤਕਰੀਬਨ 66 ਹਜ਼ਾਰ ਕਰੋੜ ਰੁਪਏ। ਮੈਨੂੰ ਯਾਦ ਹੈ ਕਿ ਮਾਨ ਸਾਹਿਬ 29 ਮਾਰਚ ਨੂੰ ਪੰਜਾਬੀ ਯੂਨੀਵਰਸਿਟੀ ਜਾ ਕੇ ਆਏ ਸੀ ਔਰ ਅੱਜ ਮੈਂ ਉਨ੍ਹਾਂ ਨੂੰ ਬੇਨਤੀ ਵੀ ਕਰਾਂਗਾ ਕਿ ਕੋਈ ਫਰਕ ਨਹੀਂ ਪੈਂਦਾ ਜੇਕਰ ਤੁਸੀਂ ਸਮਝਦੇ ਹੋ ਕਿ ਕਰਜ਼ਾ ਲੈਣਾ ਜ਼ਰੂਰੀ ਸੀ, 66 ਹਜ਼ਾਰ ਕਰੋੜ ਰੁਪਿਆ ਕਰਜ਼ਾ ਹੋ ਜਾਵੇਗਾ। ਸਾਡਾ ਪੰਜ ਸਾਲਾਂ ਵਿੱਚ 73 ਹਜ਼ਾਰ ਕਰੋੜ ਰੁਪਏ ਸੀ। ਜੇਕਰ 350 ਕਰੋੜ ਰੁਪਿਆ ਹੋਰ ਲੈ ਲਿਆ ਜਾਵੇ ਯਾਨੀ ਕਿ 3100 ਤੋਂ ਵਧਾ ਕੇ 3500 ਤਾਂ ਜੋ ਜਿਹੜੀ ਵੀਡੀਓ ਵਿੱਦਿਆ ਸਬੰਧੀ ਅੱਜ ਵੀ ਚੱਲਦੀ ਹੈ ਕਿ ਵਿੱਦਿਆ ਵਿਚਾਰੀ ਕਰਜ਼ੇ ਤੋਂ ਮੁਕਤ ਹੋ ਸਕਦੀ ਹੈ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਸਭ ਕੁਝ ਚਲੀ ਜਾਣਾ ਹੈ, ਚੱਲਦੇ ਰਹਿਣਾ ਹੈ। ਜਿਹੜਾ ਵੀ. ਸੀ. ਸਾਹਿਬ ਦਾ ਬਿਆਨ ਸੀ, ਉਹ ਬੜਾ ਖਤਰਨਾਕ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਸਟੂਡੈਂਟਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਇਸ ਵਾਸਤੇ ਆਵਾਜ਼ ਬੁਲੰਦ ਕਰੋ ਨਹੀਂ ਤਾਂ ਯੂਨੀਵਰਸਿਟੀ ਬੰਦ ਹੋ ਜਾਵੇਗੀ। ਮਾਲਵੇ ਤੋਂ ਜ਼ਿਆਦਾਤਰ ਸਾਡੀਆਂ ਕੁੜੀਆਂ, ਭੈਣਾਂ ਉੱਥੇ ਪੜ੍ਹਾਈ ਕਰ ਰਹੀਆਂ ਹਨ ਔਰ ਮੈਨੂੰ ਲੱਗਦਾ ਹੈ ਕਿ ਇਸ ਤੇ ਪੂਰਨ ਵਿਚਾਰ ਕਰਨ ਦੀ ਲੋੜ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਤੇ ਮੁੱਖ ਮੰਤਰੀ ਅਤੇ ਫਾਈਨਾਂਸ ਮਨਿਸਟਰ ਸਾਹਿਬ ਜ਼ਰੂਰ ਧਿਆਨ ਕਰਨਗੇ ਕਿਉਂਕਿ ਇਹ ਗੱਲ ਵਾਰ-ਵਾਰ ਆਉਂਦੀ ਹੈ, ਇਸ ਨੂੰ ਨਿਬੇੜ ਦੇਣਾ ਚਾਹੀਦਾ ਹੈ। ਸਕੂਲ ਆਲ ਐਮੀਨੈਂਸ ਸਬੰਧੀ ਬਹੁਤ ਗੱਲ ਹੋਈ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਸਾਲ ਬਜਟ ਵਿੱਚ ਸਕੂਲਾਂ ਲਈ 200 ਕਰੋੜ ਰੁਪਏ ਰੱਖੇ ਸੀ ਪਰ ਸਪੀਕਰ ਸਾਹਿਬ, ਅਸੀਂ ਸਕੂਲ ਕੇਵਲ ਅਨਾਊਂਸ ਕੀਤੇ ਹਨ। ਇਸ ਵਾਰੀ ਫਿਰ ਅਸੀਂ ਸਕੂਲਾਂ ਦੀ ਗੱਲ ਕੀਤੀ ਹੈ, ਚੰਗੀ ਅਤੇ ਬਹੁਤ ਵਧੀਆ ਗੱਲ ਹੈ। ਇਹ ਕੇਵਲ ਅਨਾਊਂਸਮੈਂਟ ਨਾ ਰਹੇ, ਉਸ ਤੇ ਤਵੱਜੋ ਫਰਮਾ ਕੇ ਛੇਤੀ ਤੋਂ ਛੇਤੀ ਕੰਮ ਪੂਰਾ ਕੀਤਾ ਜਾਵੇ ਤਾਂ ਬਹੁਤ ਬਿਹਤਰ ਹੋਵੇਗਾ। ਅਜੇ ਤੱਕ ਸਕੂਲਾਂ ਤੇ ਨਾਮ ਤੇ ਇੱਕ ਇੱਟ ਵੀ ਨਹੀਂ ਲੱਗੀ। ਪਿਛਲੀ ਵਾਰੀ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਅਸੀਂ 16 ਮੈਡੀਕਲ ਕਾਲਜ ਖੋਲ੍ਹਾਂਗੇ। ਇਹ ਇੱਕ ਬਹੁਤ ਵੱਡਾ ਕਦਮ ਸੀ। ਅਸੀਂ ਆਪਣੇ ਆਪ ਵਿੱਚ ਮਹਿਸੂਸ ਕਰਦੇ ਸਨ ਕਿ 16 ਮੈਡੀਕਲ ਕਾਲਜ ਖੋਲ੍ਹਣਗੇ।

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ ਅਜੇ ਇੱਕ ਪੇਜ ਵੀ ਨਹੀਂ ਹੋਇਆ।

**ਮਾਨਯੋਗ ਸਪੀਕਰ:** ਫਿਰ ਤੁਸੀਂ ਆਪਣੇ ਸਾਥੀਆਂ ਦੇ ਨਾਲ ਗੱਲ ਕਰਨੀ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਜਿੱਥੇ ਅਸੀਂ 16 ਮੈਡੀਕਲ ਕਾਲਜ ਦੀ ਗੱਲ ਕਰਦੇ ਸੀ, ਇੱਕ ਵੀ ਮੈਡੀਕਲ ਕਾਲਜ ਦੀ ਇੱਟ ਨਹੀਂ ਲੱਗੀ। ਬੇਸ਼ੱਕ ਆਪਾਂ ਜਿੰਨੀ ਮਰਜ਼ੀ ਗੱਲਾਂ ਕਰਦੇ ਰਹੀਏ। ਅਸੀਂ ਹੁਣ ਆਹਮਣੇ-ਸਾਹਮਣੇ ਬੈਠੇ ਹਨ। ਮੈਡੀਕਲ ਕਾਲਜ ਵਾਸਤੇ ਤੁਸੀਂ ਬਜਟ ਰੱਖਿਆ ਹੈ। ਜੇ ਅਗਲੇ ਸਾਲ 2 ਬਣਨਗੇ ਤਾਂ ਮੇਰਾ ਖਿਆਲ ਹੈ ਕਿ 16 ਫਿਰ ਕਦੋਂ ਬਣਨਗੇ। ਇਸ ਤੇ ਸਰਕਾਰ ਨੂੰ ਖੁਦ ਗੌਰ ਕਰਨਾ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਜੇਕਰ 2 ਦੀ ਜਗ੍ਹਾ 4 ਦੀ average ਇਸ ਸਾਲ ਹੋਵੇਗੀ ਤਾਂ ਬਿਹਤਰੀਨ ਹੋਵੇਗਾ ਤਦ ਹੀ ਤੁਸੀਂ 16 ਮੈਡੀਕਲ ਕਾਲਜਾਂ ਦੀ ਟੀਚਾ ਪੂਰਾ ਕਰੋਗੇ।

**5.15/ਜਸਪਾਲ/ਰਜਨੀਸ਼/11.3.2023**

ਮੈਂ ਇਕ ਸੁਜੈਸ਼ਨ ਦੇਣੀ ਚਾਹੁੰਦਾ ਹਾਂ। ਫਿਰ ਤੁਸੀਂ ਮੈਨੂੰ ਬਿਠਾ ਦੇਣਾ ਹੈ। ਕੈਂਸਰ ਪੇਸ਼ੈਂਟ ਵਾਸਤੇ ਮੁੱਖ ਮੰਤਰੀ ਸਾਹਿਬ ਦੇ ਰਿਲੀਫ ਫੰਡ ਵਿਚੋਂ ਹਮੇਸ਼ਾ ਡੇਢ ਲੱਖ ਰੁਪਏ ਜਾਂਦੇ ਹਨ, ਮੁੱਖ ਮੰਤਰੀ ਸਾਹਿਬ ਮੇਰੀ ਬੇਨਤੀ ਹੈ ਕਿ ਅੱਜ ਤੋਂ 10 ਵਜੇ ਪਹਿਲਾਂ ਵੀ ਡੇਢ ਲੱਖ ਰੁਪਿਆ ਜਾਂਦਾ ਸੀ, ਇਸ ਦੇ ਉਤੇ ਜ਼ਰੂਰ ਗੌਰ ਫੁਰਮਾ ਕੇ ਇਸ ਨੂੰ ਘੱਟੋ ਘੱਟ ਤਿੰਨ ਲੱਖ ਰੁਪਿਆ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਕੈਂਸਰ ਪੇਸ਼ੈਂਟ ਦਿਨ ਪ੍ਰਤੀ ਦਿਨ ਹੋਰ ਵੱਧ ਰਹੇ ਹਨ। ਇਸ ਦੇ ਨਾਲ ਨਾਲ ਮੈਂ ਬੇਨਤੀ ਕਰਾਂਗਾ ਕਿ ਕਿਡਨੀ ਟਰਾਂਸਪੇਲੈਂਟ ਵਾਸਤੇ 4.5 ਲੱਖ ਰੁਪਿਆ ਤਕਰੀਬਨ ਲੱਗ ਜਾਂਦਾ ਹੈ, ਕਿਡਨੀ ਟਰਾਂਸਪੇਲੈਂਟ ਜਿਸ ਵਿਅਕਤੀ ਦੀ ਹੋ ਜਾਂਦੀ ਹੈ ਉਹ 10 ਤੋਂ 15 ਸਾਲ ਦਾ ਆਪਣਾ ਜੀਵਨ ਹੋਰ ਜੀਅ ਸਕਦਾ ਹੈ ਉਸ ਦੇ ਉਤੇ ਵੀ ਮੈਨੂੰ ਲੱਗਦਾ ਹੈ ਕਿ ਕਿਡਨੀ ਟਰਾਂਸਪੇਲੈਂਟ ਆਮ ਹੀ ਹਸਪਤਾਲਾਂ ਵਿਚ ਬਹੁਤ ਹੋਣ ਲੱਗ ਪਿਆ ਹੈ । ਇਸ ਦੇ ਉਤੇ ਸਰਕਾਰ ਜ਼ਰੂਰ ਗੌਰ ਫ਼ਰਮਾਏ ਕਿਉਂਕਿ ਜਿਹੜੇ ਗਰੀਬ ਲੋਕ ਹਨ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ। ਰਾਜਾ ਜੀ, ਹੁਣ ਹੋ ਗਿਆ, ਤੁਸੀਂ ਬੈਠੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਮੈਂ ਤਾਂ ਸੁਜੈਸ਼ਨ ਹੀ ਦੇ ਰਿਹਾ ਹਾਂ।

**ਮਾਨਯੋਗ ਸਪੀਕਰ:** ਰਾਜਾ ਜੀ, ਤੁਸੀਂ ਲਿਖ ਕੇ ਸੀ.ਐਮ.ਸਾਹਿਬ ਨੂੰ ਸੁਜੈਸ਼ਨ ਦੇ ਦੇਣਾ। ਬੈਠੋ। ਸ਼੍ਰੀ ਰਜਨੀਸ਼ ਦਹੀਯਾ । ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਇਸ ਤਰ੍ਹਾਂ ਨਾ ਕਰੋ, ਫਿਰ ਮੈਨੂੰ ਬੁਲਾਉਂਦੇ ਹੀ ਨਾ, ਮੈਂ ਚਿੱਠੀ ਲਿਖੀ, ਬੇਨਤੀ ਕੀਤੀ, ਹੱਥ ਜੋੜੇ, ਮਿੰਨਤ ਕੀਤੀ।

**ਮੁੱਖ ਮੰਤਰੀ (ਬੈਠੇ ਬੈਠੇ):** ਇਨ੍ਹਾਂ ਨੂੰ ਕਨਕਲੂਡ ਕਰ ਲੈਣ ਦਿਉ ਜੀ।

**ਮਾਨਯੋਗ ਸਪੀਕਰ:** ਚਲੋ ਰਾਜਾ ਜੀ ਤੁਸੀਂ ਕਨਕਲੂਡ ਕਰੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੇਰਾ ਇਹ ਸੁਝਾਅ ਹੈ ਕਿ ਕਿਰਪਾ ਕਰਕੇ ਕਿਡਨੀ ਟਰਾਂਸਪੇਲੈਂਟ ਵਾਸਤੇ ਵੀ ਕੁਝ ਨਾ ਕੁਝ ਵਿਉਂਤਬੰਦੀ ਕੀਤੀ ਜਾਵੇ ਤਾਂ ਜੋ ਅਸੀਂ ਗਰੀਬਾਂ ਦੇ ਬੱਚਿਆਂ ਦੀ ਜਾਨ ਬਚਾ ਸਕੀਏ। ਸਰ, ਇਕ ਮੇਰਾ ਹੋਰ ਸੁਝਾਅ ਸਕੂਲ ਐਜੂਕੇਸ਼ਨ ਦੇ ਉਤੇ ਹੈ ਕਿ ਪੰਜਵੀਂ ਤੇ ਅੱਠਵੀਂ ਕਲਾਸ ਦੇ ਬੱਚਿਆਂ, ਵੈਸੇ ਪਤਾ ਨਹੀ ਜੀ ਇਸ ਗੱਲ ਬਾਰੇ ਜਦੋਂ ਮੈਂ ਬੋਲਾਂਗਾ ਤਾਂ ਬਾਹਰ ਇਸ ਦਾ ਕੀ ਰੀਐਕਸ਼ਨ ਹੋਵੇਗਾ। ਅਸੀਂ ਜਬਰਦਸਤੀ ਉਨ੍ਹਾਂ ਨੂੰ ਪਾਸ ਕਰ ਦਿੰਦੇ ਹਾਂ, ਇਹ ਪੱਕਾ ਹੈ। ਮੈਨੂੰ ਟੀਚਰਜ਼ ਮਿਲੇ ਉਹ ਇਹ ਗੱਲ ਕਹਿੰਦੇ ਹਨ ਕਿ ਪੰਜਵੀਂ ਤੇ ਅੱਠਵੀਂ ਕਲਾਸ ਦੇ ਬੱਚਿਆਂ ਨੂੰ ਅਸੀਂ ਜਬਰਦਸਤੀ ਪਾਸ ਕਰ ਦਿੰਦੇ ਹਨ, ਜੇ ਬੱਚੇ ਨੂੰ ਕੁਝ ਨਹੀਂ ਵੀ ਆਉਂਦਾ ਤਦ ਵੀ ਉਸ ਨੂੰ ਪਾਸ ਕਰਨ ਦਾ ਸਾਨੂੰ ਹੁਕਮ ਹੈ। ਫਿਰ ਅੱਗੇ ਜਾ ਕੇ ਬੱਚਿਆਂ ਦਾ ਡਰ ਚੁੱਕਿਆ ਜਾਂਦਾ ਹੈ । ਮੈਨੂੰ ਯਾਦ ਹੈ ਕਿ ਜਦੋਂ ਫੇਲ੍ਹ ਹੋ ਜਾਂਦੇ ਸੀ ਤਾਂ ਘਰੋਂ ਵੀ ਛਿੱਤਰ ਪੈਂਦੇ ਸੀ ਤੇ ਟੀਚਰ ਵੀ ਕੁੱਟਦੇ ਹੁੰਦੇ ਸੀ। ਸੋ, ਜੇ ਇਸ ਦੇ ਉਤੇ ਰਿਵਿਊ ਕਰ ਲਿਆ ਜਾਵੇ ਤਾਂ ਚੰਗਾ ਹੈ। (ਵਿਘਨ) ਮੈਂ ਇਹ ਨਹੀਂ ਕਹਿ ਰਿਹਾ ਕਿ ਅਗਰ ਕੋਈ ਬੱਚਾ ਪਾਸ ਨਹੀਂ ਹੁੰਦਾ। ਮੈਨੂੰ ਪਤਾ ਹੈ ਕਿ ਬੋਲਣ ਲਈ ਕਾਫੀ ਕੁਝ ਹੈ ਪਰ ਲਾਸਟ ਵੰਨ ਮੇਰੀ ਤੁਹਾਨੂੰ ਬੇਨਤੀ ਹੈ ਕਿ ਤੁਹਾਡਾ ਮੁਹੱਲਾ ਕਲੀਨਿਕ ਇਕ ਪਾਇਲਟ ਸਿਸਟਮ ਸੀ ਜਿਸ ਨੂੰ ਦਿੱਲੀ ਦੀ ਤਰਜ ਉਤੇ ਸਾਰੇ ਪੰਜਾਬ ਵਿਚ ਬਣਾਇਆ, ਕੋਈ ਗੱਲ ਨਹੀਂ, ਹਰ ਸਰਕਾਰ ਦਾ ਕੋਈ ਨਾ ਕੋਈ ਇੱਕ ਪਾਇਲਟ ਸਿਸਟਮ ਹੁੰਦਾ ਹੈ ਲੇਕਿਨ ਉਹ ਦਿੱਲੀ ਦੇ ਅੰਦਰ ਤਾਂ ਹੋ ਸਕਦਾ ਹੈ ਕਿ ਕਾਮਯਾਬ ਹੋਵੇ ਮੈਂ ਉਸ ਦੀ ਨਿੰਦਾ ਨਹੀਂ ਕਰਦਾ ਪਰ ਆਪਣੇ ਉਹ ਉਸ ਕਾਮਯਾਬੀ ਵੱਲ ਵੱਧ ਨਹੀਂ ਰਿਹਾ । ਬੇਸ਼ਕ ਤੁਸੀਂ ਕਿਹਾ ਹੈ ਕਿ ਉਥੇ 10.5 ਲੱਖ ਲੋਕਾਂ ਦਾ ਇਲਾਜ ਹੋਇਆ ਹੈ, ਮੈਡੀਸਨ ਲੈ ਕੇ ਆਏ, ਕੋਈ ਸਿਰ ਦੁਖਦੇ ਦੀ ਲੈ ਕੇ ਆਏ, ਕੋਈ ਫਲਾਣੇ ਦੀ ਲੈ ਕੇ ਆਏ । ਉਸ ਨੂੰ ਤੁਸੀਂ ਇਸ ਦਾ ਇਲਾਜ ਨਾ ਮੰਨੋ, 12.5 ਕਰੋੜ ਰੁਪਿਆ ਅਸੀਂ ਇਨ੍ਹਾਂ ਉਤੇ ਖਰਚ ਕੀਤਾ ਹੈ ਯਾਨੀ ਕਿ ਤਕਰੀਬਨ 25 ਕੁ ਲੱਖ ਰੁਪਿਆ ਇੱਕ ਮੁਹੱਲਾ ਕਲੀਨਿਕ ਉਤੇ ਖਰਚ ਆ ਜਾਂਦਾ ਹੈ। ਚਲੋ ਜਿਥੇ ਦਵਾਈ ਮਿਲੀ ਚੰਗੀ ਗੱਲ ਹੈ ਲੇਕਿਨ ਮੇਰੀ ਬੇਨਤੀ ਹੈ ਕਿ ਤੁਸੀਂ ਨਾਲ ਹੀ 30 ਕਰੋੜ ਰੁਪਿਆ ਐਡਵਰਟਾਈਜ਼ਮੈਂਟ ਦੇ ਉਤੇ ਵੀ ਖਰਚ ਕੀਤਾ ਹੈ ਯਾਨਿ ਕਿ 42.5 ਕਰੋੜ ਰੁਪਿਆ। ਅਗਰ 42.5 ਕਰੋੜ ਖਰਚਿਆ, ਕੋਈ ਪ੍ਰਾਬਲਮ ਨਹੀਂ, ਅਗਰ ਤੁਹਾਨੂੰ ਲਗਦਾ ਹੈ ਕਿ ਮੁਹੱਲਾ ਕਲੀਨਿਕ ਚਲਾਉਣੇ

ਹਨ, ਚਲਾਉ ਪਰ ਮੁੱਖ ਮੰਤਰੀ ਸਾਹਿਬ ਬੈਠੇ ਹਨ , ਫਾਈਨਾਂਸ ਮਨਿਸਟਰ ਬੈਠੇ ਹਨ, ਮੇਰਾ ਜਿਹੜਾ ਹਸਪਤਾਲ ਸੀ, ਸੀ.ਐਮ.ਸਾਹਿਬ, ਉਹ ਕਾਇਆ ਕਲਪ ਦੇ ਤਹਿਤ ਸਬ ਡਵੀਜ਼ਨ ਦਾ ਪੰਜਾਬ ਦਾ ਪਹਿਲੇ ਨੰਬਰ ਦਾ ਹਸਪਤਾਲ ਆਇਆ ਸੀ ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਤੁਸੀਂ ਕਨਕਲੂਡ ਕਰ ਲਵੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਅੱਜ ਉਥੇ ਕੋਈ ਡਾਕਟਰ ਨਹੀਂ ਹੈ। ਮੁਹੱਲਾ ਕਲੀਨਿਕ ਦੇ ਨਾਲ ਨਾਲ ਜੇ ਕਰਨਾ ਹੈ ਤਾਂ ਪਹਿਲਾਂ ਅਸੀਂ ਜ਼ਿਲ੍ਹੇ ਦੇ ਜਿਹੜੇ ਹਸਪਤਾਲ ਹਨ ਜਾਂ ਡਵੀਜ਼ਨ ਦੇ ਹਸਪਤਾਲ ਹਨ..

**ਮਾਨਯੋਗ ਸਪੀਕਰ:** ਠੀਕ ਹੈ ਰਾਜਾ ਜੀ, done done . ਤੁਸੀਂ ਬੈਠੋ ਜੀ।ਸ਼੍ਰੀ ਰਜਨੀਸ਼ ਦਹੀਯਾ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ ਅਤੇ ਜਿਹੜੀਆਂ ਬਜਟ ਦੀਆਂ ਨਕਾਮੀਆਂ ਹਨ ਉਹ ਤੁਹਾਡੇ ਸਾਹਮਣੇ ਦੱਸੀਆਂ ਹਨ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਦੇ ਵਿੱਚ ਪੰਜਾਬ ਦੇ ਹੱਕ ਲਈ ਔਰ ਪੰਜਾਬੀਆਂ ਦੇ ਹੱਕ ਦੇ ਵਿੱਚ ਇੱਕ ਜੋ ਬਜਟ ਮਾਨਯੋਗ ਫਾਈਨਾਂਸ ਮਨਿਸਟਰ, ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਪੇਸ਼ ਕੀਤਾ ਹੈ ਉਸ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੀ ਜਿਹੜੀ ਸਪੀਚ ਹੈ, ਬਜਟ ਦੇ ਲੜੀ ਨੰ: 7, 63, 64, 67, 92 ਨੂੰ ਥੋੜ੍ਹਾ ਥੋੜ੍ਹਾ ਟੱਚ ਕਰਦੇ ਹੋਏ ਲੜੀ ਨੰ: 162 ਦੇ ਉਤੇ ਆ ਕੇ ਖਤਮ ਹੋਵੇਗੀ।

ਬ.ਕ./ਐਮ./11.3.23/5.20

ਬੜੀ ਦੇਰ ਤੋਂ ਬਦਲਾਅ ਦੀਆਂ ਗੱਲਾਂ ਚੱਲ ਰਹੀਆਂ ਸਨ ਪਰ ਆਪੋਜ਼ੀਸ਼ਨ ਨੂੰ ਕਿਤੇ ਵੀ ਬਦਲਾਅ ਨਹੀਂ ਦਿਸ ਰਿਹਾ ਲੇਕਿਨ ਅੱਜ ਪੂਰਾ ਪੰਜਾਬ ਬਦਲਾਅ ਦੇਖ ਰਿਹਾ ਹੈ।(ਥੰਪਿੰਗ) ਸਪੀਕਰ ਸਾਹਿਬ, ਮੈਂ ਸ਼ੇਅਰ ਦੇ ਰਾਹੀਂ ਆਪਣੀ ਗੱਲ ਕਹਿਣੀ ਚਾਹੁੰਦਾ ਹਾਂ। ਵੜਿੰਗ ਸਾਹਿਬ, ਜ਼ਰਾ ਧਿਆਨ ਦੇਣਾ :

*मुश्किलों से भाग जाना आसान होता है, हर पहलू जिंदगी का इम्तिहान होता है।*

*ड़रने वालों को मिलता नहीं कुछ इस जिंदगी में,*

*भगवंत मान की तरह लोगों के लिए लड़ने वालों के कदमों में जहान होता है।* (ਥੰਪਿੰਗ)

ਸੀਰੀਅਲ ਨੰ: 7 ਤੇ ਨੌਕਰੀਆਂ ਦੀ ਗੱਲ ਕੀਤੀ ਗਈ ਹੈ। ਸਾਰਾ ਪੰਜਾਬ ਜਾਣਦਾ ਹੈ ਕਿ ਨੌਕਰੀਆਂ ਪਹਿਲਾਂ ਕਿਵੇਂ ਲਈਆਂ ਜਾਂਦੀਆਂ ਸਨ, ਨੌਕਰੀਆਂ ਕਿਵੇਂ ਮੈਨੇਜ ਹੁੰਦੀਆਂ ਸਨ, ਨੌਕਰੀਆਂ ਲੈਣ ਵਾਸਤੇ ਕਿਸ ਕਿਸ ਦੇ ਦਰ ਤੇ ਮੱਥੇ ਰਗੜਨੇ ਪੈਂਦੇ ਸਨ, ਕਿਹੜੇ ਕਿਹੜੇ ਦਲਾਲਾਂ ਕੋਲ ਜਾ ਕੇ ਹਾਜ਼ਰੀਆਂ ਭਰਨੀਆਂ ਪੈਂਦੀਆਂ ਸਨ, ਜ਼ਮੀਨਾਂ ਗਿਰਵੀ ਰੱਖਣੀਆਂ ਪੈਂਦੀਆਂ ਸਨ, ਮਾਵਾਂ-ਧੀਆਂ ਦੇ ਗਹਿਣੇ ਵੇਚਣੇ ਪੈਂਦੇ ਸਨ ਪਰ ਜੋ ਫਤਵਾ 10 ਮਾਰਚ, 2022 ਨੂੰ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਇਕ ਬਦਲਾਅ ਦੀ ਉਮੀਦ ਵਿੱਚ ਲੋਕਾਂ ਨੇ ਦਿੱਤਾ ਹੈ, ਉਹ ਬਦਲਾਅ ਉਨ੍ਹਾਂ ਨੂੰ ਸਾਡੇ ਹਰਮਨ ਪਿਆਰੇ ਨੇਤਾ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਪਹਿਲੀ ਕੈਬਿਨਟ ਮੀਟਿੰਗ ਵਿੱਚ ਦੇਖਣ ਨੂੰ ਮਿਲਿਆ ਹੈ। ਜਿਸ ਵਿੱਚ ਸਾਡੇ ਨੌਜਵਾਨਾਂ ਵਾਸਤੇ 26,797 ਨੌਕਰੀਆਂ ਦਾ ਫੈਸਲਾ ਕੀਤਾ ਗਿਆ ਹੈ।(ਥੰਪਿੰਗ) ਮੈਂ ਇੱਥੇ ਬੈਠਿਆ ਹੋਇਆ ਸੋਚ ਰਿਹਾ ਸੀ ਕਿ ਜਦੋਂ ਮੇਰੀ ਵਾਰੀ ਆਏਗੀ ਤਾਂ ਸ਼ਾਇਦ ਸੀ.ਐਮ ਸਾਹਿਬ ਮੇਰੇ ਸਾਹਮਣੇ ਬੈਠੇ ਹੋਣ ਅਤੇ ਅੱਜ ਪਰਮਾਤਮਾ ਨੇ ਮੇਰੀ ਉਹ ਗੱਲ ਸੁਣ ਲਈ ਹੈ।(ਹਾਸਾ)

**ਮੁੱਖ ਮੰਤਰੀ (ਬੈਠੇ ਬੈਠੇ)** : ਮੈਂ ਰਾਜਾ ਵੜਿੰਗ ਦੀ ਗੱਲ ਵੀ ਸੁਣ ਲਈ ਹੈ।(ਹਾਸਾ)

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ** : ਸੀ.ਐਮ ਸਾਹਿਬ, ਇਕ ਸੁਨੇਹਾ ਤੁਹਾਡੇ ਲਈ ਹੈ ਜੀ। ਮੇਰੇ ਹਲਕੇ ਫਿਰੋਜ਼ਪੁਰ ਦਿਹਾਤੀ ਦਾ ਪਿੰਡ ਹਰਾਜ ਦਾ ਇਕ ਬਹੁਤ ਹੀ ਮ੍ਰਾਤੜ ਪਰਿਵਾਰ ਦਲੀਪ ਸਿੰਘ, ਜੋ ਕਿ ਲੋਕਾਂ ਦੇ ਖੇਤਾਂ ਵਿੱਚ ਸੀਰੀ ਦਾ ਕੰਮ ਕਰਦਾ ਹੈ। ਉਸ ਪਰਿਵਾਰ ਦੀਆਂ ਦੋ ਲੜਕੀਆਂ, ਛਿੰਦਰਪਾਲ ਕੌਰ ਅਤੇ ਉਸ ਦੀ ਨੂੰਹ ਅਤੇ ਦੂਜੀ ਸਰਬਜੀਤ ਕੌਰ ਅਤੇ ਉਸ ਦੀ ਬੇਟੀ ਹਨ, ਉਹ ਦੋਵੇਂ ਲੜਕੀਆਂ ਅੱਜ ਇਕ ਟੀਚਰ ਅਤੇ ਇਕ ਨਰਸ ਹਨ।(ਥੰਪਿੰਗ) ਦੋਵਾਂ ਲੜਕੀਆਂ ਨੇ ਪੰਜਾਬ ਸਰਕਾਰ ਵਿੱਚ ਨੌਕਰੀ ਅਪਲਾਈ ਕੀਤੀ, ਪਰਮਾਤਮਾ ਤੇ ਭਰੋਸਾ ਅਤੇ ਭਗਵੰਤ ਮਾਨ ਸਾਹਿਬ ਦੀ ਸਾਫ-ਸੁਥਰੀ ਅਤੇ ਇਮਾਨਦਾਰ ਸਰਕਾਰ ਤੇ ਭਰੋਸਾ ਰੱਖਦਿਆਂ ਹੋਇਆਂ ਉਨ੍ਹਾਂ ਨੇ ਅਪਲਾਈ ਕੀਤਾ। ਨੌਕਰੀਆਂ ਲੱਗਣ ਤੋਂ ਬਾਅਦ ਮਿਠਾਈ ਦੇ ਦੋ ਡੱਬੇ ਦਲੀਪ ਸਿੰਘ ਮੇਰੇ ਕੋਲ ਲੈ ਕੇ ਆਏ ਅਤੇ ਆ ਕੇ ਮੈਨੂੰ ਦੱਸਿਆ ਕਿ ਮੈਂ ਜ਼ਿੰਦਗੀ ਵਿੱਚ ਕਦੇ ਨਹੀਂ ਸੋਚਿਆ ਸੀ ਕਿ ਇਸ ਤਰ੍ਹਾਂ ਵੀ ਨੌਕਰੀਆਂ ਮਿਲ ਸਕਦੀਆਂ ਹਨ।(ਥੰਪਿੰਗ) ਮੈਂ ਉਨ੍ਹਾਂ ਨੂੰ ਕਿਹਾ ਕਿ ਦਲੀਪ ਸਿੰਘ ਜੀ, ਦੋ ਡੱਬੇ ਕਿਸ ਵਾਸਤੇ? ਦਲੀਪ ਸਿੰਘ ਹੱਥ ਜੋੜ ਕੇ ਕਹਿਣ ਲੱਗਿਆ ਕਿ ਇਕ ਡੱਬਾ ਤੁਹਾਡੇ ਲਈ ਅਤੇ ਇਕ ਡੱਬਾ ਭਗਵੰਤ ਮਾਨ ਲਈ ਹੈ।(ਥੰਪਿੰਗ) ਮੈਂ ਕਿਹਾ ਕਿ ਮਾਨ ਸਾਹਿਬ ਦਾ ਡੱਬਾ ਤੁਸੀਂ ਮੇਰੇ ਕੋਲ ਕਿਉਂ ਦਿੰਦੇ ਹੋ? ਉਹ ਕਹਿਣ ਲੱਗਿਆ ਕਿ ਮੇਰੀ ਹੈਸੀਅਤ ਨਹੀਂ ਹੈ ਕਿ ਮੈਂ ਸੀ.ਐਮ ਸਾਹਿਬ ਤੱਕ ਡੱਬਾ ਪਹੁੰਚਾ ਸਕਾਂ। ਮੈਂ ਤੁਹਾਡੇ ਕੋਲ ਲੈ ਕੇ ਆਇਆ ਹਾਂ, ਜੇ ਤੁਹਾਨੂੰ ਸਮਾਂ ਲੱਗਿਆ ਤਾਂ ਮੇਰਾ ਮਿਠਾਈ ਦਾ ਡੱਬਾ ਸੀ.ਐਮ ਸਾਹਿਬ ਤੱਕ ਜ਼ਰੂਰ ਲੈ ਕੇ ਜਾਣਾ। ਜੋ ਬਦਲਾਅ ਪੰਜਾਬ ਦੀ ਜਨਤਾ ਦੇਖਣਾ ਚਾਹੁੰਦੀ ਸੀ, ਅੱਜ ਬੇਸ਼ੱਕ ਇੱਧਰ ਬੈਠੇ ਆਪੋਜ਼ੀਸ਼ਨ ਵਾਲੇ ਸਾਥੀਆਂ ਨੂੰ ਨਜ਼ਰ ਨਹੀਂ ਆ

ਰਿਹਾ ਲੇਕਿਨ ਅੱਜ ਪੰਜਾਬ ਦੇ ਨਾਲ ਨਾਲ ਉਸ ਨੂੰ ਪੂਰਾ ਦੇਸ਼ ਦੇਖ ਰਿਹਾ ਹੈ।(ਥੰਪਿੰਗ) ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੋਇਆ ਹੈ ਕਿ ਬਿਨਾਂ ਰਿਸ਼ਵਤ, ਬਿਨਾਂ ਅਪਰੋਚ, ਬਿਨਾਂ ਦਲਾਲ, ਬਿਨਾਂ ਲੀਡਰਾਂ ਦੇ ਮੱਥੇ ਟੇਕੇ, ਕਿਸੇ ਦੇ ਮਗਰ ਕਿਰਾਏ-ਭਾੜੇ ਤੇ ਗੱਡੀਆਂ ਚੁੱਕ ਕੇ ਚੰਡੀਗੜ੍ਹ ਆਏ ਬਿਨਾਂ ਲੋਕਾਂ ਨੂੰ ਘਰੇ ਬੈਠਿਆਂ ਨੂੰ ਨੌਕਰੀਆਂ ਮਿਲੀਆਂ ਹਨ।(ਥੰਪਿੰਗ) ਇਹ ਬਦਲਾਅ ਹੈ।

ਲੜੀ ਨੰ: 162 ਤੇ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਨੇ 600 ਯੂਨਿਟ ਤੱਕ ਬਿਜਲੀ ਮਾਫ ਕੀਤੀ ਹੈ। ਮੇਰਾ ਇਕ ਦੋਸਤ by birth RSS ਨਾਲ ਰਿਲੇਟਿਡ ਹੈ, ਉਹ ਦਾਦੇ-ਪੜਦਾਦਿਆਂ ਤੋਂ ਆਰ.ਐਸ.ਐਸ. ਨਾਲ ਜੁੜਿਆ ਹੋਇਆ ਹੈ।

kk Ms 11.3.2023 5.25

ਮੇਰੇ ਨਾਲ ਉਹ ਸਕੂਲੀ ਟਾਈਮ ਵਿੱਚ ਅਤੇ ਕਾਲਜ ਵਿੱਚ ਪੜ੍ਹਿਆ ਹੈ। ਉਹ ਅੱਜ ਸਰਵਿਸ ਵਿੱਚ ਹੈ। ਉਸ ਦੇ ਘਰ ਦਾ ਬਿਲ ਜ਼ੀਰੋ ਆਇਆ ਹੈ। ਇਹ ਵੱਡੀ ਗੱਲ ਹੈ ਕਿ ਜੋ ਜਨਰਲ ਕੈਟਾਗਰੀ ਤੋਂ ਬਿਲੌਂਗ ਕਰਦਾ ਹੈ, ਉਸ ਦੇ ਘਰ ਦਾ ਬਿਲ ਜ਼ੀਰੋ ਆਇਆ ਹੈ। ਉਸ ਨੇ ਮੈਨੂੰ ਫੋਨ ਕੀਤਾ। ਮੇਰਾ ਨਿੱਕ ਨੇਮ ਰਾਜੂ ਹੈ। ਮੈਨੂੰ ਲੋਕ ਰਾਜੂ ਕਹਿ ਕੇ ਬੁਲਾਉਂਦੇ ਹਨ। ਉਹ ਕਹਿੰਦੇ, "ਯਾਰ ਰਾਜੂ, ਜਦੋਂ ਮੇਰਾ ਬਿਲ ਆਇਆ, ਪਹਿਲਾਂ ਮੈਂ ਇਹ ਸੋਚ ਰਿਹਾ ਸੀ ਕਿ ਇਹ ਕਿਤੇ ਗਲਤੀ ਨਾਲ ਤਾਂ ਮੇਰੇ ਘਰੇ ਨਹੀਂ ਆ ਗਿਆ। ਮੈਂ ਤਿੰਨ ਵਾਰੀ ਚੈੱਕ ਕੀਤਾ ਕਿ ਮੇਰਾ ਹੀ ਬਿਲ ਹੈ।" ਦੂਜੇ ਪਾਸੇ ਉਸ ਨੇ ਜਿਹੜੀ ਇੱਕ ਗੱਲ ਕਹੀ, ਉਹ ਸੁਣ ਕੇ ਮਨ ਵਿੱਚ ਖੁਸ਼ੀ ਹੋਈ ਅਤੇ ਉਹ ਗੱਲ ਸੁਣ ਕੇ ਮੈਂ ਪਹਿਲਾ ਸਲਿਊਟ ਮਾਨਯੋਗ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਕੀਤਾ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਬਣਾਈ ਹੈ। ਮੇਰਾ ਦੂਜਾ ਸਲਿਊਟ ਮਾਨਯੋਗ ਸੀ.ਐਮ. ਸਾਹਿਬ ਲਈ ਹੈ ਜਿਨ੍ਹਾਂ ਨੇ 600 ਯੂਨਿਟ ਫਰੀ ਬਿਜਲੀ ਪੰਜਾਬ ਦੇ ਲੋਕਾਂ ਨੂੰ ਦਿੱਤੀ। (ਥੰਪਿੰਗ) ਉਨ੍ਹਾਂ ਨੇ ਮੈਨੂੰ ਕਿਹਾ ਹੈ ਕਿ ਮੇਰੇ ਇੱਕ ਹੱਥ ਵਿੱਚ ਬਿਜਲੀ ਦਾ ਬਿਲ ਸੀ ਅਤੇ ਦੂਜੇ ਪਾਸੇ ਮੈਂ ਬੀ.ਜੇ.ਪੀ. ਨੂੰ ਦੇਖ ਰਿਹਾ ਸੀ ਕਿਉਂਕਿ ਆਰ.ਐਸ.ਐਸ. ਬੀ.ਜੇ.ਪੀ. ਹੈ, ਕਿ ਕਾਸ਼ ਇਨ੍ਹਾਂ ਰਿਵਾਇਤੀ ਪਾਰਟੀਆਂ ਨੇ ਇੱਦਾਂ ਦਾ ਕੁਝ ਕੀਤਾ ਹੁੰਦਾ ਤਾਂ ਅੱਜ ਸਾਡਾ ਪੰਜਾਬ ਰੰਗਲਾ ਪੰਜਾਬ ਬਣ ਚੁੱਕਿਆ ਹੁੰਦਾ। ਅੱਜ ਲੋਕਾਂ ਦੀ ਹਾਲਤ ਮਾੜੀ ਨਹੀਂ ਹੋਣੀ ਸੀ। ਉਸ ਨੇ ਮਾਨਯੋਗ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕੀਤਾ । ਉਸ ਨੇ ਮਾਨਯੋਗ ਸੀ.ਐਮ. ਸਾਹਿਬ ਜੀ ਦਾ ਵੀ ਧੰਨਵਾਦ ਕੀਤਾ। ਸਰ, ਮੈਂ ਫਿਰ ਉਸੇ ਗੱਲ ਤੇ ਆ ਰਿਹਾ ਹਾਂ ਕਿ ਇਹ ਬਦਲਾਵ ਇਸ ਤਰ੍ਹਾਂ ਨਜ਼ਰ ਨਹੀਂ ਆਉਣਾ। ਇਹ ਬਦਲਾਵ ਦੇਸ਼ ਦੇਖ ਰਿਹਾ ਹੈ। ਇਹ ਬਦਲਾਵ ਪੰਜਾਬ ਦੇਖ ਰਿਹਾ ਹੈ।

**ਮਾਨਯੋਗ ਸਪੀਕਰ:** ਆਪਾਂ ਹੁਣ ਧੰਨਵਾਦ ਕਰ ਦੇਈਏ ਜੀ। ਦਹੀਯਾ ਜੀ, ਹੁਣ ਕਨਕਲੂਡ ਕਰ ਲਵੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਸਰ, ਮੈਂ ਕੋਸ਼ਿਸ਼ ਕਰਾਂਗਾ । ਮੈਂ ਤਾਂ ਪਹਿਲਾਂ ਹੀ ਸ਼ਾਰਟ ਕਰ ਦਿੱਤਾ ਹੈ। ਜਦੋਂ ਮੈਂ ਵੇਖਿਆ ਕਿ ਸੀ.ਐਮ. ਸਾਹਿਬ ਆ ਗਏ ਹਨ, ਪਹਿਲਾਂ ਤਾਂ ਮੈਂ ਇਹ ਸੋਚ ਰਿਹਾ ਸੀ ਕਿ ਲਗਦਾ ਹੁਣ ਵਾਰੀ ਨਹੀਂ ਆਉਣੀ। ਹੁਣ ਤਾਂ ਸੀ.ਐਮ. ਸਾਹਿਬ ਨੇ ਹੀ ਬੋਲਣਾ ਹੈ। ਸਰ,ਜੋ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਉਸ ਵਾਸਤੇ ਤੁਹਾਡਾ ਧੰਨਵਾਦ ਕਰਦਾ ਹਾਂ।

ਸਪੀਕਰ ਸਾਹਿਬ, ਹੁਣ ਮੈਂ ਲੜੀ ਨੰ: 63 ਬਾਰੇ ਗੱਲ ਕਰਦਾ ਹਾਂ। ਸਰ, ਇੱਥੇ ਸਕੂਲ ਐਮੀਨੈਂਸ ਦੀ ਗੱਲ ਚੱਲੀ। ਹੋ ਸਕਦਾ ਹੈ ਜਾਂ ਤਾਂ ਮੈਨੂੰ ਜਾਣਕਾਰੀ ਨਹੀਂ ਹੈ ਜਾਂ ਹੋ ਸਕਦਾ ਹੈ ਕਿ ਵਿਪਕਸ਼ ਨੂੰ ਇਸ ਦੀ ਜਾਣਕਾਰੀ ਨਹੀਂ ਹੈ ਕਿ ਸਕੂਲ ਆਫ ਐਮੀਨੈਂਸ ਹੈ ਕੀ ਚੀਜ਼। ਸਰ, 117 ਵਿਧਾਨ ਸਭਾ ਹਲਕਿਆਂ ਵਿੱਚ ਮੇਰੇ ਹਲਕਾ ਫਿਰੋਜ਼ਪੁਰ ਦਿਹਾਤੀ ਦਾ ਇੱਕ ਛੋਟਾ ਜਿਹਾ ਕਸਬਾ ਮਮਦੋਟ ਹੈ। ਉਸ ਮਮਦੋਟ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀ ਲਿਸਟ ਆਫ ਐਮੀਨੈਂਸ ਵਿੱਚ ਜਿਹੜੀ ਸਿਲੈਕਸ਼ਨ ਹੋਈ ਹੈ, ਉਸ ਵਾਸਤੇ ਮੈਂ ਮਾਨਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਦਾ ਧੰਨਵਾਦ ਕਰਦਾ ਹਾਂ। ਕਿਉਂਕਿ ਮਮਦੋਟ ਕਸਬੇ ਨੂੰ ਤਕਰੀਬਨ 66 ਪਿੰਡ ਲਗਦੇ ਹਨ। ਉਸ ਕਸਬੇ ਦੀ ਮੈਕਸੀਮਮ ਅਬਾਦੀ ਐਸ.ਸੀ. ਭਾਈਚਾਰੇ ਦੀ ਹੈ ਅਤੇ ਬੀ.ਸੀ. ਭਾਈਚਾਰਾ ਤੇ ਓ.ਬੀ.ਸੀ. ਕਲਾਸ ਵੀ ਉਥੇ ਹੈ। ਸਰ, ਮਮਦੋਟ ਕਸਬਾ ਇੱਕ ਅਜਿਹਾ ਕਸਬਾ ਹੈ, ਜਿੱਥੇ ਪਿੰਡਾਂ ਵਿੱਚ ਜੇ ਸਕੂਲ ਪੰਜਵੀਂ ਕਲਾਸ ਤੱਕ ਹੈ ਤਾਂ ਪੰਜਵੀਂ ਤੋਂ ਬਾਅਦ ਲੜਕੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ। ਜੇ ਸਕੂਲ ਅੱਠਵੀਂ ਤੱਕ ਹੈ ਤਾਂ ਅੱਠਵੀਂ ਜਮਾਤ ਤੋਂ ਬਾਅਦ ਨਹੀਂ ਪੜ੍ਹਾਇਆ ਜਾਂਦਾ। ਜੇ ਦਸਵੀਂ ਤੱਕ ਸਕੂਲ ਹੈ ਤਾਂ ਉਸ ਤੋਂ ਅੱਗੇ ਨਹੀਂ ਪੜ੍ਹਾਇਆ ਜਾਂਦਾ। ਯਾਨੀ ਕਿ ਜਿਸ ਲੈਵਲ ਤੱਕ ਦਾ ਸਕੂਲ ਉਥੇ ਸਥਿਤ ਹੈ, ਉਸ ਤੋਂ ਅੱਗੇ ਲੜਕੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ। ਪਰ ਮੇਰੇ ਹਲਕੇ ਵਿੱਚ ਸਕੂਲ ਆਫ ਐਮੀਨੈਂਸ ਦੇ ਨਾਲ ਉਨ੍ਹਾਂ ਗਰੀਬਾਂ ਤੇ ਦਲਿਤ ਪਰਿਵਾਰਾਂ ਨੂੰ ਇੱਕ ਉਮੀਦ ਬਣੀ ਹੈ ਕਿ ਐਮੀਨੈਂਸ ਸਕੂਲਾਂ ਵਿੱਚ ਸਾਡੇ ਬੱਚੇ ਵੀ ਯੂ.ਪੀ.ਐਸ.ਸੀ. ਅਤੇ ਪੀ.ਪੀ.ਐਸ.ਸੀ. ਲਈ ਤਿਆਰ ਹੋ ਸਕਣਗੇ, ਪੀ.ਸੀ.ਐਸ. ਬਣ ਸਕਣਗੇ, ਇੰਜੀਨੀਅਰ ਬਣ ਸਕਣਗੇ, ਡਾਕਟਰ ਬਣ ਸਕਣਗੇ ਅਤੇ ਪੜ੍ਹ ਲਿਖ ਕੇ ਸਮਾਜ ਦੀ ਸੇਵਾ ਕਰ ਸਕਣਗੇ। ਸਰ, ਕਹਿਣ ਨੂੰ ਬਹੁਤ ਕੁਝ ਹੈ ਪਰ ਸਮਾਂ ਬਹੁਤ ਘੱਟ ਹੈ ਪਰ ਫਿਰ ਵੀ ਤੁਸੀਂ ਮੈਨੂੰ ਇੰਨਾ ਸਮਾਂ ਦਿੱਤਾ, ਮੈਂ ਉਸ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਥੈਂਕਿਊਂ। ਜੈ ਹਿੰਦ। (ਥੰਪਿੰਗ)

**ਮਾਨਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਕੁਲਵੰਤ ਸਿੰਘ ਜੀ ਮੁਹਾਲੀ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਸਰ, ਮੈਂ ਮੁਆਫੀ ਚਾਹਵਾਂਗਾ। ਮੈਂ ਇੱਕ ਸ਼ੇਅਰ ਦੇ ਨਾਲ ਆਪਣੀ ਗੱਲ ਖਤਮ ਕਰਨੀ ਚਾਹਾਂਗਾ । (ਹਾਸਾ)

**ਮਾਨਯੋਗ ਸਪੀਕਰ:** ਹਾਂ ਜੀ, ਕਹਿ ਲਵੋ ਜੀ। ਸ਼੍ਰੀ ਰਜਨੀਸ਼ ਕੁਮਾਰ ਦਹੀਯਾ ਜੀ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਸਰ, ਸਵੇਰ ਦੀ ਇੱਕ ਗੱਲ ਉਤੇ ਬੜੀ ਚਰਚਾ ਹੋਈ ਹੈ ਕਿ ਤੁਸੀਂ ਸੁਪਨੇ ਤਾਂ ਬਜਟ ਵਿੱਚ ਇੰਨੇ ਵਿਖਾ ਪਰ ਪੈਸਾ ਕਿਥੋਂ ਲਿਆਉਗੇ, ਰੁਪਏ ਕਿੱਥੋਂ ਲਿਆਉਗੇ। ਸੋ, ਰਾਜਾ ਜੀ, ਮੇਰੀ ਗੱਲ ਨੂੰ ਧਿਆਨ ਨਾਲ ਸੁਣਨਾ। ਇੱਕ ਸ਼ੇਅਰ ਹੈ:

ਹਰਪ੍ਰੀਤ ਸਿੰਘ/ਸ਼ੁਭਮ ਜੈਨ/05.30/11.03.2023

**सोचने से कहाँ मिलते हैं तम्मनाओं के शहर**
**चलना भी जरुरी है मंज़िलो को पाने के लिए** (ਥੰਪਿੰਗ)

**ਮਾਨਯੋਗ ਸਪੀਕਰ:** ਕਿਆ ਬਾਤ ਹੈ। ਸਰਦਾਰ ਕੁਲਵੰਤ ਸਿੰਘ ਜੀ।

**ਮੁੱਖ ਮੰਤਰੀ:** (ਬੈਠੇ ਬੈਠੇ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਮੁਖਾਬਿਤ ਹੁੰਦਿਆਂ) ਇਹ ਬਜਟ ਤੇ ਸ਼ੇਅਰ ਸੁਣਾਉਣ ਦੀ ਰੀਤ ਤੁਸੀਂ ਹੀ ਚਲਾਈ ਹੈ। (ਹਾਸਾ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਮੁਹੰਮਦ ਜ਼ਮੀਲ ਉਰ ਰਹਿਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਨੂੰ ਇਕ ਸ਼ੇਅਰ ਸੁਣਾਉਣ ਦੀ ਬੇਨਤੀ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਸਰਦਾਰ ਕੁਲਵੰਤ ਸਿੰਘ ਜੀ ਤੋਂ ਬਾਅਦ ਤੁਹਾਨੂੰ ਮੌਕਾ ਦੇਣ ਬਾਰੇ ਦੇਖ ਲਵਾਂਗੇ।

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ.ਨਗਰ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਸ ਦੂਰ ਅੰਦੇਸ਼ੀ ਸੋਚ ਅਤੇ ਪੰਜਾਬ ਦੇ ਸੁਨਿਹਰੀ ਭਵਿੱਖ ਵੱਲ ਵੱਧਦੇ ਆਰਥਿਕ ਕਦਮਾਂ ਲਈ ਮਾਨਯੋਗ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਪੰਜਾਬ ਦੇ ਲੋਕਾਂ ਨੇ ਸਾਡੀ ਪਾਰਟੀ ਨੂੰ ਬੜਾ ਵੱਡਾ ਮੈਂਡੇਟ ਦਿੱਤਾ ਹੈ। 117 ਵਿਚੋਂ 92 ਸੀਟਾਂ ਜਿਤਾ ਕੇ ਸਾਨੂੰ ਇਸ ਸਦਨ ਵਿਚ ਭੇਜਿਆ ਹੈ। ਸਾਡੇ ਤੋਂ ਆਸਾਂ ਵੀ ਬਹੁਤ ਜ਼ਿਆਦਾ ਹਨ। ਜਿਸ ਤਰੀਕੇ ਨਾਲ ਬਜਟ ਵਿਚ ਸਾਰਿਆਂ ਦਾ ਖਿਆਲ ਰੱਖਿਆ ਗਿਆ ਹੈ ਤਾਂ ਉਹ ਦਿਨ ਦੂਰ ਨਹੀਂ ਜਦੋਂ ਰੰਗਲਾ ਪੰਜਾਬ ਬਣਾਉਣ ਦੇ ਟੀਚਿਆਂ ਨੂੰ ਪੂਰਾ ਕੀਤਾ ਜਾ ਸਕੇਗਾ। ਮਾਨਯੋਗ ਸਪੀਕਰ ਸਾਹਿਬ, ਬਜਟ ਆਉਣ ਤੋਂ ਪਹਿਲਾਂ ਬੜੇ ਲੋਕਾਂ ਨੂੰ ਖਾਸ ਕਰਕੇ ਇਕ ਤਬਕੇ ਨੂੰ ਬੜਾ ਵੱਡਾ ਖਦਸ਼ਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਉਂਦਿਆਂ ਹੀ, ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਆਪਣੀ ਕੈਬਨਿਟ ਦੀ ਪਹਿਲੀ ਮੀਟਿੰਗ ਵਿਚ ਜਿਹੜੀਆਂ ਗਰੰਟੀਆਂ ਦਿੱਤੀਆਂ ਗਈਆਂ ਸੀ, ਉਨ੍ਹਾਂ ਨੂੰ ਪੂਰਾ ਕਰਨ ਦਾ

ਕੰਮ ਸ਼ੁਰੂ ਕਰ ਦਿੱਤਾ। ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣੀਆਂ ਸ਼ੁਰੂ ਕੀਤੀਆਂ। ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਗਰੰਟੀ ਪੂਰੀ ਕੀਤੀ ਫਿਰ 29 ਹਜ਼ਾਰ ਨਵੇਂ ਮੁਲਾਜ਼ਮ ਭਰਤੀ ਕਰਨ ਦੇ ਫੈਸਲੇ ਨੂੰ ਮੰਨਜ਼ੂਰੀ ਦਿੱਤੀ। ਉਸ ਤੋਂ ਬਾਅਦ ਮੁਹੱਲਾ ਕਲੀਨਿਕ ਜਿਵੇਂ ਖੁੱਲਣੇ ਸ਼ੁਰੂ ਹੋਏ ਅਤੇ ਅੱਜ 500 ਤੋਂ ਵੱਧ ਮੁਹੱਲਾ ਕਲੀਨਿਕ ਚੱਲ ਰਹੇ ਹਨ। ਇਸ ਤੋਂ ਬਾਅਦ ਜਦੋਂ ਸਿੱਖਿਆ ਦੇ ਖੇਤਰ ਵਿਚ ਪੁਲਾਂਘਾ ਪੁੱਟਣੀਆਂ ਸ਼ੁਰੂ ਕੀਤੀਆਂ। 300 ਯੂਨਿਟ ਬਿਜਲੀ ਪ੍ਰਤੀ ਮਹੀਨਾ ਮੁਆਫ਼ ਕੀਤੀ, ਜਿਸ ਵਿਚ 80 ਫੀਸਦੀ ਤੋਂ ਵੱਧ ਪੰਜਾਬ ਦੇ ਪਰਿਵਾਰ ਮੁਫ਼ਤ ਬਿਜਲੀ ਦਾ ਆਨੰਦ ਮਾਣ ਰਹੇ ਹਨ।ਕੁੱਝ ਲੋਕਾਂ ਨੂੰ ਇਹ ਖਦਸ਼ਾ ਸੀ ਕਿ ਇਹ ਪੈਸਾ ਕਿਥੋਂ ਆਵੇਗਾ? ਇਕ ਤਬਕੇ ਨੂੰ ਇਹ ਲਗਦਾ ਸੀ ਕਿ ਸ਼ਾਇਦ ਇਸ ਪੈਸੇ ਦਾ ਬੋਝ ਸਾਡੇ ਤੇ ਟੈਕਸ ਦੇ ਰੂਪ ਵਿਚ ਪਵੇਗਾ ਪਰ ਮੇਰੇ ਕੋਲ ਸ਼ਬਦ ਨਹੀਂ ਹਨ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਦੀ ਤਾਰੀਫ਼ ਵਿਚ, ਜਿਨ੍ਹਾਂ ਨੇ ਇਹ ਸਾਰਾ ਕੁੱਝ ਕਰਨ ਦੇ ਬਾਵਜੂਦ ਵੀ ਇਕ ਪੈਸੇ ਦਾ ਵੀ ਟੈਕਸ ਨਹੀਂ ਲਗਾਇਆ। (ਥੰਪਿੰਗ) ਕੱਲ ਜਦੋਂ ਬਜਟ ਪੇਸ਼ ਹੋਇਆ ਤਾਂ ਬਹੁਤ ਸਾਰੇ ਲੋਕਾਂ ਨੂੰ ਲੱਗਿਆ ਕਿ ਅਸੀਂ ਟੈਕਸ ਦੇਣ ਤੋਂ ਬਚ ਗਏ ਤੇ ਸਾਰਿਆਂ ਵਿਚ ਇਹ ਖੁਸ਼ੀ ਦੀ ਲਹਿਰ ਹੈ। ਪੰਜਾਬ ਵਿਚ ਇਸ ਗੱਲ ਦੀ ਖੁਸ਼ੀ ਹੈ ਕਿ ਐਨਾ ਕੁੱਝ ਕਰਨ ਦੇ ਬਾਵਜੂਦ ਵੀ ਕੋਈ ਟੈਕਸ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਵੱਲੋਂ ਨਹੀਂ ਲਗਾਇਆ ਗਿਆ ਅਤੇ ਲੋਕਾਂ ਤੇ ਕੋਈ ਵਾਧੂ ਬੋਝ ਨਹੀਂ ਪਾਇਆ ਗਿਆ। ਸਾਰੀਆਂ ਗਰੰਟੀਆਂ ਵੀ ਪੂਰੀਆਂ ਕੀਤੀਆਂ ਅਤੇ ਆਮਦਨ ਵੀ ਵਧਾਈ ਗਈ, ਜੀ.ਐਸ.ਟੀ. ਵਸੂਲੀ ਵਿਚ ਵਾਧਾ ਕੀਤਾ ਗਿਆ। ਇਹ ਸਭ ਨੇਕ ਨੀਅਤ ਨਾਲ ਹੋਇਆ ਹੈ। ਇਸ ਗੱਲੋਂ ਮੈਂ ਮਾਨਯੋਗ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਜਿੱਥੇ ਲੋਕਾਂ ਨੂੰ ਗਰੰਟੀਆਂ ਦੀਆਂ ਸੌਗਾਤਾਂ ਦਿੱਤੀਆਂ, ਉੱਥੇ ਕੋਈ ਵੀ ਟੈਕਸ ਨਹੀਂ ਲਗਾਇਆ ਗਿਆ।

aman-shubham/5.35/11.3.23

ਇਹ ਵੀ ਇੱਕ ਸੌਗਾਤ ਦਿੱਤੀ ਹੈ ਕਿ ਕੋਈ ਵੀ ਟੈਕਸ ਨਹੀਂ ਲਗਾਇਆ ਗਿਆ। ਮੈਂ ਹਾਊਸਿੰਗ ਦੇ ਬਾਰੇ ਥੋੜੀ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਜਦੋਂ ਸ਼ਹਿਰੀਕਰਨ ਹੋਣਾ ਸ਼ੁਰੂ ਹੋਇਆ ਉਦੋਂ ਲੋਕਾਂ ਨੇ ਪਿੰਡਾਂ ਵਿੱਚੋਂ ਉਠ ਕੇ ਸ਼ਹਿਰਾਂ ਵਿੱਚ ਆਉਣਾ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਹੁਣ ਤੱਕ ਸਰਕਾਰ ਕੋਲ ਕੋਈ ਐਸੀ ਨੀਤੀ ਨਹੀਂ ਸੀ ਕਿ ਸ਼ਹਿਰਾਂ ਨੂੰ ਕਿਸ ਤਰੀਕੇ ਦੇ ਨਾਲ plan ਕੀਤਾ ਜਾਵੇ ਤਾਂਕਿ ਜਿਹੜੇ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ ਕਰਕੇ ਆ ਰਹੇ ਹਨ, ਉਨ੍ਹਾਂ ਨੂੰ ਵਧੀਆ ਤਰੀਕੇ ਦੇ ਰਹਿਣ-ਸਹਿਣ ਦੇ ਘਰ ਮੁਹਈਆ ਕਰਵਾਏ ਜਾ ਸਕਣ। ਲੇਕਿਨ ਮੈਨੂੰ ਬੜੇ ਅਫਸੋਸ ਦੇ ਨਾਲ ਦੱਸਣਾ ਪੈ ਰਿਹਾ ਹੈ ਕਿ 30 ਸਾਲਾਂ ਦੇ ਵਿੱਚ ਕਿਸੇ ਨੇ ਵੀ ਕੋਈ ਇਸ ਤਰ੍ਹਾਂ ਦੀ ਪਲੈਨਿੰਗ ਨਹੀਂ ਕੀਤੀ ਜਿਸ ਦਾ ਰਿਜ਼ਲਟ ਇਹ ਹੋਇਆ ਕਿ ਪੰਜਾਬ ਦੇ ਵਿੱਚ ਮਸ਼ਰੂਮ ਦੀ ਤਰ੍ਹਾਂ unauthorized colonies ਬਣੀਆਂ। ਸਵੇਰੇ ਮੈਂ ਸਵਾਲ ਲਗਾਇਆ ਸੀ ਕਿ 20

ਹਜ਼ਾਰ ਏਕੜ ਜ਼ਮੀਨ ਪਿਛਲੇ 22 ਸਾਲਾਂ ਦੇ ਵਿੱਚ ਐਪਰੂਵਡ ਹੋਈ ਜਾਂ ਐਕੁਆਇਰ ਕੀਤੀ ਗਈ। ਜੇ unauthorized colonies ਨਾ ਬਣੀਆਂ ਹੁੰਦੀਆਂ ਤਾਂ ਇਸ ਦੀ ਗਿਣਤੀ 40 ਹਜ਼ਾਰ ਏਕੜ ਤੱਕ ਹੁੰਦੀ। Unauthorized colonies ਬਨਣ ਦੇ ਨਾਲ ਜਿੱਥੇ ਸਰਕਾਰ ਦੇ ਉਤੇ ਵਜ਼ਨ ਪਿਆ ਉਥੇ ਲੋਕਲ ਬਾਡੀਜ਼ ਦੀਆਂ ਜਿਹੜੀਆਂ ਮਿਉਸਪੈਲਿਟੀਜ਼ ਸਨ ਉਨ੍ਹਾਂ ਤੇ ਵੀ ਵਜ਼ਨ ਪਿਆ। ਉਥੇ ਲੋਕਾਂ ਨੂੰ ਵੀ ਸਹੀ ਤਰੀਕੇ ਦੇ ਰਹਿਣ ਨੂੰ ਘਰ ਨਹੀਂ ਮਿਲੇ। ਲੇਕਿਨ ਮੈਂ ਮੁੱਖ ਮੰਤਰੀ ਸਾਹਿਬ ਦਾ ਅਤੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬਕਾਇਦਾ ਤੌਰ ਤੇ 6500 ਕਰੋੜ ਰੁਪਏ ਦੇ ਕਰੀਬ ਅਰਬਨ ਡਿਵੈਲਪਮੈਂਟ ਤੇ ਨਵੀਂਆਂ ਅਰਬਨ ਸਟੇਟਾਂ ਦੇ ਲਈ ਰੱਖਿਆ ਹੈ । ਇੱਥੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਹਰਿਆਣਾ ਦੇ ਵਿੱਚ ਇੱਕ ਵੀ ਕਲੋਨੀ ਪਿਛਲੇ 30 ਸਾਲ ਤੋਂ unauthorized ਨਹੀਂ ਬਣੀ। ਉਨ੍ਹਾਂ ਨੇ ਆਪਣੇ ਸਾਰੇ ਸ਼ਹਿਰਾਂ ਦੇ ਵਿੱਚ ਛੋਟੀਆਂ-ਛੋਟੀਆਂ ਅਰਬਨ ਸਟੇਟਾਂ ਬਣਾਈਆਂ। ਤੁਸੀਂ ਦੇਖਿਆ ਹੋਵੇਗਾ ਕਿ ਦਿੱਲੀ ਤੋਂ ਲੈ ਕੇ ਸੋਨੀਪਤ ਤੇ ਪਾਨੀਪਤ ਫਿਰ ਕਰਨਾਲ, ਜੀ.ਟੀ ਰੋਡ ਦੇ ਉੱਤੇ ਉਨ੍ਹਾਂ ਨੇ ਪੂਰੇ ਸ਼ਹਿਰ ਸਜਾਏ ਹੋਏ ਹਨ। ਲੇਕਿਨ ਸਾਡੇ ਪੰਜਾਬ ਦੇ ਵਿੱਚ ਕੀ ਹੋਇਆ? ਸ਼ੰਭੂ ਬਾਰਡਰ ਤੋਂ ਸਰਹਿੰਦ, ਰਾਜਪੁਰਾ, ਖੰਨਾ, ਗੁਰਾਇਆ ਫਿਰ ਲੁਧਿਆਣਾ, ਫਲੌਰ ਅੱਗੇ ਜਲੰਧਰ, ਪਠਾਨਕੋਟ ਅਤੇ ਅੰਮ੍ਰਿਤਸਰ ਤੱਕ ਕਿਤੇ ਵੀ ਅਰਬਨ ਸਟੇਟ ਬਣਾਉਣ ਵਿੱਚ ਅਸੀਂ ਕਾਮਯਾਬ ਨਹੀਂ ਹੋਏ। ਇਹ ਕਿਤੇ ਨਾ ਕਿਤੇ ਸਾਡੀ ਵੱਡੀ ਗਲਤੀ ਰਹੀ ਹੈ। ਮੇਰੀ ਬੇਨਤੀ ਹੈ ਕਿ ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਬਕਾਇਦਾ ਤੌਰ ਤੇ ਦੱਸਿਆ ਗਿਆ ਹੈ ਕਿ ਅਰਬਨ ਸਟੇਟਾਂ ਬਣਾਈਆਂ ਜਾਣਗੀਆਂ ਅਤੇ ਮੈਨੂੰ ਖੁਸ਼ੀ ਹੈ ਕਿ 1600 ਏਕੜ ਦੀ ਇੱਕ ਹੋਰ ਅਰਬਨ ਸਟੇਟ ਮੁਹਾਲੀ ਵਾਸਤੇ, 180 ਏਕੜ ਬਠਿੰਡਾ ਵਾਸਤੇ ਦਿੱਤੀ ਹੈ। ਜਿਹੜੇ ਸ਼ਹਿਰਾਂ ਦੇ ਮੈਂ ਨਾਮ ਲਏ ਹਨ ਫਗਵਾੜਾ, ਜਲੰਧਰ, ਅੰਮ੍ਰਿਤਸਰ, ਉਨ੍ਹਾਂ ਵਾਸਤੇ ਇਹ ਅਰਬਨ ਸਟੇਟਾਂ ਬਣਾਈਆਂ ਜਾ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਹੁਣ ਪੰਜਾਬ ਦਾ ਮੂੰਹ ਮੱਥਾ ਬਨਣਾ ਸ਼ੁਰੂ ਹੋਇਆ ਹੈ। ਇਹ ਵੀ ਇੱਕ ਬੜਾ ਵੱਡਾ ਬਦਲਾਅ ਹੈ।

**ਮਾਨਯੋਗ ਸਪੀਕਰ:** ਆਪਾਂ ਹੁਣ ਕਨਕਲੂਡ ਕਰ ਲਈਏ ਜੀ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਇਹ ਇੱਕ ਬੜਾ ਵੱਡਾ ਬਦਲਾਅ ਹੈ ਜਿਹੜੀ ਆਮ ਆਦਮੀ ਪਾਰਟੀ ਹੀ ਲਿਆਉਣ ਦੇ ਸਮਰੱਥ ਹੋ ਸਕੀ ਹੈ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, CLU ਖਤਮ ਕਰ ਦਿੱਤੇ, affordable housing ਦੇ ਵਿੱਚ CLU and EDC ਦਾ ਰੇਟ ਅੱਧਾ ਕਰ ਦਿੱਤਾ। 65% saleable area ਕਰ ਦਿੱਤਾ ਹੈ। ਹੋਰ ਵੀ ਬਹੁਤ ਕੁਝ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਨੂੰ ਬਾਰ-ਬਾਰ ਹੁਕਮ ਕਰ ਰਹੇ ਹਨ ਕਿ ਕਨਕਲੂਡ ਕਰੋ। ਮੈਂ ਇੱਕ

ਵਾਰ ਫਿਰ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇੰਨਾ ਵਧੀਆ ਬਜਟ ਪੰਜਾਬ ਦੇ ਲਈ ਦਿੱਤਾ ਹੈ। ਇਸ ਬਜਟ ਦੇ ਨਾਲ ਆਉਣ ਵਾਲੇ ਸਾਲ ਵਿੱਚ ਜਿਹੜਾ ਪੰਜਾਬ ਹੈ ਉਹ ਤਰੱਕੀਆਂ ਦੀਆਂ ਬੁਲੰਦੀਆਂ ਨੂੰ ਛੂਹੇਗਾ। ਬਹੁਤ ਬਹੁਤ ਧੰਨਵਾਦ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਲਗਭਗ 30 ਮੈਂਬਰਾਂ ਨੇ ਬਜਟ ਤੇ ਆਪਣੇ ਵਿਚਾਰ ਦਿੱਤੇ ਹਨ।

ਤ.ਸ. / ਅ.ਗ. / 5.40 / 11.03.2023

ਬਹੁਤ ਥੋੜ੍ਹੇ ਮੈਂਬਰ ਸਾਹਿਬਾਨ ਨੇ ਬਜਟ ਦੇ ਵਿਰੋਧ ਵਿੱਚ ਗੱਲਾਂ ਕੀਤੀਆਂ। ਮੈਂ ਬੈਠ ਕੇ ਦੇਖ ਰਿਹਾ ਸੀ ਕਿ ਜ਼ਿਆਦਾਤਰ ਮੈਂਬਰਾਂ ਨੇ ਬਜਟ ਦਾ ਸਮਰਥਨ ਕੀਤਾ ਹੈ। ਆਪੋਜ਼ੀਸ਼ਨ ਧਿਰ ਵਿੱਚੋਂ ਬਹੁਤ ਸਾਰੇ ਸੁਝਾਅ ਆਏ ਹਨ। ਬੜੇ ਅੱਛੇ, ਸਾਕਾਰਾਤਮਕ ਸੁਝਾਅ, ਪਾਜ਼ੀਟਿਵ ਸੁਝਾਅ ਆਏ ਹਨ। ਇਹ ਸੁਝਾਅ ਮੈਂ ਨੋਟ ਵੀ ਕੀਤੇ ਹਨ। ਚਾਹੇ ਰਾਣਾ ਜੀ ਨੇ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ, ਚਾਹੇ ਸੁਖਵਿੰਦਰ ਕੋਟਲੀ ਜੀ ਨੇ ਗੱਲ ਕੀਤੀ ਹੈ, ਜਿੰਨੇ ਵੀ ਮੈਂਬਰ ਸਾਹਿਬਾਨ ਨੇ ਅੱਛੀਆਂ ਗੱਲਾਂ ਕੀਤੀਆਂ ਹਨ, ਉਹ ਅਸੀਂ ਨੋਟ ਕੀਤੀਆਂ ਹਨ। ਮੈਂ ਮੋਟੇ ਮੋਟੇ ਪੁਆਇੰਟਾਂ ਤੇ ਗੱਲ ਕਰਾਂਗਾ ਕਿਉਂਕਿ ਮਾਨਯੋਗ ਸੀ.ਐਮ. ਸਾਹਿਬ ਡਿਟੇਲ ਵਿੱਚ ਦੱਸਣਗੇ।

ਬੜੇ ਲੰਮੇ ਅਰਸੇ ਤੋਂ ਡੈੱਟ ਦੀ ਗੱਲ ਹੋ ਰਹੀ ਹੈ। ਪਿਛਲੇ ਪੰਜ ਸਾਲ ਵੀ ਹੁੰਦੀ ਰਹੀ ਅਤੇ ਹੁਣ ਵੀ ਹੋ ਰਹੀ ਹੈ। ਇਹ ਨਹੀਂ ਕਿ ਇਕੱਲਾ ਪੰਜਾਬ ਹੀ ਡੈੱਟ ਲੈ ਰਿਹਾ ਹੈ। ਪੂਰੇ ਭਾਰਤ ਦੇਸ਼ ਦੇ ਜਿੰਨੇ ਵੀ ਰਾਜ ਹਨ, ਵੱਖ ਵੱਖ ਰਾਜ ਕੋਈ ਘੱਟ ਲੈ ਰਿਹਾ ਹੈ ਅਤੇ ਕੋਈ ਵੱਧ ਲੈ ਰਿਹਾ ਹੈ। ਲਗਭਗ ਸਾਰੇ ਹੀ ਰਾਜ ਡੈੱਟ ਲੈ ਰਹੇ ਹਨ। ਜੇ ਮੈਂ 2007-12 ਦੇ ਡੈੱਟ ਦੀ ਗੱਲ ਕਰਾਂ, ਕਿਉਂਕਿ ਇੱਕ ਦੂਜੇ ਤੇ ਕਾਫੀ ਬਲੇਮ ਦੀਆਂ ਗੱਲਾਂ ਹੋ ਰਹੀਆਂ ਸਨ, 2007 ਤੋਂ 2012 ਤੱਕ 28592 ਕਰੋੜ ਰੁਪਏ ਦਾ ਡੈੱਟ ਐਡ ਹੋਇਆ ਸੀ। ਇਸ ਤੋਂ ਬਾਅਦ 2012 ਤੋਂ 2017 ਤੱਕ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸੈਕੰਡ ਟਰਮ ਸੀ, ਉਸ ਸਮੇਂ 99304 ਕਰੋੜ ਰੁਪਏ ਦਾ ਡੈੱਟ ਐਡ ਹੋਇਆ ਸੀ। ਇਹ CAG ਦੀ ਰਿਪੋਰਟ ਵਿੱਚ ਦਰਜ ਹੈ, ਕਢਵਾ ਕੇ ਦੇਖ ਲਿਉ। ਬਹੁਤ ਸਾਰੇ ਸਾਥੀਆਂ ਦੇ ਅੰਕੜੇ ਦਰੁਸਤ ਨਹੀਂ ਸਨ। ਇਸ ਤੋਂ ਇਲਾਵਾ ਜਿਹੜੀ ਪਿਛਲੀ ਪੰਜ ਸਾਲ ਸਰਕਾਰ ਰਹੀ ਹੈ, ਜਿਹੜੀ ਕਿ ਜ਼ਿਆਦਾ ਸ਼ੇਅਰੋ ਸ਼ਾਇਰੀ ਵਾਲੀ ਸਰਕਾਰ ਰਹੀ ਹੈ, ਅਤੇ ਅੱਜ ਵੀ ਕਾਫੀ ਸ਼ੇਅਰ ਸੁਣਨ ਨੂੰ ਮਿਲੇ ਹਨ। ਰਾਜਾ ਜੀ ਕਹਿ ਰਹੇ ਸਨ 77000 ਕਰੋੜ ਐਡ ਹੋਇਆ ਸੀ ਪਰ 77000 ਕਰੋੜ ਨਹੀਂ 99505 ਕਰੋੜ ਰੁਪਏ ਦਾ ਡੈੱਟ ਐਡ ਹੋਇਆ ਸੀ। ਬਿਲਕੁਲ ਅਸੀਂ ਵੀ ਡੈੱਟ ਲਿਆ ਹੈ ਇਸ ਵਿੱਚ ਕੋਈ ਸ਼ੱਕ ਨਹੀਂ

ਹੈ ਪਰ ਜਿਵੇਂ ਪੁਰਾਣੀਆਂ ਸਰਕਾਰਾਂ ਜਿਵੇਂ ਡੈੱਟ ਦੀ ਰੀਪੇਮੈਂਟ ਵਿੱਚ ਕਮੀ ਛੱਡਦੀਆਂ ਸਨ, ਅਸੀਂ ਇਸ ਡੈੱਟ ਨੂੰ ਰੀਪੇਮੈਂਟ ਕਰਨ ਵਿੱਚ ਲਗਾਤਾਰ ਅਤੇ ਸਮੇਂ ਸਿਰ ਹਰ ਕਿਸ਼ਤ ਦਿੰਦੇ ਰਹਾਂਗੇ। (ਥੰਪਿੰਗ) ਇਸ ਡੈੱਟ ਦੀ ਪੇਮੈਂਟ ਹੋਣ ਨਾਲ ਹੁਣ ਤੱਕ ਸਿਰਫ 24000 ਕਰੋੜ ਦਾ ਡੈੱਟ ਹੀ ਵਧ ਸਕਿਆ ਹੈ, ਅਤੇ ਇਸ ਤੋਂ ਵੱਧ ਅਸੀਂ ਵਧਣ ਨਹੀਂ ਦੇਵਾਂਗੇ।ਅਸੀਂ ਇਸ ਸਾਲ ਵਿੱਚ 15946 ਕਰੋੜ ਰੁਪਏ ਪ੍ਰਿੰਸੀਪਲ ਪੇਮੈਂਟ ਹੋਈ ਅਤੇ 20100 ਕਰੋੜ ਰੁਪਿਆ ਇੰਟਰਸਟ ਪੇਮੈਂਟ ਹੋਈ ਹੈ। ਕੁੱਲ 36046 ਕਰੋੜ ਰੁਪਏ ਅਸੀਂ ਡੈੱਟ ਰੀਪੇਅ ਕੀਤਾ ਹੈ। ਸੋ, ਮੇਰਾ ਕਹਿਣਾ ਦਾ ਭਾਵ ਹੈ ਕਿ ਅਸੀਂ ਸਮੇਂ ਸਿਰ ਡੈੱਟ ਰੀਪੇਅ ਕਰ ਰਹੇ ਹਾਂ।

ਇਸ ਤੋਂ ਇਲਾਵਾ ਜਿਹੜੀਆਂ ਦੇਣਦਾਰੀਆਂ ਹਨ, ਜਿਹੜੀਆਂ ਪੁਰਾਣੀ ਸਰਕਾਰ ਦੇ ਸਮੇਂ, ਆਪੋਜ਼ੀਸ਼ਨ ਵਿੱਚ ਬੈਠੇ ਸਤਿਕਾਰਯੋਗ ਸਾਥੀਆਂ ਦੇ ਸਮੇਂ ਦੇਣਦਾਰੀਆਂ ਹੋਈਆਂ ਹਨ, ਉਹ ਅਸੀਂ ਰੀਪੇਅ ਕੀਤੀਆਂ ਹਨ। ਕੰਸੌਲੀਡੇਟਿਡ ਸਿੰਕਿੰਗ ਫੰਡ ਵਿੱਚ ਅਸੀਂ 3000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਪੁਰਾਣੀ ਸਰਕਾਰ ਨੇ 5 ਸਾਲਾਂ ਵਿੱਚ 2900 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ ਲੇਕਿਨ ਅਸੀਂ ਸਿਰਫ ਇੱਕ ਸਾਲ ਵਿੱਚ ਹੀ 3000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ ਤਾਂ ਕਿ ਸਾਡੀ ਇਕਾਨਮੀ ਪੈਰਾਂ ਤੇ ਆ ਸਕੇ। (ਥੰਪਿੰਗ) ਤੁਹਾਡੇ ਪੰਜ ਸਾਲ, ਕਾਂਗਰਸ ਪਾਰਟੀ ਦੇ 5 ਸਾਲ ਦੇ ਮੁਕਾਬਲੇ ਮੈਂ ਆਪਣੇ ਇੱਕ ਸਾਲ ਦੀ ਗੱਲ ਕਰ ਰਿਹਾ ਹਾਂ।

ਇਸੇ ਤਰ੍ਹਾਂ ਪਾਵਰ ਸਬਸਿਡੀ ਅਤੇ ਦੂਸਰੀਆਂ ਏਜੰਸੀਆਂ ਨੂੰ ਅਸੀਂ ਅਸਿਸਟੈਂਸ ਦਿੱਤੀ ਹੈ। ਅਸੀਂ ਪੰਜਾਬ ਕੋਆਪਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਨੂੰ 885 ਕਰੋੜ ਰੁਪਏ, ਪਨਸਪ ਨੂੰ 300 ਕਰੋੜ ਰੁਪਏ, ਸ਼ੂਗਰਫੈੱਡ ਨੂੰ 400 ਕਰੋੜ ਰੁਪਏ, ਡਿਸਟ੍ਰਿਕਟ ਕੋਆਪਰੇਟਿਵ ਬੈਂਕਾਂ ਨੂੰ 135 ਕਰੋੜ ਰੁਪਏ, ਮਿਲਕਫੈੱਡ ਨੂੰ 36 ਕਰੋੜ ਰੁਪਏ, ਫਾਜ਼ਿਲਕਾ ਸ਼ੂਗਰ ਮਿੱਲ ਕਿਉਂਕਿ ਬਿਲਕੁਲ ਬੰਦ ਹੋਣ ਕਿਨਾਰੇ ਪਹੁੰਚ ਗਈ ਸੀ ਉਸ ਨੂੰ ਬੇਲ ਆਊਟ ਕਰਨ ਲਈ 10 ਕਰੋੜ ਰੁਪਏ ਦਿੱਤੇ ਹਨ। ਸੋ, ਕੁੱਲ ਮਿਲਾ ਕੇ ਪੰਜਾਬ ਸਰਕਾਰ ਨੇ ਜਿੱਥੇ 3000 ਕਰੋੜ ਰੁਪਿਆ ਸਿੰਕਿੰਗ ਫੰਡ ਵਿੱਚ ਨਿਵੇਸ਼ ਕੀਤਾ ਹੈ ਅਤੇ ਇਨ੍ਹਾਂ ਏਜੰਸੀਆਂ ਨੂੰ ਬੇਲ ਆਊਟ ਕਰਨ ਲਈ 2000 ਕਰੋੜ ਰੁਪਏ ਦੀ ਸਹਾਇਤਾ ਕੀਤੀ ਹੈ। ਇਹ ਸਾਰੀਆਂ ਏਜੰਸੀਆਂ ਜਿਹੜੀਆਂ ਕਿ ਪੰਜਾਬ ਦੀ ਇਕਾਨਮੀ ਵਿੱਚ ਵੱਡਾ ਰੋਲ ਪਲੇਅ ਕਰਦੀਆਂ ਹਨ, ਇਹ ਬੰਦ ਹੋ ਜਾਣੀਆਂ ਸਨ। ਇਹ ਸਾਰੀਆਂ ਪੇਮੈਂਟਾਂ ਉਹ ਹਨ, ਜਿਹੜੀਆਂ ਕਿ ਤੁਹਾਡੀ ਪੁਰਾਣੀ ਸਰਕਾਰ ਨੇ ਪੇਅ ਕਰਨੀਆਂ ਸਨ। ਜੇਕਰ ਸਮਾਂ ਰਹਿੰਦੇ ਇਨ੍ਹਾਂ ਨੂੰ ਪੇਅ ਕਰਦੇ ਤਾਂ ਮੈਂ ਸਮਝਦਾ ਹਾਂ ਕਿ ਜਿਹੜੀ ਲਾਇਬਿਲਿਟੀ ਖੜ੍ਹੀ ਹੋਈ ਹੈ, ਇਹ ਨਾ ਹੁੰਦੀ।

ਇਸੇ ਤਰ੍ਹਾਂ ਜਿਵੇਂ ਰਾਣਾ ਜੀ ਨੇ ਗੱਲ ਕੀਤੀ ਸੀ ਕਿ ਸੈਂਟਰਲ ਸਕੀਮਾਂ ਦੇ ਪੈਸੇ ਰੋਕੇ ਹੋਏ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬਿਲਕੁਲ ਨਹੀਂ ਰੋਕੇ ਗਏ। ਤੁਹਾਡੀ ਸਰਕਾਰ ਵੱਲੋਂ ਸੈਂਟਰਲ ਸਪੌਂਸਰਡ ਸਕੀਮਾਂ ਵਿੱਚ 1750 ਕਰੋੜ ਰੁਪਏ ਰੋਕੇ ਗਏ ਸਨ, ਉਹ ਵੀ ਅਸੀਂ ਜਾਰੀ ਕੀਤੇ ਹਨ।

ਸ.ਸ.–ਅ.ਗ./5:45/11.3.2023

ਇਸ ਤੋਂ ਇਲਾਵਾ 6ਵਾਂ ਪੇਅ ਕਮਿਸ਼ਨ ਦੇ ਲਾਗੂ ਹੋਣ ਨਾਲ ਇਸ ਸਰਕਾਰ ਤੇ ਪੈਨਸ਼ਨ ਦਾ ਲਾਭ, ਇੰਪਲਾਈ ਦਾ ਲਾਭ, ਕੁੱਲ 3000 ਕਰੋੜ ਰੁਪਏ ਦਾ ਵਾਧੂ ਬੋਝ ਸਰਕਾਰ ਉੱਪਰ ਪਿਆ। ਇਸ ਤੋਂ ਇਲਾਵਾ ਯੂ.ਜੀ.ਸੀ. ਅਤੇ ਮੁਲਾਜ਼ਮਾਂ ਨੂੰ 6% ਡੀ.ਏ. ਦੀ ਕਿਸ਼ਤ ਔਰ ਸੈਕਿੰਡ ਜੁਡੀਸ਼ੀਅਲ ਪੇਅ ਕਮਿਸ਼ਨ, ਜਿਹੜਾ ਪੰਜਾਬ ਅੰਡਰ ਜੁਡੀਸ਼ਰੀ ਸਿਸਟਮ ਹੈ, ਜੱਜ ਸਾਹਿਬਾਨ ਸਵੇਰ ਤੋਂ ਸ਼ਾਮ ਤੱਕ ਕੰਮ ਕਰਦੇ ਹਨ, ਉਨ੍ਹਾਂ ਦਾ ਸਾਲ 2016 ਤੋਂ ਪੈਂਡਿੰਗ ਪਿਆ ਸੀ, ਉਸ ਵੱਲ ਪੁਰਾਣੀ ਸਰਕਾਰ ਨੇ ਬਿਲਕੁਲ ਧਿਆਨ ਨਹੀਂ ਦਿੱਤਾ। ਉਸ ਤੇ ਸਾਡਾ 1,150 ਕਰੋੜ ਰੁਪਏ ਦਾ ਵਾਧੂ ਬਰਡਨ ਆਇਆ ਹੈ। ਅਸੀਂ ਸਾਰਾ ਪੁਰਾਣਾ ਪੈਂਡਿੰਗ ਵੀ ਕਲੀਅਰ ਕਰੀ ਜਾਂਦੇ ਹਾਂ। ਇਸ ਤੋਂ ਇਲਾਵਾ ਵੁਮੈਨ ਦਾ ਫਰੀ ਟਰੈਵਲ ਪੁਰਾਣਾ ਪੈਂਡਿੰਗ ਪਿਆ ਸੀ, ਉਸ ਲਈ 530 ਕਰੋੜ ਰੁਪਏ ਕਲੀਅਰ ਕੀਤੇ, ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਚੀਜ਼ਾਂ ਹਨ। ਕੁੱਲ ਸਾਡਾ ਰੈਵੇਨਿਊ ਤੇ 29,000 ਕਰੋੜ ਰੁਪਏ ਦੇ ਕਰੀਬ ਐਕਸਪੈਂਡੀਚਰ ਹੋਇਆ ਹੈ। ਇੱਕ ਸਤਿਕਾਰਯੋਗ ਮੈਂਬਰ ਸਾਹਿਬਾਨ ਸ਼੍ਰੀ ਅਵਤਾਰ ਸਿੰਘ ਜੂਨੀਅਰ ਨੇ ਐਫ.ਆਰ.ਬੀ.ਐਮ. ਐਕਟ ਦੀ ਗੱਲ ਕੀਤੀ ਸੀ ਕਿ ਉਸ ਐਕਟ ਅੰਦਰ ਲਿਖਿਆ ਹੈ ਕਿ ਅਸੀਂ ਬਿਲੁਕਲ 3% ਹੀ ਲੋਨ ਲੈ ਸਕਦੇ ਹਾਂ ਲੇਕਿਨ ਉਸ ਦੇ ਨਾਲ ਹੀ ਪੁਰਾਣੀ ਸਰਕਾਰ ਵੇਲੇ ਐਕਟ ਬਣਿਆ ਸੀ, ਉਸ ਵਿੱਚ ਲਿਖਿਆ ਸੀ 3% or allowed by the Government of India from time to time. Government of India time to time ਜਿਹੜਾ ਸਾਨੂੰ ਅਲਾਓ ਕਰਦੀ ਹੈ ਕਿ ਤੁਸੀਂ ਇਨ੍ਹਾਂ ਖੇਤਰਾਂ ਅੰਦਰ ਸੋਧ ਕਰੋ ਅਤੇ ਜੇਕਰ ਤੁਸੀਂ ਸੋਧ ਕਰਦੇ ਹੋ ਤਾਂ ਅਸੀਂ ਤੁਹਾਨੂੰ ਅਲਾਓ ਕਰਾਂਗੇ ਜਾਂ ਪਿਛਲਾ ਲੋਨ ਘੱਟ ਲਿਆ ਗਿਆ ਹੈ, ਉਸ ਨੂੰ carry on loan ਵਿੱਚ ਤਬਦੀਲ ਕਰ ਦਿਉ। ਉਹ ਲੋਨ ਲਿਆ ਗਿਆ ਹੈ ਲੇਕਿਨ ਸਾਡਾ ਜਿਹੜਾ ਪਿਛਲਾ ਬਣਦਾ ਸੀ, ਉਹ ਮੋਟੇ ਰੂਪ ਵਿੱਚ 51,000 ਕਰੋੜ ਰੁਪਏ ਹੈ। ਜੇਕਰ ਅਸੀਂ ਪੂਰਾ ਲੋਨ ਲੈਂਦੇ, ਜਿੰਨਾ ਸਾਨੂੰ as per guidelines of Government of India or F.R.B.M. Act ਅਨੁਸਾਰ ਅਲਾਊਡ ਸੀ ਤਾਂ ਉਸ ਤੋਂ ਅਸੀਂ ਬਹੁਤ ਘੱਟ ਲੋਨ ਲਿਆ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦਾ ਸਾਡੀ ਸਮੁੱਚੀ ਟੀਮ ਨੂੰ ਇੱਕੋ ਹੀ ਆਦੇਸ਼ ਹੈ ਕਿ ਕਿਤੇ ਵੀ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਕਰਨੀ, ਪੰਜਾਬ ਦੇ ਲੋਕਾਂ ਨੇ 92 ਸੀਟਾਂ ਇਸੇ ਲਈ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਝੋਲੀ ਪਾਈਆਂ ਹਨ ਕਿ ਪੰਜਾਬ ਦੇ ਅੰਦਰ ਕਾਨੂੰਨ ਦਾ ਰਾਜ ਸਥਾਪਿਤ ਹੋਵੇ। ਸੋ, ਅਸੀਂ ਬਿਲਕੁਲ ਉਸੇ ਕਾਨੂੰਨ ਤਹਿਤ ਇਹ ਕੰਮ ਕੀਤਾ

ਹੈ ਕਿਉਂਕਿ ਉਸ ਤੋਂ ਵੱਧ ਲੋਨ ਲੈ ਹੀ ਨਹੀਂ ਸਕਦੇ। ਜਿਹੜੀ ਤੁਸੀਂ ਗੱਲ ਕੀਤੀ ਹੈ ਕਿ ਲੋਨ ਲੈ ਲਿਆ ਜਾਂ ਗਲਤ ਕੀਤਾ ਹੈ। ਅਸੀਂ ਬਿਲਕੁਲ ਲੋਨ ਵੱਧ ਲੈ ਨਹੀਂ ਸਕਦੇ ਕਿਉਂਕਿ ਗੌਰਮਿੰਟ ਆਫ ਇੰਡੀਆ ਹੀ ਅਲਾਓ ਕਰਦੀ ਹੈ। ਕਰਜ਼ਾ ਗੌਰਮਿੰਟ ਆਫ ਇੰਡੀਆ ਹੀ ਅਲਾਓ ਕਰਦੀ ਹੈ, ਜੇ ਅਸੀਂ exceed ਕਰਨ ਦਾ ਯਤਨ ਵੀ ਕਰਾਂਗੇ ਤਾਂ ਬਿਲਕੁਲ ਉਹ ਕਦੇ ਵੀ ਅਲਾਓ ਨਹੀਂ ਕਰਨਗੇ ਅਤੇ ਸਾਡੀ ਰਿਕੁਐਸਟ decline ਕਰਨਗੇ। ਸੋ, ਮੈਂ ਇਸ ਲਈ ਇਹ ਕਲੀਅਰ ਕਰਨਾ ਚਾਹੁੰਦਾ ਹਾਂ।

ਇਸ ਤੋਂ ਇਲਾਵਾ ਪੰਜਾਬ ਦੇ ਅੰਦਰ ਵੱਡਾ ਇਜ਼ਾਫਾ ਕੀਤਾ ਗਿਆ, ਮੈਂ ਉਹ ਸਕੀਮਾਂ ਦੱਸਾਂਗਾ। ਪੰਜਾਬ ਦੀ ਸਟੇਟ ਐਕਸਾਈਜ਼ ਪਾਲਿਸੀ ਸਬੰਧੀ ਕਾਫੀ ਪ੍ਰੈਸ ਕਾਨਫਰੰਸਾਂ ਹੋਈਆਂ ਅਤੇ ਆਪੋਜ਼ੀਸ਼ਨ ਦੇ ਵਫਦ ਮਾਨਯੋਗ ਰਾਜਪਾਲ ਜੀ ਨੂੰ ਮਿਲ ਕੇ ਆਏ ਹਨ ਕਿ ਇਸ ਪਾਲਿਸੀ ਦੀ ਜਾਂਚ ਹੋਣੀ ਚਾਹੀਦੀ ਹੈ। ਬੜਾ ਅਫਸੋਸ ਹੈ ਕਿ ਤੁਸੀਂ ਵੀ ਪੰਜਾਬ ਦੇ ਬਾਸ਼ਿੰਦੇ ਹੋ, ਤੁਹਾਨੂੰ ਵੀ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਤੁਹਾਡੀ ਡਿਊਟੀ ਆਪੋਜ਼ੀਸ਼ਨ ਵਿੱਚ ਲਗਾਈ ਹੈ, ਸਾਡੀ ਡਿਊਟੀ ਸਰਕਾਰ ਵਿੱਚ ਲਗਾਈ ਹੈ। ਪੰਜਾਬ ਦੇ ਲੋਕਾਂ ਨੇ ਇਹ ਪਾਵਰਜ਼ ਸਾਨੂੰ ਸਾਰਿਆਂ ਨੂੰ ਵੰਡੀਆਂ ਹਨ। ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੀ ਨਵੀਂ ਐਕਸਾਈਜ਼ ਪਾਲਿਸੀ ਆਉਣ ਨਾਲ ਰੈਵੇਨਿਊ 45% ਤੱਕ ਵੱਧ ਚੁੱਕਿਆ ਹੈ (ਥੰਪਿੰਗ) ਲੇਕਿਨ ਅਫਸੋਸ ਕਿ ਤੁਸੀਂ ਉਸ ਦਾ ਵਿਰੋਧ ਕਰ ਰਹੇ ਹੋ। ਕਾਂਗਰਸ ਪਾਰਟੀ ਨੂੰ ਇਹ ਚਾਹੀਦਾ ਸੀ ਕਿ ਉਹ ਸਰਕਾਰ ਦੇ ਨਾਲ ਖੜ੍ਹਦੀ ਅਤੇ ਕਹਿੰਦੀ ਕਿ ਤੁਸੀਂ ਪਹਿਲੀ ਵਾਰ ਨਵੀਂ ਪਾਲਿਸੀ ਬਣਾਈ ਹੈ ਪਰ ਇਸ ਪਾਲਿਸੀ ਨਾਲ 45% ਦਾ ਵਾਧਾ ਹੋਇਆ। ਪੰਜਾਬ ਵਿੱਚ ਪੁਰਾਣੇ ਸਮੇਂ ਵਿੱਚ ਕਿਸ ਤਰ੍ਹਾਂ ਚੰਡੀਗੜ੍ਹ ਦੀ ਸ਼ਰਾਬ, ਕਿਸ ਤਰ੍ਹਾਂ ਹਰਿਆਣਾ ਦੀ ਸ਼ਰਾਬ ਅਤੇ ਬਾਹਰਲੇ ਸੂਬਿਆਂ ਦੀ ਸ਼ਰਾਬ ਆ ਕੇ ਵਿਕਦੀ ਸੀ। ਅੱਜ ਸਾਡੀ ਸਰਕਾਰ ਨੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਅਧੀਨ ਸਮਗਲਿੰਗ ਦਾ ਏਰੀਆ ਅਤੇ ਸਾਰੀ ਸਮਗਲਿੰਗ ਖਤਮ ਕੀਤੀ ਹੈ। ਰਾਜਾ ਜੀ ਬੈਠੇ ਹਨ, ਤੁਹਾਨੂੰ ਪੂਰਾ ਪਤਾ ਹੋਵੇਗਾ। ਆਪਣੇ ਪੁਰਾਣੇ ਸਾਥੀ ਤੋਂ ਪਤਾ ਕਰ ਲੈਣਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਤੁਹਾਨੂੰ ਪਤਾ ਹੈ। ਹੁਣ ਇਹ ਨਾ ਕਹਿ ਦਿਉ ਕਿ ਟਰੱਕ ਵੀ ਮੈਂ ਹੀ ਲੈ ਕੇ ਆਉਂਦਾ ਰਿਹਾ ਹਾਂ। (ਹਾਸਾ)

**ਮੰਤਰੀ:** ਟਰੱਕ ਨਹੀਂ (ਹਾਸਾ)। ਤੁਹਾਡਾ ਸਾਥੀ ਜਿਹੜਾ ਅੱਜ ਕੱਲ੍ਹ ਕਿਸੇ ਹੋਰ ਰੰਗ ਵਿੱਚ ਕਿਤੇ ਹੋਰ ਚਲਾ ਗਿਆ। ਸ਼ੇਅਰੋ-ਸ਼ਾਇਰੀ ਕਰਦਾ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਮੇਰਾ ਸਾਥੀ ਨਹੀਂ, ਉਹ ਮਾਨ ਸਾਹਿਬ ਦਾ ਸਾਥੀ ਹੈ।

**ਮੰਤਰੀ:** ਉਹ ਤੁਹਾਡਾ ਸਾਥੀ ਹੈ। ਉਨ੍ਹਾਂ ਨੇ ਕੀ ਕੀਤਾ? ਮੈਂ ਦੱਸਣਾ ਚਾਹੁੰਦਾ ਹਾਂ। ਜਿਹੜੇ ਬਾਰਡਰ ਦੇ ਠੇਕੇ ਸੀ, ਜਿਹੜੇ ਹਰਿਆਣਾ ਦੀ ਹੱਦ ਨਾਲ ਲੱਗਦੇ ਹੁੰਦੇ ਸੀ ਜਾਂ ਜਿਹੜੇ ਇੱਧਰ ਆ ਕੇ ਰਾਜਸਥਾਨ ਦੀ ਹੱਦ ਨਾਲ ਲੱਗਦੇ ਹੁੰਦੇ ਸੀ ਕਿਉਂਕਿ ਉੱਧਰ ਉਨ੍ਹਾਂ ਲੋਕਾਂ ਦੇ ਖੇਤ ਹਨ। ਉਨ੍ਹਾਂ ਨੂੰ ਸਮਗਲਿੰਗ ਕਰਨ ਦਾ ਬੜਾ ਪੁਰਾਣਾ ਤਜਰਬਾ ਹੈ। ਉੱਥੇ ਜਾ ਕੇ ਹਰਿਆਣੇ ਤੋਂ ਸ਼ਰਾਬ ਲਿਆ ਕੇ ਪੰਜਾਬ ਦੇ ਅੰਦਰ ਵੇਚਦੇ ਹੁੰਦੇ ਸੀ ਅਤੇ ਪੰਜਾਬ ਨੂੰ ਘਾਟਾ ਪਾਉਂਦੇ ਸੀ। ਇਹ ਉਨ੍ਹਾਂ ਲੋਕਾਂ ਦੇ ਹਾਲਾਤ ਸੀ। ਇਸੇ ਕਰਕੇ ਪੰਜਾਬ ਅੰਦਰ ਸ਼ਰਾਬ ਦਾ ਮਾਫੀਆ ਚੱਲਿਆ ਸੀ ਔਰ ਪਹਿਲੀ ਵਾਰ ਪੰਜਾਬ ਅੰਦਰ ਸ਼ਰਾਬ ਦੇ ਮਾਫੀਏ ਨੂੰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਬਿਲਕੁਲ crush ਕੀਤਾ ਗਿਆ ਹੈ ਅਤੇ ਸਪੀਕਰ ਸਾਹਿਬ, ਜਿਹੜਾ ਪਿਛਲੇ ਸਾਲ ਦਾ ਮਾਲੀਆ ਸੀ, ਉਹ 61 ਸੌ ਕਰੋੜ ਰੁਪਏ ਦੇ ਕਰੀਬ ਸੀ, ਉਹ ਅੱਜ ਇੱਕ ਸਾਲ ਦੇ ਅੰਦਰ ਵੱਧ ਕੇ 9 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ।

**ਮ.ਰ. ਹਸਟ./5.50/11.03.2023**

ਮੈਂ ਇੱਕ ਸਾਲ ਵੀ ਨਹੀਂ ਕਹਾਂਗਾ ਇਹ ਨੌਂ ਮਹੀਨਿਆਂ ਦੇ ਅੰਦਰ ਵਾਧਾ ਹੋਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਿਉਂਕਿ ਪਾਲਿਸੀ ਨੌਂ ਮਹੀਨੇ ਦੀ ਸੀ। ਨੌਂ ਮਹੀਨੇ ਦੇ ਅੰਦਰ ਵਾਧਾ ਹੋ ਗਿਆ। ਪਰ ਜਿਹੜੇ ਤੁਹਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਹਨ, ਉਹ ਚਲੇ ਗਏ ਹਨ, ਚੰਗਾ ਹੁੰਦਾ ਉਨ੍ਹਾਂ ਦੀ ਨਾਲੇਜ ਵਿੱਚ ਵਾਧਾ ਹੋ ਜਾਂਦਾ। ਤੁਸੀਂ ਜ਼ਰੂਰ ਦੱਸ ਦਿਓ। ਕਈ ਵਾਰੀ ਬੀ.ਜੇ.ਪੀ. ਦੀ ** ** ਤੇ ਵੀ ਚਲੇ ਜਾਂਦੇ ਹਨ। ਜਿਹੜਾ ਕੰਮ ਬੀ.ਜੇ.ਪੀ. ਦਿੱਲੀ ਵਿਖੇ ਕਰਦੀ ਹੈ, ਉਸ ਤਰ੍ਹਾਂ ਇਹ ਮੈਮੋਰੰਡਮ ਲੈ ਕੇ ਮਾਨਯੋਗ ਗਵਰਨਰ ਸਾਹਿਬ ਕੋਲ ਚਲੇ ਜਾਂਦੇ ਹਨ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਇਹ ਉਨ੍ਹਾਂ ਨੂੰ ਸਮਝਾ ਦੇਣਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਡਾਕਟਰ ਰਾਜ ਕੁਮਾਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਐਫ.ਐਮ. ਸਾਹਿਬ ਕੀ ਇਨ੍ਹਾਂ ਨੂੰ ਪੁਆਇੰਟ ਆਫ ਆਰਡਰ ਦੇ ਦੇਈਏ ਜੀ ?।

**ਮੰਤਰੀ:** ਨਹੀਂ, ਨਹੀਂ ਜੀ। ਮੈਂ ਤਾਂ ਸਿਰਫ ਕੁਰੈਕਸ਼ਨ ਕਰਵਾਈ ਹੈ ਕਿ ਤੁਸੀਂ ਉਨ੍ਹਾਂ ਨੂੰ ਜਾ ਕੇ ਦੱਸ ਦਿਓ। ਚਲੋ, ਪੁਆਇੰਟ ਆਫ ਆਰਡਰ ਦੇ ਦਿਓ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਬਹੁਤ ਸਤਿਕਾਰ ਕਰਦਾ ਹਾਂ। ਚੀਮਾ ਸਾਹਿਬ ਬਜਟ ਪੜ੍ਹ ਰਹੇ ਹਨ ਔਰ ਦੇਖੋ ਅਸੀਂ ਅਰਾਮ ਨਾਲ ਸਾਰੇ ਜਣੇ ਸੁਣ ਰਹੇ ਹਾਂ। ਚੀਮਾ ਸਾਹਿਬ ਬਜਟ ਵਿੱਚ ਜਿਹੜੀਆਂ ਚੀਜ਼ਾਂ ਹਨ, ਉਨ੍ਹਾਂ ਨੂੰ ਵਿਸਥਾਰਪੂਰਵਕ ਦੱਸ ਰਹੇ ਹਨ ਔਰ ਬਹੁਤ ਚੰਗਾ ਮਾਹੌਲ ਹੈ। ਹਰ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਫਰਜ਼ ਹੈ। ਇਹ ਕੋਈ ਬਹੁਤੀ ਚੰਗੀ ਗੱਲ ਨਹੀਂ ਹੈ ਅਤੇ ਤੁਹਾਨੂੰ ਪਤਾ ਹੀ ਹੈ ਕਿ ਪੁਰਾਣਾ ਪਰਿਵਾਰ ਹੈ ਅਤੇ ਕਿੰਨੇ ਸਮੇਂ ਤੋਂ ਸੇਵਾ ਵਿੱਚ ਲੱਗੇ ਹੋਏ ਹਨ। ਕ੍ਰਿਪਾ ਕਰਕੇ ਐਲ.ਓ.ਪੀ. ਬਾਰੇ ਜੋ ਸ਼ਬਦ ਕਹੇ ਹਨ, ਉਹ ਐਕਸਪੰਜ ਕਰਵਾ ਦਿਓ।

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।ਹਾਂ ਜੀ, ਚੀਮਾ ਸਾਹਿਬ।

**ਮੁੱਖ ਮੰਤਰੀ (ਬੈਠੇ-ਬੈਠੇ):** ਉਸ ਨੂੰ ਇੱਥੇ ਨਾਲ ਬਿਠਾ ਲਿਆ ਕਰੋ, ਫਿਰ ਐਕਸਪੰਜ ਕਰਵਾਉਣ ਦੀ ਲੋੜ ਹੀ ਨਹੀਂ ਪਵੇਗੀ। (ਹਾਸਾ)

**ਵਿੱਤ ਮੰਤਰੀ:** ਚਲੋ, ਜੇਕਰ ਬੈਠੇ ਹੁੰਦੇ ਤਾਂ ਐਕਸਪੰਜ ਕਰਵਾਉਣ ਦੀ ਲੋੜ ਨਹੀਂ ਸੀ ਪੈਣੀ। ਸਾਰੀ ਸਮਝ ਆ ਜਾਣੀ ਸੀ।

**ਮੁੱਖ ਮੰਤਰੀ (ਬੈਠੇ-ਬੈਠੇ):** ਜਦੋਂ ਤੁਸੀਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਸਾਰੇ ਚਲੇ ਜਾਂਦੇ ਹੋ ਅਤੇ ਅਸੀਂ ਖੁੱਲ੍ਹਾ ਬੋਲਦੇ ਹਾਂ, ਉਸ ਵੇਲੇ ਤਾਂ ਕਦੇ ਐਕਸਪੰਜ ਨਹੀਂ ਕਰਵਾਇਆ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਇਸੇ ਤਰ੍ਹਾਂ non-tax revenue ਦੇ ਅੰਦਰ 26 ਪਰਸੈਂਟ ਦਾ ਵਾਧਾ, ਪੰਜਾਬ ਜੀ.ਐਸ.ਟੀ. ਦੇ ਅੰਦਰ 23 ਪਰਸੈਂਟ ਦਾ ਵਾਧਾ, ਸਟੈਂਪ ਪੈਡ ਦੇ ਅੰਦਰ 19 ਪਰਸੈਂਟ ਦਾ ਵਾਧਾ, ਟੈਕਸ ਐਂਡ ਵਹੀਕਲਜ਼ ਤੇ 12 ਪਰਸੈਂਟ ਦਾ ਵਾਧਾ ਕੀਤਾ ਹੈ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਲਗਾਤਾਰ ਜਿਹੜਾ ਟੈਕਸ ਰੈਵੇਨਿਊ ਹੈ, ਉਹ ਵੀ ਅਸੀਂ ਵਧਾ ਰਹੇ ਹਾਂ, ਜਿੱਥੇ ਅਸੀਂ ਪੰਜਾਬ ਦੇ ਅੰਦਰ ਐਗਰੀਕਲਚਰ ਦੇ ਖੇਤਰ ਵਿੱਚ 20 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ, ਉਥੇ ਅਸੀਂ ਐਜੂਕੇਸ਼ਨ ਦੇ ਖੇਤਰ ਵਿੱਚ 12 ਪ੍ਰਤੀਸ਼ਤ ਬਜਟ ਦਾ ਵਾਧਾ ਕੀਤਾ ਹੈ। ਸੋਸ਼ਲ ਵੈਲਫੇਅਰ ਅਤੇ ਸੋਸ਼ਲ ਜਸਟਿਸ ਵਿੱਚ 17 ਪ੍ਰਤੀਸ਼ਤ ਬਜਟ ਦਾ ਵਾਧਾ ਕੀਤਾ ਹੈ। ਇਹ ਬਹੁਤ ਸਾਰੇ ਹੈੱਡ ਹਨ, ਜਿਹੜੇ ਆਲਰੇਡੀ ਮੈਂ ਬਜਟ ਵਿੱਚ ਬੋਲ ਚੁੱਕਿਆ ਹਾਂ। ਸਾਰੇ ਹੈੱਡਾਂ ਵਿੱਚ ਵਾਧੇ ਤਾਂ ਹੀ ਹੋਏ ਹਨ ਜੇਕਰ ਇੱਕ ਇਮਾਨਦਾਰ ਸਰਕਾਰ ਲੋਕਾਂ ਨੇ ਚੁਣੀ ਹੈ। ਲਗਾਤਾਰ ਟੈਕਸ ਦੀ ਕੁਲੈਕਸ਼ਨ ਵਿੱਚ ਵਾਧਾ ਹੋਇਆ ਹੈ ਅਤੇ ਇਹ ਸਾਡਾ ਦੂਜਾ ਬਜਟ ਹੈ। ਸਪੀਕਰ ਸਾਹਿਬ ਨਾ ਪਿਛਲੇ ਸਾਲ ਕੋਈ ਟੈਕਸ ਲੱਗਿਆ ਅਤੇ

ਨਾ ਹੀ ਇਸ ਵਾਰ ਕੋਈ ਟੈਕਸ ਲਗਾਇਆ ਗਿਆ ਹੈ। ਪਹਿਲਾਂ ਰਸਤੇ ਵਿੱਚ ਹੀ ਟੈਕਸ ਲੁੱਟ ਲਿਆ ਜਾਂਦਾ ਸੀ ਕਿਉਂਕਿ ਪੰਜਾਬ ਅੰਦਰ ਕਈ ਤਰ੍ਹਾਂ ਦੇ ਮਾਫੀਆ ਚਲ ਰਹੇ ਸਨ, ਕਿਤੇ ਸ਼ਰਾਬ ਦਾ ਮਾਫੀਆ, ਕਿਤੇ ਟਰਾਂਸਪੋਰਟ ਦਾ ਮਾਫੀਆ, ਕਿਤੇ ਰੇਤ ਦਾ ਮਾਫੀਆ, ਕਿਤੇ ਲੈਂਡ ਦਾ ਮਾਫੀਆ ਆਦਿ ਪਤਾ ਨਹੀਂ ਕਿਹੜੇ-ਕਿਹੜੇ ਪੰਜਾਬ ਦੀਆਂ ਪੁਰਾਣੀਆਂ ਸਰਕਾਰਾਂ ਨੇ ਪੈਦਾ ਕੀਤੇ ਹੋਏ ਸਨ। ਸਪੀਕਰ ਸਾਹਿਬ, ਉਹ ਸਾਰੇ ਮਾਫੀਏ ਇੱਕ-ਇੱਕ ਕਰਕੇ ਪੰਜਾਬ ਅੰਦਰ ਖਤਮ ਹੋ ਰਹੇ ਹਨ। ਇਸ ਗੱਲ ਕਰਕੇ ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਜਿੰਨੇ ਵਾਅਦੇ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਅਰਵਿੰਦਰ ਕੇਜਰੀਵਾਲ ਜੀ ਨੇ ਕੀਤੇ ਸਨ, ਉਹ ਵਾਅਦੇ ਇੱਕ-ਇੱਕ ਕਰਕੇ ਪੂਰੇ ਹੋ ਰਹੇ ਹਨ। ਇਲੈਕਸ਼ਨ ਦੇ ਦੌਰਾਨ ਸਭ ਤੋਂ ਵੱਡਾ ਵਾਅਦਾ ਤਿੰਨ ਸੌ ਯੂਨਿਟ ਮੁਆਫ ਕਰਨ ਦਾ ਕੀਤਾ ਗਿਆ ਸੀ, ਜਿਸ ਉੱਤੇ ਬਹੁਤ ਲੰਬੀ ਡਿਸਕਸ਼ਨ ਹੋਈ ਹੈ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਵੀ ਬੋਲੇ ਹਨ। ਤਿੰਨ ਸੌ ਯੂਨਿਟ free of electricity ਦਾ ਵਾਅਦਾ ਅਸੀਂ ਪਹਿਲੇ ਸਾਲ ਹੀ ਪੂਰਾ ਕੀਤਾ ਹੈ। ਦੂਜਾ ਵੱਡਾ ਵਾਅਦਾ ਸਾਡਾ ਪੰਜਾਬ ਦੇ ਲੋਕਾਂ ਨਾਲ ਇਹ ਸੀ ਕਿ ਪਰਮਾਤਮਾ ਨਾ ਕਰੇ ਕਿ ਪੰਜਾਬ ਦਾ ਨੌਜਵਾਨ ਸਰਵਿਸ ਦੇ ਦੌਰਾਨ ਸਰਹੱਦ ਉੱਤੇ ਜਾਂ ਕਿਤੇ ਹੋਰ ਸ਼ਹੀਦ ਹੋ ਜਾਂਦਾ ਹੈ ਤਾਂ ਉਸ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਿਆ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ, ਇਹ ਵੀ ਵਾਅਦਾ ਅਸੀਂ ਪੂਰਾ ਕੀਤਾ ਹੈ। ਸਪੀਕਰ ਸਾਹਿਬ, ਮੁਹੱਲਾ ਕਲੀਨਿਕ ਬਣਨੇ ਸ਼ੁਰੂ ਹੋ ਗਏ ਹਨ। ਯੂਨੀਵਰਸਿਟੀਆਂ ਦੀ ਗ੍ਰਾਂਟਸ ਦੀ ਗੱਲ ਹੋਈ ਹੈ। ਮੈਂ ਉਸ ਦਾ ਜ਼ਿਕਰ ਵੀ ਕਰਾਂਗਾ ਕਿਤੇ ਰਹਿ ਹੀ ਨਾ ਜਾਵੇ। ਜਿਹੜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੱਲ ਹੋਈ ਹੈ, ਪਿਛਲੇ ਸਾਲ ਉਹ ਗ੍ਰਾਂਟ 150 ਕਰੋੜ ਰੁਪਿਆ ਸੀ, ਉਸ ਤੋਂ ਪਹਿਲਾਂ 114 ਕਰੋੜ ਰੁਪਏ ਸੀ ਪਰੰਤੂ ਅਸੀਂ 50 ਕਰੋੜ ਰੁਪਿਆ ਵਧਾ ਕੇ 200 ਕਰੋੜ ਰੁਪਿਆ ਕਰਕੇ ਪੂਰੀ ਕੀਤੀ ਸੀ ਪਰੰਤੂ ਇਸ ਵਾਰ 164 ਕਰੋੜ ਰੁਪਿਆ + ਜਿੰਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਸਾਹਿਬ ਜਾਂ ਜਿੰਨਾ ਡਿਪਾਰਟਮੈਂਟ ਕਹੇਗਾ, ਉੰਨਾ ਵਾਧਾ ਅਸੀਂ ਕਰ ਦੇਵਾਂਗੇ। ਸਪੀਕਰ ਸਾਹਿਬ, ਸੋ ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਐਜੂਕੇਸ਼ਨ ਮਿਲ ਰਹੀ ਹੈ, ਉਹ ਉਸੇ ਤਰ੍ਹਾਂ ਹੀ ਜਾਰੀ ਰਹੇਗੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਬਹੁਤ ਵੱਡੀ ਯੂਨੀਵਰਸਿਟੀ ਹੈ ਅਤੇ ਇਹ ਸਾਡੀ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੀ ਹੈ। ਸੋ, ਉਸ ਵਿੱਚ ਕਿਸੇ ਵੀ ਕਿਸਮ ਦੀ ਖੜੋਤ ਨਹੀਂ ਆਉਣ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਲਗਭਗ ਮੈਂ ਸਾਰੇ ਨੁਕਤਿਆਂ ਅਤੇ ਇਨ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਜਵਾਬ ਦੇ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਇਹ ਬਜਟ ਹੈ, ਉਸ ਉੱਤੇ ਤੁਰੰਤ ਬਹਿਸ ਸਮਾਪਤ ਕੀਤੀ ਜਾਵੇ।

GK/HS 5.55 11-3--2023

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਹਾਲੇ ਵੀ ਕੁਝ ਰਹਿ ਗਿਆ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਮੈਂ ਕੁਝ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਕਲੈਰੀਫਿਕੇਸ਼ਨ ਤਾਂ ਹੋ ਗਈ ਹੈ। ਹਾਲੇ ਹੋਰ ਵੀ ਕਰਨੀ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬਜਟ ਤੇ ਕਲੈਰੀਫਿਕੇਸ਼ਨ ਵਾਸਤੇ ਬੋਲਣ ਦਾ ਮੌਕਾ ਦਿੱਤਾ। ਤੁਹਾਡੀ ਮਾਰਫਤ ਮੈਂ ਵਿੱਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਜਟ ਸਾਲ ਵਿੱਚ ਜੋ ਪ੍ਰਿੰਸੀਪਲ ਅਮਾਊਂਟ 15,946 ਰੁਪਏ ਵਾਪਿਸ ਕੀਤੀ ਗਈ ਹੈ ਕੀ ਇਹ revolving debt ਹੈ ਕਿ ਜਿੰਨਾ ਅਸੀਂ ਵਾਪਿਸ ਕੀਤਾ ਹੈ ਓਨਾ ਹੀ debt ਅਸੀਂ ਦੁਬਾਰਾ ਲੈ ਲਿਆ? ਦੂਜੀ ਗੱਲ, ਇਸ ਬਜਟ ਸਾਲ ਵਿੱਚ ਕੀ ਵੈਟ ਤੇ ਪਰਸੈਂਟੇਜ ਵਧਾਈ ਗਈ ਹੈ ਅਤੇ 90 ਪੈਸੇ ਪੈਟਰੋਲ ਅਤੇ 90 ਪੈਸੇ ਡੀਜ਼ਲ ਦੇ ਰੇਟ ਵਧਾਏ ਗਏ ਹਨ? ਤੀਜੀ ਗੱਲ, ਜਿਹੜਾ ਮੈਂ ਮੇਨ ਮੁੱਦਾ ਫਿਸਕਲ ਡੈਫੀਸੈੱਟ ਦਾ ਚੁੱਕਿਆ ਸੀ, ਇਸ ਮੁਕੱਦਸ ਹਾਊਸ ਵਿੱਚ The Punjab Responsibility and Budget Management Amendment Bill, 21 ਪਾਰਥ ਹੋਇਆ ਸੀ। ਇਸ ਵਿੱਚ ਕਲੀਅਰਲੀ ਡੀਫਾਈਂਡ ਹੈ ਕਿ ਸਾਲ 2020-21 ਵਿੱਚ 4% ਅਤੇ 1% ਐਡੀਸ਼ਨਲ ਲੈ ਸਕਦੇ ਹਾਂ। ਇਹ ਉਸ ਮਾਪਦੰਡ ਦਾ ਹੈ ਜਦੋਂ implementation of One Nation and One Ration Card ਹੋ ਸਕਦਾ ਹੈ। Ease of doing business reform ਹੋ ਸਕਦਾ ਹੈ। Urban Local Utility Reform ਹੋ ਸਕਦਾ ਹੈ ਅਤੇ ਪਾਵਰ ਸੈਕਟਰ ਰੀਫਾਰਮ ਹੋਵੇਗਾ। ਅਗਲੇ ਸਾਲ 2021-22 ਵਿੱਚ 3.5% ਅਤੇ 1% ਰੀਫਾਰਮ ਹੋਣਗੇ ਅਤੇ ਜਿਹੜਾ ਹੁਣ ਬਜਟ ਪਾਰਥ ਕਰਨ ਜਾ ਰਹੇ ਹਾਂ ਉਸ ਵਿੱਚ 3%+1% ਹੋਵੇਗਾ। ਇਹ ਮੇਰੀ ਹੰਬਲ ਰਿਕੁਐਸਟ ਹੈ ਮੰਤਰੀ ਸਾਹਿਬ ਤੋਂ ਇਸ ਦਾ ਜਵਾਬ ਦਿਵਾ ਦਿਓ। ਜਿਹੜਾ ਹੁਣ ਬਜਟ ਅਨੁਮਾਨ ਰੱਖਿਆ ਗਿਆ ਹੈ ਉਸ ਵਿੱਚ ਫਿਸਕਲ ਡੈਫੀਸੈੱਟ 5% ਰੱਖਿਆ ਗਿਆ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਮੰਤਰੀ ਸਾਹਿਬ, ਤੁਹਾਨੂੰ ਜਵਾਬ ਭੇਜ ਦੇਣਗੇ। ਹੁਣ ਮੈਂ ਲੀਡਰ ਆਫ ਦਿ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਬੋਲਣਗੇ।(ਥੰਪਿਗ)

**ਮੁੱਖ ਮੰਤਰੀ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਬਜਟ ਤੇ ਬੜੇ ਵਿਸਥਾਰ ਸਹਿਤ ਡਿਸਕਸ਼ਨ ਹੋਈ ਹੈ। ਮੈਂ ਪਹਿਲੇ ਬੁਲਾਰੇ ਤੋਂ ਲੈ ਕੇ ਲਾਈਵ ਟੈਲੀਕਾਸਟ ਸੁਣ ਰਿਹਾ ਸੀ। ਕਿਸੇ ਫੰਕਸ਼ਨ ਤੇ

ਜਾਣ ਕਰਕੇ ਅੱਧੇ ਪੌਣੇ ਘੰਟੇ ਦਾ ਗੈਪ ਸੀ ਪਰ ਮੈਂ ਆਈਪੈਡ ਵਿੱਚ ਪੋਜ਼ ਕਰਕੇ ਜਦੋਂ ਵੀ ਫਰੀ ਹੋਇਆ ਉਸ ਤੋਂ ਬਾਅਦ ਹਰ ਮੈਂਬਰ ਦੀ ਸਪੀਚ ਵਿੱਚ ਰੱਖੇ ਗਏ ਸੁਝਾਅ ਸੁਣੇ ਹਨ। ਡਾਕਟਰ ਸਾਹਿਬ ਦੇ ਜਾਂ ਫਿਰ ਕਾਂਗਰਸ ਦੇ ਸਾਡੇ ਸਾਥੀਆਂ ਦੇ ਸੁਝਾਅ ਅਤੇ ਕਮੀਆਂ ਵੀ ਸੁਣੀਆਂ ਹਨ। ਸਾਡੇ ਬਹੁਤ ਸਾਰੇ ਐਮ.ਐਲ.ਏ. ਸਾਹਿਬਾਨ ਪਹਿਲੀ ਵਾਰ ਬੋਲੇ ਹਨ। ਉਨ੍ਹਾਂ ਵਿੱਚ ਬਹੁਤ ਵਧੀਆ confidence ਦੇਖਣ ਨੂੰ ਮਿਲਿਆ ਹੈ। ਜੇਕਰ ਉਨ੍ਹਾਂ ਨੂੰ ਹੋਰ ਮੌਕੇ ਮਿਲਣਗੇ ਤਾਂ ਹੋਰ ਵੀ ਜ਼ਿਆਦਾ confidence ਨਾਲ ਬੋਲਣਗੇ। ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ 30 ਦੇ ਲਗਭਗ ਬੁਲਾਰੇ ਅੱਜ ਇਸ ਬਜਟ ਤੇ ਬੋਲੇ ਹਨ। ਦੁੱਖ ਦੀ ਗੱਲ ਇਹ ਹੈ ਕਿ ਅੱਧੀ ਕਾਂਗਰਸ ਅਤੇ ਬੀ.ਜੇ.ਪੀ. ਆਪਣੀ ਆਦਤ ਮੁਤਾਬਕ ਆਪਣੇ ਘਰ ਪਹੁੰਚ ਚੁੱਕੀ ਹੈ ਪਰ ਜਿਹੜੇ ਇੱਥੇ ਸਦਨ ਵਿੱਚ ਮੌਜੂਦ ਹਨ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਤੁਹਾਨੂੰ ਅੱਜ ਇਹ ਪਤਾ ਲੱਗ ਗਿਆ ਹੋਣਾ ਕਿ ਬੈਠੇ ਰਹੋ ਤਾਂ ਸਮਾਂ ਤਾ ਮਿਲ ਹੀ ਜਾਂਦਾ ਹੈ। ਜਦੋਂ ਸਾਲ 2014 ਵਿੱਚ ਲੋਕ ਸਭਾ ਵਿੱਚ ਮੈਂ ਪਹਿਲੀ ਵਾਰ ਚੁਣ ਕੇ ਗਿਆ ਸੀ ਤਾਂ ਸਾਡਾ ਟ੍ਰੇਨਿੰਗ ਕੈਂਪ ਲੱਗਿਆ ਸੀ। ਉੱਥੇ ਕਿਸੇ ਬਹੁਤ ਸੀਨੀਅਰ ਪਾਲੀਟਿਸ਼ਨ ਨੇ ਕਿਹਾ ਸੀ ਕਿ ਪਾਰਲੀਮੈਂਟ ਵਿੱਚ ਬੋਲਣ ਦਾ ਅਤੇ ਸਮਾਂ ਲੈਣ ਦਾ ਇੱਕੋ ਇੱਕ ਤਰੀਕਾ ਹੈ ਕਿ ਉੱਥੇ ਬੈਠੇ ਰਹੋ। ਫਿਰ ਸਪੀਕਰ ਸਾਹਿਬ ਵੀ ਕਹਿ ਦਿੰਦੇ ਹਨ ਕਿ ਇਹ ਕਦੋਂ ਦਾ ਬੈਠਾ ਹੈ ਇਸ ਨੂੰ ਵੀ ਬੋਲਣ ਦਾ ਮੌਕਾ ਦੇ ਦਿੰਦੇ ਹਾਂ। ਸੋ, ਸਾਰਿਆਂ ਨੂੰ ਬੋਲਣ ਦਾ ਚਾਅ ਹੁੰਦਾ ਹੈ। ਕਈ ਮੈਂਬਰ ਪਹਿਲੀ ਵਾਰ ਚੁਣ ਕੇ ਆਏ ਹਨ। ਜਾਖੜ ਸਾਹਿਬ ਪਹਿਲੀ ਵਾਰ ਚੁਣ ਕੇ ਆਏ ਹਨ ਉਨ੍ਹਾਂ ਨੂੰ ਬੋਲਣ ਦਾ ਚਾਅ ਹੈ, ਜਨੂੰਨ ਹੈ। ਸਾਡੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਪਹਿਲੀ ਵਾਰ ਚੁਣ ਕੇ ਆਏ ਹਨ ਉਨ੍ਹਾਂ ਨੂੰ ਬੋਲਣ ਦਾ ਚਾਅ ਹੈ, ਜਨੂੰਨ ਹੈ। ਕਈ ਇਹੋ ਜਿਹੇ ਹਨ ਜਿਨ੍ਹਾਂ ਨੇ ਸਿਰਫ ਬੋਲ ਕੇ ਵਾਪਿਸ ਜਾਣਾ ਹੁੰਦਾ ਹੈ। ਉਹ ਚਾਅ ਨਹੀਂ ਹੁੰਦਾ, ਉਹ ਜਨੂੰਨ ਨਹੀਂ ਹੁੰਦਾ। ਉਹ ਤਾਂ ਸਿਰਫ ਆਦਤ ਹੁੰਦੀ ਹੈ।

06.00 11.03.2023 Rajneet/Birendra singh

ਸੋ, ਮੈਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਅੱਜ ਬੜੀ healthy debate ਹੋਈ ਹੈ। ਚਲੋ, ਥੋੜ੍ਹੀ-ਬਹੁਤ ਤਲਖੀ ਚਲਦੀ ਰਹਿੰਦੀ ਹੈ। ਲੋਕਤੰਤਰ ਦੀ ਇਹੀ ਮਹੱਤਤਾ ਹੈ ਕਿ ਸਾਰੇ ਪੱਖਾਂ ਦੀ ਗੱਲ ਸੁਣੀ ਜਾਵੇ। ਜਦੋਂ ਸ਼੍ਰੀ ਸੋਮਨਾਥ ਚੈਟਰਜੀ ਜੀ ਲੋਕ ਸਭਾ ਦੇ ਵਿੱਚ ਮਾਨਯੋਗ ਸਪੀਕਰ ਸਨ, ਉਨਾਂ ਨੇ ਉੱਥੇ ਇੱਕ ਮਿਊਜ਼ੀਅਮ ਬਣਾਇਆ। ਇਹ ਜ਼ਰੂਰ ਜਾ ਕੇ ਦੇਖਣ ਵਾਲੀ ਚੀਜ਼ ਹੈ। ਉੱਥੇ ਸਾਨੂੰ ਪਤਾ ਲੱਗੇਗਾ ਕਿ ਸਾਡੇ ਦੇਸ਼ ਵਿੱਚ ਡੈਮੋਕ੍ਰੇਸੀ ਕਦੋਂ ਤੋਂ ਸ਼ੁਰੂ ਹੋਈ ਸੀ। ਜਦੋਂ ਬੁੱਧ ਕੌਂਸਲ ਬੈਠਦੀ ਸੀ, ਜਦੋਂ ਦੀਨ-ਏ-ਇਲਾਹੀ ਵਿੱਚ ਸਾਰੇ ਧਰਮਾਂ ਦੇ ਵਿਦਵਾਨ ਬਿਠਾ ਕੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ। ਸੋ, ਸਾਡਾ ਦੇਸ਼ ਐਵੇਂ ਹੀ biggest democracy of the world ਨਹੀਂ ਕਹਾਉਂਦਾ। ਸਾਡੇ ਬਹੁਤ ਚਿਰ ਪਹਿਲਾਂ ਤੋਂ ਪੰਚਾਇਤਾਂ ਸੱਦਦੇ ਸੀ। ਜਦੋਂ

ਕਿਸੇ ਦੇ ਘਰ ਕੋਈ ਰੌਲਾ ਪੈ ਜਾਵੇ ਜਾਂ ਭਰਾਵਾਂ ਦੇ ਵਿੱਚ ਬਟਵਾਰਾ ਕਰਨਾ ਹੋਵੇ ਤਾਂ ਆਪਾਂ ਕੀ ਕਹਿੰਦੇ ਹਾਂ ਕਿ ਇਕੱਠ ਕਰ ਲਵੋ। ਭਾਈ ਮੈਂ ਅੱਜ ਇਕੱਠ ਕਰਦਾ ਹਾਂ, ਇਕੱਠ ਕਰਨ ਦਾ ਮਤਲਬ ਕੀ ਸੀ ਕਿ ਮੈਂ ਪਿੰਡ ਦੇ ਸਿਆਣੇ ਬੰਦੇ ਬੁਲਾਉਂਦਾ ਹਾਂ। ਜਿਵੇਂ ਉਹ ਕਹਿਣਗੇ, ਉਵੇਂ ਮੰਨ ਲਵਾਂਗੇ। ਘਰ ਵਿੱਚ ਸਿਆਣੇ ਬੰਦੇ ਬੁਲਾ ਲਏ ਜਾਂਦੇ ਹਨ, ਰਿਸ਼ਤੇਦਾਰ ਆ ਜਾਂਦੇ ਹਨ। ਉਨ੍ਹਾਂ ਵਿੱਚੋਂ ਕੋਈ ਵਡੇਰਾ ਕਹਿ ਦਿੰਦਾ ਹੈ ਕਿ ਚੱਲ, ਮੇਰੀ ਉਮਰ ਦਾ ਲਿਹਾਜ਼ ਕਰ ਲੈ, ਚੱਲ ਛੱਡ ਤੂੰ। ਆਹ ਖੇਤ ਤੇਰਾ, ਆਹ ਟਰੈਕਟਰ ਤੈਨੂੰ ਆ ਗਿਆ, ਚੱਲ ਕੋਈ ਗੱਲ ਨਹੀਂ। ਸੋ, ਇਹ ਵੀ ਇੱਕ ਘਰ ਵਾਂਗ ਹੈ, ਇਹ ਵੀ ਇੱਕ ਪਰਿਵਾਰ ਹੈ। ਇੱਥੇ ਸਾਰੇ ਹੀ ਪੰਜਾਬ ਦੇ ਚੁਣੇ ਹੋਏ ਮੈਂਬਰ ਹਨ। ਆਪਾਂ ਹਰ ਇੱਕ ਘਰ ਦਾ ਬਜਟ ਬਣਾਉਂਦੇ ਹਾਂ ਕਿ ਕੌਣ ਕਿੰਨੇ ਖਰਚੇਗਾ ਤੇ ਕੌਣ ਕਿੰਨੇ ਖਰਚੇਗਾ। ਅਗਲੇ ਸਾਲ ਕੀ ਕਰਨਾ ਹੈ। ਕੁੜੀ ਦੇ ਵਿਆਹ ਦੀ ਤਿਆਰੀ ਕਦੋਂ ਤੋਂ ਕਰਨੀ ਹੈ। ਕਿਹੜੇ ਮਾਮੇ ਨੂੰ ਛਾਪ ਪਾਉਣੀ ਹੈ। ਮਿਲਣੀਆਂ ਵਾਲੇ ਕੰਬਲ ਵੀ ਪਹਿਲਾਂ ਹੀ ਆ ਜਾਂਦੇ ਹਨ, ਇੱਥੇ ਤਾਂ ਕੜਾਹੀ ਵੀ ਚਾਰ ਦਿਨ ਪਹਿਲਾਂ ਹੀ ਚੜ੍ਹ ਜਾਂਦੀ ਹੈ। ਸਾਰੇ ਪ੍ਰਬੰਧ ਹੀ ਪਹਿਲਾਂ ਹੋ ਜਾਂਦੇ ਹਨ। ਜੇਕਰ ਕਿਸੇ ਬਜ਼ੁਰਗ ਦਾ ਪੋਤਾ ਮੋਟਰਸਾਈਕਲ ਮੰਗਦਾ ਹੈ ਕਿ ਦਾਦਾ ਮੈਂ ਤਾਂ ਮੋਟਰਸਾਈਕਲ ਲੈਣਾ ਹੈ। ਜੇ ਤਾਂ ਮੋਟਰਸਾਈਕਲ ਲੈਣ ਦੀ ਕਪੈਸਿਟੀ ਹੈ, ਪ੍ਰਮਾਤਮਾ ਦੀ ਕਿਰਪਾ ਨਾਲ ਫਸਲ ਵਧੀਆ ਹੋਈ ਹੈ, ਫੇਰ ਬਜ਼ੁਰਗ ਕਹਿੰਦਾ ਹੈ ਕਿ ਇਸ ਵਾਰ ਆਪਾਂ ਆੜ੍ਹਤੀਏ ਦੇ ਵੀ ਪੈਸੇ ਲਾਹ ਦਿੱਤੇ ਹਨ ਅਤੇ ਕਰਜ਼ਾ ਉਤਾਰ ਦਿੱਤਾ ਹੈ। ਫੇਰ ਮੋਟਰਸਾਈਕਲ ਲੈ ਕੇ ਦੇ ਦੇਵੋ ਪਰ ਜੇਕਰ ਘਰ ਦੀ ਰਸੋਈ ਵੀ ਕਰਜ਼ਾ ਲੈ ਕੇ ਚਲੇ ਫੇਰ ਉਹ ਘਰ ਜ਼ਿਆਦਾ ਦੇਰ ਨਹੀਂ ਚਲਦਾ। ਸੋ, ਪਹਿਲਾਂ ਆਪਾਂ ਰਸੋਈ ਠੀਕ ਕਰੀਏ। ਜਿਹੜਾ ਪਹਿਲਾਂ ਲਾਣੇਦਾਰਾਂ ਦਾ ਵਿਗਾੜਿਆ ਹੋਇਆ ਸਿਸਟਮ ਹੈ, ਉਸ ਨੂੰ ਠੀਕ ਕਰੀਏ। ਮੈਂ ਵਿੱਤ ਮੰਤਰੀ ਸਾਹਿਬ ਜੀ ਦੀ ਤਾਰੀਫ ਕਰਨੀ ਚਾਹਾਂਗਾ ਹਾਲਾਂਕਿ ਇਹ ਪੇਸ਼ੇ ਤੋਂ ਵਕੀਲ ਹਨ ਪਰ ਵਿੱਤ ਮੰਤਰੀ ਸਾਹਿਬ ਨੇ ਜਿਹੜਾ ਦੋ ਘੰਟੇ ਦਾ ਭਾਸ਼ਣ ਦਿੱਤਾ ਹੈ, ਉਨ੍ਹਾਂ ਨੇ ਇਕੱਲੀ ਇਕੱਲੀ ਗੱਲ ਰਿਪੀਟ ਕਰ ਕਰ ਕੇ ਸਮਝਾਈ ਹੈ। ਸਭ ਤੋਂ ਵੱਡੀ ਗੱਲ ਕਿ ਪਬਲਿਕ ਲੈਂਗੁਏਜ਼ ਦੇ ਵਿੱਚ ਬੋਲੇ। ਇਹ ਸਾਰਿਆਂ ਨੂੰ ਸਮਝ ਆਉਣ ਵਾਲਾ ਬਜਟ ਸੀ। ਨਹੀਂ ਤਾਂ ਇਸ ਤੋਂ ਪਹਿਲਾਂ ਤਾਂ ਬਜਟ ਵਿੱਚ ਫਲਸਤੀਨ ਦੀਆਂ ਗੱਲਾਂ ਹੁੰਦੀਆਂ ਸੀ, ਇਜ਼ਰਾਈਲ ਦੀਆਂ ਗੱਲਾਂ ਹੁੰਦੀਆਂ ਸੀ, ਫਰਾਂਸ ਦੀ ਕ੍ਰਾਂਤੀ ਦੀਆਂ ਗੱਲਾਂ ਹੁੰਦੀਆਂ ਸੀ, ਲਾਮਾ ਇਕਬਾਲ ਦੀਆਂ ਗੱਲਾਂ ਹੁੰਦੀਆਂ ਸੀ, ਮਿਰਜ਼ਾ ਗਾਲਿਬ ਦੀਆਂ ਗੱਲਾਂ ਹੁੰਦੀਆਂ ਸੀ। ਸਾਨੂੰ ਤਾਂ ਸਮਝ ਹੀ ਨਹੀਂ ਆਉਂਦੀਆਂ ਸੀ। (ਹਾਸਾ)

(ਆਪੋਜ਼ੀਸ਼ਨ ਵੱਲੋਂ ਅਵਾਜ਼ਾਂ : ਟ੍ਰੇਨਿੰਗ ਤੁਹਾਡੀ ਸੀ।)

ਟ੍ਰੇਨਿੰਗ ਮੇਰੀ ਨਹੀਂ ਸੀ। ਟ੍ਰੇਨਿੰਗ ਪਹਿਲਾਂ ਨੀਲੇ ਵਾਲੇ ਪਾਸਿਉਂ ਹੋਈ, ਫੇਰ ਪੀਲੇ ਵਾਲੇ ਪਾਸੇ ਆਏ, ਫੇਰ ਚਿੱਟੇ ਰਹੇ ਅਤੇ ਅੱਜ ਕੱਲ੍ਹ ਭਗਵੇਂ ਹਨ (ਸਾਬਕਾ ਵਿੱਤ ਮੰਤਰੀ ਵੱਲ ਇਸ਼ਾਰਾ)। (ਥੰਪਿੰਗ) ਪਾਰਟੀਆਂ ਕਈ ਬਦਲੀਆਂ ਪਰ ਸ਼ੇਅਰ ਉਹੀ ਹਨ। ਸੋ, ਇੱਕ ਬੰਦਾ (ਸਾਬਕਾ ਵਿੱਤ ਮੰਤਰੀ ਵੱਲ ਇਸ਼ਾਰਾ) 9 ਬਜਟ ਪੇਸ਼ ਕਰ ਗਿਆ ਜੀ। ਮੈਨੂੰ ਤਾਂ ਕਾਂਗਰਸ ਵਾਲਿਆਂ ਤੇ ਤਰਸ ਆਉਂਦਾ ਹੈ, ਤੁਸੀਂ ਤਾਂ ਬਜਟ ਪੇਸ਼ ਕੀਤਾ ਹੀ ਨਹੀਂ। ਤੁਸੀਂ ਤਾਂ ਇੱਕ ਵਿੱਤ ਮੰਤਰੀ ਡੈਪੂਟੇਸ਼ਨ ਤੇ ਲੈ ਕੇ ਆਏ ਸੀ। (ਹਾਸਾ) ਉਹ ਪੰਜ ਬਜਟ ਪੇਸ਼ ਕਰਕੇ ਔਹ ਗਿਆ। ਪੰਗਾ ਤੁਹਾਨੂੰ ਪਾ ਗਿਆ, ਹੁਣ ਜਵਾਬ ਦੇਈ ਜਾਓ। ਰਾਜਾ ਵੜਿੰਗ ਬਥੇਰਾ ਪਿੱਟਿਆ, ਨਾ ਦਿਓ, ਇਹਨੂੰ ਨਾ ਦਿਓ (ਹਾਸਾ) (ਥੰਪਿੰਗ) ਮੰਨੇ ਹੀ ਨਹੀਂ। ਬਥੇਰਾ ਕਿਹਾ ਸੁਖਜਿੰਦਰ ਰੰਧਾਵੇ ਹੁਰਾਂ ਨੇ ਕਿ ਅਸੀਂ ਟਕਸਾਲੀ ਹਾਂ, ਟਕਸਾਲੀ ਹਾਂ। ਮੰਨੇ ਹੀ ਨਹੀਂ। (ਹਾਸਾ) ਸੋ, ਹੁਣ ਤੁਹਾਡੇ ਤਾਂ ਗਲ਼ ਪੈ ਗਿਆ ਹੈ ਜੀ। ਇਸ ਗੱਲ ਲਈ ਤੁਸੀਂ ਤਾਂ ਹੁਣ ਉਲਾਂਭੇ ਲਈ ਜਾਓ। ਮੈਂ ਅੱਜ ਪੁਰਾਣੇ ਬਜਟ ਦੀ ਸਪੀਚ ਵੀ ਸੁਣੀ। ਉਹ ਸ਼ੁਰੂ ਹੀ ਲਹੂ ਤੋਂ ਕਰਦੇ ਹਨ, ਪੰਜਾਬ ਦੀ ਧਰਤੀ ਲਹੂ ਚਾਹੁੰਦੀ ਹੈ, ਲਹੂ ਕਿੱਥੇ ਚਾਹੁੰਦੀ ਹੈ ਜੀ। ਇਹ ਲਹੂ ਨਾਲ ਲਿਖਣ ਵਾਲੇ ਲਫਜ਼ ਹੈ, ਕਿੱਥੋਂ ਲਹੂ ਨਾਲ ਲਿਖੀਏ। ਪੰਜਾਬ ਵਿੱਚ ਬਥੇਰਾ ਲਹੂ ਵਹਿ ਲਿਆ ਜੀ। ਹੁਣ ਤੁਸੀਂ ਬਜਟ ਦੀ ਗੱਲ ਕਰੋ। ਇਹ ਸਾਡੇ ਵਾਲਾ ਬੜਾ ਸੌਖਾ ਬਜਟ ਹੈ, ਸਿੱਧਾ ਜਿਹਾ ਬਜਟ ਹੈ। ਬਜਟ ਵਿੱਚ 26% ਵਾਧਾ ਹੈ। ਅਸੀਂ ਇਸ ਨੂੰ ਲਗਭਗ ਦੋ ਲੱਖ ਕਰੋੜ ਦੇ ਨੇੜੇ ਲੈ ਗਏ। 20% ਵਾਧਾ ਖੇਤੀ ਦੇ ਬਜਟ ਵਿੱਚ ਹੈ, 12% ਵਾਧਾ ਸਿੱਖਿਆ ਦੇ ਬਜਟ ਵਿੱਚ, 42% ਵਾਧਾ ਟਰਾਂਸਪੋਰਟ ਬਜਟ ਵਿੱਚ ਹੈ, 36% ਵਾਧਾ ਰੁਜ਼ਗਾਰ ਤੇ ਸਕਿੱਲਡ ਡਿਵੈਲਪਮੈਂਟ ਦੇ ਵਿੱਚ ਹੈ।

ਕੁ.ਕ/ਬ.ਸ. 06.05 11.03.2023

11 ਪਰਸੈਂਟ ਵਾਧਾ ਸਿਹਤ ਅਤੇ ਪਰਿਵਾਰ ਭਲਾਈ ਦੇ ਖੇਤਰ ਵਿੱਚ ਹੈ। ਇਹ ਮੈਂ main-main ਦੱਸ ਰਿਹਾ ਹਾਂ ਬਾਕੀ ਸਾਰਾ ਚੀਮਾ ਸਾਹਿਬ ਨੇ ਦੱਸ ਦਿੱਤਾ ਹੈ। ਲੋਕਾਂ ਨਾਲ ਫਿਸੀਕਲ ਡੈਫੀਸਿਟ, ਪਰ ਕੈਪਿਟਾ ਦੀ ਗੱਲ ਕਰਕੇ ਦੇਖ ਲਵੋ? ਅੱਧਾ ਘੰਟਾ ਬੋਲੀ ਜਾਇਓ। ਅੱਧੇ ਘੰਟੇ ਬਾਅਦ ਲੋਕ ਕਹਿਣਗੇ ਆਹ ਜੋ ਬੋਲ ਲਿਆ ਠੀਕ ਹੈ। ਮੈਨੂੰ ਇਹ ਦੱਸੋ ਮੈਨੂੰ ਕੱਲ੍ਹ ਨੂੰ ਦਿਹਾੜੀ ਮਿਲ ਜਾਵੇਗੀ ਜਾਂ ਨਹੀਂ? ਕੋਈ ਚੀਜ਼ਾਂ ਮਹਿੰਗੀਆਂ ਤਾਂ ਨਹੀਂ ਹੋਣਗੀਆਂ।

**ਮਾਨਯੋਗ ਸਪੀਕਰ:** ਬਿਲਕੁਲ ਠੀਕ ਹੈ ਜੀ।

**ਮੁੱਖ ਮੰਤਰੀ:** ਸਰ, ਅਸੀਂ ਲੋਕਾਂ ਦੀ ਭਾਸ਼ਾ ਵਿੱਚ ਕਿਉਂ ਨਹੀਂ ਬੋਲਦੇ ਜੋ ਲੋਕਾਂ ਨੂੰ ਸਮਝ ਆਵੇ? ਆਹ, ਬਜਟ ਲੋਕਾਂ ਦਾ ਹੈ। ਇਹ ਬਜਟ ਆਮ ਲੋਕਾਂ ਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬਸ ਆਹ, ਫਰਕ ਹੈ। ਇਹ ਆਮ ਲੋਕਾਂ ਦਾ ਬਜਟ ਹੈ। ਬੀ.ਜੇ.ਪੀ. ਵਾਲੇ ਅਸ਼ਵਨੀ ਜੀ ਚਲੇ ਗਏ ਹਨ। ਉਹ ਕਹਿੰਦੇ ਸੀ ਕਿ ਇੱਕ ਪਾਸੇ

ਤਾਂ ਸੈਂਟਰ ਨੂੰ ਨਿੰਦਦੇ ਹੋ ਤੇ ਦੂਜੇ ਪਾਸੇ ਸੈਂਟਰ ਤੋਂ ਮੰਗਦੇ ਹਾਂ। ਸਪੀਕਰ ਸਾਹਿਬ, ਕੀ ਅਸੀਂ ਭੀਖ ਮੰਗਦੇ ਹਾਂ? ਹੱਕ ਮੰਗਦੇ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸੈਂਟਰ ਦਾ ਫਰਜ਼ ਹੈ ਕਿ ਉਹ ਬਿਨਾਂ ਮੰਗੇ ਦੇ ਦੇਵੇ। ਅਸੀਂ ਜੀ.ਐਸ.ਟੀ. ਇਕੱਠੀ ਕਰਕੇ ਦਿੰਦੇ ਹਾਂ। ਉਸ ਵਿੱਚ ਸਾਰਾ ਅਮਲਾ ਸਾਡਾ ਹੈ। ਸਾਡੇ ਜੀ.ਐਸ.ਟੀ. ਦੇ ਮੁਲਾਜ਼ਮ/ਅਫਸਰ ਪੈਸੇ ਇਕੱਠੇ ਕਰਕੇ ਸੈਂਟਰ ਨੂੰ ਦਿੰਦੇ ਹਨ। ਬਾਅਦ ਵਿੱਚ ਅਸੀਂ ਕਹਿੰਦੇ ਹਾਂ ਕਿ ਕਿਰਪਾ ਕਰਕੇ ਸਾਨੂੰ ਸਾਡਾ ਹਿੱਸਾ ਦੇ ਦੇਵੋ। ਇਹ ਕਿਹੜਾ ਕਾਨੂੰਨ ਹੈ ਜੀ? ਅਜੇ ਤੱਕ ਵਪਾਰੀਆਂ ਨੂੰ ਜੀ.ਐਸ.ਟੀ. ਦੀ ਸਮਝ ਨਹੀਂ ਆਈ ਹੈ। ਵਪਾਰੀਆਂ ਨੂੰ ਸਮਝ ਨਹੀਂ ਆਈ ਹੈ ਕਿ ਜੀ.ਐਸ.ਟੀ. ਕੀ ਹੁੰਦੀ ਹੈ, ਇਹ ਕਿਸ ਉੱਪਰ ਲਗਦੀ ਹੈ? ਜੀ.ਐਸ.ਟੀ. ਤਾਂ ਉਹ ਗੱਲ ਹੈ ਕਿ ਜਿਵੇਂ ਇੱਕ ਟੀਚਰ ਨੇ ਬੱਚੇ ਨੂੰ ਪੁੱਛਿਆ ਕਿ ਨਿੰਮ ਦੇ ਦਰੱਖਤ ਨੂੰ ਜਿਹੜੇ ਦੋ ਕੇਲੇ ਲੱਗੇ ਅਤੇ ਜਦੋਂ ਨਿੰਬੂ ਪੱਕੇ ਤਾਂ ਜਿਹੜਾ ਖਰਬੂਜ਼ਾ ਡਿੱਗਿਆ ਤਾਂ ਥੱਲੇ ਬੇਰ ਕਿੰਨੇ ਸੀ। (ਹਾਸਾ) (ਥੰਪਿੰਗ) ਇਹ ਜੀ.ਐਸ.ਟੀ. ਹੈ। ਦਰੱਖਤ ਨਿੰਮ ਦਾ ਹੈ, ਲੱਗੇ ਕੇਲੇ ਹਨ, ਡਿੱਗੇ ਖਰਬੂਜ਼ੇ ਹਨ। ਕਿਸੇ ਨੂੰ ਸਮਝ ਹੀ ਨਹੀਂ ਆ ਰਹੀ। ਅੱਧੀ ਰਾਤ ਨੂੰ ਜੀ.ਐਸ.ਟੀ. ਪੇਸ਼ ਕਰ ਦਿੱਤਾ। ਨੋਟਬੰਦੀ ਕਰ ਦਿੱਤੀ। ਇਹ ਬੀ.ਜੇ.ਪੀ. ਵਾਲੇ ਸਾਨੂੰ ਸਮਝਾਉਂਦੇ ਹਨ। ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਦਿੱਲੀ ਵਿੱਚ ਬਿਜਲੀ ਦਾ ਬਿਲ ਫਰੀ ਕਰ ਦਿੱਤਾ ਹੈ। ਇਲਾਜ ਬਿਲਕੁਲ ਮੁਫਤ ਕਰ ਦਿੱਤਾ। ਪੜ੍ਹਾਈ ਬਿਲਕੁਲ ਮੁਫਤ ਅਤੇ ਕੁਆਲਿਟੀ ਦੀ ਹੈ। ਵੱਡੇ ਸਾਹਿਬ ਅੱਜਕੱਲ੍ਹ ਕਹਿੰਦੇ ਹੁੰਦੇ ਹਨ, **फ्री की रेबड़ी बाँटने वाले हैं, फ्री की रेबड़ी बाँटते हैं।** ਲੋਕਾਂ ਦੇ ਟੈਕਸ ਦੇ ਪੈਸੇ ਨਾਲ ਉਨ੍ਹਾਂ ਨੂੰ ਬਿਜਲੀ ਫਰੀ ਦੇਣੀ, ਉਨ੍ਹਾਂ ਨੂੰ ਸਿੱਖਿਆ ਫਰੀ ਦੇਣੀ, ਉਨ੍ਹਾਂ ਦਾ ਇਲਾਜ ਫਰੀ ਕਰਾਉਣਾ ਕੀ ਇਹ ਫਰੀ ਦੀ ਰਿਉੜੀ ਹੈ? ਜਿਹੜੇ ਓਵਰ ਬਰਿੱਜ 300 ਕਰੋੜ ਰੁਪਏ ਵਿੱਚ ਬਣਦੇ ਸਨ, ਉਹ ਡੇਢ ਸੌ ਕਰੋੜ ਰੁਪਏ ਵਿੱਚ ਬਣਾਉਣੇ, ਕੀ ਇਹ ਫਰੀ ਦੀ ਰਿਉੜੀ ਹੈ? ਸਪੀਕਰ ਸਾਹਿਬ, ਜੇ ਇਹ ਫਰੀ ਦੀ ਰਿਉੜੀ ਹੈ ਤਾਂ ਫਿਰ ਮੈਂ ਉਸ ਵੱਡੇ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 15 ਲੱਖ ਵਾਲਾ ਪਾਪੜ ਕਿਸ ਨੇ ਵੇਚਿਆ ਸੀ? (ਹਾਸਾ) (ਥੰਪਿੰਗ) ਇਹ ਕਿਸ ਨੇ ਕਿਹਾ ਸੀ ਕਿ ਤੁਹਾਡੇ ਹਰ ਇੱਕ ਦੇ ਖਾਤੇ ਵਿੱਚ 15 ਲੱਖ ਰੁਪਿਆ ਆ ਜਾਵੇਗਾ? ਇਹ ਕਿਸ ਨੇ ਕਿਹਾ ਸੀ ਕਿ 2 ਕਰੋੜ ਨੌਕਰੀਆਂ ਪੈਦਾ ਕਰਿਆ ਕਰਾਂਗੇ? ਮੈਨੂੰ ਕਿਸੇ ਨੇ ਵਟਸਐੱਪ ਤੇ ਮੈਸੇਜ ਭੇਜਿਆ ਸੀ ਕਿ ਵੱਡੇ ਸਾਹਿਬ ਕਹਿੰਦੇ ਹਨ ਕਿ ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਮੈਂ ਰੇਲ ਦੇ ਡੱਬੇ ਵਿੱਚ ਚਾਹ ਵੇਚਦਾ ਹੁੰਦਾ ਸੀ ਤੇ ਜਦੋਂ ਮੈਂ ਵੱਡਾ ਹੋਇਆ ਮੈਂ ਰੇਲ ਦਾ ਡੱਬਾ ਹੀ ਵੇਚ ਦਿੱਤਾ। (ਹਾਸਾ) (ਥੰਪਿੰਗ) ਰੇਲ ਵੇਚ ਦਿੱਤੀ, ਤੇਲ ਵੇਚ ਦਿੱਤਾ, ਏਅਰਪੋਰਟ ਵੇਚ ਦਿੱਤੇ, ਬੈਂਕਾਂ ਵੇਚ ਦਿੱਤੀਆਂ, ਐਲ.ਆਈ.ਸੀ. ਵੇਚ ਦਿੱਤੀ। ਸਾਰਾ ਕੁਝ ਵੇਚ ਦਿੱਤਾ। ਖਰੀਦਿਆ ਕੀ ਹੈ? ਥੋੜ੍ਹਾ ਜਿਹਾ ਮੀਡੀਆ ਖਰੀਦਿਆ ਹੈ। (ਹਾਸਾ) (ਥੰਪਿੰਗ) ਉਹ (ਮੀਡੀਆ) ਸ਼ਾਮ ਨੂੰ ਛੇ ਵਜੇ ਲੱਗ ਜਾਂਦੇ ਹਨ। ਨਤੀਜੇ ਤ੍ਰਿਪੁਰਾ ਦੇ ਦਿਖਾਉਣਗੇ। ਨਤੀਜੇ ਨਾਗਾਲੈਂਡ ਦੇ ਦਿਖਾਉਣਗੇ। ਜਿਹੜੇ ਬਾਇ-ਇਲੈਕਸ਼ਨ ਵਿੱਚ ਹਾਰੇ ਹਨ, ਉਹ ਕਦੇ ਨਹੀਂ ਦਿਖਾਉਣਗੇ। ਸੋ,

ਇਹ ਵਨ ਵੇਅ ਚੱਲ ਰਿਹਾ ਹੈ। ਸੋ, ਬੀ.ਜੇ.ਪੀ. ਵਾਲੇ ਜੇ ਕਿਰਪਾ ਕਰਕੇ ਇਸ ਬਜਟ ਬਾਰੇ ਨਾ ਹੀ ਬੋਲਣ ਤਾਂ ਸਰ ਜਾਂਦਾ ਵੈਸੇ ਉਹ ਬੋਲ ਕੇ ਚਲੇ ਗਏ ਹਨ। ਇੱਥੇ ਇੱਕ ਗੱਲ ਚੱਲੀ ਹੈ, ਡਾਕਟਰ ਸਾਹਿਬ ਕਹਿ ਰਹੇ ਸੀ ਕਿ 40 ਪਰਸੈਂਟ ਆਬਾਦੀ ਦੇ ਬਾਵਜੂਦ ਵੀ ਬਜਟ ਐਸ.ਸੀ. ਵਰਗ ਲਈ, ਦਲਿਤਾਂ ਲਈ ਘੱਟ ਰੱਖਿਆ ਗਿਆ ਹੈ। ਡਾਕਟਰ ਸਾਹਿਬ, ਮੈਂ ਇਹ ਗੱਲ ਬਿਲਕੁਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ। ਇਸ ਵਕਤ ਪੰਜਾਬ ਦੇ 3 ਕਰੋੜ ਲੋਕ ਅਤੇ ਬਾਕੀ ਦੁਨੀਆ ਵਿੱਚ ਵੀ ਜਿੱਥੇ ਲਾਈਵ ਟੈਲੀਕਾਸਟ ਜਾ ਰਿਹਾ ਹੈ, ਦੇਖ ਰਹੇ ਹੋਣਗੇ। ਤੁਸੀਂ ਇਕੱਲਾ 13 ਹਜ਼ਾਰ ਜਾਂ 14 ਹਜ਼ਾਰ ਕਰੋੜ ਨਾ ਦੇਖੋ, ਉਹ ਤਾਂ ਅਸੀਂ ਲਿਖ ਕੇ ਦਿੱਤਾ ਹੈ ਕਿ ਉਹ ਤਾਂ ਉਨ੍ਹਾਂ ਦਾ ਹੱਕ ਹੈ। ਜਿਹੜੇ ਅਸੀਂ ਸਕੂਲ ਬਣਾਵਾਂਗੇ। ਉਨ੍ਹਾਂ ਸਕੂਲਾਂ ਵਿੱਚ ਕਿਸ ਦੇ ਬੱਚੇ ਪੜ੍ਹਦੇ ਹਨ? 80 ਪਰਸੈਂਟ ਗਰੀਬਾਂ ਦੇ ਬੱਚੇ ਪੜ੍ਹਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਜਦੋਂ ਗਰੀਬ ਦਾ ਬੱਚਾ, ਜਦੋਂ ਦਿਹਾੜੀਦਾਰ ਦਾ ਬੱਚਾ, ਜਦੋਂ ਰੇਹੜੀ ਵਾਲੇ ਦਾ ਬੱਚਾ, ਜਦੋਂ ਝੁੱਗੀ ਝੌਂਪੜੀ ਵਾਲੇ ਦਾ ਬੱਚਾ ਪੜ੍ਹ ਕੇ ਜੱਜ ਲੱਗੇਗਾ, ਜਦੋਂ ਪੜ੍ਹ ਕੇ ਉਹ ਵਕੀਲ ਬਣੇਗਾ, ਜਦੋਂ ਉਹ ਪੜ੍ਹ ਕੇ ਡਾਕਟਰ ਬਣੇਗਾ ਤਾਂ ਇਹ ਸਮਝ ਲਵੋ ਕਿ ਇਹ ਪੈਸਾ ਉਨ੍ਹਾਂ ਗਰੀਬਾਂ ਲਈ ਰੱਖਿਆ ਹੋਇਆ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਜਿਹੜੇ ਅਸੀਂ ਹਸਪਤਾਲ ਬਣਾ ਰਹੇ ਹਾਂ, ਮੁਹੱਲਾ ਕਲੀਨਿਕ ਬਣਾ ਰਹੇ ਹਾਂ। ਇਨ੍ਹਾਂ ਵਿੱਚ ਕੌਣ ਜਾਂਦਾ ਹੈ? ਅਸੀਂ ਖੋਲ੍ਹੇ ਹੀ ਉੱਥੇ ਹਨ ਜਿੱਥੇ ਗਰੀਬਾਂ ਦੀ ਬਸਤੀਆਂ ਹਨ।

ਪ.ਸ਼./ਰ.ਕ/6.10/11.03.2023

ਫਾਈਵ ਸਟਾਰ ਵਾਲੇ ਮੁਹੱਲਾ ਕਲੀਨਿਕਾਂ ਵਿੱਚ ਨਹੀਂ ਜਾਂਦੇ। ਉਨ੍ਹਾਂ ਦੇ ਘਰਾਂ ਵਿੱਚ hypertension ਦੀਆਂ ਗੋਲੀਆਂ ਘਰੇ ਹੀ ਪਈਆਂ ਹੁੰਦੀਆਂ ਹਨ। ਉਹ ਅਸੀਂ ਗਰੀਬਾਂ ਦੇ ਵਿਹੜਿਆਂ ਵਿੱਚ ਖੋਲ੍ਹੇ ਹਨ। ਤੁਸੀਂ ਘਰੋਂ ਖੱਬੇ ਜਾਂ ਸੱਜੇ ਪਾਸੇ ਨਿਕਲੋ, ਤੁਹਾਨੂੰ 100 ਮੀਟਰ ਤੇ ਮੁਹੱਲਾ ਕਲੀਨਿਕ ਮਿਲ ਜਾਵੇਗਾ ਤਾਂ ਜੋ ਹਸਪਤਾਲਾਂ ਵਿੱਚ ਜਾ ਕੇ ਤੁਹਾਨੂੰ ਲਾਈਨਾਂ ਵਿੱਚ ਨਾ ਲੱਗਣਾ ਪਵੇ। ਜੇ 500 ਮੁਹੱਲਾ ਕਲੀਨਿਕਾਂ ਕਰਕੇ 10-15 ਲੱਖ ਫੁੱਟ-ਫਾਲ ਆਈ ਹੈ, ਇਸ ਦਾ ਮਤਲਬ ਇਹ ਹੈ ਕਿ 10-15 ਲੱਖ ਬੰਦਾ ਹਸਪਤਾਲਾਂ ਦੀ ਲਾਈਨਾਂ ਵਿੱਚ ਨਹੀਂ ਲੱਗਿਆ ਅਤੇ ਜਿਹੜੇ ਮਰੀਜ਼ ਉਨ੍ਹਾਂ ਹਸਪਤਾਲਾਂ ਵਿੱਚ ਗਏ ਸਨ, ਡਾਕਟਰਾਂ ਨੂੰ ਉਨ੍ਹਾਂ ਮਰੀਜ਼ਾਂ ਨੂੰ ਵੇਖਣ ਵਾਸਤੇ ਵੀ ਵੱਧ ਸਮਾਂ ਮਿਲਿਆ। ਸਾਡੇ ਕੋਲ ਹੈਲਥ ਡਾਟਾ ਵੀ ਇਕੱਠਾ ਹੋ ਜਾਵੇਗਾ ਕਿ ਪੰਜਾਬ ਦੇ ਕਿਹੜੇ ਇਲਾਕੇ ਵਿੱਚ ਕਿਹੜੇ ਮਰੀਜ਼ ਕਿਸ ਬਿਮਾਰੀ (Hepatitis C, Hypertension, Diabetes) ਦੇ ਜ਼ਿਆਦਾ ਆ ਰਹੇ ਹਨ। ਬੱਚਿਆਂ ਨੂੰ ਕਿਹੜਾ ਰੋਗ ਲੱਗ ਰਿਹਾ ਹੈ। ਕਿਹੜੇ ਇਲਾਕੇ ਵਿੱਚ ਕਿਹੜਾ ਰੋਗ ਵੱਧ ਰਿਹਾ ਹੈ। ਬਾਅਦ ਵਿੱਚ ਅਸੀਂ ਉਸ ਜਗ੍ਹਾ ਤੇ ਸਪੈਸ਼ਲਿਸਟ ਲਗਾ ਸਕਦੇ ਹਾਂ, ਹਸਪਤਾਲ ਬਣਾ ਸਕਦੇ ਹਾਂ। ਸਾਡੇ ਕੋਲ ਡਾਟਾ ਹੋਵੇਗਾ ਕਿ ਪੰਜਾਬ ਵਿੱਚ ਕੀ-ਕੀ ਹੋ ਰਿਹਾ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸੋ ਸਕੂਲ, ਕਲੀਨਿਕਾਂ ਤੋਂ ਇਲਾਵਾ ਅਸੀਂ

ਇੱਕ ਹੋਰ ਕੰਮ ਕਰਨ ਜਾ ਰਹੇ ਹਾਂ, ਸ਼ਾਇਦ ਇਸ ਦਾ ਜ਼ਿਕਰ ਬਜਟ ਵਿੱਚ ਨਹੀਂ ਕੀਤਾ, ਜਿਹੜਾ ਅਸੀਂ ਡਿਪਟੀ ਕਮਿਸ਼ਨਰਾਂ ਜਾਂ ਲੋਕ ਨਿਰਮਾਣ ਫੰਡ ਤੋਂ ਕਰਾਂਗੇ। ਸਪੀਕਰ ਸਾਹਿਬ, ਪੰਜਾਬ ਵਿੱਚ ਇੱਕ ਕਲਚਰ ਚੱਲ ਪਿਆ ਹੈ ਭਾਵੇਂ ਕੋਈ ਗਰੀਬ ਹੈ ਜਾਂ ਅਮੀਰ, ਉਹ ਮੈਰਿਜ ਪੈਲੇਸਾਂ ਵਿੱਚ ਹੀ ਸ਼ਾਦੀ ਕਰਦੇ ਹਨ। ਜੇਕਰ ਕਿਸੇ ਦੇ ਗੁਆਂਢੀ ਨੇ ਸ਼ਾਦੀ ਮੈਰਿਜ ਪੈਲੇਸ ਵਿੱਚ ਕੀਤੀ ਹੈ ਤਾਂ ਉਸ ਨੂੰ ਵੀ ਕਰਨੀ ਪੈਂਦੀ ਹੈ ਕਿਉਂਕਿ ਇੱਜ਼ਤ ਅਤੇ ਸੋਸ਼ਲ ਸਟਿਗਮਾ ਦੀ ਗੱਲ ਆ ਜਾਂਦੀ ਹੈ। ਅਸੀਂ ਸੋਚ ਰਹੇ ਹਾਂ ਕਿ ਪਿੰਡਾਂ ਦੇ ਵਿੱਚ, ਜਿੱਥੇ ਕਮਿਊਨਿਟੀ ਹਾਲ ਹਨ, ਉਨ੍ਹਾਂ ਨੂੰ ਨਵਾਂ ਨਾਂਅ ਮੈਰਿਜ ਪੈਲਸ ਜਾਂ ਜੰਞ ਘਰ ਦੇ ਦੇਈਏ ਅਤੇ ਇਸ ਤਰ੍ਹਾਂ ਦੀ ਬਿਲਡਿੰਗ ਬਣਾਈਏ, ਜਿੱਥੇ ਲੋਕ ਆਪਣੇ ਦੁੱਖ-ਸੁੱਖ, ਵਿਆਹ-ਸ਼ਾਦੀਆਂ ਦੇ ਪ੍ਰੋਗਰਾਮ ਵੀ ਕਰ ਲਿਆ ਕਰਨਗੇ।ਇਸ ਦੀ ਇੱਕ ਉਦਾਹਰਨ ਵੀ ਹੈ। ਮਹਿਲ ਕਲਾਂ ਹਲਕੇ ਦਾ ਪਿੰਡ ਚੰਣਨਵਾਲ ਹੈ। ਐਮ.ਐਲ.ਏ. ਸਾਹਿਬ ਵੀ ਬੈਠੇ ਹਨ। ਪਿੰਡ ਚੰਣਨਵਾਲ ਦੇ ਮੁੰਡਿਆਂ ਨੇ ਸਤਿਕਾਰ ਕਮੇਟੀ ਬਣਾਈ ਹੋਈ ਹੈ ਅਤੇ ਉਹ ਆਪ ਹੀ ਕੰਮ ਕਰਦੇ ਹਨ। ਉਹ ਮੁੰਡੇ ਬਹੁਤ ਵਧੀਆ ਡਿਵੈਲਪਮੈਂਟ ਦਾ ਕੰਮ ਕਰਦੇ ਹਨ। ਉਹ ਕਿਸੇ ਪਾਰਟੀ ਨਾਲ ਨਹੀਂ ਜੁੜੇ ਹੋਏ। ਉਨ੍ਹਾਂ ਨੇ ਇੱਕ ਬੜਾ ਸ਼ਾਨਦਾਰ ਮੈਰਿਜ ਪੈਲੇਸ ਬਣਾਇਆ ਹੋਇਆ ਹੈ। ਮੁੰਡੇ-ਕੁੜੀ, ਰਿਸ਼ਤੇਦਾਰਾਂ ਲਈ ਤਿਆਰ ਹੋਣ ਵਾਸਤੇ ਪਿਛੇ ਕਮਰੇ ਬਣਾਏ ਹੋਏ ਹਨ। ਉਹ ਜਨਰਲ ਕੈਟਾਗਰੀ ਤੋਂ 5000 ਅਤੇ ਐਸ.ਸੀ ਕੈਟਾਗਰੀ ਤੋਂ 2500-2000 ਰੁਪਏ ਲੈਂਦੇ ਹਨ। ਬਾਕੀ ਤੁਹਾਡਾ ਆਪਣਾ ਖਰਚਾ ਹੈ। ਤੁਸੀਂ ਉੱਥੇ ਵਿਆਹ ਕਰੋ। ਕਿਉਂ ਅਸੀਂ ਮੈਰਿਜ ਪੈਲੇਸਾਂ ਵਿੱਚ 2-2 ਜਾਂ 4-4 ਲੱਖ ਰੁਪਿਆ ਲਾ ਕੇ ਕਰਜ਼ਾਈ ਹੁੰਦੇ ਜਾ ਰਹੇ ਹਾਂ। ਸੋ, ਪਿੰਡਾਂ ਵਿੱਚ ਅਸੀਂ ਇਹ ਆਈਡੀਆ ਲੈ ਕੇ ਆਉਣਾ ਚਾਹੁੰਦੇ ਹਾਂ ਜਿੱਥੇ ਅਸੀਂ ਆਪਣੇ ਦੁੱਖ-ਸੁੱਖ, ਪਾਠ ਦਾ ਭੋਗ ਜਾਂ ਪਿੰਡ ਨੇ ਕੋਈ ਸਾਂਝਾ ਪ੍ਰੋਗਰਾਮ ਕਰਨਾ ਹੈ, ਕਰ ਸਕੀਏ। ਪੰਚਾਇਤ ਸਭਾ ਨੇ ਬੈਠਣਾ ਹੈ ਜਾਂ ਗਰਾਮ ਸਭਾ ਬਣਾਉਣੀ ਹੈ ਤਾਂ ਉੱਥੇ ਬਣਾ ਲੈਣ। ਉੱਥੇ ਸਪੀਕਰ ਲਗੇ ਹੋਣ ਅਤੇ ਹੋਰ ਸਹੂਲਤਾਂ ਵੀ ਹੋਣ। ਜੇਕਰ ਅਸੀਂ ਪਿੰਡਾਂ ਵਿੱਚ ਹੋਣ ਵਾਲੇ ਫਾਲਤੂ ਖਰਚਿਆਂ ਨੂੰ ਬਚਾ ਕੇ ਇੱਧਰ ਵਾਲੇ ਪਾਸੇ ਕਰਨ ਵਿੱਚ ਕਾਮਯਾਬ ਹੋ ਸਕੀਏ ਤਾਂ ਲੋਕਾਂ ਦਾ ਬਹੁਤ ਵੱਡਾ ਭਲਾ ਹੋਵੇਗਾ। ਬਾਕੀ ਅਸੀਂ ਗਰੀਬਾਂ, ਦਿਹਾੜੀਦਾਰਾਂ ਬਾਰੇ ਹਰ ਵਕਤ ਸੋਚਦੇ ਹਾਂ ਕਿਉਂਕਿ ਇਹ ਬਜਟ ਦਿਹਾੜੀਦਾਰਾਂ, ਦੁਕਾਨਦਾਰਾਂ, ਕਿਸਾਨਾਂ, ਐਮ.ਐਸ.ਐਮ.ਈ., ਵਪਾਰੀਆਂ, ਟਰਾਂਸਪੋਰਟਰਾਂ, ਆਟੋ ਰਿਕਸ਼ਾ ਵਾਲਿਆਂ, ਸਟੂਡੈਂਟਾਂ, ਮੈਡੀਕਲ ਸਾਇੰਸ ਦੇ ਨਾਲ ਨਾਲ ਹਰ ਵਰਗ ਦਾ ਹੈ। ਅਸੀਂ ਕੋਈ ਵਰਗ ਨਹੀਂ ਛੱਡਿਆ ਹੈ। ਇਹ ਦੱਸ ਰਹੇ ਸੀ ਕਿ ਜਨਾਬ ਜੀ, ਤੁਸੀਂ ਕਰਜ਼ਾ ਲੈ ਲਿਆ। ਇਹ ਕਿਉਂ ਨਹੀਂ ਕਹਿੰਦੇ ਕਿ ਇੰਨਾ ਕਰਜ਼ਾ ਉਤਾਰ ਵੀ ਦਿੱਤਾ। ਜੇਕਰ ਅਸੀਂ 36 ਹਜ਼ਾਰ ਕਰੋੜ ਰੁਪਏ ਨਾ ਮੋੜਦੇ ਅਤੇ ਤੁਹਾਨੂੰ ਅੰਕੜੇ ਦਿਖਾਉਣੇ ਹੁੰਦੇ ਤਾਂ ਅਸੀਂ ਜ਼ੀਰੋ ਕਰਕੇ ਵਿਖਾ ਦੇਣੇ ਸੀ ਕਿ ਇਹ 36 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਤੁਹਾਡਾ ਹੈ, ਅਸੀਂ ਨਹੀਂ ਦਿੰਦੇ। ਅਸੀਂ ਤੁਹਾਡੇ ਮਿਰਜ਼ਾ ਗਾਲਿਬ ਦੇ ਬੀਜੇ ਹੋਏ ਕੰਡੇ ਵੀ ਚੁਗ ਰਹੇ ਹਾਂ। ਉਹ 15,900 something

ਮੂਲ ਧਨ ਮੋੜਿਆ ਹੈ ਅਤੇ ਉਸ ਦਾ 20,000 ਵਿਆਜ ਮੋੜਿਆ ਹੈ। ਇਸ ਦਾ ਮਤਲਬ ਅਸੀਂ ਬਿਜਲੀ ਫ੍ਰੀ ਕਰਕੇ ਵੀ, ਸਕੂਲ/ਮੁਹੱਲਾ ਕਲੀਨਿਕ ਬਣਾ ਕੇ ਵੀ, 26797 ਨੌਕਰੀਆਂ ਦੇ ਕੇ ਵੀ ਕਰਜ਼ਾ ਮੋੜਨ ਦੀ ਪੁਜ਼ੀਸ਼ਨ ਵਿੱਚ ਹੈ, ਇਸ ਦਾ ਮਤਲਬ ਅਸੀਂ ਪਹਿਲੇ ਸਾਲ ਹੀ ਆਰਥਿਕਤਾ ਵਾਲੀ ਗੱਡੀ ਲੀਹ ਤੇ ਚੜ੍ਹਾ ਦਿੱਤੀ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਇਸ ਬਾਰੇ ਨਹੀਂ ਬੋਲਦੇ। ਇਸ ਤੋਂ ਪਹਿਲਾਂ ਕੀ ਹੁੰਦਾ ਰਿਹਾ ਹੈ:

ਸ਼ੀਸ਼ਿਆਂ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਨੇ
ਸ਼ੀਸ਼ਿਆਂ ਉੱਤੇ ਧੂੜਾਂ ਜੰਮੀਆਂ ਕੰਧਾਂ ਝਾੜੀ ਜਾਂਦੇ ਨੇ,
ਜਿਲਦਾਂ ਸਾਂਭੀ ਜਾਂਦੇ ਨੇ, ਵਰਕੇ ਪਾੜੀ ਜਾਂਦੇ ਨੇ,
ਜਿਉਂਦੀਆਂ ਦੇ ਗਲ ਲੀਰਾਂ ਲਮਕਣ ਕੋਈ ਪੁੱਛਦਾ ਨਹੀਂ
ਮਰਿਆਂ ਉੱਤੇ ਤਿੱਲੇ ਜੜੀਆਂ ਚਾਦਰਾਂ ਚਾੜ੍ਹੀ ਜਾਂਦੇ ਨੇ
ਓਏ, ਉਨ੍ਹਾਂ ਦਾ ਵੀ ਤੂੰ ਹੀ ਰੱਬ ਹੈ, ਮੈਨੂੰ ਜਵਾਬ ਤਾਂ ਦੇ,
ਜਿਹੜੇ ਦੀਵਾਲੀ ਵਾਲੇ ਦਿਨ ਵੀ ਦਿਹਾੜੀ ਜਾਂਦੇ ਨੇ।

**6.15/ਜਸਪਾਲ/ਰਜਨੀਸ਼/11.3.2023**

ਸਪੀਕਰ ਸਾਹਿਬ, ਜਿਨ੍ਹਾਂ ਨੇ ਦੀਵਾਲੀ ਵਾਲੇ ਦਿਨ ਵੀ ਜਾ ਕੇ ਰੋਟੀ ਕਮਾਉਣੀ ਹੈ ਉਨ੍ਹਾਂ ਨੂੰ ਪੁੱਛ ਕੇ ਦੇਖੋ। ਕਿਉਂਕਿ ਉਹ ਤਾਂ ਜੇ ਦਿਹਾੜੀ ਉਤੇ ਜਾਵੇਗਾ ਤਾਂ ਹੀ ਉਸ ਦੇ ਘਰ ਵਿਚ ਰੋਟੀ ਪੱਕੇਗੀ, ਉਸ ਲਈ ਕਾਹਦੀ ਦੀਵਾਲੀ ਹੈ ਜੀ, ਉਸ ਦਾ ਬੱਚਾ ਤਾਂ ਬੇਗਾਨਿਆਂ ਦੀਆਂ ਆਤਿਸ਼ਬਾਜ਼ੀਆਂ, ਬੇਗਾਨਿਆਂ ਦੇ ਪਟਾਖੇ ਦੇਖ ਕੇ ਮਨ ਪ੍ਰਚਾਅ ਲੈਂਦਾ ਹੈ। ਬਹੁਤ ਲੋਕ ਅਜਿਹੇ ਹਨ ਜਿਹੜੇ ਦੀਵਾਲੀ ਵਾਲੇ ਦਿਨ ਜਾਂ ਜਿਨ੍ਹਾਂ ਵਾਸਤੇ ਤਿਉਹਾਰ ਕੁਝ ਮਾਅਨੇ ਨਹੀਂ ਰੱਖਦਾ, ਸਿਰਫ ਆਥਣ ਦੀ ਸ਼ਾਮ ਦੀ ਰੋਟੀ ਮਾਅਨੇ ਰੱਖਦੀ ਹੈ। ਅਸੀਂ ਉਨ੍ਹਾਂ ਬਾਰੇ ਸੋਚਦੇ ਹਾਂ ਜਨਾਬ। ਅਸੀਂ ਉਨ੍ਹਾਂ ਨੂੰ ਜਾਣਦੇ ਹਾਂ ਜਨਾਬ, ਅਸੀਂ ਉਨ੍ਹਾਂ ਦੇ ਘਰਾਂ ਦੇ ਨਕਸ਼ੇ ਬਾਰੇ ਜਾਣਦੇ ਹਨ, ਉਨ੍ਹਾਂ ਦੀਆਂ ਜਿਹੜੀਆਂ ਮਹਿਲਾਵਾਂ ਹਨ, ਉਨ੍ਹਾਂ ਨੇ ਸਿਰ ਉਤੇ ਈਨੂੰ ਰੱਖ ਰੱਖ ਕੇ ਸਿਰ ਦੇ ਉਤੇ ਗੰਜ਼ ਪੈ ਗਈ, ਈਨੂੰ ਦਾ ਨਿਸ਼ਾਨ ਪੈ ਗਿਆ, ਈਨੂੰ, ਹਰ ਵਕਤ ਸਿਰ ਉਤੇ ਬੱਠਲ, ਹਰ ਵਕਤ ਸਿਰ ਉਤੇ ਘੜਾ, ਹਰ ਵਕਤ ਸਿਰ ਦੇ ਉਤੇ ਕਦੇ ਚਰੀ ਦੀ ਪੰਡ, ਕਦੇ ਲੱਕੜ ਦਾ ਬਾਲਣ ਲਿਆਉਣ ਵਾਲੀਆਂ ਪੰਡਾਂ, ਹਰ ਵਕਤ ਕੋਈ ਵਕਤ ਇਹੋ ਜਿਹਾ ਨਹੀਂ ਜਦੋਂ ਉਨ੍ਹਾਂ ਦਾ ਸਿਰ ਖਾਲੀ ਹੋਵੇ। ਸਰ, ਉਨ੍ਹਾਂ ਦੇ ਬੱਚੇ ਕਿਉਂ ਨਹੀਂ ਪੜ੍ਹ ਸਕਦੇ? ਉਨ੍ਹਾਂ ਦੇ ਬੱਚੇ ਕੋਈ ਡੀ.ਸੀ.ਬਣ ਜਾਣ, ਉਨ੍ਹਾਂ ਦੇ ਬੱਚੇ ਜਿਹੜੇ ਹਨ, ਜੇ ਕਿਤੇ ਉਹ ਨੌਕਰੀਆਂ ਦੇ ਉਤੇ ਲਗ ਜਾਣ ਤਾਂ ਉਨ੍ਹਾਂ ਦੇ ਘਰਾਂ ਦੇ ਨਕਸ਼ੇ ਬਦਲ ਜਾਣਗੇ। ਆਪਾਂ ਕੋਈ 600 ਯੂਨਿਟ ਬਿਜਲੀ ਦੇ ਕੇ ਜਾਂ ਉਨ੍ਹਾਂ ਨੂੰ ਕੋਈ ਨੀਲਾ, ਪੀਲਾ

ਕਾਰਡ ਬਣਾ ਕੇ ਉਨ੍ਹਾਂ ਦੀ ਗਰੀਬੀ ਨਹੀਂ ਚੁੱਕ ਸਕਦੇ, ਆਪਾਂ ਐਜੂਕੇਸ਼ਨ ਨਾਲ ਉਨ੍ਹਾਂ ਦੀ ਗਰੀਬੀ ਚੁੱਕ ਸਕਦੇ ਹਾਂ। (ਥੰਪਿੰਗ) ਹੁਣ ਐਜੂਕੇਸ਼ਨ ਦੀ ਗੱਲ ਚੱਲੀ ਹੈ । ਕਾਂਗਰਸ ਦੇ ਇੱਕ ਭਾਈ ਸਾਹਿਬ ਕਹਿੰਦੇ ਸੀ ਕਹਿੰਦੇ ਬਈ ਸਿੰਗਾਪੁਰ ਕਿਉਂ ਭੇਜੇ ਹਨ, ਸਿੰਗਾਪੁਰ ਤਾਂ 21ਵੇਂ ਨੰਬਰ ਉਤੇ ਹੈ, ਪ੍ਰਿੰਸੀਪਲ ਟਰੇਨਿੰਗ ਵਾਸਤੇ ਸਿੰਗਾਪੁਰ ਕਿਉਂ ਭੇਜੇ ਹਨ, ਅਮਰੀਕਾ ਕਿਉਂ ਨਹੀਂ ਭੇਜੇ। ਕਾਂਗਰਸੀਆਂ ਨੂੰ ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਿਹੜਾ ਤੁਹਾਡੇ ਰਾਜ ਦੇ ਆਖਰੀ ਤਿੰਨ ਸਾਲ ਤੁਹਾਡਾ ਪ੍ਰਿੰਸੀਪਲ ਸੀ ਉਹ ਪੀ.ਐਚ.ਡੀ. ਕਰਨ ਅਮਰੀਕਾ ਗਿਆ ਸੀ..

(ਅਵਾਜ਼ਾਂ: ਕੌਣ ਸੀ?)

**ਮੁੱਖ ਮੰਤਰੀ :** ਚੰਨੀ। (ਹਾਸਾ) ਉਹ ਕਹਿੰਦਾ ਕਿ ਮੈਂ ਉਥੇ ਪੀ.ਐਚ.ਡੀ. ਕਰਨ ਗਿਆ ਹੋਇਆ ਹਾਂ। (ਹਾਸਾ) ਉਹ ਪੀ.ਐਚ.ਡੀ.ਕਰਕੇ ਆਇਆ ਹੈ, ਉਸ ਦਾ ਪਤਾ ਕਰਦੇ ਹਾਂ ਕਿ ਕੀ ਸਿੱਖ ਕੇ ਆਇਆ ਹੈ, ਉਸ ਤੋਂ ਬਾਅਦ ਅਮਰੀਕਾ ਵੀ ਭੇਜ ਦਿਆ ਕਰਾਂਗੇ। (ਹਾਸਾ) (ਥੰਪਿੰਗ) ਉਸ ਦਾ ਥੀਸਿਜ਼ ਕੀ ਸੀ, ਥੀਸਿਜ ਕੀ ਸੀ, ਕਾਂਗਰਸ ਦਾ ਚੜ੍ਹਾਅ ਤੇ ਉਤਰਾਅ, ਅਤੇ ਗਿਆ ਉਦੋਂ, ਕਹਿੰਦਾ ਉਸ ਦੇ ਕਾਰਨ ਲੱਭਣ ਗਿਆ ਕਿ ਕਾਂਗਰਸ ਦੀ ਚੜ੍ਹਾਈ ਦੇ ਕੀ ਕਾਰਨ ਸੀ ਤੇ ਉਤਰਾਈ ਦੇ ਕੀ ਕਾਰਨ ਸੀ, ਮੈਂ ਕਿਹਾ ਕਿ ਇੱਕ ਕਾਰਨ ਤਾਂ ਤੂੰ ਹੀ ਸੀ (ਹਾਸਾ) ਗਰੀਬਾਂ ਦਾ ਨਾਂ ਲੈ ਕੇ ਭਾਣਜਿਆਂ, ਭਤੀਜਿਆਂ ਤੋਂ ਖਜ਼ਾਨੇ ਮਿਲਦੇ ਹਨ ਕੌਰੂ ਵਾਲੇ ਉਨ੍ਹਾਂ ਦੇ ਘਰੋਂ । ਹੁਣ ਵੀ ਉਨ੍ਹਾਂ ਨੇ ਧਰਮ ਦਾ ਨਾਂ ਵਰਤਿਆ ਹੈ ਕਿ ਮੈਂ ਗੁਰੂ ਰਵਿਦਾਸ ਜੀ ਦੇ ਕੀਰਤਨ ਉਤੇ ਜਾਣਾ ਸੀ, ਭਗਵੰਤ ਮਾਨ ਨੇ ਮੇਰਾ ਨਾਂ ਲੈ ਦਿੱਤਾ, ਤਾਂ ਕਰਕੇ ਮੈਂ ਇਥੇ ਰੁਕ ਗਿਆ। ਜਨਾਬ ਜੀ ਜਿਸ ਦਿਨ ਉਹ ਬੋਲੇ ਹਨ ਉਸ ਤੋਂ ਤਿੰਨ ਦਿਨ ਪਹਿਲਾਂ ਦਾ ਲੁਕ ਆਊਟ ਨੋਟਿਸ ਹੈ। ਮੈਂ ਕਿਉਂ ਰੋਕਾਂਗਾ ਕਿਸੇ ਨੂੰ, ਜਾਉ ਕੈਲੀਫੋਰਨੀਆ, ਜਾਉ ਜਿਥੇ ਤੁਸੀਂ ਜਾਣਾ ਹੈ ਫਿਰ ਧਰਮ ਦਾ ਨਾਂ ਲੈਂਦੇ ਹਨ। ਹਰ ਗੱਲ ਉਤੇ ਬਿਆਨ ਦੇਣ ਤੋਂ ਪਹਿਲਾਂ ਸੋਚ ਲਿਆ ਕਰੋ । ਹਰ ਬੰਦਾ ਕਹਿੰਦਾ ਕਿ ਦੇਖੋ ਜੀ ਇਹ ਤਾਂ ਬਜਟ ਤੋਂ ਧਿਆਨ ਹਟਾਉਣਾ ਚਾਹੁੰਦੇ ਹਨ, ਐਲ.ਓ.ਪੀ.ਸਾਹਿਬ ਬੋਲ ਰਹੇ ਸੀ ਬਜਟ ਤੋਂ ਧਿਆਨ ਹਟਾਉਣਾ ਚਾਹੁੰਦੇ ਹਨ, ਇਸ ਕਰਕੇ ਚੰਨੀ ਤੇ ਐਲ.ਓ.ਪੀ. ਸਾਹਿਬ। ਅਸੀਂ ਤਾਂ ਬਜਟ ਉਤੇ ਧਿਆਨ ਦਿਵਾਉਦਾ ਚਾਹੁੰਦੇ ਹਾਂ ਕਿ ਇੰਨਾ ਵਧੀਆ ਬਜਟ ਹੈ, ਅਸੀਂ ਧਿਆਨ ਹਟਾਉਣਾ ਕਿਉਂ ਹੈ ਬਈ (ਹਾਸਾ) (ਥੰਪਿੰਗ) ਹਰ ਗੱਲ ਵਿੱਚ ਰਾਜਨੀਤੀ ਨਾ ਕਰਿਆ ਕਰੋ। ਸੋ, ਜਿਹੜਾ ਪੈਸਾ ਹੈ, ਇਹ ਜੇ ਤਾਂ ਹੋਵੇ ਕਿਸੇ ਦਾ ਜਨਾਬ, ਫਿਰ ਤਾਂ ਆਪਾਂ ਖਰਚਣ ਵੇਲੇ ਮਿੰਟ ਨਹੀਂ ਲਾਉਂਦੇ ਅੱਧਾ ਤੇ ਜੇ ਹੋਵੇ ਆਪਣਾ ਫਿਰ ਲੱਗਦਾ ਪਤਾ, ਫਿਰ ਦੁਕਾਨਦਾਰ ਨਾਲ ਕਰਦੇ ਹਾਂ ਅੱਧਾ ਘੰਟਾ ਬਹਿਸ ਕਿ ਇਸ ਤਰ੍ਹਾਂ ਕਿਉਂ ਕਰਦਾ ਹੈ, ਠੀਕ ਠੀਕ ਲਾ ਲੈ, ਛੇ ਮਹੀਨੇ ਤਾਂ ਤੈਥੋਂ ਹੀ ਸੌਦਾ ਲੈਂਦੇ ਹਾਂ ਯਾਰ, ਯਾਰ ਫਲਾਣਾ ਤਾਂ ਇਸ ਤਰ੍ਹਾਂ ਕਹਿੰਦਾ ਹੈ । ਮੈਂ ਇਸ ਵਿਚ ਐਗਜਾਂਪਲ ਦੇ ਦਿੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਭਗਵੰਤ

ਮਾਨ ਪੰਜਾਬ ਦੇ ਬਜਟ ਦੇ ਇੱਕ ਇੱਕ ਰੁਪਏ ਨੂੰ ਕੀ ਸਮਝਦੀ ਹੈ, ਉਸ ਦੀ ਕੀ ਵੈਲਿਯੂ ਹੈ, ਇੱਕ ਰੁਪਏ ਦੀ ਵੀ ਵੈਲਿਯੂ ਸਮਝਦੀ ਹੈ ਜਿਹੜਾ ਖਜ਼ਾਨੇ ਦਾ ਪੈਸਾ ਹੈ। ਇੱਕ ਬੰਦਾ ਸੀ, ਉਸ ਦਾ ਮੁੰਡਾ ਨਲਾਇਕ ਸੀ, ਨਹੀਂ ਕੰਮ ਕਰਦਾ ਸੀ, ਉਸ ਨੇ ਅਨਾਊਂਸ ਕਰ ਦਿੱਤਾ ਕਿ ਮੈਂ ਤਾਂ ਸਾਰੀ ਜ਼ਮੀਨ ਜਿਹੜੀ ਹੈ ਉਹ ਗੁਰਦੁਆਰਾ ਸਾਹਿਬ ਦੇ ਨਾਂ ਲਗਾਵਾਵਾਂਗਾ ਬਸ਼ਰਤੇ ਹੈ ਕਿ ਮੇਰਾ ਮੁੰਡਾ 100 ਰੁਪਿਆ ਕਮਾ ਕੇ ਲੈ ਕੇ ਆਵੇ, ਰਿਸ਼ਤੇਦਾਰ ਆ ਗਏ, ਉਹ ਕਹਿੰਦੇ ਕਿ ਤੇਰਾ ਬਾਪੂ ਜ਼ਿੱਦੀ ਹੈ, ਇਸ ਨੇ ਤੇਰੀ ਸਾਰੀ ਜ਼ਮੀਨ ਲਵਾ ਦੇਣੀ ਹੈ, ਤੂੰ 100 ਰੁਪਿਆ ਕਮਾ ਲਿਆ, ਉਹ ਹੁਣ ਕੰਮ ਕਰਨ ਦਾ ਆਦੀ ਹੈ ਨਹੀਂ ਸੀ, ਨਲਾਇਕ ਸੀ, ਨਿਕੰਮਾ ਸੀ, ਉਹ ਰਿਸ਼ਤੇਦਾਰਾਂ ਦੇ ਪ੍ਰੈਸ਼ਰ ਵਿੱਚ ਗਿਆ, ਕਿਸੇ ਤੋਂ ਉਧਾਰਾ ਮੰਗ ਲਿਆਇਆ 100 ਰੁਪਿਆ, ਬਾਪੂ ਨੂੰ ਦੇ ਦਿੱਤਾ, ਬਾਪੂ ਨੇ 100 ਰੁਪਿਆ ਟੁਕੜੇ ਟੁਕੜੇ ਕਰਕੇ ਥੱਲੇ ਸੁੱਟ ਦਿੱਤਾ, ਮੁੰਡਾ ਇਸ ਤਰ੍ਹਾਂ ਖੜ੍ਹਾ ਰਿਹਾ, ਕਹਿੰਦਾ ਹਾਂ ਜੀ ਬਾਪੂ ਜੀ, ਦੱਸੋ ਹੁਣ, ਬਾਪੂ ਕਹਿੰਦਾ 100 ਰੁਪਿਆ ਹੋਰ ਕਮਾ ਕੇ ਲਿਆ। ਸਪੀਕਰ ਸਾਹਿਬ, ਅਗਲੇ ਦਿਨ ਫਿਰ ਗਿਆ, ਹੁਣ ਹਰ ਵੇਲੇ ਤਾਂ ਉਧਾਰ ਵੀ ਨਹੀਂ ਮਿਲਦਾ, 50 ਕੁ ਰੁਪਿਆਂ ਦਾ ਕੋਈ ਬਲਬ ਬੁਲਬ ਵੇਚ ਦਿੱਤਾ, 50 ਕੁ ਰੁਪਏ ਦਾ ਕੋਈ ਇਧਰੋਂ ਉਧਰੋਂ ਹੋਰ ਜੁਗਾੜ ਕਰ ਲਿਆ, 100 ਫਿਰ ਲਿਆਇਆ ਪਰ ਕੰਮ ਨਹੀਂ ਕੀਤਾ। ਬਾਪੂ ਨੇ ਫਿਰ ਟੁਕੜੇ ਟੁਕੜੇ ਕਰਕੇ 100 ਰੁਪਿਆ ਥੱਲੇ ਸੁੱਟ ਦਿੱਤਾ, ਮੁੰਡਾ ਖੜ੍ਹਾ ਰਿਹਾ, ਕਹਿੰਦਾ ਹੁਣ ਦੱਸੋ ਬਾਪੂ ਜੀ, ਉਹ ਕਹਿੰਦਾ 100 ਹੋਰ ਕਮਾ ਕੇ ਲੈ ਕੇ ਆ । ਸਪੀਕਰ ਸਾਹਿਬ, ਜਦੋਂ ਤੀਜੇ ਦਿਨ ਉਧਾਰ ਵੀ ਬੰਦ ਹੋ ਗਈ, ਚੋਰੀ ਵੀ ਬੰਦ ਹੋ ਗਈ, ਸਾਰੇ ਹੀਲੇ ਵਸੀਲੇ ਬੰਦ ਹੋ ਗਏ ਤਾਂ ਤੀਜੇ ਦਿਨ ਦੁਰਮਟ ਨਾਲ ਰੋੜੀ ਕੁੱਟ ਕੇ, ਸਾਰਾ ਦਿਨ ਪੈਸੇ ਕਮਾਉਣ ਤੇ ਲਗਾ ਕੇ ਸੱਚੀਮੁੱਚੀਂ 100/- ਰੁਪਿਆ ਫੜਾਇਆ ਅਤੇ ਜਦੋਂ ਉਹ ਨੋਟ ਬਾਪੂ ਨੇ ਫਾੜ ਕੇ ਸੁੱਟਿਆ ਤਾਂ ਮੁੰਡੇ ਨੇ ਇਕੱਲਾ ਇਕੱਲਾ ਟੁਕੜਾ ਥੱਲਿਓਂ ਚੁੱਕ ਕੇ ਕਿਹਾ ਕਿ ਬਾਪੂ! ਕਿਉਂ ਫਾੜ ਕੇ ਸੁੱਟਦੈਂ। ਕਮਾਉਣ ਵੇਲੇ ਹੱਥਾਂ ਤੇ ਛਾਲੇ ਹੋ ਗਏ।

ਬ.ਕ./ਐਮ./11.3.23/6.20

ਬਾਪੂ ਕਹਿਣਾ ਲੱਗਿਆ ਕਿ ਅੱਜ ਤੇਰੇ ਹਨ।(ਥੰਪਿੰਗ) ਇਸ ਤੋਂ ਪਹਿਲਾਂ ਵੀ ਦੋ ਦਿਨ ਨੋਟ ਫਾੜ ਕੇ ਸੁੱਟਦਾ ਰਿਹਾ ਹਾਂ ਪਰ ਤੇਰੇ ਦਰਦ ਨਹੀਂ ਹੁੰਦਾ ਸੀ। ਜਿਵੇਂ ਪਹਿਲਾਂ ਦੇ ਬਜਟਾਂ ਵੇਲੇ ਦਰਦ ਨਹੀਂ ਹੁੰਦਾ ਸੀ ਪਰ ਸਾਨੂੰ ਇਕ ਇਕ ਰੁਪਏ ਦਾ ਵੀ ਦਰਦ ਹੈ ਕਿਉਂਕਿ ਉਹ ਆਮ ਲੋਕਾਂ ਦੇ ਪੈਸਿਆਂ ਦਾ ਹੈ।(ਥੰਪਿੰਗ) ਜੇ ਕਿਤੇ ਸਾਡਾ ਇਕ ਰੁਪਿਆ ਵੀ ਬਚਦਾ ਹੋਵੇ ਤਾਂ ਅਸੀਂ ਕਹਿੰਦੇ ਹਾਂ ਕਿ ਖਜ਼ਾਨੇ ਵਿੱਚ ਆਉਂਦਾ ਹੈ। ਸਰ, ਅਸੀਂ ਇਸ ਤਰੀਕੇ ਨਾਲ ਪੰਜਾਬ ਦੇ ਖਜ਼ਾਨੇ ਨੂੰ ਚਲਾ ਰਹੇ ਹਾਂ ਕਿ ਉਸ ਵਿੱਚ ਜਿਹੜਾ ਪੈਸਾ ਆਇਆ ਹੈ, ਟੈਕਸ ਦੇਣ ਵਾਲੇ ਕਿਸੇ ਨਾ ਕਿਸੇ ਦੇ ਹੱਥਾਂ ਵਿੱਚ ਛਾਲੇ ਪਏ ਹਨ। ਅਸੀਂ ਉਨ੍ਹਾਂ ਛਾਲਿਆਂ ਦਾ ਮੁੱਲ ਪਾਉਣਾ ਚਾਹੁੰਦੇ ਹਾਂ ਅਤੇ ਛਾਲਿਆਂ ਦਾ ਮੁੱਲ ਉਦੋਂ ਪਵੇਗਾ ਜਦੋਂ ਉਨ੍ਹਾਂ ਨੂੰ ਬਿਜਲੀ ਫਰੀ ਮਿਲ ਗਈ, ਉਸ ਦੇ ਬੱਚਿਆਂ ਨੂੰ ਸਿੱਖਿਆ ਫਰੀ

ਮਿਲ ਗਈ, ਉਸ ਨੂੰ ਇਲਾਜ ਫਰੀ ਮਿਲ ਗਿਆ, ਉਸ ਨੂੰ ਇਨਫ੍ਰਾਸਟ੍ਰਕਚਰ ਮਿਲ ਗਿਆ, ਫੇਰ ਉਨ੍ਹਾਂ ਦਾ ਮੁੱਲ ਪਵੇਗਾ।

ਸਪੀਕਰ ਸਾਹਿਬ, ਆਮ ਤੌਰ ਤੇ ਬਜਟ ਵਿੱਚ ਕੀ ਹੁੰਦਾ ਹੈ ਕਿ ਗਰੀਬਾਂ ਵਾਲੀਆਂ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ। ਤੁਸੀਂ ਚਾਹੇ ਯੂਨੀਅਨ ਬਜਟ ਦੇਖ ਲਓ, ਬੀ.ਜੇ.ਪੀ ਵਾਲੇ ਬੋਲ ਰਹੇ ਸਨ ਕਿ ਬੀ.ਜੇ.ਪੀ ਨੂੰ ਪੰਜਾਬ ਨਾਲ ਬੜਾ ਪਿਆਰ ਹੈ। ਇਹ ਕਿਹਾ ਗਿਆ ਸੀ ਕਿ ਬੀ.ਜੇ.ਪੀ ਵਾਲੇ ਪੰਜਾਬ ਨੂੰ ਬਹੁਤ ਮੁਹੱਬਤ ਕਰਦੇ ਹਨ। ਸਪੀਕਰ ਸਾਹਿਬ, ਪਹਿਲੀ ਗੱਲ ਯੂਨੀਅਨ ਬਜਟ ਵਿੱਚ ਪੰਜਾਬ ਦਾ ਕਿਤੇ ਨਾਂ ਹੀ ਨਹੀਂ ਸੀ। ਦੂਜਾ, ਜੇ ਇੰਨੀ ਹੀ ਮੁਹੱਬਤ ਕਰਦੇ ਹੋ ਤਾਂ 26 ਜਨਵਰੀ ਦੀ ਪਰੇਡ ਵਾਸਤੇ ਸਾਡੀ ਝਾਂਕੀ ਵਿਚੋਂ ਬਾਹਰ ਕਿਉਂ ਕੱਢ ਦਿੱਤੀ? ਪੰਜਾਬ ਦੀ ਝਾਂਕੀ ਬਾਹਰ ਕੱਢ ਕੇ ਤੁਸੀਂ ਅਜ਼ਾਦੀ ਦੇ ਜਸ਼ਨ ਮਨਾ ਲਓਗੇ?(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਸਾਡੇ ਨਾਲ ਪਿਆਰ ਹੈ? ਇੱਥੇ ਹੀ ਨਹੀਂ ਜੇਕਰ ਨਾ ਲੜਦੇ ਤਾਂ ਕਹਿ ਦਿੱਤਾ ਸੀ ਕਿ ਕੋਲਾ ਵੀ ਸ਼੍ਰੀ ਲੰਕਾ ਉਪਰੋਂ ਲੈ ਕੇ ਆਓ। ਜਦ ਕਿ ਉੜੀਸਾ ਤੋਂ ਕੋਲਾ ਆਉਣਾ ਹੈ ਅਤੇ ਪੰਜਾਬ ਲਿਆਉਣਾ ਹੈ। ਮੈਂ ਮੰਤਰੀ ਸਾਹਿਬ ਨੂੰ ਕਿਹਾ ਕਿ ਤੁਸੀਂ ਸਾਨੂੰ ਕਹਿੰਦੇ ਹੋ ਕਿ ਵਾਇਆ ਸ਼੍ਰੀਲੰਕਾ ਮੁੰਦਰਾ ਪੋਰਟ ਤੋਂ ਲੈ ਕੇ ਆਓ। ਮੈਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਉਸ ਕੋਲੇ ਨਾਲ ਕੀ ਕਰਦੇ ਹਾਂ? ਕਹਿਣ ਲੱਗੇ ਕਿ ਬਿਜਲੀ ਬਣਾਉਂਦੇ ਹੋ। ਮੈਂ ਕਿਹਾ ਜੀ ਬਿਜਲੀ ਨਾਲ ਅਸੀਂ ਕੀ ਕਰਦੇ ਹਾਂ? ਕਹਿਣ ਲੱਗੇ ਕਿ ਚੌਲ ਪੈਦਾ ਕਰਦੇ ਹੋ। ਮੈਂ ਕਿਹਾ ਜੀ ਜਦੋਂ ਸਾਰੇ ਦੇਸ਼ ਨੇ ਚੌਲ ਲੈਣੇ ਹੁੰਦੇ ਹਨ, ਉਦੋਂ ਸਪੈਸ਼ਲ ਟ੍ਰੇਨਾਂ ਲਗਾ ਕੇ ਇਕ ਦਿਨ ਵਿੱਚ ਹੀ ਲੈ ਜਾਂਦੇ ਹੋ। ਫੇਰ ਇਸ ਤਰ੍ਹਾਂ ਕਰੋ ਕਿ ਮਾਲ ਗੱਡੀਆਂ ਵੀ ਵਾਇਆ ਕਰਾਚੀ ਲਿਆਇਆ ਕਰੋ। ਸਾਡੇ ਤੋਂ ਚੌਲ ਸਿੱਧਾ ਲੈ ਜਾਂਦੇ ਹੋ ਅਤੇ ਸਾਨੂੰ ਕਹਿੰਦੇ ਹੋ ਕਿ ਵਾਇਆ ਸ਼੍ਰੀ ਲੰਕਾ ਆਓ, ਤਦ ਜਾ ਕੇ ਉਨ੍ਹਾਂ ਨੇ ਮਾਫ ਕੀਤਾ ਅਤੇ ਕਿਹਾ ਕਿ ਠੀਕ ਹੈ, ਆਪਣੇ ਹਿਸਾਬ ਨਾਲ ਲੈ ਆਓ। ਸੋ, ਸਾਡੇ ਨਾਲ ਬੀ.ਜੇ.ਪੀ ਦਾ ਇਹ ਪਿਆਰ ਹੈ?

ਸਪੀਕਰ ਸਾਹਿਬ, ਪਹਿਲਾਂ ਜਿਹੜੇ ਬਜਟ ਆਉਂਦੇ ਸੀ, ਅਸੀਂ ਟੀ.ਵੀ ਤੇ ਦੇਖਦੇ ਸੀ ਕਿ ਇਕ ਪਾਸੇ ਵਿਤ ਮੰਤਰੀ ਦਾ ਭਾਸ਼ਣ ਚੱਲ ਰਿਹਾ ਹੁੰਦਾ ਹੈ ਅਤੇ ਨਾਲ ਦੇ ਨਾਲ ਦੱਸਦੇ ਰਹਿੰਦੇ ਹਨ ਕਿ ਇਹ ਮਹਿੰਗਾ ਹੋ ਗਿਆ, ਇਹ ਸਸਤਾ ਹੋ ਗਿਆ। ਸਭ ਤੋਂ ਪਹਿਲਾਂ ਮਹਿੰਗੀਆਂ ਚੀਜ਼ਾਂ ਦੀ ਖਬਰ ਆਉਂਦੀ ਸੀ ਅਤੇ ਗਰੀਬਾਂ ਵਾਲੀਆਂ ਚੀਜ਼ਾਂ ਮਹਿੰਗੀਆਂ - ਬਿਜਲੀ ਦੇ ਬਲਬ ਮਹਿੰਗੇ, ਸਾਈਕਲ ਮਹਿੰਗੇ, ਸਾਈਕਲ ਦੇ ਪੈਡਲਾਂ ਤੇ ਲੱਗਿਆ ਟੈਕਸ, ਟੱਲੀ ਮਹਿੰਗੀ, ਚੱਪਲਾਂ ਮਹਿੰਗੀਆਂ, ਚਾਹਪੱਤੀ ਮਹਿੰਗੀ, ਸਟੀਲ ਦੇ ਭਾਂਡੇ ਮਹਿੰਗੇ, ਪੈੱਨ ਤੇ ਪੈਂਸਲਾਂ ਮਹਿੰਗੀਆਂ, ਸ਼ਾਰਪਨਰ ਜਿਹੜੇ ਪੈਂਸਲ ਘੜਦੇ ਹਨ, ਉਹ ਮਹਿੰਗੇ, ਲੱਸੀ ਅਤੇ ਪਰੌਂਠਿਆਂ ਤੇ ਜੀ.ਐਸ.ਟੀ ਟੈਕਸ ਲਗਾ ਦਿੱਤਾ, ਮੱਝਾਂ ਦੀ ਫੀਡ ਮਹਿੰਗੀ, ਖਲ਼ ਮਹਿੰਗੀ, ਇਹ ਸਾਰੀਆਂ ਚੀਜ਼ਾਂ ਗਰੀਬਾਂ ਦੇ ਵਰਤਣ ਵਾਲੀਆਂ ਹਨ। ਫੇਰ ਸਸਤੀਆਂ ਦਾ ਜ਼ਿਕਰ ਆਉਂਦਾ ਹੈ - 40 ਲੱਖ ਤੋਂ ਉੱਪਰ ਵਾਲੀਆਂ ਗੱਡੀਆਂ ਤੇ

7% ਛੋਟ, ਗਰੀਬ ਨੇ ਕਦੇ 40 ਲੱਖ ਵਾਲੀ ਗੱਡੀ ਤੇ ਬੈਠਣਾ ਹੈ? 50 ਲੱਖ ਤੋਂ ਉੱਪਰ ਆਮਦਨ ਵਾਲੇ ਨੂੰ ਇਨਕਮ ਟੈਕਸ ਵਿੱਚ 15 ਲੱਖ ਦੀ ਛੋਟ। ਇਹ ਬਜਟ ਅਮੀਰਾਂ ਵਾਸਤੇ ਹੁੰਦਾ ਹੈ ਕਿਉਂਕਿ ਗਰੀਬਾਂ ਵਾਲੀਆਂ ਸਾਰੀਆਂ ਚੀਜ਼ਾਂ ਹੀ ਮਹਿੰਗੀਆਂ ਹੁੰਦੀਆਂ ਹਨ। ਇਸੇ ਕਰਕੇ ਗਰੀਬ ਪੁੱਛਦੇ ਰਹਿੰਦੇ ਹਨ ਕਿ ਇਕ ਬਜਟ ਆਉਂਦਾ ਹੈ, ਉਸ ਵਿੱਚ ਸਾਰਾ ਸਮਾਨ ਮਹਿੰਗਾ ਹੋ ਜਾਂਦਾ ਹੈ, ਕਿਤੇ ਐਤਕੀਂ ਤਾਂ ਨਹੀਂ ਹੋਵੇਗਾ? ਇਸੇ ਕਰਕੇ ਐਤਕੀਂ ਲੋਕ ਕਹਿੰਦੇ ਹਨ, ਸ਼ੁਕਰ ਹੈ! ਕੁਝ ਮਹਿੰਗਾ ਨਹੀਂ ਹੋਇਆ। ਇਨ੍ਹਾਂ ਨੇ ਸਾਨੂੰ ਦਿੱਤਾ ਹੀ ਹੈ।(ਥੰਪਿੰਗ)

ਸਾਡੇ ਐਮ.ਐਲ.ਏ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਬੜੇ ਖੁਸ਼ ਹਨ ਕਿ ਬੜਾ ਵਧੀਆ ਬਜਟ ਹੈ ਅਤੇ ਬੜੀ ਵਧੀਆ ਸਰਕਾਰ ਚੱਲ ਰਹੀ ਹੈ। ਜਿੱਥੇ ਜਾਂਦੇ ਹਾਂ, ਬੱਲੇ ਬੱਲੇ ਹੈ। ਫੇਸ ਬੁਕ ਤੇ ਵੀ ਬੱਲੇ ਬੱਲੇ ਹੋ ਰਹੀ ਹੈ ਕਿ ਬੱਲੇ ਓਏ ਸ਼ੇਰਾ! ਮੈਂ ਤੁਹਾਨੂੰ ਵੀ (ਟਰੇਜ਼ਰੀ ਬੈਂਚਿਜ਼ ਨੂੰ ਸੰਬੋਧਨ ਕਰਦੇ ਹੋਏ) ਇਕ ਗੱਲ ਕਹਿਣੀ ਹੈ। ਸਪੀਕਰ ਸਾਹਿਬ, ਜੇ ਤੁਹਾਡੀ ਇਜ਼ਾਜਤ ਹੋਵੇ ਤਾਂ ਮੈਂ ਚੇਅਰ ਦੀ ਬਜਾਏ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵਾਲੀਆਂ ਚੇਅਰਾਂ ਨੂੰ ਐਡਰੈੱਸ ਕਰ ਲਵਾਂ?

**ਮਾਨਯੋਗ ਸਪੀਕਰ** : ਠੀਕ ਹੈ ਜੀ।

**ਮੁੱਖ ਮੰਤਰੀ** : ਮੈਂ ਤੁਹਾਨੂੰ ਸਾਰਿਆਂ ਨੂੰ (ਟਰੇਜ਼ਰੀ ਬੈਂਚਿਜ਼ ਨੂੰ ਸੰਬੋਧਨ ਕਰਦੇ ਹੋਏ) ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਨੂੰ ਲੋਕਾਂ ਨੇ ਮੌਕਾ ਦਿੱਤਾ ਹੈ, ਇਸ ਲਈ ਹੰਕਾਰ ਨਹੀਂ ਕਰਨਾ। ਮੁਹੰਮਦ ਬਖਸ਼ ਨੇ ਲਿਖਿਆ ਹੈ –

kk Ms 11.3.2023 6.25

ਕਿਉਂਕਿ ਮੁਹੰਮਦ ਬਖ਼ਸ਼ ਨੇ ਲਿਖਿਆ ਹੈ:

ਬਹੁਤੀ ਖੁਸ਼ੀ ਵੀ ਗਮੀ ਬਰਾਬਰ, ਇਸ ਵਿੱਚ ਸ਼ੱਕ ਨਾ ਜਾਣੀਂ
ਸੁੱਕ ਜਾਂਦੇ ਉਹ ਰੁੱਖ ਮੁਹੰਮਦ, ਜਿਨ੍ਹਾਂ ਨੂੰ ਬਹੁਤਾ ਪਾਣੀ। (ਥੰਪਿੰਗ)

ਸੋ, ਜ਼ਿਆਦਾ ਖੁਸ਼ੀ ਨਹੀਂ ਮਨਾਉਣੀ। ਅਜੇ ਤਾਂ ਬਹੁਤ ਕੁਝ ਕਰਨਾ ਪਿਆ ਹੈ। ਬੜੇ ਕੰਮ ਪਏ ਹਨ। ਅਜੇ ਤਾਂ ਆਪਾਂ ਨੇ ਸੇਰ ਵਿੱਚੋਂ ਪੂਣੀ ਵੀ ਨਹੀਂ ਕੱਤੀ। ਸੋ, ਹਲੀਮੀ ਨਾਲ ਲੋਕਾਂ ਕੋਲ ਜਾਉ। ਅਫ਼ਸਰਾਂ ਕੋਲ ਜਾਉ। ਵਿਰੋਧੀ ਪਾਰਟੀ ਦੇ ਮੈਂਬਰਜ਼ ਜਦੋਂ ਤੁਹਾਡੇ ਕੋਲ ਆਉਂਦੇ ਹਨ ਅਤੇ ਕੋਈ ਮਸਲਾ ਦੱਸਦੇ ਹਨ ਤਾਂ ਇਹ ਨਾ ਸਮਝੋ ਕਿ ਇਹ ਤਾਂ ਇਨ੍ਹਾਂ ਦਾ ਮਾਮਲਾ ਹੈ। ਸਾਰੇ ਮਸਲੇ ਲੋਕਾਂ ਦੇ ਹੀ ਹੁੰਦੇ ਹਨ। ਇਨ੍ਹਾਂ ਨੂੰ ਵੀ ਲੋਕਾਂ ਨੇ ਹੀ ਵੋਟਾਂ ਪਾਈਆਂ ਹਨ। ਵੋਟਰ ਉਸੇ ਲਾਈਨ ਵਿੱਚ ਹੀ ਖੜ੍ਹੇ ਸੀ, ਉਸੇ ਲਾਈਨ ਵਿੱਚੋਂ ਆਪਾਂ ਨੂੰ ਵੋਟਾਂ ਪਈਆਂ

ਹਨ ਅਤੇ ਉਸੇ ਲਾਈਨ ਵਿੱਚੋਂ ਹੀ ਇਨ੍ਹਾਂ ਨੂੰ ਪਈਆਂ ਹਨ। (ਥੰਪਿੰਗ) ਜਾਂ ਤਾਂ ਇਹ ਹੋਵੇ ਕਿ ਇਨ੍ਹਾਂ ਦੀ ਲਾਈਨ ਵੱਖਰੀ ਹੋ ਗਈ ਸੀ। (ਥੰਪਿੰਗ) ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਲੋਕਾਂ ਨੇ ਮੌਕਾ ਦਿੱਤਾ ਹੈ ਤਾਂ ਉਸ ਨੂੰ ਲੋਕਾਂ ਲਈ ਵਰਤੋ। ਲੋਕਾਂ ਉਤੇ ਨਾ ਵਰਤੋ। ਜਿਵੇਂ ਇਸ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਲੋਕਾਂ ਉਤੇ ਤਾਕਤ ਵਰਤਦੀਆਂ ਰਹੀਆਂ। ਲੋਕਾਂ ਲਈ ਤਾਕਤ ਨੂੰ ਵਰਤਣਾ ਚਾਹੀਦਾ ਹੈ। ਸੋ, ਇਸ ਤੋਂ ਪਹਿਲਾਂ ਮੇਰੇ ਜਿਹੜੇ ਕੁਲੀਗ ਸੀ, ਜਿਨ੍ਹਾਂ ਨੇ ਪੰਜਾਬ ਲਈ ਬਜਟ ਪੇਸ਼ ਕੀਤੇ ਜਾਂ ਵੱਖ-ਵੱਖ ਮਹਿਕਮਿਆਂ ਦੇ ਮੰਤਰੀ ਰਹੇ, ਉਨ੍ਹਾਂ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਦੇ ਵੀ ਇਸ ਤਰ੍ਹਾਂ ਨਹੀਂ ਸੋਚਿਆ ਕਿ ਆਹ ਜਿਹੜੀ ਫਾਈਲ ਹੈ, ਜੇ ਮੈਂ ਸਾਈਨ ਕਰ ਦੇਵਾਂਗਾ ਤਾਂ ਇਸ ਦੇ ਨਾਲ ਲੋਕਾਂ ਤੇ ਕੀ ਪ੍ਰਭਾਵ ਪਵੇਗਾ। ਮੇਰੇ ਕੋਲ ਬਹੁਤ ਸਾਰੀਆਂ ਅਜਿਹੀਆਂ ਫਾਈਲਾਂ ਆਉਂਦੀਆਂ ਹਨ ਜਿਨ੍ਹਾਂ ਬਾਰੇ ਸੋਚ ਕੇ ਮੈਨੂੰ ਲਗਦਾ ਹੈ ਕਿ ਕੀ ਸੋਚ ਕੇ ਇਨ੍ਹਾਂ ਤੇ ਸਾਈਨ ਕਰ ਦਿੱਤੇ? ਕੀ ਸਿਰਫ ਤੇ ਸਿਰਫ ਟੈਕਸ ਲੋਕਾਂ ਵਾਸਤੇ ਹੀ ਬਣੇ ਹਨ ? ਕੁਝ ਆਪਣੀਆਂ ਵੀ ਸਹੂਲਤਾਂ ਛੱਡੋ, ਜਿਵੇਂ ਅਸੀਂ ਵੀ ਕਿਹਾ ਹੈ ਕਿ ਅਸੀਂ ਪੈਨਸ਼ਨਾਂ ਇੱਕ ਕਰ ਦਿੱਤੀਆਂ ਹਨ। ਲੋਕ ਤੁਹਾਨੂੰ ਦੁਬਾਰਾ ਚੁਣ ਲੈਣਗੇ, ਤੁਸੀਂ ਇਹ ਦੁਆ ਕਰਿਆ ਕਰੋ। ਤੁਸੀਂ ਇਹ ਕਿਉਂ ਰੌਲ਼ਾ ਕਿਉਂ ਪਾਉਂਦੇ ਹੋ ਕਿ ਪੈਨਸ਼ਨਾਂ ਕਿਉਂ ਘਟਾ ਰਹੇ ਹੋ ਜੀ? ਤੁਸੀਂ ਦੁਆ ਕਰੋ ਕਿ ਪੈਨਸ਼ਨਾਂ ਘਟਾ ਦਿਉ, ਅਸੀਂ ਤਾਂ ਹਮੇਸ਼ਾ ਚੁਣੇ ਹੀ ਜਾਂਦੇ ਰਹਾਂਗੇ। ਚੁਣਿਆਂ ਹੋਇਆਂ ਦੀ ਤਨਖਾਹ ਤਾਂ ਨਹੀਂ ਘਟਾਈ? ਤੁਸੀਂ ਇਹ ਕਿਉਂ ਕਹੀ ਜਾਂਦੇ ਹੋ ਕਿ ਅਗਲੀ ਵਾਰ ਪੈਨਸ਼ਨ ਲੱਗੇਗੀ? (ਹਾਸਾ) (ਥੰਪਿੰਗ) ਤੁਸੀਂ ਸਾਬਕਾ ਬਣਨ ਦੀ ਕੋਸ਼ਿਸ਼ ਨਾ ਕਰੋ, ਸਗੋਂ ਮੌਜੂਦਾ ਰਹੋ। (ਹਾਸਾ) ਹੁਣ ਤਾਂ ਗੱਲ ਦੀ ਸਮਝ ਆ ਗਈ। (ਹਾਸਾ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਮਾਨ ਸਾਹਿਬ, ਅਸੀਂ ਤਾਂ ਪੈਨਸ਼ਨ ਲਈ ਨਹੀਂ।

**ਮੁੱਖ ਮੰਤਰੀ:** ਨਹੀਂ। ਮਤਲਬ ਤੁਸੀਂ ਜਿੱਤੇ ਹੋਏ ਹੋ ਨਾ। ਰੋਂਦੇ ਉਹੀ ਹਨ ਜਿਨ੍ਹਾਂ ਨੂੰ ਇਹ ਡਰ ਹੁੰਦਾ ਹੈ ਕਿ ਅਗਲੀ ਵਾਰ ਪੱਕਾ ਸਾਬਕਾ ਬਣਾਂਗੇ। (ਹਾਸਾ)

ਸੋ, ਮੈਂ ਇਸ ਬਜਟ ਵਿੱਚ ਖੇਤੀ ਬਾਰੇ ਉਸ ਦਿਨ ਡਿਟੇਲ ਵਿੱਚ ਬੋਲ ਦਿੱਤਾ। ਖੇਤੀ ਨੂੰ ਨਵੀਆਂ ਤਕਨੀਕਾਂ ਨਾਲ ਲੈਸ ਕਰਾਂਗੇ। ਸਕੂਲ ਐਜੂਕੇਸ਼ਨ ਨੂੰ ਨਵੀਆਂ ਤਕਨੀਕਾਂ ਨਾਲ ਲੈਸ ਕਰਾਂਗੇ। ਯੂਨੀਵਰਸਿਟੀਜ ਦੀ ਗੱਲ ਇੱਥੇ ਚੱਲੀ ਹੈ। ਅਸੀਂ ਯੂਨੀਵਰਸਿਟੀਜ਼ ਨੂੰ ਕਦੇ ਵੀ ਘਾਟਾ ਨਹੀਂ ਰਹਿਣ ਦੇਵਾਂਗੇ। ਰਾਜਾ ਵੜਿੰਗ ਜੀ ਨੇ ਯੂਨੀਵਰਸਿਟੀ ਦੀ ਗੱਲ ਕੀਤੀ ਹੈ। ਜਨਾਬ, ਉਹੀ ਯੂਨੀਵਰਸਿਟੀ ਸਾਨੂੰ ਪੈਂਦੀ ਹੈ। ਉਸੇ ਯੂਨੀਵਰਸਿਟੀ ਦੇ ਹੋਸਟਲ ਵਿੱਚ ਅਸੀਂ ਰਹੇ ਹਾਂ। ਉਸੇ ਯੂਨੀਵਰਸਿਟੀ ਦੇ ਇੰਟਰ ਯੂਥ ਕਾਲਜ ਕੰਪੀਟੀਸ਼ਨਾਂ ਵਿੱਚ ਅਸੀਂ ਜਾਂਦੇ ਰਹੇ ਹਾਂ। ਸੋ, ਉਸ ਯੂਨੀਵਰਸਿਟੀ ਵਿੱਚ ਜਾ ਕੇ ਤਾਂ ਅੱਜ ਵੀ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਮੈਂ

ਕਿਹਾ ਸੀ, ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ ਕਿ ਵਿੱਦਿਆ ਬਿਲਕੁਲ ਵੀ ਕਰਜ਼ੇ ਦੇ ਥੱਲੇ ਨਹੀਂ ਹੋਣੀ ਚਾਹੀਦੀ। 990 ਕਰੋੜ ਰੁਪਿਆ ਤਾਂ ਅਸੀਂ ਬਜਟ ਵਿੱਚ ਰੱਖਿਆ ਹੀ ਹੈ ਪਰ ਜਦੋਂ ਵੀ ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਪੀ.ਏ.ਯੂ. ਜਾਂ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ ਯੂਨੀਵਰਸਿਟੀ (ਗਡਵਾਸੂ ), ਭਾਵ ਯੂਨੀਵਰਸਿਟੀਆਂ ਵਾਸਤੇ ਜਿੰਨੇ ਵੀ ਪੈਸੇ ਮੰਗਣਗੇ, ਅਸੀਂ ਉਨ੍ਹਾਂ ਲਈ ਪੈਸੇ ਹਾਜ਼ਰ ਕਰਾਂਗੇ। (ਥੰਪਿੰਗ) ਅਸੀਂ ਪੈਸੇ ਜਿੱਥੋਂ ਮਰਜ਼ੀ ਲਿਆ ਕੇ ਦੇਈਏ। (ਥੰਪਿੰਗ) ਅਸੀਂ ਐਜੂਕੇਸ਼ਨ ਨੂੰ ਕਦੇ ਵੀ ਪਿਛੇ ਲੈ ਕੇ ਨਹੀਂ ਆਉਂਦੇ। ਸਭ ਤੋਂ ਵਧੀਆ ਗੱਲ ਇਹ ਹੈ ਕਿ ਐਜੂਕੇਸ਼ਨ ਤੇ ਹੈਲਥ ਹੁਣ ਬਾਕੀਆਂ ਪਾਰਟੀਆਂ ਦੇ ਮੈਨੀਫੈਸਟੋ ਵਿੱਚ ਵੀ ਆ ਗਈ ਹੈ। ਪਹਿਲਾਂ ਤਾਂ ਇਹ ਇਨ੍ਹਾਂ ਦੀ ਗੱਲ ਹੀ ਨਹੀਂ ਕਰਦੇ ਹੁੰਦੇ ਸੀ।

ਸਪੀਕਰ ਸਾਹਿਬ, ਜਦੋਂ ਮੈਂ ਨਵਾਂ ਨਵਾਂ ਐਮ.ਪੀ. ਬਣਿਆ ਤਾਂ ਮੈਂ ਸੋਚਿਆ ਕਿ ਪ੍ਰਮਾਤਮਾ ਨੇ ਬੜਾ ਵੱਡਾ ਮੌਕਾ ਦੇ ਦਿੱਤਾ ਹੈ। ਦੇਸ਼ ਦੇ 130 ਕਰੋੜ ਵਿਅਕਤੀਆਂ ਵਿੱਚੋਂ 543 ਲੋਕਾਂ ਵਿੱਚ ਆਪਾਂ ਚੁਣੇ ਗਏ ਹਾਂ। ਇਹ ਬੜੀ ਵੱਡੀ ਗੱਲ ਹੈ। ਹੁਣ ਜੋ ਪੈਸੇ ਮਿਲਣਗੇ, ਉਹ ਲੋਕਾਂ ਦੇ ਟੈਕਸ ਦੇ ਪੈਸੇ ਹਨ। ਇਸ ਪੈਸੇ ਲੋਕਾਂ ਨੂੰ ਦਿਆ ਕਰਾਂਗੇ ਅਤੇ ਮਨ ਨੂੰ ਸਕੂਨ ਆਵੇਗਾ। ਮੇਰੀ ਕੋਲ ਬਤੌਰ ਐਮ.ਪੀ. ਪਹਿਲੀ ਕਿਸ਼ਤ ਆਈ ਨੂੰ ਅਜੇ 10 ਕੁ ਦਿਨ ਹੀ ਹੋਏ ਸੀ। ਮੇਰੇ ਕੋਲ ਇੱਕ ਪਿੰਡ ਦੀ ਪੰਚਾਇਤ ਆਈ ਤੇ ਕਹਿੰਦੇ ਕਿ ਐਮ.ਪੀ. ਸਾਹਿਬ ਸਾਨੂੰ ਪੈਸੇ ਚਾਹੀਦੇ ਹਨ। ਮੈਂ ਕਿਹਾ ਕਿ ਬਿਲਕੁਲ ਦੇਵਾਂਗੇ ਜੀ। ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਲੋਕਾਂ ਨੂੰ ਕੀ-ਕੀ ਆਦਤਾਂ ਪਾਈਆਂ ਹੋਈਆਂ ਸੀ। ਤੁਹਾਨੂੰ ਪੈਸੇ ਮਿਲਣਗੇ, ਇਹ ਤੁਹਾਡੇ ਹੀ ਪੈਸੇ ਹਨ। ਮੈਂ ਪੁੱਛਿਆ ਕਿ ਕਿੰਨੇ ਪੈਸੇ ਚਾਹੀਦੇ ਹਨ। ਉਹ ਕਹਿੰਦੇ ਕਿ ਤਿੰਨ ਲੱਖ ਰੁਪਿਆ ਚਾਹੀਦਾ ਹੈ ਜੀ। ਮੈਂ ਕਿਹਾ ਕਿ ਬਿਲਕੁਲ ਜੀ ਤੁਹਾਨੂੰ ਤਿੰਨ ਲੱਖ ਰੁਪਿਆ ਮਿਲ ਜਾਵੇਗਾ ਪਰ ਥੋੜ੍ਹਾ ਜਿਹਾ ਦੱਸਣਾ ਪੈਂਦਾ ਹੈ ਕਿ ਇਹ ਪੈਸਾ ਕਿਸ ਵਾਸਤੇ ਵਾਸਤੇ ਚਾਹੀਦਾ ਹੈ। ਮੈਂ ਕਿਹਾ ਕਿ ਮੈਂ ਜਾਰੀ ਕਰ ਦਿੰਦਾ ਹਾਂ ਅਤੇ ਅੰਕੜਾ ਵਿਭਾਗ ਨੂੰ ਇਹ ਪੈਸੇ ਚਲੇ ਜਾਣਗੇ। ਉਹ ਕਹਿੰਦੇ ਕਿ ਸ਼ਮਸ਼ਾਨਘਾਟ ਦੀਆਂ ਕੰਧਾਂ ਉੱਚੀਆਂ ਚੁੱਕਣੀਆਂ ਹਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਗੱਲ ਤੁਹਾਨੂੰ ਆਪਣੇ ਪਿੰਡ ਦੇ ਮੁਰਦਿਆਂ 'ਤੇ ਯਕੀਨ ਨਹੀਂ ਹੈ? ਕਿ ਕਿਤੇ ਰਾਤ ਨੂੰ ਵਾਪਸ ਹੀ ਨਾ ਆ ਜਾਣ, ਮਸਾਂ ਛੱਡ ਕੇ ਆਏ ਹਾਂ। (ਹਾਸਾ) ਮੈਂ ਪੁੱਛਿਆ ਕਿ ਕੀ ਤੁਹਾਡੇ ਸਕੂਲ ਵਿੱਚ ਕੋਈ ਲਾਇਬ੍ਰੇਰੀ ਬਣਾ ਦੇਈਏ। ਜਾਂ ਦੋ ਕਮਰੇ ਸਕੂਲ ਵਿੱਚ ਪਵਾ ਦੇਈਏ ਜਾਂ ਗਰੀਬਾਂ ਦੇ ਵਿਹੜੇ ਵਿੱਚ ਸਬਮਰਸੀਬਲ ਪੰਪ ਲਗਵਾ ਦੇਈਏ। ਜਾਂ ਤੁਹਾਡੇ ਪਿੰਡ ਵਿੱਚ ਆਰ.ਓ. ਵਾਟਰ ਫਿਲਟਰ ਲਗਾ ਦੇਈਏ, ਜਾਂ ਸਾਰੇ ਪਿੰਡ ਵਿੱਚ ਸੋਲਰ ਲਾਈਟਾਂ ਲਗਾ ਦੇਈਏ। ਉਹ ਮੈਨੂੰ ਪੁੱਛਣ ਲੱਗੇ ਕਿ ਜੀ ਜਿਹੜੀਆਂ ਤੁਸੀਂ ਆਹ ਗੱਲ ਕਹਿੰਦੇ ਹੋ, ਕੀ ਇਹ ਤੁਸੀਂ ਕਰ ਸਕਦੇ ਹੋ? ਮੈਂ ਦੱਸਿਆ ਕਿ ਹਾਂ ਜੀ, ਪੈਸੇ ਤੁਹਾਡੇ ਹੀ ਹਨ, ਮੈਂ ਇਹ ਕਰ ਸਕਦਾ ਹਾਂ। ਉਹ ਕਹਿੰਦੇ ਕਿ ਫਿਰ ਮੁਆਫ ਕਰਿਉ ਜੀ, ਸਾਨੂੰ ਤਾਂ ਹੁਣ ਤੱਕ ਜਿੰਨੇ ਵੀ ਪੈਸੇ ਮਿਲੇ ਹਨ, ਉਹ ਸ਼ਮਸ਼ਾਨਘਾਟ ਦੀਆਂ ਕੰਧਾਂ ਵਾਸਤੇ ਹੀ ਮਿਲੇ ਹਨ। ਸਾਨੂੰ ਇਸ ਤੋਂ

ਅੱਗੇ ਸੋਚਣ ਹੀ ਨਹੀਂ ਦਿੱਤਾ ਗਿਆ। ਟੋਭੇ ਅਤੇ ਸ਼ਮਸ਼ਾਨਘਾਟ ਤੱਕ ਹੀ ਸੀਮਤ ਰੱਖਿਆ ਗਿਆ। ਇਸ ਤੋਂ ਅੱਗੇ ਸੋਚਣ ਹੀ ਨਹੀਂ ਦਿੰਦੇ ਸੀ।

ਹਰਪ੍ਰੀਤ ਸਿੰਘ/ਸ਼ੁਭਮ ਜੈਨ/06.30/11.03.2023

ਸੋ, ਲੋਕਾਂ ਨੂੰ ਵੀ ਇਹੀ ਲਗਦਾ ਸੀ ਕਿ ਸ਼ਾਇਦ ਇਹੀ ਗਰਾਂਟਾਂ ਹੁੰਦੀਆਂ ਹਨ। ਹੁਣ ਜਦੋਂ ਲੋਕਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਵਾਸਤੇ ਅਤੇ ਪੰਜਾਬ ਦੇ ਵਿਕਾਸ ਵਾਸਤੇ ਪੈਸੇ ਮਿਲਣ ਲੱਗੇ ਹਨ ਤਾਂ ਲੋਕਾਂ ਨੂੰ ਪਤਾ ਲੱਗਿਆ ਕਿ ਗਰਾਂਟ ਇਹ ਵੀ ਹੁੰਦੀ ਹੈ। ਇਸ ਨੂੰ ਅਖਤਿਆਰੀ ਫੰਡ ਕਹਿੰਦੇ ਹਨ, ਇਸ ਦਾ ਮਤਲਬ ਹੈ ਕਿ ਲੋਕਾਂ ਨੇ ਉਨ੍ਹਾਂ ਨੂੰ ਅਖਤਿਆਰ ਦਿੱਤੇ ਹੋਏ ਹਨ। ਸੋ, ਕਈ ਅਜਿਹੇ ਵੀ ਆਏ ਜੋ ਬੜੇ ਚੁੱਪ ਚਾਪ ਰਹਿੰਦੇ ਸੀ ਅਤੇ ਬੜੇ ਸਾਊ ਕਹਾਉਂਦੇ ਸੀ ਪਰ ਪੰਜਾਬ ਨੂੰ ਐਸਾ ਮਾਂਝਾ ਲਾਇਆ ਕਿ ਪਤਾ ਹੀ ਨਹੀਂ ਲੱਗਿਆ। ਕਿਸੇ ਨੇ ਬਹੁਤ ਵਧੀਆ ਕਿਹਾ ਹੈ

ਭੇਡੂ ਵਾਂਗ ਹਲੀਮੀ ਤੇਰੀ, ਜਾਤ ਦਿਆ ਬਗਿਆੜਾ,
ਸੂਰਤ ਤੇਰੀ ਫਰਿਸ਼ਤੇ ਵਰਗੀ, ਪਰ ਖਾ ਗਿਆ ਸਾਰਾ ਵਾੜਾ

ਸੋ, ਮੂੰਹ ਫਰਿਸ਼ਤਿਆਂ ਦੇ ਲਗਾ ਕੇ, ਹਲੀਮੀਆਂ ਭੇਡੂਆਂ ਵਾਲੀਆਂ ਦਿਖਾ ਕੇ ਬਗਿਆੜ ਪੰਜਾਬ ਦੇ ਖਜ਼ਾਨੇ ਤੇ ਪੰਜਾਬ ਦੇ ਲੋਕਾਂ ਨੂੰ ਲੁੱਟਦੇ ਰਹੇ ਹਨ। ਹੁਣ ਲੋਕਾਂ ਨੇ ਜੇਕਰ ਸਾਨੂੰ ਮੌਕਾ ਦਿੱਤਾ ਹੈ ਤਾਂ ਸਾਨੂੰ ਸਾਰਿਆਂ ਨੂੰ ਇਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ। Not only this side, ਜੇਕਰ ਪੰਜਾਬ ਦਾ ਇਤਿਹਾਸ ਲਿਖਿਆ ਜਾਵੇਗਾ ਕਿ ਜਦੋਂ ਪੰਜਾਬ ਦੁਬਾਰਾ ਲੀਹ ਤੇ ਚੜਿਆ ਸੀ ਤਾਂ ਉਸ ਵੇਲੇ ਪੰਜਾਬ ਦੀ ਸਦਨ ਦੇ ਮੈਂਬਰ ਕੌਣ ਕੌਣ ਸੀ ਤਾਂ ਉਸ ਵਿਚ ਜਨਾਬ ਤੁਹਾਡਾ (ਵਿਰੋਧੀ ਧਿਰ ਵੱਲ ਇਸ਼ਾਰਾ) ਨਾਮ ਵੀ ਲਿਖਿਆ ਜਾਵੇਗਾ। (ਥੰਪਿੰਗ) ਇਹ ਚੁਣੇ ਹੋਏ ਸੀ, ਇਹ ਸਰਕਾਰ ਨੂੰ ਸਮੇਂ ਸਮੇਂ ਤੇ ਟੋਕਦੇ ਹੁੰਦੇ ਸੀ ਤੇ ਸਰਕਾਰ ਨੂੰ ਕਹਿੰਦੇ ਰਹਿੰਦੇ ਸੀ ਕਿ ਇੱਥੇ ਕੁੱਝ ਗਲਤ ਲੱਗ ਰਿਹਾ, ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਕਰ ਲਓ। ਚੰਗੀਆਂ ਸਰਕਾਰਾਂ ਉਹੀ ਹਨ ਜੋ ਵਿਰੋਧੀਆਂ ਦੇ ਸੁਝਾਵਾਂ ਨੂੰ ਲੈ ਲੈਣ। ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਜਿਹੜੇ ਰੋਗ ਨਾਲ ਬੱਕਰੀ ਮਰ ਗਈ, ਉਹੀ ਰੋਗ ਪਠੋਰੇ ਨੂੰ। ਦਿੱਲੀ ਵਿਚ ਤਾਂ ਆਪਾਂ ਇਕੋ ਜਿਹੇ ਹਾਂ, ਤੁਹਾਡੇ ਤੇ ਵੀ ਈ.ਡੀ. ਦੇ ਛਾਪੇ ਪੈਂਦੇ ਹਨ, ਸਾਡੇ ਤੇ ਵੀ ਪੈਂਦੇ ਹਨ। ਤੁਹਾਡੀਆਂ ਸਰਕਾਰਾਂ ਵੀ ਖੋਹਣ ਲੱਗੇ ਪਏ, ਕਦੇ ਕਿਤੇ ਖੋਹ ਲਈ, ਕਦੇ ਕਿਤੇ ਖੋਹ ਲਈ। ਰਾਜ ਸਭਾ ਵਿਚ ਨਾ ਤੁਹਾਨੂੰ ਬੋਲਣ ਦਿੰਦੇ ਹਨ ਅਤੇ ਨਾ ਸਾਨੂੰ ਬੋਲਣ ਦਿੰਦੇ ਹਨ। ਸਾਡੇ ਵਾਲੇ ਵੀ ਚਾਰ-ਪੰਜ ਮੈਂਬਰ ਸਸਪੈਂਡ ਕਰ ਦਿੱਤੇ, ਤੁਹਾਡੇ ਵਾਲੇ ਵੀ ਕਰ ਦਿੱਤੇ। ਸੋ, ਥੋੜ੍ਹਾ ਜਿਹਾ ਉਹ ਵੀ ਸੋਚ ਲਿਆ ਕਰੋ। ਤੁਸੀਂ ਹਰ ਤੀਜੇ ਦਿਨ ਇੱਥੇ ਰਾਜਪਾਲ ਕੋਲ ਜਾ ਵੜਦੇ ਹੋ, ਆਓ ਆਪਾਂ ਦਿੱਲੀ ਵਿਚ ਰਾਸ਼ਟਰਪਤੀ ਕੋਲ ਚੱਲੀਏ ਤਾਂ ਕਿ

ਇਹ ਸਾਨੂੰ ਜਿਉਣ ਨਹੀਂ ਦਿੰਦੇ। ਰਾਜਸਥਾਨ ਨੂੰ ਕੋਲਾ ਵਾਇਆ ਸ਼੍ਰੀਲੰਕਾ ਹੀ ਆ ਰਿਹਾ ਹੈ, ਤੁਸੀਂ ਚੈੱਕ ਕਰ ਲੈਣਾ। ਇਹ ਨਾਨ ਬੀ.ਜੇ.ਪੀ. ਸਰਕਾਰਾਂ ਨੂੰ ਹੀ ਵਾਇਆ ਸ਼੍ਰੀਲੰਕਾ ਕੋਲਾ ਆਉਂਦਾ ਹੈ, ਬਾਕੀਆਂ ਨੂੰ ਸਿੱਧਾ ਹੈ। ਕਿਉਂਕਿ ਇਹ ਕਹਿੰਦੇ ਹਨ ਕਿ ਸਾਰੇ ਦੇਸ਼ ਵਿਚ ਇਕੋ ਰੰਗ ਦਾ ਗੁਲਦਸਤਾ ਹੋਵੇ। ਸਪੀਕਰ ਸਾਹਿਬ, ਜੇਕਰ ਗੁਲਦਸਤੇ ਵਿਚ ਇਕੋ ਰੰਗ ਦੇ ਫੁੱਲ ਹੋਣਗੇ ਤਾਂ ਆਪਾਂ ਦੋ ਦਿਨ ਤੋਂ ਵੱਧ ਵੇਖ ਨਹੀਂ ਸਕਦੇ। ਸਾਡੇ ਦੇਸ਼ ਵਿਚ ਤਰ੍ਹਾਂ ਤਰ੍ਹਾਂ ਦੇ ਰੰਗ ਹਨ, ਹਰ ਫੁੱਲ ਦੀ ਖੁਸ਼ਬੋ ਹੈ, ਹਰੇਕ ਰੰਗ ਖਿੜਦਾ ਹੈ। ਤਾਮਿਲਨਾਡੂ ਦਾ ਕਲਚਰ ਹੋਰ ਹੈ, ਗੁਜਰਾਤ ਦਾ ਹੋਰ ਹੈ, ਪੰਜਾਬ ਦਾ ਹੋਰ ਹੈ, ਜੰਮੂ ਕਸ਼ਮੀਰ ਦਾ ਹੋਰ ਹੈ ਪਰ ਉਹ ਕਹਿੰਦੇ ਕਿ ਸਾਰੇ ਦੇਸ਼ ਵਿਚ ਇਕੋ ਤਰ੍ਹਾਂ ਦਾ ਰੰਗ ਹੋਵੇ। ਇਸ ਤਰ੍ਹਾਂ ਨਹੀਂ ਹੋ ਸਕਦਾ। ਇਹੀ ਤਾਂ ਲੋਕਤੰਤਰ ਦੀ ਖੂਬਸੂਰਤੀ ਹੈ। ਠੀਕ ਹੈ ਤੁਸੀਂ ਚਾਹੇ ਗਿਣਤੀ ਵਿਚ 18 ਹੋ ਜਾਂ 20 ਹੋ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਤੁਹਾਨੂੰ ਇਗਨੋਰ ਕਰ ਦਿਆਂਗੇ। ਤੁਸੀਂ ਕਹਿੰਦੇ ਹੋ ਕਿ ਜਦੋਂ ਤੁਸੀਂ ਬੋਲਦੇ ਹੋ ਤਾਂ ਤੁਹਾਡੇ ਚਿਹਰੇ ਟੀ.ਵੀ. ਤੇ ਨਹੀਂ ਆਉਂਦੇ। ਤੁਸੀਂ ਵੈਸੇ ਹੀ ਬਾਹਰ ਜਾ ਕੇ ਬਹੁਤ ਬੋਲ ਲੈਂਦੇ ਹੋ (ਹਾਸਾ) ਪਰ ਮੇਰੀ ਸਪੀਕਰ ਸਾਹਿਬ ਨਾਲ ਗੱਲ ਹੋਈ ਹੈ, ਬਜਟ ਦਾ ਪ੍ਰਬੰਧ ਵਿੱਤ ਮੰਤਰੀ ਜੀ ਨੇ ਕਰਨਾ ਹੈ। ਅਗਲੇ ਸੈਸ਼ਨ ਤੋਂ ਪਹਿਲਾਂ ਤੁਹਾਡੀਆਂ ਸੀਟਾਂ ਸਾਹਮਣੇ ਕੰਪਿਊਟਰ, ਕੈਮਰੇ ਤੇ ਸਦਨ ਵਿਚ ਵੱਡੀਆਂ ਸਕਰੀਨਾਂ ਲੱਗੀਆਂ ਹੋਣਗੀਆਂ। ਅਸੀਂ ਇਸ ਮੁਕੱਦਸ ਹਾਊਸ ਨੂੰ ਇਕ ਨਮੂਨੇ ਦਾ ਹਾਊਸ ਬਣਾਵਾਂਗੇ। (ਥੰਪਿੰਗ) ਬਾਹਰਲੀਆਂ ਸਟੇਟਾਂ ਵਾਲੇ ਸਾਡੇ ਸਦਨ ਨੂੰ ਵੇਖਣ ਆਇਆ ਕਰਨਗੇ। ਸ਼ਿਮਲਾ ਵਿਚ ਪਹਿਲਾਂ ਹੀ ਇਸ ਤਰ੍ਹਾਂ ਦਾ ਸਦਨ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: (ਬੈਠੇ ਬੈਠੇ):** ਸਾਡੀ ਫੋਟੋ ਤਾਂ ਆਵੇ।

**ਮੁੱਖ ਮੰਤਰੀ:** ਤੁਸੀਂ ਵੈਸੇ ਹੀ ਬਹੁਤ ਸੁਹਣੇ ਹੋ, ਹੁਣ ਫੋਟੋਆਂ ਲੱਗਣ ਵਾਲਾ ਕੰਮ ਲੋਕਾਂ ਨੇ ਹੀ ਨਹੀਂ ਕੀਤਾ ਫਿਰ ਅਸੀਂ ਕੀ ਕਰੀਏ (ਹਾਸਾ)। ਸੋ, ਸਾਡੇ ਤੇ ਦੋਸ਼ ਨਾ ਦਿਓ। ਸੋ, ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਹੀ ਕਹਾਂਗਾ ਕਿ ਹਰ ਗੱਲ ਪੈਸੇ ਵਾਸਤੇ ਨਹੀਂ ਹੁੰਦੀ। ਹਰ ਗੱਲ, ਹਰ ਕੰਮ ਆਪਣੇ ਵਾਸਤੇ ਨਹੀਂ ਹੁੰਦਾ, ਲੋਕਾਂ ਲਈ ਵੀ ਕੁੱਝ ਕਰੀਦਾ ਹੁੰਦਾ ਹੈ। ਜੇਕਰ ਲੋਕਾਂ ਨੇ ਮੌਕਾ ਦਿੱਤਾ ਹੈ ਤਾਂ ਫਿਰ ਤਾਂ ਵੱਧ ਕੀਤਾ ਜਾਣਾ ਚਾਹੀਦਾ ਹੈ। ਜੇਕਰ ਲੋਕਾਂ ਦਾ ਫਤਵਾ ਲੈ ਕੇ ਲੋਕਾਂ ਦੇ ਵਿਰੁੱਧ ਹੋ ਗਏ ਤਾਂ ਦੁੱਗਣਾ ਪਾਪ ਲੱਗਣਾ ਹੈ ਕਿਉਂਕਿ ਲੋਕਾਂ ਵਿਚ ਪ੍ਰਮਾਤਮਾ ਵੱਸਦਾ ਹੈ। ਮੈਨੂੰ ਕਿਸੇ ਨੇ ਕਿਹਾ ਕਿ ਜਿੰਨਾ ਸਮਾਂ ਤੂੰ ਇੱਧਰ ਰਾਜਨੀਤੀ ਵਿਚ ਲਾਇਆ, ਜੇਕਰ ਆਪਣੇ ਕੰਮ ਕਾਰ ਤੇ ਲਾ ਲੈਂਦਾ। ਮੈਂ ਤਾਂ ਖੁਦ ਪਹਿਲਾਂ ਕਿਸੇ ਹੋਰ ਕੰਮ ਵਿਚ ਸੀ, ਸਾਡੇ ਵਿੱਤ ਮੰਤਰੀ ਸਾਹਿਬ ਵਕੀਲ ਸੀ, ਸਾਡੇ ਧਾਲੀਵਾਲ ਸਾਹਿਬ ਆਪਣੇ ਬੱਚਿਆਂ ਨਾਲ ਅਮਰੀਕਾ ਵਿਖੇ ਰਹਿੰਦੇ ਸੀ। ਕੋਈ ਕੁੱਝ ਕੰਮ ਕਰਦਾ ਸੀ, ਕੋਈ ਕੁੱਝ ਕਰਦਾ ਸੀ। ਸਾਡੇ ਹਰਭਜਨ ਸਿੰਘ ਜੀ, ਈ.ਟੀ.ਓ. ਸਨ।ਕੋਈ ਆਪਣੇ ਬਿਜ਼ਨਸ ਤੇ

ਲੱਗਿਆ ਸੀ, ਕੋਈ ਪ੍ਰਿੰਸੀਪਲ ਸੀ। ਸੋ, ਸਾਡੇ ਬਹੁਤ ਸਾਰੇ ਮੈਂਬਰ ਨਾਨ ਪੁਲੀਟੀਕਲ ਬੈਕਗਰਾਊਂਡ ਤੋਂ ਆਏ ਹਨ। ਸਾਨੂੰ ਕੀ ਲੋੜ ਸੀ ਪੰਗਾ ਲੈਣ ਦੀ।

aman-shubham/6.35/11.3.23

**ਮੁੱਖ ਮੰਤਰੀ:** ਜੇ ਤੁਸੀਂ ਚੱਜ ਦੇ ਨਿਕਲੇ ਹੁੰਦੇ ਤਾਂ ਸਾਨੂੰ ਤਾਂ ਲੋੜ ਹੀ ਨਹੀਂ ਸੀ। (ਹਾਸਾ) ਸਾਨੂੰ ਰਿਸਕ ਹੀ ਤਾਂ ਲੈਣਾ ਪਿਆ, ਦਿੱਲੀ ਵੀ ਰਿਸਕ ਲੈਣਾ ਪਿਆ। ਕਹਿੰਦੇ ਸੀ "ਸੜਕ ਪੇ ਨਹੀਂ ਕਾਨੂੰਨ ਬਨੇਂਗੇ, ਜੀਤ ਕੇ ਆਈਏ" ਅਸੀਂ ਤਾਂ ਜਿੱਤ ਕੇ ਆ ਗਏ, ਹੁਣ ਆਪ ਸੜਕ ਤੇ ਬੈਠੇ ਹਨ। ਮੇਰੇ ਵਰਗੇ ਨੂੰ ਕਿਸੇ ਨੇ ਕਿਹਾ ਕਿ

"ਜਿੰਨਾਂ ਸਮਾਂ ਤੂੰ ਇੱਧਰ ਲਾਇਆ, ਆਪਣੇ ਕੰਮ-ਕਾਰ ਤੇ ਲਗਾ ਲੈਂਦਾ,
ਹੁਣ ਤੱਕ ਤੂੰ ਮੇਰਿਆਂ ਮਿੱਤਰਾਂ ਪੈਸੇ ਬਹੁਤ ਕਮਾ ਲੈਂਦਾ।
ਪੈਸੇ ਨਾਲ ਪੁਜ਼ੀਸ਼ਨ ਬਣਦੀ, ਕੋਈ ਕਾਰੋਬਾਰ ਚਲਾ ਲੈਂਦਾ,
ਧਨੀਆਂ ਦੀ ਸੂਚੀ ਵਿੱਚ ਤੂੰ ਵੀ, ਆਪਣਾ ਨਾਂ ਲਿਖਵਾ ਲੈਂਦਾ।

ਅੱਗਿਓ ਜਵਾਬ ਆਇਆ,

"ਗੱਲ ਤਾਂ ਤੇਰੀ ਠੀਕ ਹੈ ਮਿੱਤਰਾਂ, ਮੈਂ ਪੈਸੇ ਬਹੁਤ ਕਮਾ ਲੈਂਦਾ,
ਧਨੀਆਂ ਦੀ ਸੂਚੀ ਵਿੱਚ ਮੈਂ ਵੀ ਆਪਣਾ ਨਾਂ ਲਿਖਵਾ ਲੈਂਦਾ।
ਪਰ ਰੁੱਖਾਂ ਨਾਲ ਛਾਵਾਂ ਮਿਟਦੀਆਂ, ਇਹ ਸਮਾਂ ਸਭ ਨੂੰ ਢਾਹ ਲੈਂਦਾ,
ਕਿੰਨੇ ਧਨੀ ਹੋ ਹੋ ਤੁਰ ਗਏ, ਕੌਣ ਕਿਸੇ ਦਾ ਨਾਂ ਲੈਂਦਾ।
ਕੌਣ ਲਿਖਦਾ ਫਿਰ ਸੱਚੀ ਗੁਰਬਾਣੀ, ਜੇ ਨਾਨਕ ਹੱਟੀ ਪਾ ਲੈਂਦਾ।

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਜੇ ਗੁਰੂ ਨਾਨਕ ਸਾਹਿਬ ਹੱਟੀ ਪਾ ਲੈਂਦੇ, ਜੇ ਗੁਰੂ ਨਾਨਕ ਸਾਹਿਬ ਦੁਕਾਨ ਖੋਲ੍ਹ ਕੇ ਬੈਠ ਜਾਂਦੇ ਤਾਂ ਸੱਜਣ ਠੱਗ ਵਰਗਿਆਂ ਨੂੰ ਕੌਣ ਸੁਧਾਰਦਾ। ਭਾਈ ਲਾਲੋ ਤੇ ਮਲਕ ਭਾਗੋ ਦੀਆਂ ਰੋਟੀਆਂ ਤੋਂ ਫਰਕ ਕੌਣ ਕੱਢਦਾ ਕਿ ਕਿਹੜੀ ਹਰਾਮ ਦੀ ਕਮਾਈ ਹੈ ਅਤੇ ਕਿਹੜੀ ਕਿਰਤ ਦੀ ਕਮਾਈ ਹੈ। ਪੰਜੇ ਨਾਲ ਪਹਾੜ ਕੌਣ ਰੋਕਦਾ। ਘਰ ਘਰ ਜਾ ਕੇ ਪਿੰਡ-ਪਿੰਡ ਜਾ ਕੇ ਸੱਚ ਦਾ ਹੌਕਾ ਕੌਣ ਦਿੰਦਾ। ਸੋ, ਅਸੀਂ ਉਨ੍ਹਾਂ ਗੁਰੂਆਂ ਦੇ ਪਦ-ਚਿੰਨ੍ਹਾਂ ਤੇ ਚੱਲੀਏ, ਥੋੜ੍ਹਾ ਬਹੁਤ ਵੀ ਚੱਲ ਲਈਏ। ਸਾਨੂੰ ਗੁਰੂ ਸਾਹਿਬਾਨਾਂ ਨੇ ਨਸੀਹਤ ਵੀ ਦਿੱਤੀ ਹੈ ਕਿ ਗਰੀਬਾਂ ਦੇ ਮਜ਼ਲੂਮਾਂ ਦੇ ਨਾਲ ਖੜਨ ਦੀ ਤੇ ਜ਼ੁਲਮ ਦੇ ਖਿਲਾਫ ਲੜਨ ਦੀ , ਅਸੀਂ ਗੁਰੂ ਸਾਹਿਬਾਨਾਂ ਦੇ ਪੂਰਨਿਆਂ ਦੇ ਪਾਏ ਤੇ ਚੱਲੀਏ। ਮੈਨੂੰ ਉਮੀਦ ਹੈ ਕਿ ਜੇਕਰ ਸਭ ਦਾ ਸਾਥ ਰਿਹਾ ਤਾਂ ਇਹੀ ਪੰਜਾਬ ਇੱਕ ਵਾਰ ਫਿਰ ਜਿਵੇਂ ਪਹਿਲਾਂ ਵੀ ਕਿਹਾ ਹੈ ਕਿ "ਭਾਰਤ ਹੈ ਵਾਂਗ ਮੁੰਦਰੀ, ਵਿੱਚ ਨਗ ਪੰਜਾਬ ਦਾ"। ਇਸ ਨਗ ਦੀ ਚਮਕ ਆਉਣ ਵਾਲੇ

ਟਾਈਮ ਵਿੱਚ ਹੋਰ ਵਧੇਗੀ। ਤੁਹਾਡੇ ਸਾਰਿਆਂ ਦੇ ਸਹਿਯੋਗ ਸਦਕਾ ਕਿ ਤੁਸੀਂ ਸਾਰਿਆਂ ਨੇ ਮੈਨੂੰ ਮੌਕਾ ਦਿੱਤਾ, ਮੇਰੇ ਜਿੰਨੇ ਵੀ ਕੂਲੀਗ ਸਾਥੀ ਹਨ, ਜਿੰਨਾਂ ਨੇ ਇੰਨੇ ਪਿਆਰ ਨਾਲ ਮੈਨੂੰ ਸੁਣਿਆ, ਤੁਹਾਡਾ ਬਹੁਤ-ਬਹੁਤ ਧੰਨਵਾਦ।

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ:** ਸੀ.ਐਮ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

---

## FINANCIAL BUSINESS

## DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2023-24.

**ਮਾਨਯੋਗ ਸਪੀਕਰ:** ਵਿੱਤੀ ਕੰਮ-ਕਾਰ। ਸਾਲ 2023-24 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ। ਅੱਜ ਦੀ ਕਾਰਜਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 42 ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ?

**(ਅਵਾਜ਼ਾਂ : ਹਾਂ ਜੀ, ਹਾਂ ਜੀ।)**

**ਮੰਗ ਨੰ: 1**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 11961,20,39,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 6,31,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖੇਤੀਬਾੜੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 603,39,43,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2,10,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ

ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 553,34,90,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 250,59,00,000 ਰੁਪਏ ਤੋਂ ਵੱਧ ਨਾ ਹੋਵੇ ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਹਿਕਾਤਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 63,41,65,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 20,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 5**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 16391,59,80,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 682,06,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 174,83,77,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 7**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 307,53,40,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 25,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ

ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 42066,84,20,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 61666,25,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਵਿੱਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 779,42,74,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 800,22,55,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖ਼ੁਰਾਕ, ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 10**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 314,47,27,000 ਰੁਪਏ ਤੋਂ ਵੱਧ ਨਾ ਹੋਵੇ ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4721,61,67,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 59,08,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 8785,92,80,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 240,83,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਗ੍ਰਹਿ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ

**ਮੰਗ ਨੰ: 13**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3697,66,80,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 53,30,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਉਦਯੋਗ ਅਤੇ ਵਣਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 14**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 426,46,66,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸੂਚਨਾਂ ਅਤੇ ਜਨ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1228,35,79,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1402,04,77,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜਲ ਸ੍ਰੋਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 29,72,09,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਕਿਰਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4008,71,82,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2422,55,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ

ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਥਾਨਕ ਸਰਕਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 46,74,73,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪ੍ਰਸੋਨਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 19**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 39,74,68,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 169,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7813,97,83,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 84,03,51,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪਾਵਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 777,63,20,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2519,05,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਲੋਕ ਕਾਰਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 22**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1825,62,82,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,00,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਮਾਲ, ਮੁੜ ਵਸੇਬਾ ਅਤੇ ਆਫਤਾਂ ਪ੍ਰਬੰਧਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 23**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2974,24,03,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 345,00,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 24**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 37,10,43,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,27,81,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 25**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7486,96,84,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 145,02,96,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 60,26,37,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 498,25,13,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 116,78,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 134,81,48,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 146,36,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸੈਰ ਸਪਾਟਾ ਅਤੇ ਸੱਭਿਆਚਾਰਿਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 507,28,90,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 60,11,27,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਟਰਾਂਸਪੋਰਟ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 78,24,89,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 14,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਚੌਕਸੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 31**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 230,31,10,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 20,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰੋਜਗਾਰ ਉਤਪੱਤੀ, ਸਕਿਲ ਡਿਵੈਲਪਮੈਂਟ ਅਤੇ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 32**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 258,00,46,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 33**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 67,48,08,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 9,51,23,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪ੍ਰਸ਼ਾਸ਼ਕੀ ਸੁਧਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 34**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 226,78,27,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 25,97,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਬਾਗਵਾਨੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 35**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 164,81,41,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 20,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 36**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 332,82,25,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 68,30,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜੇਲਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 37**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1094,75,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਕਾਨੂੰਨ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 38**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 663,33,66,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 351,65,09,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਡਾਂਕਟਰੀ ਸਿਖਿਆ ਅਤੇ ਖੋਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 39**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 32,06,97,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 4,00,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 40**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 254,91,70,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 3,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖੇਡਾਂ ਅਤੇ ਯੁਵਕ ਸੇਵਾਵਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 41**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 983,16,14,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 1003,34,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 42**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 736,98,70,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 309,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ

ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਜਿਹੜੇ ਮਾਨਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁਣ, ਉਹ ਉਸ ਮੰਗ ਦਾ ਜ਼ਿਕਰ ਜ਼ਰੂਰ ਕਰ ਦੇਣ।

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ। )

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

**(ਅਵਾਜ਼ਾਂ : ਹਾਂ ਜੀ, ਹਾਂ ਜੀ।)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

**ਮੰਗ ਨੰ: 1**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 11961,20,39,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 6,31,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖੇਤੀਬਾੜੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 603,39,43,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2,10,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 553,34,90,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 250,59,00,000 ਰੁਪਏ ਤੋਂ ਵੱਧ ਨਾ ਹੋਵੇ ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਹਿਕਾਤਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 63,41,65,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 20,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 5**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 16391,59,80,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 682,06,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 174,83,77,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 7**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 307,53,40,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 25,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 42066,84,20,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 61666,25,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਵਿੱਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 779,42,74,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 800,22,55,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖ਼ੁਰਾਕ, ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 10**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 314,47,27,000 ਰੁਪਏ ਤੋਂ ਵੱਧ ਨਾ ਹੋਵੇ ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4721,61,67,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 59,08,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 8785,92,80,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 240,83,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਗ੍ਰਹਿ ਮਾਮਲਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ

**ਮੰਗ ਨੰ: 13**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3697,66,80,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 53,30,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਉਦਯੋਗ ਅਤੇ ਵਣਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 14**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 426,46,66,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸੂਚਨਾਂ ਅਤੇ ਜਨ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1228,35,79,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 1402,04,77,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜਲ ਸ੍ਰੋਤਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 29,72,09,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 5,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਕਿਰਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4008,71,82,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2422,55,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਥਾਨਕ ਸਰਕਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 46,74,73,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪ੍ਰਸੋਨਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 19**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 39,74,68,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 169,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7813,97,83,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 84,03,51,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪਾਵਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 777,63,20,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 2519,05,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਲੋਕ ਕਾਰਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 22**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1825,62,82,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,00,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਮਾਲ, ਮੁੜ ਵਸੇਬਾ ਅਤੇ ਆਫਤਾਂ ਪ੍ਰਬੰਧਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 23**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2974,24,03,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 345,00,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 24**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 37,10,43,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 8,27,81,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ

ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 25**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 7486,96,84,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 145,02,96,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 60,26,37,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 498,25,13,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 116,78,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 134,81,48,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 146,36,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਸੈਰ ਸਪਾਟਾ ਅਤੇ ਸੱਭਿਆਚਾਰਿਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 507,28,90,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 60,11,27,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਟਰਾਂਸਪੋਰਟ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 78,24,89,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 14,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਚੌਕਸੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 31**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 230,31,10,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 20,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਰੋਜਗਾਰ ਉਤਪੱਤੀ, ਸਕਿਲ ਡਿਵੈਲਪਮੈਂਟ ਅਤੇ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 32**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 258,00,46,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 33**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 67,48,08,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 9,51,23,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਪ੍ਰਸ਼ਾਸ਼ਕੀ ਸੁਧਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 34**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 226,78,27,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 25,97,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਬਾਗਵਾਨੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 35**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 164,81,41,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 20,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 36**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 332,82,25,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 68,30,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜੇਲਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 37**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1094,75,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਕਾਨੂੰਨ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 38**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 663,33,66,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 351,65,09,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਡਾਂਕਟਰੀ ਸਿਖਿਆ ਅਤੇ ਖੋਜ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 39**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 32,06,97,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 4,00,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 40**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 254,91,70,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 3,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਖੇਡਾਂ ਅਤੇ ਯੁਵਕ ਸੇਵਾਵਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 41**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 983,16,14,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 1003,34,02,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 42**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 736,98,70,000 ਰੁਪਏ ਤੋਂ ਵੱਧ ਨਾ ਹੋਵੇ ਅਤੇ ਪੂੰਜੀਗਤ ਲੇਖੇ ਤੇ 309,01,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2023-24 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾ ਦੀ ਅਦਾਇਗੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਾਲ 2023-24 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਮੰਗ ਨੰ: 1 ਤੋਂ 42 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ ਕੁੱਲ 1 ਲੱਖ 96 ਹਜ਼ਾਰ 462 ਕਰੋੜ 27 ਲੱਖ ਅਤੇ 56 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ। ਵੱਖ-ਵੱਖ ਵਿਭਾਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

---

## THE PUNJAB APPROPRIATION (No.3) BILL, 2023

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2023 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 3) ਬਿਲ, 2023 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 3) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 3) ਬਿੱਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਹੌਲੀ ਆਵਾਜ਼ : ਨਾਂਹ ਜੀ)

**ਮਾਨਯੋਗ ਸਪੀਕਰ:** ਨਾਂਹ ਵਾਲੀ ਆਵਾਜ਼ ਪੂਰੀ ਦੇ ਦਿਓ। ਬਾਅਦ ਵਿੱਚ ਤੁਸੀਂ ਚਿੱਠੀ ਲੈ ਕੇ ਆ ਜਾਂਦੇ ਹੋ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 3) ਬਿੱਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿੱਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਤ.ਸ. / ਅ.ਗ. / 6.40 / 11.03.2023

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕੁਝ ਹੌਲੀ ਆਵਾਜ਼ਾਂ : ਨਾਂਹ ਜੀ)

**ਮਾਨਯੋਗ ਸਪੀਕਰ** : ਉੱਚੀ ਦੱਸੋ ਕਿ ਹਾਂ ਕਿਹਾ ਹੈ ਜਾਂ ਨਾਂ ਕਿਹਾ ਹੈ।

(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕੁਝ ਆਵਾਜ਼ਾਂ : ਨਾਂ ਜੀ)

ਪ੍ਰਸਤਾਵ ਪ੍ਰਵਾਨ ਹੋਇਆ।

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹੈ –

ਕਿ ਪੰਜਾਬ ਨਮਿੱਤਣ (ਨੰ: 3) ਬਿੱਲ, 2023 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 3) ਬਿੱਲ, 2023 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 3) ਬਿੱਲ, 2023 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

(ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ)

**ਮਾਨਯੋਗ ਸਪੀਕਰ** : ਸਦਨ ਬੁੱਧਵਾਰ, ਮਿਤੀ 22 ਮਾਰਚ, 2023 ਦੇ 10:00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

(*6.42 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 22 ਮਾਰਚ, 2023 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)